ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK sadelok.com

19-25 ਨਵੰਬਰ 2025

ਸਾਲ 16ਵਾਂ - ਅੰਕ 47
email : info@sadelok.com

Ph. : 510-706-1300
Fax : 925-373-1300




## ਯੂਟਿਊਬ ਨੇ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਗੁਰਬਾਣੀ ਕੀਰਤਨ ਪ੍ਰਸਾਰਨ ਚੈਨਲ ਨੂੰ ਇਕ ਹਫ਼ਤੇ ਲਈ ਕੀਤਾ ਮੁਅੱਤਲ



ਅੰਮ੍ਰਿਤਸਰ : ਯੂਟਿਊਬ ਵੱਲੋਂ ਸ਼ਾਮ ਵੇਲੇ ਚੱਲਦੇ ਰਹਿਰਾਸ ਸਾਹਿਬ ਦੇ ਪਾਠ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਣ ਵਾਲੇ ਅਧਿਕਾਰਤ ਯੂਟਿਊਬ ਚੈਨਲ "SGPC, Sri Amritsar" @SGPCSriAmritsar ਉੱਤੇ ਇੱਕ ਪਹਿਲਾਂ ਪਾਈ ਵੀਡੀਓ ਵਿਰੁੱਧ ਆਪਣੀ (ਦੇਖੋ ਸਫ਼ਾ 24 'ਤੇ)

## ਰਾਜਪਾਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਨੂੰ ਪ੍ਰਵਾਨਗੀ

### 24 ਨਵੰਬਰ ਨੂੰ ਸੱਦੇ ਜਾਣ ਵਾਲੇ ਵਿਸ਼ੇਸ਼ ਇਜਲਾਸ ਲਈ ਨੋਟੀਫਿਕੇਸ਼ਨ ਜਾਰੀ



ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਸਰਕਾਰ ਵੱਲੋਂ ਸੱਦੇ ਜਾਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਰਾਜਪਾਲ ਨੇ 24 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਸਥਿਤ ਭਾਈ ਜੈਤਾ ਜੀ ਯਾਦਗਾਰ ਵਿੱਚ (ਦੇਖੋ ਸਫ਼ਾ 25 'ਤੇ)

### ਸਟੇਟ ਕੈਪੀਟਲ ਵਿਖੇ 1984 'ਚ ਸਿੱਖ ਦੀ ਕੀਤੀ ਗਈ ਨਸਲਕੁਸ਼ੀ ਬਾਰੇ ਲਗਾਈ ਗਈ ਪ੍ਰਦਰਸ਼ਨੀ

# ਸ਼੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ : ਯੂਟਾ ਸਟੇਟ ਅਮਰੀਕਾ ਵਲੋਂ ਧਾਰਮਿਕ ਅਜ਼ਾਦੀ ਦੇ ਰੱਖਿਅਕ ਵਜੋਂ ਮਾਨਤਾ



ਸਾਲਟ ਲੇਕ ਸਿਟੀ, ਯੂਟਾ (ਸਾਡੇ ਲੋਕ) : ਸਿੱਖ ਕੌਮ ਲਈ ਅੱਜ ਦਾ ਦਿਨ ਬਹੁਤ ਮਾਣ ਵਾਲਾ ਅਤੇ ਇਤਿਹਾਸਕ ਬਣ ਗਿਆ ਜਦੋਂ ਅਮਰੀਕਾ ਦੀ ਯੂਟਾ ਸਟੇਟ ਵਿੱਚ ਗੁਰੂ ਤੇ.ਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਬਹੁਤ ਯਾਦਗਾਰੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਗੁਰੂ ਸਾਹਿਬ ਵੱਲੋਂ ਧਰਮ ਦੀ ਅਜਾਦੀ ਅਤੇ ਮਨੁੱਖੀ (ਦੇਖੋ ਸਫ਼ਾ 26-27'ਤੇ)

# ਕਿਸਾਨਾਂ ਵੱਲੋਂ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ



### 26 ਨੂੰ ਚੰਡੀਗੜ੍ਹ ਵਿੱਚ ਮਨਾਈ ਜਾਵੇਗੀ ਵਰ੍ਹੇਗੰਢ; ਸਰਕਾਰ ਨਾਲ ਗੱਲਬਾਤ ਲਈ 6 ਮੈਂਬਰੀ ਕਮੇਟੀ ਬਣਾਈ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਵੱਲੋਂ 26 ਨਵੰਬਰ ਨੂੰ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਮੌਕੇ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਵੱਡਾ ਇਕੱਠ ਕੀਤਾ ਜਾਵੇਗਾ। ਇਹ ਫੈਸਲਾ ਐੱਸ ਕੇ ਐੱਮ ਆਗੂਆਂ ਵੱਲੋਂ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਬੂਟਾ ਸਿੰਘ ਬੁਰਜਗਿੱਲ, ਜੰਗਵੀਰ ਸਿੰਘ ਚੌਹਾਨ, ਬੂਟਾ ਸਿੰਘ ਸ਼ਾਦੀਪੁਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ (ਦੇਖੋ ਸਫ਼ਾ 18 'ਤੇ)

## ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਸਜ਼ਾ-ਏ-ਮੌਤ



ਪੱਖਪਾਤੀ ਤੇ ਰਾਜਨੀਤੀ ਤੋਂ ਪ੍ਰੇਰਿਤ ਫ਼ੈਸਲਾ : ਸ਼ੇਖ ਹਸੀਨਾ

ਢਾਕਾ : ਬੰਗਲਾਦੇਸ਼ ਦੀ ਬਰਖਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਇਕ ਵਿਸ਼ੇਸ਼ ਟ੍ਰਿਬਿਊਨਲ ਨੇ 'ਮਾਨਵਤਾ ਦੇ ਵਿਰੁੱਧ ਅਪਰਾਧ' ਦੇ ਲਈ ਉਨ੍ਹਾਂ ਦੀ ਸਰਕਾਰ ਵਲੋਂ ਪਿਛਲੇ ਸਾਲ ਵਿਦਿਆਰਥੀਆਂ ਦੀ ਅਗਵਾਈ ਵਾਲੇ ਵਿਰੋਧ ਪ੍ਰਦਰਸ਼ਨਾਂ 'ਤੇ ਬੇਰਹਿਮ ਕਾਰਵਾਈ ਦੇ ਲਈ ਉਨ੍ਹਾਂ ਦੀ ਗੈਰਹਾਜ਼ਰੀ 'ਚ ਮੌਤ ਦੀ ਸਜ਼ਾ ਸੁਣਾਈ ਹੈ। ਮਹੀਨਿਆਂ ਤੱਕ ਚੱਲੀ ਸੁਣਵਾਈ ਤੋਂ ਬਾਅਦ (ਦੇਖੋ ਸਫ਼ਾ 23 'ਤੇ)

## ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਤੇ ਦਰਿਆਈ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ : ਭਗਵੰਤ ਮਾਨ



ਫਰੀਦਾਬਾਦ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ 1970 ਵਿੱਚ ਹੋਏ ਸਮਝੌਤੇ 'ਚ ਸਪੱਸ਼ਟ ਕਿਹਾ ਗਿਆ ਸੀ ਕਿ ਚੰਡੀਗੜ੍ਹ ਦਾ ਰਾਜਧਾਨੀ ਪ੍ਰਾਜੈਕਟ ਖੇਤਰ ਸਮੁੱਚੇ ਤੌਰ 'ਤੇ (ਦੇਖੋ ਸਫ਼ਾ 22 'ਤੇ)

Bhatia & Co, Inc
Certified Public Accountants
Our Services : AICPA
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜ਼ਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# 'ਅਮੈਰੀਕਨ-ਪੰਜਾਬੀ ਸਿੱਖ ਕਮਿਊਨਟੀ ਕਰਮਨ' ਨੇ ਕਰਮਨ ਪੁਲਿਸ ਨੂੰ ਲੋੜਵੰਦਾਂ ਲਈ ਦਿੱਤੀ ਮਦਦ




ਫਰਿਜ਼ਨੋ, ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਸੈਂਟਰਲ ਵੈਲੀ ਕੈਲੀਫੋਰਨੀਆ ਵਿੱਚ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਹੈ। ਜਿੱਥੇ ਪੰਜਾਬੀ ਭਾਈਚਾਰੇ ਦੁਆਰਾ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਬਹੁਤ ਸਾਂਝੇ ਕਾਰਜ ਕੀਤੇ ਜਾਂਦੇ ਹਨ। ਇਸੇ ਲੜੀ ਤਹਿਤ ਕਰਮਨ ਵਿੱਚ ਪੰਜਾਬੀ ਭਾਈਚਾਰੇ ਵੱਲੋ ਬਣਾਈ ਨਾਨ-ਪਰਾਫਟ ਸੰਸਥਾ "ਅਮੈਰੀਕਨ-ਪੰਜਾਬੀ ਸਿੱਖ ਕਮਿਊਨਟੀ ਕਰਮਨ, ਕੈਲੀਫੋਰਨੀਆ" ਦੇ ਮੈਂਬਰਾਂ ਵੱਲੋਂ ਸੰਸਥਾ ਮੁੱਖ ਸੰਚਾਲਕ ਗੁਲਬਿੰਦਰ ਸਿੰਘ ਢੇਸੀ (ਗੈਰੀ) ਦੀ ਅਗਵਾਈ ਵਿੱਚ ਕਰਮਨ ਸ਼ਹਿਰ ਦੀ ਪੁਲਸ ਨੂੰ 500 ਡਾਲਰ ਦੀ ਰਾਸ਼ੀ ਦਾ ਚੈੱਕ ਸੌਂਪਿਆ ਗਿਆ।

ਜਿਸ ਸੰਬੰਧੀ ਕਰਮਨ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਅਗਲੇ ਮਹੀਨੇ ਕ੍ਰਿਸਮਸ ਦੀਆਂ ਛੁੱਟੀਆਂ ਦੌਰਾਨ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਲਈ ਪਰਿਵਾਰਕ ਆਰਥਿਕ ਮੰਦਹਾਲੀ ਕਾਰਨ ਗਿਰਫ ਨਹੀਂ ਲੈ ਸਕਦੇ। ਜਿਸ ਲਈ ਪਿਛਲੇ ਕੁਝ ਸਾਲਾਂ ਤੋਂ ਕਰਮਨ ਦੀ ਪੰਜਾਬੀ ਸਿੱਖ ਕਮਿਊਨਟੀ ਆਪਣਾ ਸਹਿਯੋਗ ਪੁਲਸ ਨੂੰ ਦੇ ਕੇ ਬੱਚਿਆਂ ਨੂੰ ਇਹ ਰਾਸ਼ੀ ਗਿਫਟ ਦੇ ਰੂਪ ਵਿੱਚ ਦੇਣ ਵਿੱਚ ਮਦਦ ਕਰਦੀ ਹੈ। ਇਲਾਕੇ ਦੀਆਂ ਹੋਰ ਸੰਸਥਾਵਾਂ, ਵਿਉਪਾਰਕ ਅਦਾਰੇ ਅਤੇ ਨਿੱਜੀ ਤੌਰ ਤੇ ਲੋਕ ਇਸ ਫੰਡ ਇਕੱਤਰਤਾ ਵਿੱਚ ਹਿੱਸਾ ਪਾਉਂਦੇ ਹਨ। ਇਸ ਸਮੇਂ ਸੰਖੇਪ ਰਸਮੀ ਮੀਟਿੰਗ ਦੌਰਾਨ ਪੁਲਸ ਦੇ ਅਧਿਕਾਰੀਆਂ ਤੋਂ ਇਲਾਵਾ ਸੰਸਥਾ ਦੇ ਮੈਂਬਰਾਂ ਵਿੱਚ ਗੁਲਬਿੰਦਰ ਗੈਰੀ ਢੇਸੀ ਤੋਂ ਇਲਾਵਾ ਹਰਜੀਤ ਗਰੇਵਾਲ, ਅਵਤਾਰ ਗਰੇਵਾਲ, ਕੁਲਵੰਤ ਉੱਭੀ, ਸਰਬਜੀਤ ਸਰਾਂ, ਸੁਰਿੰਦਰ ਮੰਢਾਲੀ ਅਤੇ ਨਵਦੀਪ ਧਾਲੀਵਾਲ ਮੌਜੂਦ ਸਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅਮੈਰੀਕਨ-ਪੰਜਾਬੀ ਸਿੱਖ ਕਮਿਊਨਟੀ ਕਰਮਨ ਵੱਲੋਂ ਸ਼ਹਿਰ ਦੇ ਸਥਾਨਿਕ ਕਾਰਜਾਂ ਵਿੱਚ ਹਿੱਸਾ ਲੈਂਦੇ ਹੋਏ ਆਪਣੀ ਵਿਲੱਖਣ ਪਹਿਚਾਣ ਨੂੰ ਬਰਕਰਾਰ ਰੱਖਿਆ ਹੋਇਆ ਹੈ।







# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਮੁਰਿਆਦਾ ਮੁਤਾਬਕ ਨਿਸ਼ਾਨ ਸਾਹਿਬ ਗਏ ਝੁਲਾਏ



ਸੈਕਰਾਮੈਂਟੋ (ਹੁਸਨ ਲੜੋਆ ਬੰਗਾ) : ਸੈਕਰਾਮੈਂਟੋ ਦੇ ਨਾਮਵਰ ਤੇ ਸਿਆਸੀ ਗਤੀਵਿਧੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਤੇ ਮੁਰਿਆਦਾ ਮੁਤਾਬਕ ਖੱਟੇ ਰੰਗ ਚ ਬਦਲੇ ਗਏ ਇਸ ਸਮੇਂ ਸੰਗਤਾਂ ਨੇ ਵੀ ਭਾਰੀ ਗਿਣਤੀ ਹਾਜਰੀ ਲੁਆਈ ਤੇ ਗੁਰਬਾਣੀ ਦਾ ਗੁਣਗਾਨ ਕੀਤਾ। ਸਜੇ ਦਿਵਾਨਾਂ ਵਿੱਚ ਭਾਈ ਤਨਵੀਤ ਸਿੰਘ ਚੰਡੀਗੜ ਵਾਲੇ, ਭਾਈ ਜਸਪਾਲ ਸਿੰਘ, ਭਾਈ ਗੁਰਬਚਨ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਰਣਜੀਤ ਸਿੰਘ, ਭਾਈ ਇੰਦਰਪਾਲ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਮਨੋਹਰ ਗੁਰਬਾਣੀ ਦਾ ਕੀਰਤਨ ਕੀਤਾ। ਇਸ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਚਾਵਲਾ ਪਰਿਵਾਰ ਵਲੋਂ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਨੇ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਸ੍ਰੀ ਅਕਾਲ ਤਕਤ ਸਾਹਿਬ ਨੂੰ ਸਮਰਪਤ ਤੇ ਮੁਰਿਆਦਾ ਦੀ ਪਾਲਣਾ ਕਰਦਾ ਹੈ ਇਸ ਕਰਕੇ ਹੀ ਨਿਸ਼ਾਨ ਸਾਹਿਬ ਦੇ ਰੰਗ ਚ ਤਬਦੀਲੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਨੂੰ ਹੋਰ ਸੁੰਦਰ ਬਣਾਇਆ ਜਾ ਰਿਹਾ ਹੈ। ਇਸ ਮੌਕੇ ਪਬਲਿਕ ਰਿਲੇਸ਼ਨ ਸੇਵਾਦਾਰ ਦਰਸ਼ਨ ਸਿੰਘ ਮੁੰਡੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਪਹਿਲਾਂ ਨਾਲੋਂ ਜਿਆਦਾ ਸੰਗਤ ਹੋਣ ਕਰਕੇ ਰੱਖ ਰਖਾਓ ਦੇ ਹੋਰ ਪ੍ਰਬੰਧ ਕੀਤੇ ਜਾ ਰਹੇ ਹਨ।

# ਨੋਬਲ ਪੁਰਸਕਾਰ ਜੇਤੂ ਦਲਾਈ ਲਾਮਾ ਨੂੰ ਪਹਿਲੀ ਵਾਰ ਗ੍ਰੈਮੀ ਪੁਰਸਕਾਰ ਲਈ ਕੀਤਾ ਗਿਆ ਨਾਮਜ਼ਦ

ਵਾਸ਼ਿੰਗਟਨ (ਰਾਜ ਗੋਗਨਾ)- ਨੋਬਲ ਪੁਰਸਕਾਰ ਜੇਤੂ ਦਲਾਈ ਲਾਮਾ ਨੂੰ ਪਹਿਲੀ ਵਾਰ ਗ੍ਰੈਮੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਦਲਾਈ ਲਾਮਾ ਦੇ ਅਧਿਆਤਮਿਕ ਉਪਦੇਸ਼ਾਂ ਦੇ ਐਲਬਮ ਦੀ ਤਿਆਰੀ ਚੱਲ ਰਹੀ ਹੈ। ਦਿ ਰਿਫਲੈਕਸ਼ਨਜ਼ ਆਫ਼ ਹਿਜ਼ ਹੋਲੀਨੈਸ ਦਿ ਦਲਾਈ ਲਾਮਾ ਸਿਰਲੇਖ ਵਾਲਾ ਐਲਬਮ ਗ੍ਰੈਮੀ ਲਈ ਮੁਕਾਬਲਾ ਕਰ ਰਿਹਾ ਹੈ। 90 ਸਾਲ ਦੀ ਉਮਰ ਵਿੱਚ ਦਲਾਈ ਲਾਮਾ ਨੂੰ ਇਸ ਪੁਰਸਕਾਰ ਲਈ ਨਾਮਜ਼ਦ ਕੀਤਾ ਜਾਣਾ ਵੀ ਇੱਕ ਮੀਲ ਪੱਥਰ ਮੰਨਿਆ ਜਾ ਰਿਹਾ ਹੈ।



ਇਸ ਐਲਬਮ ਨੂੰ 1 ਫਰਵਰੀ, 2026 ਨੂੰ ਲਾਸ ਏਂਜਲਸ ਵਿੱਚ ਹੋਣ ਵਾਲੇ 68ਵੇਂ ਗ੍ਰੈਮੀ ਅਵਾਰਡਾਂ ਲਈ ਸਰਵੋਤਮ ਆਡੀਓਬੁੱਕ, ਨੈਰੇਸ਼ਨ ਅਤੇ ਸਟੋਰੀਟੇਲਿੰਗ ਰਿਕਾਰਡਿੰਗ ਸ਼੍ਰੇਣੀ ਵਿੱਚ ਸ਼ਾਰਟਲਿਸਟ ਕੀਤਾ ਗਿਆ ਹੈ। ਇਸ ਐਲਬਮ ਵਿੱਚ 90 ਸਾਲਾ ਦਲਾਈ ਲਾਮਾ ਦੇ ਦਇਆ, ਸ਼ਾਂਤੀ ਅਤੇ ਅੰਦਰੂਨੀ ਤੰਦਰੁਸਤੀ ਬਾਰੇ ਵਿਚਾਰ ਸ਼ਾਮਲ ਹਨ, ਜਿਸ ਨੂੰ ਸਰੋਦ ਵਾਦਕ ਅੰਜਦ ਅਲੀ ਖਾਨ ਦੁਆਰਾ ਬੈਕਗ੍ਰਾਊਂਡ ਸੰਗੀਤ ਦਿੱਤਾ ਗਿਆ ਹੈ। ਅੰਜਦ ਦੇ ਪੁੱਤਰਾਂ ਅਮਨ ਅਲੀ ਬੰਗਸ਼ ਅਤੇ ਅਯਾਨ ਅਲੀ ਬੰਗਸ਼ ਨੇ ਵੀ ਸੰਗੀਤ ਤਿਆਰ ਕੀਤਾ ਸੀ। ਦਲਾਈ ਲਾਮਾ ਦੇ ਐਲਬਮ 'ਤੇ ਆਂਦਰਾ ਡੇ, ਮੈਗੀ ਰੋਜਰਸ, ਟੋਨੀ ਸੁਕਰ, ਟੇਡ ਨੈਸ਼, ਦੇਬੀ ਨੂਹ ਅਤੇ ਰੂਫਸ ਵੇਨਰਾਈਟ ਵਰਗੇ ਅੰਤਰਰਾਸ਼ਟਰੀ ਕਲਾਕਾਰਾਂ ਨੇ ਕੰਮ ਕੀਤਾ। ਇਸ ਐਲਬਮ ਦਾ ਨਿਰਮਾਣ ਗ੍ਰੈਮੀ ਪੁਰਸਕਾਰ ਜੇਤੂ ਕਬੀਰ ਸਹਿਗਲ ਦੁਆਰਾ ਕੀਤਾ ਗਿਆ ਸੀ।

# ਅਮਰੀਕਾ-ਭਾਰਤ ਵਪਾਰ ਸਮਝੌਤਾ 'ਜਲਦੀ' ਸੰਭਵ: ਟਰੰਪ ਪ੍ਰਸ਼ਾਸਨ

ਨਿਊਯਾਰਕ : ਟਰੰਪ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤਾ ਜਲਦੀ ਹੀ ਹੋ ਸਕਦਾ ਹੈ।

ਰਾਸ਼ਟਰੀ ਆਰਥਿਕ ਕੌਂਸਲ ਦੇ ਡਾਇਰੈਕਟਰ, ਕੇਵਿਨ ਹੈਸੈੱਟ (Kevin Hassett) ਨੇ ਇੱਕ ਇੰਟਰਵਿਊ ਵਿੱਚ ਕਿਹਾ, " ਹਾਂ, ਅਸੀਂ ਸਮਝੌਤਾ ਦੇ ਬਹੁਤ ਨੇੜੇ ਹਾਂ। ਮੈਂ ਰਾਜਦੂਤ ਨਾਲ ਗੱਲ ਕੀਤੀ ਹੈ ਸਾਡੀਆਂ ਮੁਲਾਕਾਤਾਂ ਹੋਈਆਂ ਹਨ। ਹੈਸੈੱਟ ਨੇ ਮੰਨਿਆ ਕਿ ਭਾਰਤ ਦੇ ਰੂਸ ਨਾਲ ਸਬੰਧਾਂ ਕਾਰਨ ਇਹ ਗੁੰਝਲਦਾਰ ਸਥਿਤੀ ਹੈ। ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਗੁੰਝਲਦਾਰ ਸਥਿਤੀ ਹੈ ਕਿਉਂਕਿ ਇਸ ਵਿੱਚ ਭਾਰਤ ਰੂਸ ਨਾਲ ਕੀ ਕਰਦਾ ਹੈ ਅਤੇ ਭਾਰਤ ਸਾਡੇ (ਅਮਰੀਕਾ) ਨਾਲ ਕੀ ਕਰਦਾ ਹੈ, ਇਹ ਸਭ ਸ਼ਾਮਲ ਹੈ। ਪਰ ਉਹ ਚੰਗੇ ਦੋਸਤ ਹਨ ਅਤੇ ਸਾਨੂੰ ਉਮੀਦ ਹੈ ਕਿ ਅਸੀਂ ਇਸਨੂੰ ਜਲਦੀ ਹੀ ਹੱਲ ਕਰ ਲਵਾਂਗੇ। ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਜਦੋਂ ਇਹ ਸਮਝੌਤਾ ਨਿਰਪੱਖ, ਬਰਾਬਰ ਅਤੇ ਸੰਤੁਲਿਤ ਹੋਵੇਗਾ, ਤਾਂ ਤੁਹਾਨੂੰ ਭਾਰਤ ਅਤੇ ਅਮਰੀਕਾ ਵਿਚਕਾਰ ਪ੍ਰਸਤਾਵਿਤ ਵਪਾਰ ਸਮਝੌਤੇ ਬਾਰੇ ਇੱਕ ਚੰਗੀ ਖ਼ਬਰ ਸੁਣਨ ਨੂੰ ਮਿਲੇਗੀ। ਗੋਇਲ ਨੇ ਦਿੱਲੀ ਵਿੱਚ ਇੱਕ ਸਮਾਗਮ ਵਿੱਚ ਕਿਹਾ ਕਿ ਭਾਰਤ ਸਮਝੌਤੇ ਵਿੱਚ ਕਿਸਾਨਾਂ ਅਤੇ ਮਛੇਰਿਆਂ ਦੇ ਹਿੱਤਾਂ ਦੀ ਵੀ ਰਾਖੀ ਕਰੇਗਾ। ਜ਼ਿਕਰਯੋਗ ਹੈ ਭਾਰਤ ਅਤੇ ਅਮਰੀਕਾ ਮਾਰਚ ਤੋਂ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ ਲਈ ਗੱਲਬਾਤ ਕਰ ਰਹੇ ਹਨ ਅਤੇ ਹੁਣ ਤੱਕ ਦੋਵਾਂ ਧਿਰਾਂ ਵਿਚਕਾਰ ਛੇ ਦੌਰ ਦੀ ਗੱਲਬਾਤ ਹੋ ਚੁੱਕੀ ਹੈ।

# ਟਰੰਪ ਦੀ ਗਾਜ਼ਾ ਸ਼ਾਂਤੀ ਯੋਜਨਾ ਪ੍ਰਵਾਨ

## ਹਮਾਸ ਨੇ ਯੋਜਨਾ ਖਾਰਜ ਕੀਤੀ; ਚੀਨ ਤੇ ਰੂਸ ਵੋਟਿੰਗ ਤੋਂ ਦੂਰ ਰਹੇ; ਗੁਟੇਰੇਜ਼ ਨੇ ਫ਼ੈਸਲੇ ਨੂੰ ਅਹਿਮ ਕਦਮ ਦੱਸਿਆ

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਗਾਜ਼ਾ ਸ਼ਾਂਤੀ ਯੋਜਨਾ ਦੀ ਹਮਾਇਤ ਕਰਨ ਵਾਲੇ ਮਤੇ ਦਾ ਖਰੜਾ ਪਾਸ ਕਰ ਦਿੱਤਾ ਹੈ ਅਤੇ ਗਾਜ਼ਾ ਪੱਟੀ 'ਚ ਕੌਮਾਂਤਰੀ ਸਥਿਰੀਕਰਨ ਬਲ ਸਥਾਪਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਹਮਾਸ ਨੇ ਇਸ ਯੋਜਨਾ ਨੂੰ ਗਾਜ਼ਾ 'ਤੇ ਕੰਟਰੋਲ ਦਾ ਵਿਦੇਸ਼ੀ ਸਾਧਨ ਕਰਾਰ ਦਿੰਦਿਆਂ ਖਾਰਜ ਕਰ ਦਿੱਤਾ ਹੈ। ਸ੍ਰੀ ਟਰੰਪ ਨੇ ਇਸ ਨੂੰ 'ਇਤਿਹਾਸਕ ਮਹੱਤਵ ਵਾਲਾ ਪਲ' ਕਰਾਰ ਦਿੱਤਾ ਹੈ।



ਅਮਰੀਕੀ ਮਤੇ ਦਾ ਇਹ ਖਰੜਾ ਲੰਘੀ ਸ਼ਾਮ 15 ਮੈਂਬਰੀ ਸੁਰੱਖਿਆ ਕੌਂਸਲ 'ਚ 13 ਵੋਟਾਂ ਨਾਲ ਪਾਸ ਹੋਇਆ। ਕਿਸੇ ਵੀ ਮੁਲਕ ਨੇ ਵਿਰੋਧ 'ਚ ਵੋਟ ਨਹੀਂ ਪਾਈ; ਚੀਨ ਤੇ ਰੂਸ ਨੇ ਵੋਟਿੰਗ ਤੋਂ ਦੂਰੀ ਬਣਾਈ ਰੱਖੀ। ਇਸ ਦੌਰਾਨ ਸ੍ਰੀ ਟਰੰਪ ਦੀ 'ਗਾਜ਼ਾ ਸੰਘਰਸ਼ ਖ਼ਤਮ ਕਰਨ ਦੀ ਯੋਜਨਾ' ਨੂੰ ਮਨਜ਼ੂਰੀ ਦਿੱਤੀ ਗਈ ਜੋ 29 ਸਤੰਬਰ ਨੂੰ ਪੇਸ਼ ਕੀਤੀ ਗਈ ਸੀ। ਇਸ ਵਿੱਚ ਗਾਜ਼ਾ ਨੂੰ 'ਕੱਟੜਵਾਦ ਮੁਕਤ ਅਤਿਵਾਦ ਮੁਕਤ ਖੇਤਰ' ਵਜੋਂ ਵਿਕਸਿਤ ਕਰਨ ਦੀ ਯੋਜਨਾ ਹੈ। ਮਤੇ 'ਚ 'ਸ਼ਾਂਤੀ ਬੋਰਡ' ਬਣਾਉਣ ਦੀ ਵੀ ਤਜਵੀਜ਼ ਹੈ ਜਿਸ ਨੂੰ ਕੌਮਾਂਤਰੀ ਕਾਨੂੰਨੀ ਦਰਜਾ ਦਿੱਤਾ ਗਿਆ ਹੈ; ਇਹ ਗਾਜ਼ਾ ਦੇ ਮੁੜ ਨਿਰਮਾਣ ਲਈ ਢਾਂਚਾ ਤਿਆਰ ਕਰੇਗਾ ਤੇ ਵਿੱਤੀ ਤਾਲਮੇਲ ਕਰੇਗਾ। ਸ੍ਰੀ ਟਰੰਪ ਨੇ ਸੋਸ਼ਲ ਮੀਡੀਆ ਪੋਸਟ 'ਚ ਕਿਹਾ, "ਇਸ ਨੂੰ ਸੰਯੁਕਤ ਰਾਸ਼ਟਰ ਦੇ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਪ੍ਰਵਾਨਗੀਆਂ 'ਚੋਂ ਇੱਕ ਮੰਨਿਆ ਜਾਵੇਗਾ ਤੇ ਦੁਨੀਆ ਭਰ 'ਚ ਵਧੇਰੇ ਸ਼ਾਂਤੀ ਆਵੇਗੀ।" ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਨੇ ਅਮਰੀਕੀ ਤਜਵੀਜ਼ ਦੇ ਪਾਸ ਹੋਣ ਨੂੰ ਜੰਗਬੰਦੀ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਦੱਸਿਆ। ਉੱਧਰ ਹਮਾਸ ਨੇ ਯੋਜਨਾ ਖਾਰਜ ਕਰਦਿਆਂ ਕਿਹਾ ਕਿ ਇਹ ਮਤਾ 'ਫਲਸਤੀਨੀ ਲੋਕਾਂ ਦੀਆਂ ਸਿਆਸੀ ਤੇ ਮਨੁੱਖੀ ਮੰਗਾਂ ਅਤੇ ਅਧਿਕਾਰਾਂ ਦੇ ਪੱਧਰ ਨੂੰ ਪੂਰਾ ਨਹੀਂ ਕਰਦਾ।'

# ਕਰਮਨ ਸਿਟੀ ਕੌਂਸਲ ਨੇ ਨਵੰਬਰ ਮਹੀਨੇ ਨੂੰ ਸਿੱਖ ਹੈਰੀਟੇਜ ਵਜੋਂ ਐਲਾਨਿਆ






ਫਰਿਜ਼ਨੋ, ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਬੀਤੇ ਦਿਨੀਂ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਸਿਟੀ ਹਾਲ ਵਿੱਚ ਕੌਂਸਲ ਦੀ ਮਹੀਨਾਵਾਰ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸਥਾਨਕ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਵਿਸ਼ੇਸ਼ ਮੀਟਿੰਗ ਦੌਰਾਨ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਸਿਟੀ ਕੌਂਸਲ ਕਰਮਨ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਮੰਨਦੇ ਹੋਏ "ਸਿੱਖ ਹੈਰੀਟੇਜ ਮਹੀਨਾ" ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ। ਇਸ ਸਨਮਾਨ ਨੂੰ ਸਿਟੀ ਕੌਂਸਲ ਤੋਂ ਗੁਲਬਿੰਦਰ ਗੈਰੀ ਢੇਸੀ, ਸਤਬੀਰ ਹੀਰ, ਮੇਜਰ ਸਿੰਘ, ਹਰਮੀਨ ਕੌਰ ਗਰੇਵਾਲ ਅਤੇ ਨਿਰਮਲ ਸਿੱਧੂ ਆਦਿ ਨੇ ਪ੍ਰਾਪਤ ਕੀਤਾ। ਜਿਸ ਸਬੰਧੀ ਸਮੁੱਚੇ ਸਥਾਨਕ ਸਿੱਖ ਭਾਈਚਾਰੇ ਵੱਲੋਂ ਸਿਟੀ ਕੌਂਸਲ ਦਾ ਧੰਨਵਾਦ ਕੀਤਾ ਗਿਆ।

# ਅਮਰੀਕਾ ਨੇ 200 ਭਾਰਤੀਆਂ ਨੂੰ ਕੀਤਾ ਡਿਪੋਰਟ, ਅਨਮੋਲ ਬਿਸ਼ਨੋਈ ਸਣੇ 198 ਗੈਰ-ਕਾਨੂੰਨੀ ਪ੍ਰਵਾਸੀ ਸ਼ਾਮਲ

ਅਮਰੀਕਾ ਨੇ 200 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਵਿੱਚ ਗੈਂਗਸਟਰ ਅਨਮੋਲ ਬਿਸ਼ਨੋਈ ਅਤੇ ਪੰਜਾਬ ਦੇ ਦੋ ਲੋੜੀਂਦੇ ਵਿਅਕਤੀ ਸ਼ਾਮਲ ਹਨ, ਨਾਲ ਹੀ 197 ਗੈਰ-ਕਾਨੂੰਨੀ ਪ੍ਰਵਾਸੀ ਵੀ ਸ਼ਾਮਲ ਹਨ। ਇਹ ਫਲਾਈਟ ਪਹਿਲਾਂ ਹੀ ਅਮਰੀਕਾ ਤੋਂ ਉਡਾਣ ਭਰ ਚੁੱਕੀ ਹੈ ਜੋ ਸਵੇਰੇ 10 ਵਜੇ ਦਿੱਲੀ ਦੇ ਆਈ.ਜੀ.ਆਈ. ਹਵਾਈ ਅੱਡੇ 'ਤੇ ਪਹੁੰਚੇਗੀ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਹਿੱਸਾ ਹੈ। ਇਸ ਤੋਂ ਪਹਿਲਾਂ, ਫਰਵਰੀ ਵਿੱਚ, ਅਮਰੀਕਾ ਨੇ 200 ਤੋਂ ਵੱਧ ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਸੀ।




ਇਹ ਵਿਅਕਤੀ ਅੰਮ੍ਰਿਤਸਰ ਪਹੁੰਚੇ ਅਤੇ ਫਿਰ ਬੱਸਾਂ ਰਾਹੀਂ ਘਰ ਭੇਜ ਦਿੱਤੇ ਗਏ। ਉਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਦੇ ਸਨ। ਉਨ੍ਹਾਂ ਨੂੰ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵੇਸ਼ ਜਾਂ ਵੀਜ਼ਾ ਓਵਰਸਟੇਅ ਲਈ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਉਨ੍ਹਾਂ 'ਤੇ 'ਡੰਕੀ ਰੂਟ' ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਗਿਆ ਸੀ, ਜਿਸਦਾ ਅਰਥ ਹੈ ਕੈਨੇਡਾ ਰਾਹੀਂ ਗੈਰ-ਕਾਨੂੰਨੀ ਪ੍ਰਵੇਸ਼।

ਹੁਣ ਤੱਕ ਸੈਂਕੜੇ ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ ਦਰਅਸਲ, ਟਰੰਪ ਨੇ ਆਪਣੇ ਚੋਣ ਵਾਅਦੇ ਦੇ ਹਿੱਸੇ ਵਜੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾਉਣ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਸੀ। ਜਨਵਰੀ ਤੋਂ ਮਈ 2025 ਤੱਕ ਸੈਂਕੜੇ ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਭਾਰਤ ਸਰਕਾਰ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਮੁਹਿੰਮ ਵਿੱਚ ਸਹਿਯੋਗ ਦਾ ਐਲਾਨ ਕੀਤਾ, ਪਰ ਤਸਦੀਕ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਾਲ ਫਰਵਰੀ ਵਿੱਚ ਕਿਹਾ ਸੀ ਕਿ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲੈਣ ਲਈ ਤਿਆਰ ਹਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104


Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਬੀ ਬੀ ਸੀ ਨੇ ਰਾਸ਼ਟਰਪਤੀ ਟਰੰਪ ਕੋਲੋਂ ਲਿਖਤੀ ਮੁਆਫੀ ਮੰਗੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਦਸਤਾਵੇਜੀ ਪ੍ਰਸਾਰਨ ਵਿੱਚ 6 ਜਨਵਰੀ 2021 ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਿੱਤੇ ਭਾਸ਼ਣ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੇ ਮਾਮਲੇ ਵਿੱਚ ਬੀ ਬੀ ਸੀ ਨੇ ਲਿਖਤੀ ਰੂਪ ਵਿੱਚ ਮੁਆਫੀ ਮੰਗੀ ਹੈ। ਟਰੰਪ ਦੇ ਵਕੀਲਾਂ ਅਨੁਸਾਰ ਇਹ ਦਸਤਾਵੇਜੀ ਪ੍ਰਸਾਰਣ ਝੂਠਾ ਤੇ ਅਪਮਾਨ ਕਰਨ ਵਾਲਾ ਸੀ। ਬੀ ਬੀ ਸੀ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਐਤਵਾਰ ਨੂੰ ਮਿਲੇ ਇੱਕ ਪੱਤਰ ਦੇ ਜਵਾਬ ਵਿੱਚ ਟਰੰਪ ਦੀ ਲੀਗਲ ਟੀਮ ਨੂੰ ਮੁਆਫੀਨਾਮਾ ਭੇਜਿਆ ਗਿਆ ਹੈ। ਬੀ ਬੀ ਸੀ ਮੁਖੀ ਸਮੀਰ ਸ਼ਾਹ ਨੇ ਵਾਈਟ ਹਾਊਸ ਨੂੰ ਲਿਖੇ ਇੱਕ ਵੱਖਰੇ ਨਿੱਜੀ ਪੱਤਰ ਵਿਚ ਰਾਸ਼ਟਰਪਤੀ ਟਰੰਪ ਨੂੰ ਸਪਸ਼ਟ ਕੀਤਾ ਹੈ ਕਿ ਉਹ ਤੇ ਕਾਰਪੋਰੇਸ਼ਨ ਉਨ੍ਹਾਂ ਦੇ 6 ਜਨਵਰੀ 2021 ਦੇ ਭਾਸ਼ਣ ਵਿੱਚ ਕੀਤੀ ਤਬਦੀਲੀ ਲਈ ਮੁਆਫੀ ਮੰਗਦੇ ਹਨ। ਬੁਲਾਰੇ ਨੇ ਦਸਤਾਵੇਜੀ ਪ੍ਰਸਾਰਣ ਅਪਮਾਨਜਨਕ ਹੋਣ ਦੀ ਦਲੀਲ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਸ ਦਸਤਾਵੇਜ਼ੀ ਨੂੰ ਦੁਬਾਰਾ ਕਿਸੇ ਵੀ ਬੀ ਬੀ ਸੀ ਪਲੇਟਫਾਰਮ ਉਪਰ ਮੁੜ ਪ੍ਰਸਾਰਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਜਿਕਰਯੋਗ ਹੈ ਕਿ ਟਰੰਪ ਨੇ ਮੁਆਫੀ ਨਾ ਮੰਗਣ 'ਤੇ ਬੀ ਬੀ ਸੀ ਉਪਰ 1 ਅਰਬ ਡਾਲਰ ਦਾ ਮਾਣਹਾਨੀ ਦਾਅਵਾ ਕਰਨ ਦੀ ਚਿਤਾਵਨੀ ਦਿੱਤੀ ਸੀ।

# ਫਰਿਜ਼ਨੋ ਵਿਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ: ਸਥਾਨਕ ਗੁਰਦੁਆਰਾ ਦਰਬਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਫਰਿਜ਼ਨੋ ਵਿਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ। ਜਿਸ ਦੌਰਾਨ ਸ਼ਨਿਚਰਵਾਰ ਸ਼ਾਮ ਦੇ ਵਿਸ਼ੇਸ਼ ਦੀਵਾਨ ਵਿੱਚ ਭਾਈ ਬਲਵਿੰਦਰ ਸਿੰਘ ਜੀ ਅਤੇ ਸੁਰਿੰਦਰ ਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾ ਨੂੰ ਨਿਹਾਲ ਕੀਤਾ। ਐਤਵਾਰ ਦੇ ਹਫਤਾਵਾਰੀ ਦੀਵਾਨ ਵਿੱਚ ਬੱਚਿਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰੀ ਗਈ। ਉਪਰੰਤ ਗੁਰੂ ਘਰ ਦੇ ਹਜ਼ੂਰੀ ਕੀਰਤਨੀਏ ਭਾਈ ਗੁਰਮੀਤ ਸਿੰਘ ਜੀ ਨੇ ਕੀਰਤਨ ਅਤੇ ਗਿਆਨੀ ਫੌਜਾ ਸਿੰਘ ਸਾਗਰ ਜੀ ਨੇ ਸੰਗਤਾਂ ਨੂੰ ਕਥਾ ਰਾਹੀਂ ਨਿਹਾਲ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਕੈਲੀਫੋਰਨੀਆ ਵਿੱਚ 17 ਹਜ਼ਾਰ ਪ੍ਰਵਾਸੀ ਟਰੱਕ ਡਰਾਈਵਰਾਂ ਦੇ ਲਾਇਸੰਸ ਰੱਦ

## ਸਭ ਤੋਂ ਵੱਧ ਪ੍ਰਭਾਵਿਤ ਹੋਣਗੇ ਭਾਰਤੀ ਮੂਲ ਦੇ ਟਰੱਕ ਡਰਾਈਵਰ




ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਵਿੱਚ 17000 ਕਮਰਸ਼ੀਅਲ ਵਾਹਣਾਂ ਦੇ ਪ੍ਰਵਾਸੀ ਡਰਾਈਵਰਾਂ ਦੇ ਲਾਇਸੰਸ ਰੱਦ ਕੀਤੇ ਜਾ ਰਹੇ ਹਨ। ਯੂ ਐਸ ਸਟੇਟ ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਲਾਇਸੰਸਾਂ ਦੀ ਮਿਆਦ ਖਤਮ ਹੋਣ ਕਾਰਨ ਕੀਤੀ ਜਾ ਰਹੀ ਹੈ। ਦੂਸਰੇ ਸ਼ਬਦਾਂ ਵਿੱਚ ਇਨਾਂ ਪ੍ਰਵਾਸੀਆਂ ਨੂੰ ਦੁਬਾਰਾ ਲਾਇਸੰਸ ਜਾਰੀ ਨਹੀਂ ਕੀਤੇ ਜਾਣਗੇ। ਇਨਾਂ ਡਰਾਈਵਰਾਂ ਵਿੱਚ ਵੱਡੀ ਗਿਣਤੀ ਭਾਰਤੀ ਖਾਸ ਕਰਕੇ ਪੰਜਾਬੀ ਡਰਾਈਵਰਾਂ ਦੀ ਹੈ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੁਆਰਾ ਕੈਲੀਫੋਰਨੀਆ ਤੇ ਹੋਰ ਰਾਜਾਂ ਵੱਲੋਂ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ ਲੋਕਾਂ ਨੂੰ ਲਾਇਸੰਸ ਜਾਰੀ ਕਰਨ ਦੀ ਸਖਤ ਨਿੰਦਾ ਕਰਨ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲਾਇਸੰਸ ਜਾਰੀ ਕਰਨ ਦਾ ਮੁੱਦਾ ਅਗਸਤ ਵਿੱਚ ਆਮ ਲੋਕਾਂ ਵਿੱਚ ਉਸ ਵੇਲੇ ਚਰਚਾ ਦਾ ਕੇਂਦਰ ਬਣਿਆ ਸੀ ਜਦੋਂ ਫਲੋਰਿਡਾ ਵਿੱਚ ਇਕ ਪੰਜਾਬੀ ਸਿੱਖ ਡਰਾਈਵਰ ਨੇ ਗਲਤ ਮੋੜ ਕਟਦਿਆਂ ਹਾਦਸਾ ਕਰ ਦਿੱਤਾ ਸੀ ਜਿਸ ਹਾਦਸੇ ਵਿੱਚ 3 ਲੋਕਾਂ ਦੀ ਮੌਤ ਹੋ ਗਈ ਸੀ। ਟਰਾਂਸਪੋਰਟੇਸ਼ਨ ਸਕੱਤਰ ਸੀਨ ਡੱਫੀ ਨੇ ਕਿਹਾ ਹੈ ਕਿ ਕੈਲੀਫੋਰਨੀਆ ਵੱਲੋਂ ਲਾਇਸੰਸ ਰੱਦ ਕਰਨ ਦੀ ਕਾਰਵਾਈ ਤੋਂ ਸਾਫ ਹੈ ਕਿ ਗਲਤੀ ਮੰਨ ਲਈ ਗਈ ਹੈ ਕਿ ਰਾਜ ਨੇ ਠੀਕ ਢੰਗ ਤਰੀਕੇ ਨਾਲ ਲਾਇਸੰਸ ਜਾਰੀ ਨਹੀਂ ਕੀਤੇ ਹਾਲਾਂ ਕਿ ਰਾਜ ਪਹਿਲਾਂ ਆਪਣੇ ਲਾਇਸੰਸ ਜਾਰੀ ਕਰਨ ਦੇ ਮਾਪਦੰਡਾਂ ਨੂੰ ਉਚਿੱਤ ਠਹਿਰਾਉਂਦਾ ਰਿਹਾ ਹੈ। ਡੱਫੀ ਵੱਲੋਂ ਚਿੰਤਾ ਪ੍ਰਗਟਾਉਣ ਉਪਰੰਤ ਕੈਲੀਫੋਰਨੀਆ ਨੇ ਕਮਰਸ਼ੀਅਲ ਡਰਾਈਵਰਾਂ ਨੂੰ ਜਾਰੀ ਕੀਤੇ ਲਾਇਸੰਸ ਉਪਰ ਮੁੜ ਵਿਚਾਰ ਕਰਨ ਦਾ ਫੈਸਲਾ ਕੀਤਾ ਸੀ। ਡੱਫੀ ਨੇ ਕਿਹਾ ਕਿ "ਗਵਰਨਰ ਗੈਵਿਨ ਨਿਓਸੋਮ ਤੇ ਕੈਲੀਫੋਰੀਨਆ ਦਾ ਝੂਠ ਫੜਿਆ ਗਿਆ ਹੈ । ਕੁਝ ਵੀ ਗਲਤ ਨਹੀਂ ਕੀਤਾ ਦਾ ਦਾਅਵਾ ਕਰਨ ਦੇ ਹਫਤਿਆਂ ਬਾਅਦ ਉਹ ਰੰਗੇ ਹਥੀਂ ਪਕੜੇ ਗਏ ਹਨ ਕਿਉਂਕਿ ਹੁਣ ਉਨਾਂ ਨੇ ਏਨੀ ਵੱਡੀ ਗਿਣਤੀ ਵਿੱਚ ਲਾਇਸੰਸ ਰੱਦ ਕਰਨ ਦਾ ਫੈਸਲਾ ਲਿਆ ਹੈ।" ਉਨਾਂ ਕਿਹਾ ਇਹ ਅਜੇ ਕੇਵਲ ਸ਼ੁਰੂਆਤ ਹੈ, ਉਹ ਹਰ ਗੈਰ ਕਾਨੂੰਨੀ ਪ੍ਰਵਾਸੀ ਦਾ ਲਾਇਸੰਸ ਰੱਦ ਹੋਣ ਤੱਕ ਕੈਲੀਫੋਰਨੀਆ ਉਪਰ ਨਿਰੰਤਰ ਦਬਾਅ ਪਾਉਂਦੇ ਰਹਿਣਗੇ। ਇਸ ਦਰਮਿਆਨ ਨਿਊਸੋਮ ਦੇ ਦਫਤਰ ਨੇ ਕਿਹਾ ਹੈ ਕਿ ਹਰੇਕ ਡਰਾਈਵਰ ਜਿਸ ਦਾ ਲਾਇਸੰਸ ਰੱਦ ਕੀਤਾ ਜਾ ਰਿਹਾ ਹੈ, ਨੂੰ ਸੰਘੀ ਸਰਕਾਰ ਵੱਲੋਂ ਕੰਮ ਕਰਨ ਦੀ ਯੋਗ ਪ੍ਰਵਾਨਗੀ ਦਿੱਤੀ ਗਈ ਹੈ।

# ਸ਼ਰਨਾਰਥੀ ਬੱਚੇ ਵਜੋਂ ਰੂਸ ਤੋਂ ਅਮਰੀਕਾ ਆਇਆ ਸੀ ਤੇ ਹੁਣ ਪਿਤਾ ਦੇ ਰੂਪ 'ਚ ਦੇਸ਼ ਨਿਕਾਲਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰੋਮਨ ਸੁਰੋਵਤਸਵ ਸ਼ਰਨਾਰਥੀ ਬੱਚੇ ਵਜੋਂ ਸਾਬਕਾ ਸੋਵੀਅਤ ਯੁਨੀਅਨ ਤੋਂ ਅਮਰੀਕਾ ਆਇਆ ਸੀ ਤੇ ਹੁਣ ਜਦ ਕਿ ਉਹ ਦੋ ਛੋਟੀਆਂ ਬੱਚੀਆਂ ਦਾ ਪਿਤਾ ਬਣ ਚੁੱਕਾ ਹੈ, ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਉਸ ਨੂੰ ਯੁਕਰੇਨ ਵਾਪਿਸ ਭੇਜ ਦਿੱਤਾ ਗਿਆ ਹੈ ਜਿਥੇ ਉਹ ਕਦੀ ਰਿਹਾ ਹੀ ਨਹੀਂ ਕਿਉਂਕਿ ਜਦੋਂ ਸੁਰੋਵਤਸਵ ਅਮਰੀਕਾ ਆਇਆ ਸੀ ਓਦੋਂ ਯੁਕਰੇਨ ਸੋਵੀਅਤ ਯੁਨੀਅਨ ਦਾ ਹਿੱਸਾ ਸੀ। ਰੂਟੀਨ ਦੀ ਛਾਣਬੀਣ ਦੌਰਾਨ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ ਨੇ ਸੁਰੋਵਤਸਵ ਨੂੰ ਇਸ ਸਾਲ 1 ਅਗਸਤ ਨੂੰ ਗ੍ਰਿਫਤਾਰ ਕਰ ਲਿਆ ਸੀ ਤੇ ਉਸ ਤੋਂ ਬਾਅਦ ਉਹ ਘਰ ਨਹੀਂ ਆਇਆ। 3 ਤੇ 5 ਸਾਲ ਦੀਆਂ ਧੀਆਂ



ਰੋਮਨ ਸੁਰੋਵਤਸਵ ਆਪਣੀ ਇੱਕ ਧੀ ਨਾਲ

ਜਦੋਂ ਆਪਣੀ ਮਾਂ ਸਮਾਨਤਾ ਨੂੰ ਪਾਪਾ ਬਾਰੇ ਪੁੱਛਦੀਆਂ ਹਨ ਤਾਂ ਉਹ ਬੱਚੀਆਂ ਦਾ ਦਿਲ ਰੱਖਣ ਲਈ ਕਹਿ ਦਿੰਦੀ ਹੈ ਕਿ ਉਹ ਕੰਮ 'ਤੇ ਹੈ। 20 ਸਾਲ ਤੋਂ ਵਧ ਸਮਾਂ ਪਹਿਲਾਂ ਇੱਕ ਕਾਰ ਚੋਰੀ ਦੇ ਮਾਮਲੇ ਵਿੱਚ ਸੁਰੋਵਤਸਵ ਦਾ ਸਥਾਈ ਨਿਵਾਸ ਦਾ ਦਰਜਾ ਖਤਮ ਕਰ ਦਿੱਤਾ ਗਿਆ ਸੀ। ਹਾਲਾਂ ਕਿ 2014 ਵਿੱਚ ਉਸ ਦੀ ਰਿਹਾਈ ਉਪਰੰਤ ਉਸ ਦੇ ਵਕੀਲ ਨੇ ਕਾਨੂੰਨੀ ਲੜਾਈ ਰਾਹੀਂ ਉਹ ਮਾਮਲਾ ਖਤਮ ਕਰਵਾ ਦਿੱਤਾ ਸੀ ਤੇ ਹੁਣ ਉਸ ਨੂੰ ਗਰੀਨ ਕਾਰਡ ਮਿਲਣ ਵਾਲਾ ਸੀ ਪਰੰਤੂ ਸੋਮਵਾਰ ਉਸ ਨੂੰ ਯੁਕਰੇਨ ਭੇਜ ਦਿੱਤਾ ਗਿਆ। ਸਮਾਨਤਾ ਜਿਸ ਦੀਆਂ ਅੱਖਾਂ ਵਿੱਚ ਪ੍ਰਤਖ ਤੌਰ 'ਤੇ ਹੰਝੂ ਨਜਰ ਆ ਰਹੇ ਸਨ,ਨੇ ਕਿਹਾ ਕਿ ਉਸ ਦੀਆਂ ਧੀਆਂ ਛੋਟੀਆਂ ਹਨ ਤੇ ਉਹ ਨਹੀਂ ਸਮਝ ਰਹੀਆਂ ਕਿ ਮਾਮਲਾ ਕੀ ਹੈ। ਉਸ ਨੇ ਕਿਹਾ ਕਿ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਹੁਣ ਮੈਨੂੰ ਇੱਕਲੀ ਨੂੰ ਹੀ ਆਪਣੀਆਂ ਬੇਟੀਆਂ ਨਾਲ ਜਿੰਦਗੀ ਜੀਣੀ ਪਵੇਗੀ।

# ਏਆਈ 'ਤੇ ਅੰਨ੍ਹਾ ਭਰੋਸਾ ਨਾ ਕਰੋ, ਕੋਈ ਵੀ ਕੰਪਨੀ ਇਸਦੇ ਪ੍ਰਭਾਵ ਤੋਂ ਨਹੀਂ ਬਚੇਗੀ : ਗੂਗਲ ਸੀਈਓ ਸੁੰਦਰ ਪਿਚਾਈ ਨੇ ਦਿੱਤੀ ਚੇਤਾਵਨੀ

ਵਾਸ਼ਿੰਗਟਨ, (ਰਾਜ ਗੋਗਨਾ) : ਜਿਵੇਂਕਿ ਅਮਰੀਕੀ ਤਕਨਾਲੋਜੀ ਦਿੱਗਜ ਗੂਗਲ ਨੇ ਅਗਲੇ ਦਹਾਕੇ ਵਿੱਚ ਟੈਕਸਾਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਵਿੱਚ 40 ਬਿਲੀਅਨ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ ਹੈ, ਗੂਗਲ ਦੇ ਸੀਈਓ ਸੁੰਦਰ ਪਿਚਾਈ ਨੇ ਉਨ੍ਹਾਂ ਉਪਭੋਗਤਾਵਾਂ ਨੂੰ ਚੇਤਾਵਨੀ ਦਿੱਤੀ ਹੈ ਜੋ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਅੰਨ੍ਹਾ ਭਰੋਸਾ ਕਰਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਏ ਆਈ ਜੋ ਵੀ ਦਿਖਾਉਂਦਾ ਹੈ, ਉਸ 'ਤੇ ਅੰਨ੍ਹਾ ਭਰੋਸਾ ਨਹੀਂ ਕਰਨਾ ਚਾਹੀਦਾ। ਇਸ ਤੋਂ ਇਲਾਵਾ, ਜਦੋਂ ਦੇ ਆਈ ਵਿੱਚ ਨਿਵੇਸ਼ ਦਾ ਬੁਲਬੁਲਾ ਫਟ ਜਾਵੇਗਾ, ਤਾਂ ਕੋਈ ਵੀ ਕੰਪਨੀ, ਜਿਸ ਵਿੱਚ ਗੂਗਲ ਵੀ ਸ਼ਾਮਲ ਹੈ, ਇਸਦੇ ਮਾੜੇ ਪ੍ਰਭਾਵਾਂ ਤੋਂ ਬਚ ਨਹੀਂ ਸਕੇਗੀ। ਗੂਗਲ ਦੇ ਸੀਈਓ ਸੁੰਦਰ ਪਿਚਾਈ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਜੋ ਵੀ ਏਆਈ ਦਿਖਾਉਂਦੇ ਹਨ, ਉਸ 'ਤੇ ਅੰਨ੍ਹੇਵਾਹ ਵਿਸ਼ਵਾਸ ਨਾ ਕਰਨ। ਮੌਜੂਦਾ ਏਆਈ ਮਾਡਲ ਗਲਤੀਆਂ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਸਾਵਧਾਨੀ ਨਾਲ ਵਰਤਿਆ



ਜਾਣਾ ਚਾਹੀਦਾ ਹੈ। ਏਆਈ ਰਚਨਾਤਮਕ ਲਿਖਤ ਵਰਗੇ ਕੰਮਾਂ ਵਿੱਚ ਬਹੁਤ ਮਦਦਗਾਰ ਹੋ ਸਕਦਾ ਹੈ, ਪਰ ਇਸਦੇ ਹਰ ਸ਼ਬਦ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਲੋਕਾਂ ਨੂੰ ਗੂਗਲ ਸਰਚ ਵਰਗੀਆਂ ਹੋਰ ਵਿਸ਼ੇਸ਼ਤਾਵਾਂ ਦੀ ਵਰਤੋਂ ਵੀ ਜਾਰੀ ਰੱਖਣੀ ਚਾਹੀਦੀ ਹੈ, ਕਿਉਂਕਿ ਇਹ ਵਧੇਰੇ ਸਹੀ ਜਾਣਕਾਰੀ ਪ੍ਰਦਾਨ ਕਰਦਾ ਹੈ। ਏਆਈ ਤਕਨਾਲੋਜੀ ਗਲਤੀਆਂ ਦਾ ਸ਼ਿਕਾਰ ਹੁੰਦੀ ਹੈ। ਗੂਗਲ ਨੇ ਇਸ ਸਾਲ ਮਈ ਵਿੱਚ ਆਪਣੀ ਸਰਚ ਵਿੱਚ ਏਆਈ ਮੋਡ ਲਾਂਚ ਕੀਤਾ ਸੀ, ਜਿਸ ਵਿੱਚ ਉਪਭੋਗਤਾ ਨੂੰ ਜੇਮਿਨੀ ਚੈਟਬੋਟ ਰਾਹੀਂ ਇੱਕ ਮਾਹਰ ਨਾਲ ਗੱਲ ਕਰਨ ਦਾ ਅਨੁਭਵ ਮਿਲਦਾ ਹੈ। ਪਿਚਾਈ ਨੇ ਮੰਨਿਆ ਕਿ ਗੂਗਲ ਇਸ ਮੋਡ ਨੂੰ ਸਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ, ਮੌਜੂਦਾ ਏਆਈ ਤਕਨਾਲੋਜੀ ਵਿੱਚ ਕਈ ਵਾਰ ਗਲਤੀਆਂ ਹੁੰਦੀਆਂ ਹਨ। ਕੋਈ ਵੀ ਕੰਪਨੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੈ। ਪਿਚਾਈ ਨੇ ਕਿਹਾ ਕਿ ਏਆਈ ਵਿੱਚ ਨਿਵੇਸ਼ ਤੇਜ਼ੀ ਨਾਲ ਵਧ ਰਿਹਾ ਹੈ, ਪਰ ਇਸ ਵਿੱਚ ਬੇਲੋੜਾ ਉਤਸ਼ਾਹ ਵੀ ਹੈ। ਪਰ ਭਵਿੱਖ ਵਿੱਚ ਏਆਈ ਨਿਵੇਸ਼ ਬੁਲਬੁਲਾ ਫਟ ਸਕਦਾ ਹੈ। ਪਿਚਾਈ ਨੇ ਕਿਹਾ ਕਿ ਕੋਈ ਵੀ ਕੰਪਨੀ, ਸਿਰਫ਼ ਗੂਗਲ ਹੀ ਨਹੀਂ, ਜਦੋਂ ਏਆਈ ਨਿਵੇਸ਼ ਬੁਲਬੁਲਾ ਫਟੇਗਾ ਤਾਂ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਭਰੋਸਾ ਦਿੱਤਾ ਕਿ ਏਆਈ, ਇੰਟਰਨੈੱਟ ਵਾਂਗ, ਭਵਿੱਖ ਵਿੱਚ ਵੱਡੇ ਬਦਲਾਅ ਦੇਖਣ ਨੂੰ ਮਿਲਣਗੇ। ਗੂਗਲ ਇਸ ਸਥਿਤੀ ਨਾਲ ਬਿਹਤਰ ਢੰਗ ਨਾਲ ਸਿੱਝਣ ਦੇ ਯੋਗ ਹੋਵੇਗਾ ਕਿਉਂਕਿ ਇਸਦੇ ਆਪਣੇ ਚਿਪਸ, ਡੇਟਾ, ਮਾਡਲ ਅਤੇ ਖੋਜ ਦੀ ਇੱਕ ਪੂਰੀ ਸ਼੍ਰੇਣੀ ਹੈ।

# ਓਕਲਾਹੋਮਾ ਗਵਰਨਰ ਨੇ ਆਖਰੀ ਪਲਾਂ 'ਚ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਓਕਲਾਹੋਮਾ ਦੇ ਗਵਰਨਰ ਕੈਵਿਨ ਸਟਿਟ ਨੇ ਵੀਰਵਾਰ ਨੂੰ ਇੱਕ ਕੈਦੀ ਨੂੰ ਜ਼ਹਿਰ ਦਾ ਟੀਕਾ ਲਾਉਣ ਤੋਂ ਕੁਝ ਹੀ ਪਲ ਪਹਿਲਾਂ ਇੱਕ ਆਦੇਸ਼ ਜਾਰੀ ਕਰਕੇ ਉਸ ਦੀ ਮੌਤ ਦੀ ਸਜ਼ਾ ਨੂੰ ਬਿਨਾਂ ਪੈਰੋਲ ਉਮਰ ਭਰ ਲਈ ਜੇਲ ਵਿਚ ਬਦਲ ਦਿੱਤਾ। 2002 ਵਿੱਚ ਲੁੱਟਖੋਹ ਦੌਰਾਨ ਚਾਕੂ ਮਾਰ ਕੇ ਇੱਕ ਵਿਅਕਤੀ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ



ਪ੍ਰਾਪਤ 46 ਸਾਲਾ ਟਰੈਮੇਨ ਵੁੱਡ ਉਪਰ ਦਯਾ ਕਰਦਿਆਂ ਗਵਰਨਰ ਨੇ ਕਿਹਾ ਕਿ ਤੱਥਾਂ ਉਪਰ ਮੁੜ ਵਿਚਾਰ ਕਰਦਿਆਂ ਮੈ ਮੁਆਫ ਕਰ ਦੇਣ ਤੇ ਪੈਰੋਲ ਬੋਰਡ ਦੀ ਟਰੈਮੇਨ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਸਿਫਾਰਿਸ਼ ਨੂੰ ਪ੍ਰਵਾਨ ਕਰਨ ਦਾ ਰਾਹ ਚੁਣਿਆ ਹੈ। ਰਿਪਬਲੀਕਨ ਗਵਰਨਰ ਸਟਿਟ ਦੁਆਰਾ ਆਪਣੇ 7 ਸਾਲਾਂ ਦੇ ਕਾਰਜਕਾਲ ਦੌਰਾਨ ਇਹ ਦੂਸਰੀ ਵਾਰ ਹੈ ਕਿ ਉਨ੍ਹਾਂ ਨੇ ਕਿਸੇ ਦੋਸ਼ੀ ਨੂੰ ਮੁਆਫ ਕੀਤਾ ਹੈ।

# ਉੱਤਰੀ ਕੈਰੋਲੀਨਾ ਵਿੱਚ ਪ੍ਰਵਾਸੀਆਂ ਨੂੰ ਫੜਨ ਲਈ ਛਾਪੇਮਾਰੀ ਕਾਰਨ ਸਹਿਮ ਦਾ ਮਾਹੌਲ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਉੱਤਰੀ ਕੈਰੋਲੀਨਾ ਦੇ ਸਭ ਤੋਂ ਵੱਡੇ ਸ਼ਹਿਰ ਚਾਰਲੋਟੇ ਵਿੱਚ ਇਮੀਗ੍ਰੇਸ਼ਨ ਇਨਫੋਰਸਮੈਂਟ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਕਾਰੋਬਾਰੀ ਅਦਾਰਿਆਂ ਉਪਰ ਮਾਰੇ ਜਾ ਰਹੇ ਛਾਪਿਆਂ ਕਾਰਨ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਹੈ। ਛਾਪੇਮਾਰੀ ਕਾਰਨ ਕਈ ਕਾਰੋਬਾਰੀ ਅਦਾਰੇ ਬੰਦ ਹੋ ਗਏ ਹਨ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਬਹੁਤ ਸਾਰੇ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਅਸਿਸਟੈਂਟ ਹੋਮਲੈਂਡ ਸਕਿਉਰਿਟੀ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ "ਅਮਰੀਕੀ ਲੋਕ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਹਿੰਸਾ ਤੋਂ ਮੁਕਤ ਹੋਣੇ ਚਾਹੀਦੇ ਹਨ। ਗੈਰ ਕਾਨੂੰਨੀ ਪ੍ਰਵਾਸੀ ਅਮਰੀਕੀਆਂ ਦੇ ਦੁੱਖਾਂ ਦਾ ਕਾਰਨ ਹਨ, ਉਹ ਹਰ ਹਾਲਤ ਵਿੱਚ ਦੇਸ਼ ਵਿਚੋਂ ਬਾਹਰ ਹੋਣੇ ਚਾਹੀਦੇ ਹਨ।" ਉਨ੍ਹਾਂ ਕਿਹਾ ਕਿ ਅਸੀਂ ਚਾਰਲੋਟੇ ਵਿੱਚ ਡੀ ਐਚ ਐਸ ਲਾਅ ਇਨਫੋਰਸਮੈਂਟ ਦੀ ਨਫਰੀ ਵਧਾ ਰਹੇ ਹਾਂ ਤਾਂ ਜੋ ਅਮਰੀਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਜਨਤਿਕ ਸੁਰੱਖਿਆ ਨੂੰ ਦਰਪੇਸ਼ ਖਤਰੇ ਨੂੰ ਖਤਮ ਕੀਤਾ ਜਾ ਸਕੇ। ਮੇਅਰ ਵੀ ਲਾਲਸ ਸਮੇਤ ਸਥਾਨਕ ਅਫਸਰਾਂ ਨੇ ਛਾਪੇਮਾਰੀ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਬਿਨਾਂ ਕਾਰਨ ਡਰ ਤੇ ਬੇਯਕੀਨੀ ਦਾ ਮਹੌਲ ਬਣ ਗਿਆ ਹੈ। ਜਾਰੀ ਬਿਆਨ ਜਿਸ ਉਪਰ ਮੇਅਰ ਤੋਂ ਇਲਾਵਾ ਮੈਕਲਨਬਰਗ ਕਾਊਂਟੀ ਕਮਿਸ਼ਨਰ ਮਾਰਕ ਜੇਰੇਲ ਦੇ ਵੀ ਦਸਤਖਤ ਹਨ, ਵਿੱਚ ਕਿਹਾ ਹੈ ਕਿ "ਅਸੀਂ ਚਾਰਲੋਟੇ ਤੇ ਮੈਕਲਨਬਰਗ ਕਾਊਂਟੀ ਦੇ ਲੋਕਾਂ ਨੂੰ ਦੱਸਣਾ ਚਹੁੰਦੇ ਹਾਂ ਕਿ ਅਸੀਂ ਉਨ੍ਹਾਂ ਦੇ ਨਾਲ ਹਾਂ ਜੋ ਕੇਵਲ ਰੋਜੀ ਰੋਟੀ ਕਮਾਉਣ ਲਈ ਕੰਮਾਂ ਕਾਰਾਂ 'ਤੇ ਜਾਂਦੇ ਹਨ।"

# ਬੇਹੱਦ ਚਿੰਤਾਜਨਕ ਹੈ ਸੜਕ ਹਾਦਸਿਆਂ 'ਚ ਮੌਤਾਂ ਦਾ ਵਧਣਾ

ਦੇਸ਼ ਵਿਚ ਸੜਕ ਹਾਦਸਿਆਂ ਵਿਚ ਲਗਾਤਾਰ ਹੋ ਰਹੇ ਵਾਧੇ ਤੇ ਮੌਤਾਂ ਦੀ ਵਧਦੀ ਗਿਣਤੀ ਨੇ ਸਮਾਜ ਦੇ ਇਕ ਵੱਡੇ ਵਰਗ ਨੂੰ ਚਿੰਤਤ ਕਰ ਦਿੱਤਾ ਹੈ। 'ਇੰਡੀਆ ਸਪੈਂਟ' ਨਾਮੀ ਸੰਸਥਾ ਅਨੁਸਾਰ ਇਕ ਪਾਸੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ, ਖ਼ਾਸ ਕਰਕੇ ਮਹਾਨਗਰਾਂ ਵਿਚ ਵਾਹਨਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ, ਦੂਜੇ ਪਾਸੇ ਇਸ ਕਾਰਨ ਸੜਕਾਂ 'ਤੇ ਹੋਣ ਵਾਲੇ ਹਾਦਸਿਆਂ ਅਤੇ ਇਨ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵੀ ਉਸੇ ਅਨੁਪਾਤ ਵਿਚ ਵਧੀ ਹੈ। ਇਸ ਸੰਦਰਭ ਵਿਚ ਇਹ ਵੀ ਧਿਆਨ ਦੇਣ ਯੋਗ ਹੈ ਕਿ ਮਹਾਨਗਰਾਂ ਨਾਲ ਜੁੜੀਆਂ ਪੇਂਡੂ ਤੇ ਸੰਪਰਕ ਸੜਕਾਂ 'ਤੇ ਵੀ ਦੁਰਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਭਾਵੇਂ ਸਰਕਾਰਾਂ ਸਮੇਂ-ਸਮੇਂ 'ਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਆਪਣੀ ਪੂਰੀ ਕੋਸ਼ਿਸ਼ ਕਰਦੀਆਂ ਹਨ, ਪਰ ਇਨ੍ਹਾਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਇਸ ਸਮੱਸਿਆ ਤੋਂ ਪੈਦਾ ਹੋਣ ਵਾਲੇ ਦੁੱਖਾਂ ਦਾ ਬੋਝ ਘਟ ਨਹੀਂ ਸਕਿਆ ਹੈ।

ਬਿਨਾਂ ਸ਼ੱਕ ਇਹ ਇਕ ਸਮਾਜਿਕ ਮੁੱਦਾ ਹੈ ਜਿਸ ਨੂੰ ਕਿਸੇ ਵੀ ਤਰ੍ਹਾਂ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਰਿਪੋਰਟ ਅਨੁਸਾਰ ਇਸ ਸਮੱਸਿਆ ਦਾ ਇਕ ਨਵਾਂ ਪਹਿਲੂ ਸਾਹਮਣੇ ਆਇਆ ਹੈ, ਜੋ ਨਾ ਸਿਰਫ਼ ਦੇਸ਼ ਤੇ ਸਮਾਜ ਦੇ ਇਕ ਵੱਡੇ ਵਰਗ ਦੀ ਚਿੰਤਾ ਨੂੰ ਵਧਾਉਂਦਾ ਹੈ, ਸਗੋਂ ਇਸ ਸਮੱਸਿਆ ਦੇ ਤੁਰੰਤ ਹੱਲ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੰਦਾ ਹੈ। ਇਹ ਪਹਿਲੂ ਇਹ ਹੈ ਕਿ ਦੇਸ਼ ਵਿਚ ਸੜਕ ਹਾਦਸਿਆਂ ਦੌਰਾਨ ਮਰਨ ਵਾਲੇ ਦੋਪਹੀਆ ਵਾਹਨ ਚਾਲਕਾਂ ਤੇ ਫੁੱਟਪਾਥਾਂ 'ਤੇ ਚੱਲਣ ਵਾਲਿਆਂ ਦੀ ਗਿਣਤੀ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਵਧ ਰਹੀ ਹੈ। ਰਿਪੋਰਟ ਅਨੁਸਾਰ 2023 ਵਿਚ ਸੜਕ ਹਾਦਸਿਆਂ ਦੌਰਾਨ ਹੋਈਆਂ ਮੌਤਾਂ ਵਿਚੋਂ 45 ਫ਼ੀਸਦੀ ਦੋਪਹੀਆ ਵਾਹਨ ਸਵਾਰ ਸਨ, ਜੋ 2014 ਵਿਚ 30 ਫ਼ੀਸਦੀ ਸੀ। ਇਨ੍ਹਾਂ ਅੰਕੜਿਆਂ ਵਿਚ ਦਰਜ ਇਕ ਅੰਕੜਾ ਹੋਰ ਵੀ ਦੁਖਦਾਈ ਹੈ ਕਿ ਦੇਸ਼ ਭਰ ਵਿਚ ਹਰ ਘੰਟੇ ਵਾਪਰਦੇ ਸੜਕ ਹਾਦਸਿਆਂ ਦੌਰਾਨ 9 ਮੋਟਰ ਸਾਈਕਲ ਸਵਾਰਾਂ ਦੀ ਮੌਤ ਹੋ ਜਾਂਦੀ ਹੈ, ਇਹ ਅੰਕੜਾ 2014 ਵਿਚ 5 ਸੀ। ਇਹ ਤੱਥ ਵੀ ਵਿਚਾਰਨਯੋਗ ਹੈ ਕਿ ਇਨ੍ਹਾਂ ਦੁਰਘਟਨਾਵਾਂ ਵਿਚ ਹੋਣ ਵਾਲੀਆਂ 69 ਫ਼ੀਸਦੀ ਮੌਤਾਂ ਪੇਂਡੂ ਜਾਂ ਅਰਧ-ਸ਼ਹਿਰੀ ਸੜਕਾਂ 'ਤੇ ਹੁੰਦੀਆਂ ਹਨ। ਸਾਲ 2013 ਦੌਰਾਨ ਸ਼ਹਿਰੀ ਇਲਾਕਿਆਂ 'ਚ ਵਾਪਰੇ ਸੜਕ ਹਾਦਸਿਆਂ ਦੌਰਾਨ 74 ਫ਼ੀਸਦੀ ਮੌਤਾਂ ਦੋਪਹੀਆ ਵਾਹਨ ਸਵਾਰਾਂ ਦੀਆਂ ਹੋਈਆਂ ਸਨ। ਇਕ ਹੋਰ ਰਿਪੋਰਟ ਅਨੁਸਾਰ ਸ਼ਹਿਰੀ ਖੇਤਰਾਂ ਵਿਚ ਫੁੱਟਪਾਥਾਂ 'ਤੇ ਹੋਏ ਗ਼ੈਰ-ਕਾਨੂੰਨੀ ਕਬਜ਼ੇ ਵੀ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ। ਪਿਛਲੇ ਇਕ ਦਹਾਕੇ ਦੌਰਾਨ ਪੈਦਲ ਚੱਲਣ ਵਾਲਿਆਂ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਨਾਲ ਸੰਬੰਧਿਤ ਹਾਦਸਿਆਂ 'ਚ ਮਰਨ ਵਾਲਿਆਂ ਦੀ ਗਿਣਤੀ 24 ਫ਼ੀਸਦੀ ਵਧੀ ਹੈ।

ਇਸ ਦਾ ਇਕ ਵੱਡਾ ਕਾਰਨ ਦੇਸ਼ ਭਰ ਵਿਚ ਦੋਪਹੀਆ ਵਾਹਨਾਂ ਦੀ ਵਧਦੀ ਗਿਣਤੀ ਵੀ ਮੰਨਿਆ ਜਾ ਸਕਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ 2022 ਵਿਚ ਦੇਸ਼ ਵਿਚ ਰਜਿਸਟਰਡ ਵਾਹਨਾਂ ਦੀ ਗਿਣਤੀ 74 ਫ਼ੀਸਦੀ ਦੇ ਹਿਸਾਬ ਨਾਲ ਵਧੀ ਹੈ। ਦੇਸ਼ ਵਿਚ 2014 ਦੌਰਾਨ ਦੋਪਹੀਆ ਵਾਹਨਾਂ ਦੀ ਗਿਣਤੀ 13.9 ਕਰੋੜ ਸੀ, ਜੋ 2022 ਵਿਚ ਵਧ ਕੇ 26.3 ਕਰੋੜ ਹੋ ਗਈ ਸੀ। ਮੌਜੂਦਾ ਵਿੱਤੀ ਸਾਲ ਦੌਰਾਨ ਇਹ ਗਿਣਤੀ 50 ਫ਼ੀਸਦੀ ਵਧਣ ਦੀ ਉਮੀਦ ਹੈ। ਪੇਂਡੂ ਖੇਤਰਾਂ ਵਿਚ ਸੜਕ ਹਾਦਸਿਆਂ ਵਿਚ ਵਾਧੇ ਦਾ ਕਾਰਨ ਸੜਕਾਂ ਦਾ ਛੋਟਾ ਹੋਣਾ, ਕਾਨੂੰਨ ਵਿਵਸਥਾ ਅਤੇ ਹੈਲਮੇਟ ਜਿਹੇ ਨਿਯਮਾਂ ਤੇ ਕਾਨੂੰਨਾਂ ਦੀ ਪਾਲਣਾ ਨਾ ਕਰਨਾ ਵੀ ਹੋ ਸਕਦਾ ਹੈ। ਪਿੰਡਾਂ ਵਿਚ ਲਾਪਰਵਾਹੀ ਨਾਲ ਗੱਡੀ ਚਲਾਉਣਾ ਆਮ ਗੱਲ ਹੈ। ਮਾਹਿਰਾਂ ਅਨੁਸਾਰ ਪੇਂਡੂ ਖੇਤਰਾਂ ਵਿਚ ਬਿਨਾਂ ਹੈਲਮੇਟ ਦੇ 50 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਦੀ ਰਫ਼ਤਾਰ ਨਾਲ ਵਾਹਨ ਚਲਾਉਣਾ ਵੀ ਖ਼ਤਰਨਾਕ ਹੋ ਸਕਦਾ ਹੈ।

ਅਸੀਂ ਸਮਝਦੇ ਹਾਂ ਕਿ ਇਹ ਸਥਿਤੀ ਬਿਨਾਂ ਸ਼ੱਕ ਬਹੁਤ ਚਿੰਤਾਜਨਕ ਹੈ ਅਤੇ ਇਸ ਦਾ ਹੱਲ ਕਰਨਾ ਬਹੁਤ ਜ਼ਰੂਰੀ ਹੈ। ਇਹ ਵੀ ਇਕ ਗੰਭੀਰ ਤੱਥ ਹੈ ਕਿ ਭਾਰਤ ਸੜਕ ਹਾਦਸਿਆਂ ਵਿਚ ਵਿਸ਼ਵ ਭਰ ਵਿਚ ਚੋਟੀ ਦੇ ਦੇਸ਼ਾਂ ਵਿਚ ਸ਼ਾਮਿਲ ਹੈ, ਹਾਲਾਂਕਿ ਇੱਥੇ ਵਾਹਨਾਂ ਦੀ ਗਿਣਤੀ ਕਈ ਵੱਡੇ ਦੇਸ਼ਾਂ ਨਾਲੋਂ ਕਾਫ਼ੀ ਘੱਟ ਹੈ। ਦੇਸ਼ ਦੇ ਸੜਕੀ ਨੈੱਟਵਰਕ ਦੇ ਵਿਸਥਾਰ ਨਾਲ ਹਾਦਸਿਆਂ ਵਿਚ ਕਮੀ ਆਉਣੀ ਚਾਹੀਦੀ ਸੀ, ਪਰ 'ਮਰਜ਼ ਬੜਤਾ ਗਯਾ, ਜਿਉਂ-ਜਿਉਂ ਦਵਾ ਕੀ' ਵਾਂਗ ਸੜਕ ਹਾਦਸਿਆਂ ਤੇ ਇਨ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਮਾਹਿਰਾਂ ਅਨੁਸਾਰ ਇਸ ਦਾ ਇਕ ਹੋਰ ਵੱਡਾ ਕਾਰਨ ਵੱਡੇ ਸੜਕ ਮਾਰਗਾਂ ਅਤੇ ਬਹੁ-ਮਾਰਗੀ ਸੜਕਾਂ ਦੇ ਨਿਰਮਾਣ ਵਿਚ ਰਹਿ ਗਈਆਂ ਖਾਮੀਆਂ ਅਤੇ ਤਰੁਟੀਆਂ ਹਨ। ਡਰਾਈਵਰ ਅਕਸਰ ਅਜਿਹੇ ਰੂਟਾਂ 'ਤੇ ਗ਼ਲਤ ਦਿਸ਼ਾ ਵਾਲੇ ਰਸਤੇ ਨੂੰ ਅਪਣਾਉਂਦੇ ਹਨ, ਜਿਸ ਨਾਲ ਹਾਦਸਿਆਂ ਦਾ ਖ਼ਤਰਾ ਹੋਰ ਵਧ ਜਾਂਦਾ ਹੈ। ਡਰਾਈਵਰਾਂ ਵਲੋਂ ਸ਼ਰਾਬ ਪੀ ਕੇ ਗੱਡੀ ਚਲਾਉਣਾ ਵੀ ਹਾਦਸਿਆਂ ਦੀ ਇਕ ਵਜ ?ਹਾ ਬਣਦਾ ਹੈ। ਜੈਪੁਰ ਵਿਚ ਇਕ ਡੰਪਰ ਡਰਾਈਵਰ ਵਲੋਂ 13 ਲੋਕਾਂ ਨੂੰ ਕੁਚਲ ਦੇਣਾ, ਇਸ ਦੀ ਤਾਜ਼ਾ ਉਦਾਹਰਨ ਹੈ। ਤੇਲੰਗਾਨਾ ਵਿਚ ਵਾਪਰੇ ਸੜਕ ਹਾਦਸੇ ਵਿਚ 19 ਲੋਕਾਂ ਦੀ ਮੌਤ ਵੀ ਧਿਆਨ ਖਿੱਚਦੀ ਹੈ।

ਸਾਡਾ ਮੰਨਣਾ ਹੈ ਕਿ ਅਜਿਹੇ ਸੜਕ ਹਾਦਸਿਆਂ ਨੂੰ ਰੋਕਣ ਲਈ ਇਕ ਵਿਆਪਕ ਯੋਜਨਾਬੰਦੀ ਦੀ ਲੋੜ ਹੈ। ਸੜਕਾਂ 'ਤੇ ਖ਼ਤਰੇ ਵਾਲੇ ਬਿੰਦੂਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਦੂਰ ਕਰਨਾ ਵੀ ਬਹੁਤ ਜ਼ਰੂਰੀ ਹੈ। ਸ਼ਰਾਬੀ ਡਰਾਈਵਰਾਂ ਵਿਰੁੱਧ ਵੀ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਕੁਝ ਸਾਰਥਿਕ ਉਪਾਅ ਕਰਕੇ ਅਤੇ ਇਮਾਨਦਾਰੀ ਵਾਲੀ ਪਹੁੰਚ ਅਪਣਾ ਕੇ ਕੀਤੇ ਯਤਨਾਂ ਨਾਲ ਹੀ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਨੂੰ ਘਟਾਇਆ ਜਾ ਸਕਦਾ ਹੈ।

# ਸੌਖਾ ਨਹੀਂ ਹੋਵੇਗਾ ਮਮਦਾਨੀ ਲਈ ਆਪਣੀਆਂ ਨੀਤੀਆਂ ਨੂੰ ਲਾਗੂ ਕਰਨਾ

ਪੰਜਾਬੀ, ਗੁਜਰਾਤੀ, ਯੁਗਾਂਡਾਈ ਤੇ ਅਮਰੀਕੀ ਸੱਭਿਆਚਾਰਾਂ ਦੇ ਇਕ ਵਿਲੱਖਣ ਪ੍ਰਤੀਕ ਭਾਰਤੀ ਮੂਲ ਦੇ ਜ਼ੋਹਰਾਨ ਮਮਦਾਨੀ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਨਿਊਯਾਰਕ ਦੇ ਮੇਅਰ ਦੀ ਚੋਣ ਜਿੱਤੇ ਹਨ। ਲਗਭਗ 85 ਲੱਖ ਦੀ ਆਬਾਦੀ ਵਾਲੇ ਇਸ ਮਹਾਨਗਰ ਦੇ ਮੇਅਰ ਦੀ ਚੋਣ ਲਈ ਤਿੰਨ ਪ੍ਰਮੁੱਖ ਉਮੀਦਵਾਰ ਮੈਦਾਨ 'ਚ ਸਨ। ਮਮਦਾਨੀ ਨੇ 50% ਤੋਂ ਵੀ ਵਧੇਰੇ ਵੋਟਾਂ ਲੈ ਕੇ ਆਪਣੀ ਜਿੱਤ ਦਾ ਝੰਡਾ ਗੱਡਿਆ ਹੈ। ਉਨ੍ਹਾਂ ਦੇ ਮੁੱਖ ਵਿਰੋਧੀ ਐਂਡਰਿਊ ਕਿਊਮੋ (ਸਾਬਕਾ ਗਵਰਨਰ, ਜੋ ਆਜ਼ਾਦ ਰੂਪ ਵਿਚ ਚੋਣ ਲੜ ਰਹੇ ਸਨ) ਤੇ ਰਿਪਬਲਿਕਨ ਪਾਰਟੀ ਦੇ ਕੁਰਟਿਸ ਸਿਲਵਾ ਸਨ। ਐਂਡਰਿਊ ਕਿਊਮੋ ਨੂੰ ਰਿਪਬਲਿਕਨ ਪਾਰਟੀ ਦੇ ਆਗੂਆਂ ਤੇ ਖ਼ਾਸ ਤੌਰ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵੀ ਖੁੱਲ੍ਹਾ ਸਮਰਥਨ ਪ੍ਰਾਪਤ ਸੀ। ਮਮਦਾਨੀ, ਜੋ ਪਹਿਲਾਂ ਨਿਊਯਾਰਕ ਸਟੇਟ ਅਸੈਂਬਲੀ ਦੇ ਮੈਂਬਰ ਸਨ, ਨੇ ਡੈਮੋਕਰੇਟਿਕ ਪ੍ਰਾਇਮਰੀ 'ਚ ਵੀ ਕਿਊਮੋ ਨੂੰ ਹਰਾਇਆ ਸੀ, ਜਿਸ ਤੋਂ ਬਾਅਦ ਕਿਊਮੋ ਜਨਰਲ ਚੋਣ ਵਿਚ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹੋਏ ਸਨ। ਭਾਵੇਂ ਮਮਦਾਨੀ ਨੂੰ ਬਹੁਤ ਵੱਡਾ ਸਮਰਥਨ ਮਿਲਿਆ ਹੈ, ਪਰ ਉਨ੍ਹਾਂ ਦੀ ਇਹ ਜਿੱਤ ਆਸਾਨ ਨਹੀਂ ਸੀ। ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਮਮਦਾਨੀ ਮੇਅਰ ਬਣਦਾ ਹੈ ਤਾਂ ਨਿਊਯਾਰਕ ਸ਼ਹਿਰ ਨੂੰ 'ਮੁਕੰਮਲ ਆਰਥਿਕ ਤੇ ਸਮਾਜਿਕ ਤਬਾਹੀ' ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਇਹ ਵੀ ਆਖਿਆ ਸੀ ਕਿ ਜੇਕਰ ਮਮਦਾਨੀ ਜਿੱਤ ਜਾਂਦਾ ਹੈ ਤਾਂ ਉਹ ਨਿਊਯਾਰਕ ਸ਼ਹਿਰ ਲਈ ਸਿਰਫ਼ ਘੱਟੋ-ਘੱਟ ਜ਼ਰੂਰੀ ਸੰਘੀ ਫੰਡ ਹੀ ਭੇਜਣਗੇ।

ਇਕ ਖੱਬੇ ਝੁਕਾਅ ਵਾਲੇ ਸਮਾਜਵਾਦੀ ਦੇ ਤੌਰ 'ਤੇ ਜਾਣੇ ਜਾਂਦੇ ਮਮਦਾਨੀ ਨੇ ਆਪਣੀਆਂ ਚੋਣਾਂ 'ਚ ਸਿੱਧੇ ਤੌਰ 'ਤੇ ਸ਼ਹਿਰ ਦੀ ਕੌਂਸਲ ਰਾਹੀਂ ਆਮ ਲੋਕਾਂ ਦੀ ਸੇਵਾ ਕਰਨ ਨੂੰ ਮੁੱਦਾ ਬਣਾਇਆ। ਉਹ ਚਾਹੁੰਦੇ ਹਨ ਕਿ ਰਾਜ ਦੁਆਰਾ ਨਿਯੰਤ੍ਰਿਤ ਅਪਾਰਟਮੈਂਟਾਂ ਵਿਚ ਕਿਰਾਏ 'ਚ ਵਾਧੇ 'ਤੇ ਚਾਰ ਸਾਲਾਂ ਲਈ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਜਾਵੇ। ਉਹ ਅਗਲੇ 10 ਸਾਲਾਂ 'ਚ 2,00,000 ਨਵੇਂ, ਜਨਤਕ ਤੌਰ 'ਤੇ ਸਬਸਿਡੀ ਵਾਲੇ ਅਤੇ ਸਥਾਈ ਤੌਰ 'ਤੇ ਕਿਫ਼ਾਇਤੀ ਘਰ ਬਣਾਉਣ ਦੀ ਗੱਲ ਵੀ ਆਖ ਰਹੇ ਹਨ। ਨਿਊਯਾਰਕ ਸਿਟੀ ਵਿਚ ਘਰਾਂ ਦੇ ਕਿਰਾਏ ਸਭ ਤੋਂ ਵੱਡਾ ਖ਼ਰਚਾ ਹਨ, ਜੋ ਕਾਮੇ ਲੋਕਾਂ 'ਤੇ ਵੱਡਾ ਬੋਝ ਹੈ। ਮਮਦਾਨੀ ਨੇ ਨਿਊਯਾਰਕ ਸਿਟੀ ਵਿਚ ਸਾਰੀਆਂ ਬੱਸਾਂ 'ਚ ਮੁਫ਼ਤ ਸਫ਼ਰ ਦੀ ਗੱਲ ਵੀ ਆਖੀ। ਇਸ ਦਾ ਉਦੇਸ਼ ਨਿਊਯਾਰਕ ਦੇ ਕਿਰਤੀ ਵਰਗ ਤੇ ਘੱਟ ਆਮਦਨੀ ਵਾਲੇ ਲੋਕਾਂ ਲਈ ਰੋਜ਼ਾਨਾਂ ਦੇ ਸਫ਼ਰ ਦੀ ਲਾਗਤ ਨੂੰ ਖ਼ਤਮ ਕਰਨਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਲੋਕ ਨਿੱਜੀ ਕਾਰਾਂ ਛੱਡ ਕੇ ਜਨਤਕ ਸਾਧਨਾਂ ਦੀ ਵਰਤੋਂ ਕਰਨਗੇ, ਜਿਸ ਨਾਲ ਟ ?ਰੈਫਿਕ ਤੇ ਪ੍ਰਦੂਸ਼ਣ ਘਟੇਗਾ। ਇਸ ਤੋਂ ਇਲਾਵਾ ਉਹ 2030 ਤੱਕ ਘੱਟੋ-ਘੱਟ ਉਜਰਤ ਨੂੰ 30 ਡਾਲਰ ਪ੍ਰਤੀ ਘੰਟਾ ਤੱਕ ਵਧਾਉਣ ਦੀ ਯੋਜਨਾ ਪੇਸ਼ ਕਰਦੇ ਹਨ। ਇਸ ਦੇ ਨਾਲ ਹੀ ਉਹ ਚਾਹੁੰਦੇ ਹਨ ਕਿ 6 ਹਫ਼ਤਿਆਂ ਤੋਂ 5 ਸਾਲ ਤੱਕ ਦੇ ਹਰ ਬੱਚੇ ਲਈ ਮੁਫ਼ਤ ਚਾਈਲਡ ਕੇਅਰ ਪ੍ਰਦਾਨ ਕੀਤੀ ਜਾਵੇ, ਜਿਸ ਨਾਲ ਮਾਪਿਆਂ, ਖ਼ਾਸ ਕਰਕੇ ਔਰਤਾਂ ਨੂੰ ਵੱਡੀ ਆਰਥਿਕ ਰਾਹਤ ਮਿਲੇਗੀ। ਇਸ ਤੋਂ ਇਲਾਵਾ ਉਹ ਸ਼ਹਿਰ ਦੀ ਮਲਕੀਅਤ ਵਾਲੇ ਕਰਿਆਨਾ ਸਟੋਰ ਸਥਾਪਤ ਕਰਨਾ ਚਾਹੁੰਦੇ ਹਨ, ਜੋ ਮੁਨਾਫ਼ੇ ਦੀ ਬਜਾਏ ਕਿਫ਼ਾਇਤੀ ਕੀਮਤਾਂ 'ਤੇ ਧਿਆਨ ਕੇਂਦਰਿਤ ਕਰਨਗੇ। ਮਮਦਾਨੀ ਇਸ ਲਾਗਤ ਨੂੰ ਮੁੱਖ ਤੌਰ 'ਤੇ ਵੱਡੀਆਂ ਕਾਰਪੋਰੇਸ਼ਨਾਂ ਅਤੇ ਸ਼ਹਿਰ ਦੇ ਸਭ ਤੋਂ ਅਮੀਰ ਵਸਨੀਕਾਂ 'ਤੇ ਟੈਕਸ ਵਧਾਉਣ ਰਾਹੀਂ ਪੂਰਾ ਕਰਨ ਦੀ ਗੱਲ ਆਖਦੇ ਹਨ। ਉਨ੍ਹਾਂ ਨੇ 100 ਬਿਲੀਅਨ ਡਾਲਰ ਦੇ ਪਲੇਟਫਾਰਮ ਨੂੰ ਫੰਡ ਕਰਨ ਲਈ, ਸਭ ਤੋਂ ਵੱਧ ਕਮਾਈ ਕਰਨ ਵਾਲੇ ਨਿਵਾਸੀਆਂ ਅਤੇ



ਵੱਡੀਆਂ ਕਾਰਪੋਰੇਸ਼ਨਾਂ 'ਤੇ ਟੈਕਸ ਵਧਾਉਣ ਦਾ ਪ੍ਰਸਤਾਵ ਦਿੱਤਾ ਹੈ। ਮਮਦਾਨੀ ਦੀਆਂ ਪ੍ਰਗਤੀਸ਼ੀਲ ਨੀਤੀਆਂ ਬਾਰੇ ਆਲੋਚਨਾ ਕਰਨ ਵਾਲੇ ਆਖਦੇ ਹਨ ਕਿ ਅਜਿਹਾ ਕਰਨ ਨਾਲ ਸ਼ਹਿਰ ਦੇ ਸਭ ਤੋਂ ਵੱਧ ਕਮਾਈ ਕਰਨ ਵਾਲੇ ਨਿਵਾਸੀ ਜੋ ਟੈਕਸਾਂ ਦਾ ਇਕ ਵੱਡਾ ਹਿੱਸਾ ਅਦਾ ਕਰਦੇ ਹਨ, ਸ਼ਹਿਰ ਛੱਡ ਕੇ ਘੱਟ ਟੈਕਸ ਵਾਲੇ ਰਾਜਾਂ 'ਚ ਚਲੇ ਜਾਣਗੇ। ਇਸ ਨਾਲ ਸ਼ਹਿਰ ਦਾ ਟੈਕਸ ਆਧਾਰ ਘਟ ਜਾਵੇਗਾ ਤੇ ਉਨ੍ਹਾਂ ਦੇ ਪ੍ਰਸਤਾਵਿਤ ਪ੍ਰੋਗਰਾਮਾਂ ਨੂੰ ਫੰਡ ਦੇਣ ਲਈ ਪੈਸਾ ਨਹੀਂ ਮਿਲੇਗਾ, ਜਿਸ ਨਾਲ ਆਰਥਿਕ ਸੰਕਟ ਪੈਦਾ ਹੋ ਸਕਦਾ ਹੈ। ਰੈਂਟ ਫ ?ਰੀਜ਼ ਦੀ ਨੀਤੀ 'ਤੇ ਰੀਅਲ ਅਸਟੇਟ ਅਤੇ ਕੁਝ ਆਰਥਿਕ ਮਾਹਰਾਂ ਦਾ ਤਰਕ ਹੈ ਕਿ ਇਸ ਨਾਲ ਕਿਰਾਏ ਦੇ ਮਕਾਨਾਂ ਦੇ ਮਾਲਕਾਂ ਲਈ ਨਿਵੇਸ਼ ਘਟ ਜਾਵੇਗਾ। ਮਾਲਕ ਆਪਣੀਆਂ ਜਾਇਦਾਦਾਂ ਦੀ ਸਾਂਭ-ਸੰਭਾਲ 'ਤੇ ਖ਼ਰਚ ਕਰਨਾ ਬੰਦ ਕਰ ਦੇਣਗੇ ਤੇ ਨਵੇਂ ਕਿਰਾਏ

**ਗੁਰਕ੍ਰਿਪਾਲ ਸਿੰਘ ਅਸ਼ਕ**

ਦੇ ਅਪਾਰਟਮੈਂਟਾਂ ਦਾ ਨਿਰਮਾਣ ਵੀ ਰੁਕ ਜਾਵੇਗਾ, ਜਿਸ ਨਾਲ ਲੰਬੇ ਸਮੇਂ 'ਚ ਹਾਊਸਿੰਗ ਦੀ ਘਾਟ ਹੋਰ ਵਧ ਸਕਦੀ ਹੈ। ਮਮਦਾਨੀ ਸਾਹਮਣੇ ਚੁਣੌਤੀ ਇਹ ਹੈ ਕਿ ਨਿਊਯਾਰਕ ਸਿਟੀ ਦੇ ਮੇਅਰ ਵਜੋਂ ਉਸ ਕੋਲ ਆਪਣੇ ਕਈ ਵੱਡੇ ਪ੍ਰਸਤਾਵਾਂ ਜਿਵੇਂ ਕਿ ਵੱਡੇ ਟੈਕਸ ਵਾਧੇ ਤੇ ਮੁਫ਼ਤ ਬੱਸਾਂ ਲਈ ਫੰਡਿੰਗ, ਨੂੰ ਲਾਗੂ ਕਰਨ ਦੀ ਇਕਪਾਸੜ ਸ਼ਕਤੀ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਨਿਊਯਾਰਕ ਸਟੇਟ ਅਸੈਂਬਲੀ ਤੇ ਸੈਨੇਟ ਤੋਂ ਮਨਜ਼ੂਰੀ ਲੈਣੀ ਪਵੇਗੀ, ਜਿੱਥੇ ਬਹੁਤ ਸਾਰੇ ਸੂਬਾਈ ਡੈਮੋਕਰੇਟ ਇਨ੍ਹਾਂ ਵੱਡੇ ਸਮਾਜਵਾਦੀ ਪ੍ਰਸਤਾਵਾਂ ਦਾ ਵਿਰੋਧ ਕਰਦੇ ਹਨ।

ਖ਼ੈਰ ਇਸ ਅਹਿਮ ਅਹੁਦੇ 'ਤੇ ਪੁੱਜਣ ਵਾਲੇ ਜ਼ੋਹਰਾਨ ਮਮਦਾਨੀ ਦਾ ਜਨਮ ਅਫ਼ਰੀਕੀ ਦੇਸ਼ ਯੁਗਾਂਡਾ ਦੇ ਨਗਰ ਕੰਪਾਲਾ ਵਿਚ 18 ਅਕਤੂਬਰ 1991 ਨੂੰ ਹੋਇਆ ਤੇ ਉਨ੍ਹਾਂ ਦੇ ਵਡੇਰਿਆਂ ਦਾ ਸੰਬੰਧ ਭਾਰਤ ਨਾਲ ਰਿਹਾ ਹੈ। ਜ਼ੋਹਰਾਨ ਦੇ ਦਾਦਾ-ਦਾਦੀ ਗੁਜਰਾਤੀ ਮੁਸਲਮਾਨ ਸਨ, ਜਿੱਥੋਂ ਉਨ੍ਹਾਂ ਦਾ ਪਰਿਵਾਰ ਮੁੱਖ ਤੌਰ 'ਤੇ ਪਹਿਲਾਂ ਤਨਜ਼ਾਨੀਆ (ਤਤਕਾਲੀ ਟਾਂਗਾਨੀਕਾ) ਦੇ ਦਾਰ-ਏ-ਸਲਾਮ ਅਤੇ ਫਿਰ ਯੁਗਾਂਡਾ 'ਚ ਵਸ ਗਿਆ। ਜ਼ੋਹਰਾਨ ਦੇ ਪਿਤਾ ਮਹਿਮੂਦ ਮਮਦਾਨੀ ਦਾ ਪਾਲਣ-ਪੋਸ਼ਣ ਮੁੱਖ ਤੌਰ 'ਤੇ ਯੁਗਾਂਡਾ ਦੀ ਰਾਜਧਾਨੀ ਕੰਪਾਲਾ 'ਚ ਹੋਇਆ, ਜਿਨ੍ਹਾਂ ਨੂੰ ਯੁਗਾਂਡਾ ਦੇ ਵਿਦਵਾਨ ਤੇ ਰਾਜਨੀਤਕ ਟਿੱਪਣੀਕਾਰ ਵਜੋਂ ਜਾਣਿਆ ਜਾਂਦਾ ਹੈ। ਉਹ 1946 'ਚ ਬ੍ਰਿਟਿਸ਼ ਭਾਰਤ ਦੇ ਸਮੇਂ ਬੰਬਈ (ਮੌਜੂਦਾ ਮੁੰਬਈ) 'ਚ ਪੈਦਾ ਹੋਏ ਸਨ। 1972 ਵਿਚ ਯੁਗਾਂਡਾ ਦੇ ਤਾਨਾਸ਼ਾਹ ਈਦੀ ਅਮੀਨ ਨੇ ਸਾਰੇ ਏਸ਼ਿਆਈ ਲੋਕਾਂ (ਮੁੱਖ ਤੌਰ 'ਤੇ ਭਾਰਤੀ ਮੂਲ ਦੇ) ਨੂੰ 90 ਦਿਨਾਂ ਦੇ ਅੰਦਰ ਦੇਸ਼ ਛੱਡਣ ਦਾ ਹੁਕਮ ਦੇ ਦਿੱਤਾ ਸੀ। ਮਹਿਮੂਦ ਜੋ ਉਸ ਸਮੇਂ ਮਕੇਰੇਰੇ ਯੂਨੀਵਰਸਿਟੀ 'ਚ ਅਧਿਆਪਕ ਸਨ, ਨੂੰ ਵੀ ਯੁਗਾਂਡਾ ਤੋਂ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਦਾ ਪਰਿਵਾਰ ਹਜ਼ਾਰਾਂ ਹੋਰ ਯੁਗਾਂਡਾ-ਏਸ਼ਿਆਈ ਲੋਕਾਂ ਵਾਂਗ ਇਕ ਸ਼ਰਨਾਰਥੀ ਵਜੋਂ ਬਰਤਾਨੀਆ (ਯੂ.ਕੇ.) ਚਲਾ ਗਿਆ। ਬਾਅਦ 'ਚ ਉਨ੍ਹਾਂ ਨੇ ਹਾਰਵਰਡ ਯੂਨੀਵਰਸਿਟੀ ਤੋਂ 1974 'ਚ ਪੀ.ਐੱਚ.ਡੀ. ਕੀਤੀ। ਇੱਥੋਂ ਉਹ ਤਨਜ਼ਾਨੀਆ ਦੀ ਦਾਰ-ਏ-ਸਲਾਮ ਯੂਨੀਵਰਸਿਟੀ ਗਏ, ਜੋ ਅਫਰੀਕੀ ਮੁਕਤੀ ਅੰਦੋਲਨ ਦਾ ਇਕ ਕੇਂਦਰ ਸੀ। ਅਖੀਰ 'ਚ ਉਹ 1970ਵਿਆਂ ਦੇ ਅਖੀਰ ਜਾਂ 1980ਵਿਆਂ ਦੇ ਸ਼ੁਰੂ 'ਚ ਯੁਗਾਂਡਾ ਵਾਪਸ ਆਏ ਅਤੇ ਮਕੇਰੇਰੇ ਯੂਨੀਵਰਸਿਟੀ 'ਚ ਪੜ੍ਹਾਉਂਦੇ ਰਹੇ। ਜਦੋਂ ਉਹ 1991 'ਚ ਕੰਪਾਲਾ (ਯੁਗਾਂਡਾ) ਵਿਚ ਰਹਿ ਰਹੇ ਸਨ, ਉਨ੍ਹਾਂ ਨੇ ਮੀਰਾ ਨਾਇਰ ਨਾਲ ਵਿਆਹ ਕਰਾ ਲਿਆ ਤੇ ਉਸੇ ਸਾਲ ਉੱਥੇ ਹੀ ਜ਼ੋਹਰਾਨ ਦਾ ਜਨਮ ਹੋਇਆ। ਇਹ ਪਰਿਵਾਰ 1999 'ਚ ਨਿਊਯਾਰਕ ਸ਼ਹਿਰ ਵਿਚ ਵਸ ਗਿਆ। ਮੀਰਾ ਨਾਇਰ ਪ੍ਰਸਿੱਧ ਭਾਰਤੀ-ਅਮਰੀਕੀ ਫਿਲਮਸਾਜ਼ ਹੈ, ਜੋ ਇਕ ਪੰਜਾਬੀ-ਹਿੰਦੂ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਉਸ ਦਾ ਜਨਮ ਓਡੀਸ਼ਾ ਦੇ ਰਾਉਰਕੇਲਾ ਵਿਖੇ ਹੋਇਆ ਤੇ ਉਨ੍ਹਾਂ ਦੀ ਪਾਲਣਾ ਮੁੱਖ ਤੌਰ 'ਤੇ ਭੁਵਨੇਸ਼ਵਰ 'ਚ ਹੋਈ।

ਜ਼ੋਹਰਾਨ ਮਮਦਾਨੀ ਨੇ 1997 ਤੋਂ ਬ੍ਰੋਂਕਸ ਹਾਈ ਸਕੂਲ ਆਫ਼ ਸਾਇੰਸ (ਨਿਊਯਾਰਕ ਸਿਟੀ) ਵਿਚ ਸਕੂਲੀ ਸਿੱਖਿਆ ਅਤੇ ਫਿਰ ਬੋਡੋਇਨ ਕਾਲਜ ਮੇਨ ਤੋਂ ਗ੍ਰੈਜੂਏਸ਼ਨ ਕੀਤੀ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਨੇ ਇਕ 'ਹਿਪ ਹੌਪ' ਕਲਾਕਾਰ ਵਜੋਂ ਆਪਣਾ ਕੰਮ ਸ਼ੁਰੂ ਕੀਤਾ ਤੇ ਇਕ ਰੈਪਰ ਵਜੋਂ ਸੰਗੀਤ ਰਚਨਾ ਸ਼ੁਰੂ ਕੀਤੀ, ਜਿਸ ਵਿਚ ਅਕਸਰ ਸਮਾਜਿਕ ਤੇ ਸਿਆਸੀ ਮੁੱਦਿਆਂ 'ਤੇ ਟਿੱਪਣੀਆਂ ਹੁੰਦੀਆਂ ਸਨ। ਦੱਸਿਆ ਜਾਂਦਾ ਹੈ ਕਿ 2015 ਤੋਂ 2018 ਤੱਕ ਜ਼ੋਹਰਾਨ ਨੇ ਕੁਈਨਜ਼ ਵਿਚ ਘੱਟ ਆਮਦਨੀ ਵਾਲੇ ਘਰਾਂ ਦੇ ਮਾਲਕਾਂ ਲਈ ਇਕ ਹਾਊਸਿੰਗ ਕੌਂਸਲਰ ਵਜੋਂ ਵੀ ਕੰਮ ਕੀਤਾ। ਇਸ ਕੰਮ ਨੇ ਉਨ੍ਹਾਂ ਨੂੰ ਨਿਊਯਾਰਕ ਦੀ ਰਿਹਾਇਸ਼ ਸੰਕਟ ਦੀ ਅਸਲੀਅਤ ਨੂੰ ਨੇੜਿਓਂ ਦਿਖਾਇਆ, ਖ਼ਾਸ ਕਰਕੇ ਨਿਯਮ ਤੇ ਵੱਡੀਆਂ ਕੰਪਨੀਆਂ ਦੁਆਰਾ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢਣ ਬਾਰੇ। ਇਸੇ ਅਨੁਭਵ ਨੇ ਉਨ੍ਹਾਂ ਨੂੰ ਸਿਸਟਮ ਨੂੰ ਬਾਹਰੋਂ ਬਦਲਣ ਦੀ ਬਜਾਏ, ਅੰਦਰੋਂ ਬਦਲਣ ਲਈ ਪ੍ਰੇਰਿਤ ਕੀਤਾ। ਫਿਰ ਉਹ ਡੈਮੋਕ੍ਰੇਟਿਕ ਸੋਸ਼ਲਿਸਟ ਆਫ਼ ਅਮਰੀਕਾ ਦੇ ਇਕ ਸਰਗਰਮ ਮੈਂਬਰ ਵਜੋਂ ਰਾਜਨੀਤੀ 'ਚ ਆ ਗਏ। 2020 'ਚ ਉਨ੍ਹਾਂ ਨੇ ਨਿਊਯਾਰਕ ਸਟੇਟ ਅਸੈਂਬਲੀ ਚੋਣਾਂ 'ਚ ਪੰਜ ਵਾਰ ਦੇ ਜੇਤੂ ਆਰਵੇਲਾ ਸਿਮੋਟਾਸ ਨੂੰ ਹਰਾ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਉਹ 2021 ਤੋਂ ਨਿਊਯਾਰਕ ਸਟੇਟ ਅਸੈਂਬਲੀ ਦੇ ਮੈਂਬਰ ਵਜੋਂ ਸੇਵਾ ਕਰ ਰਹੇ ਹਨ, ਜਿੱਥੇ ਉਹ ਕਿਰਾਇਆ ਫ ?ਰੀਜ਼ ਅਤੇ ਮੁਫ਼ਤ ਬੱਸਾਂ ਵਰਗੇ ਪ੍ਰਗਤੀਸ਼ੀਲ ਮੁੱਦਿਆਂ 'ਤੇ ਕੇਂਦ੍ਰਿਤ ਰਹੇ ਹਨ। ਅਸੈਂਬਲੀ ਵਿਚ ਆਪਣੇ ਕੰਮ ਦੇ ਆਧਾਰ 'ਤੇ ਉਨ੍ਹਾਂ ਨੇ ਨਿਊਯਾਰਕ ਸਿਟੀ ਦੇ ਮੇਅਰ ਲਈ ਚੋਣ ਲੜੀ ਤੇ ਜਿੱਤ ਪ੍ਰਾਪਤ ਕੀਤੀ। ਉਹ ਆਪਣੀਆਂ ਨੀਤੀਆਂ ਨੂੰ ਕਿਸ ਤਰ੍ਹਾਂ ਨਾਲ ਤੇ ਕਿਸ ਹੱਦ ਤੱਕ ਲਾਗੂ ਕਰਨ ਦੇ ਯੋਗ ਹੋਣਗੇ, ਇਹ ਆਉਣ ਵਾਲਾ ਸਮਾਂ ਹੀ ਦੱਸ ਸਕੇਗਾ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕਰਮਨ ਸਿਟੀ ਕੌਂਸਲ ਨੇ ਨਵੰਬਰ ਮਹੀਨੇ ਨੂੰ ਸਿੱਖ ਹੈਰੀਟੇਜ ਵਜੋਂ ਐਲਾਨਿਆ



ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਸਿਟੀ ਹਾਲ ਵਿੱਚ ਕੌਂਸਲ ਦੀ ਮਹੀਨਾਵਾਰ ਵਿਸ਼ੇਸ਼ ਮੀਟਿੰਗ ਹੋਈ। ਜਿਸ ਵਿੱਚ ਸਥਾਨਕ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਵਿਸ਼ੇਸ਼ ਮੀਟਿੰਗ ਦੌਰਾਨ ਸਮੂੰਹ ਭਾਈਚਾਰੇ ਦੇ ਸਹਿਯੋਗ ਨਾਲ ਸਿਟੀ ਕੌਂਸ਼ਲ ਕਰਮਨ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਮੰਨਦੇ ਹੋਏ "ਸਿੱਖ ਹੈਰੀਟੇਜ਼ ਮਹੀਨਾ" ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ। ਇਸ ਸਨਮਾਨ ਨੂੰ ਸਿਟੀ ਕੌਂਸਲ ਤੋਂ ਗੁਲਬਿੰਦਰ ਗੈਰੀ ਢੇਸੀ, ਸਤਬੀਰ ਹੀਰ, ਮੇਜਰ ਸਿੰਘ, ਹਰਮੀਨ ਕੌਰ ਗਰੇਵਾਲ ਅਤੇ ਨਿਰਮਲ ਸਿੱਧੂ ਆਦਿਕ ਨੇ ਪ੍ਰਾਪਤ ਕੀਤਾ। ਜਿਸ ਸੰਬੰਧੀ ਸਮੁੱਚੇ ਸਥਾਨਕ ਸਿੱਖ ਭਾਈਚਾਰੇ ਵੱਲੋਂ ਸਿਟੀ ਕੌਂਸਲ ਦਾ ਧੰਨਵਾਦ ਕੀਤਾ ਗਿਆ।

# ਟਰੰਪ ਨੇ ਰੂਸ ਕੋਲੋਂ ਤੇਲ ਖਰੀਦਣ 'ਤੇ 500 ਫ਼ੀਸਦ ਟੈਰਿਫ਼ ਦੀ ਦਿੱਤੀ ਧਮਕੀ

ਨਵੀਂ ਦਿੱਲੀ : ਰੂਸੀ ਤੇਲ ਦੀ ਖਰੀਦ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੁਖ ਹਮੇਸ਼ਾ ਸਖ਼ਤ ਰਿਹਾ ਹੈ। ਇਹੀ ਇਕ ਕਾਰਨ ਹੈ ਕਿ ਭਾਰਤ ਵੀ ਇਸ ਸਮੇਂ ਰੂਸੀ ਤੇਲ ਦੀ ਖਰੀਦ ਕਾਰਨ 25 ਫ਼ੀਸਦ ਵਾਧੂ ਟੈਰਿਫ ਦਾ ਸਾਹਮਣਾ ਕਰ ਰਿਹਾ ਹੈ, ਹੁਣ, ਟਰੰਪ ਨੇ ਰੂਸ ਨਾਲ ਵਪਾਰ ਕਰਨ ਤੇ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ 500 ਫ਼ੀਸਦ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਟਰੰਪ ਨੇ ਇਹ ਬਿਆਨ



ਅਜਿਹੇ ਸਮੇਂ ਦਿੱਤਾ ਹੈ ਜਦੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 5 ਦਸੰਬਰ ਨੂੰ ਭਾਰਤ ਦਾ ਦੌਰਾ ਕਰਨ ਵਾਲੇ ਹਨ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੀ ਮੁਲਾਕਾਤ ਤੇਲ ਤੋਂ ਲੈ ਕੇ ਵਪਾਰ ਤੱਕ ਦੇ ਮੁੱਦਿਆਂ 'ਤੇ ਕੇਂਦ੍ਰਿਤ ਹੋਵੇਗੀ, ਪਰ ਰੂਸੀ ਰਾਸ਼ਟਰਪਤੀ ਦੀ ਨਵੀਂ ਦਿੱਲੀ ਫੇਰੀ ਤੋਂ ਪਹਿਲਾਂ ਟਰੰਪ ਦੀ ਨਿਰਾਸ਼ਾ ਸਪੱਸ਼ਟ ਹੈ। ਭਾਰਤ ਰੂਸ ਦਾ ਦੂਜਾ ਸਭ ਤੋਂ ਵੱਡਾ ਤੇਲ ਖਰੀਦਦਾਰ ਹੈ, ਇਸ ਲਈ ਟਰੰਪ ਦੇ ਇਸ ਐਲਾਨ ਦਾ ਸਿੱਧਾ ਅਸਰ ਭਾਰਤ 'ਤੇ ਪਵੇਗਾ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਟਰੰਪ ਨੇ ਰੂਸੀ ਤੇਲ ਖਰੀਦਣ ਵਿਰੁੱਧ ਭਾਰਤ ਨੂੰ ਖੁੱਲ੍ਹ ਕੇ ਧਮਕੀ ਦਿੱਤੀ ਹੈ। ਟਰੰਪ ਰੂਸ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਕੇ ਯੂਕਰੇਨ ਨਾਲ ਜੰਗ ਨੂੰ ਰੋਕਣਾ ਚਾਹੁੰਦਾ ਹੈ। ਇਸ ਲਈ, ਉਸਨੇ ਟੈਰਿਫ ਨੂੰ ਹਥਿਆਰਬੰਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਰਿਪਬਲਿਕਨ ਸੰਸਦ ਮੈਂਬਰ ਅਜਿਹੇ ਬਿੱਲ ਤਿਆਰ ਕਰ ਰਹੇ ਹਨ ਜੋ ਰੂਸ ਨਾਲ ਵਪਾਰ ਕਰਨ ਵਾਲੇ ਦੇਸ਼ਾਂ 'ਤੇ ਸਖ਼ਤ ਪਾਬੰਦੀਆਂ ਜਾਂ ਟੈਰਿਫ ਲਗਾਏਗਾ।

# ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ, ਬਲਰੀਤ ਖਹਿਰਾ ਅਮਰੀਕੀ ਫੌਜ 'ਚ ਸੰਭਾਲੇਗੀ ਇਹ ਵੱਡਾ ਅਹੁਦਾ

ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ) – 1-143 FA BN ਵਿੱਚ ਕਮਾਂਡ ਤਬਦੀਲੀ ਦਾ ਸ਼ਾਨਦਾਰ ਸਮਾਰੋਹ 15 ਨਵੰਬਰ 2025 ਨੂੰ ਸਵੇਰੇ 10:30 ਵਜੇ ਆਯੋਜਿਤ ਕੀਤਾ ਗਿਆ, ਜਿਸ ਦੌਰਾਨ CPT ਸ਼ੇਨ ਡਨਫੀ ਨੇ ਬਟਾਲਿਅਨ ਦੀ ਕਮਾਂਡ CPT



ਬਲਰੀਤ ਖਹਿਰਾ ਨੂੰ ਬਾਲਗੇਰ ਤਰ੍ਹਾਂ ਸੌਂਪੀ। CPT ਬਲਰੀਤ ਖਹਿਰਾ ਵੱਲੋਂ ਕਮਾਂਡ ਸੰਭਾਲਣਾ ਸਿਰਫ਼ ਅਮਰੀਕੀ ਫੌਜ ਲਈ ਹੀ ਨਹੀਂ, ਸਗੋਂ ਪੂਰੇ ਪੰਜਾਬੀ ਭਾਈਚਾਰੇ ਲਈ ਇੱਕ ਇਤਿਹਾਸਕ ਮਾਣ ਦਾ ਪਲ ਹੈ। ਬਲਰੀਤ ਖਹਿਰਾ ਇਸ ਅਹੁਦੇ ਤੱਕ ਪਹੁੰਚਣ ਵਾਲੀ ਪਹਿਲੀ ਪੰਜਾਬਣ ਔਰਤ ਬਣ ਗਈ ਹੈ, ਜਿਸ ਨਾਲ ਸਿਰਫ਼ ਸਥਾਨਕ ਨਹੀਂ ਸਗੋਂ ਦੁਨਿਆ ਭਰ ਦੇ ਪੰਜਾਬੀ ਭਾਈਚਾਰੇ ਵਿੱਚ ਵੀ ਖ਼ੁਸ਼ੀ ਅਤੇ ਮਾਣ ਦਾ ਮਾਹੌਲ ਹੈ। ਸਮਾਰੋਹ 5575 E Airways Blvd, Fresno CA ਵਿਖੇ ਹੋਇਆ ਜਿਸ ਵਿੱਚ ਫੌਜੀ ਅਧਿਕਾਰੀਆਂ, ਸੈਨਿਕਾਂ, ਪਰਿਵਾਰਕ ਮੈਂਬਰਾਂ ਅਤੇ ਪੰਜਾਬੀ ਸਮਾਜ ਦੇ ਪ੍ਰਤਿਨਿਧੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। CPT ਸ਼ੇਨ ਡਨਫੀ ਦੀ ਲੰਬੇ ਸਮੇਂ ਦੀ ਨਿਸ਼ਠਾ ਅਤੇ ਲੀਡਰਸ਼ਿਪ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਉਨ੍ਹਾਂ ਨੂੰ ਸੇਵਾ ਲਈ ਧੰਨਵਾਦ ਪ੍ਰਗਟਾਇਆ ਗਿਆ।
ਕਮਾਂਡ ਸੰਭਾਲਣ ਤੋਂ ਬਾਅਦ CPT ਬਲਰੀਤ ਖਹਿਰਾ ਨੇ ਆਪਣੀ ਭਾਵਪੂਰਨ ਬੋਲੀਆਂ ਵਿੱਚ ਯੂਨਿਟ ਦੀ ਵਾਧਾ, ਅਨੁਸ਼ਾਸਨ, ਕਲਿਆਣ ਅਤੇ ਉੱਚੇ ਮਿਆਰਾਂ ਨੂੰ ਆਪਣੀ ਪਹਿਲੀ ਤਰਜੀਹ ਦੱਸਿਆ। ਇਹ ਇਤਿਹਾਸਕ ਤਬਦੀਲੀ ਸਿਰਫ਼ ਇੱਕ ਫੌਜੀ ਪ੍ਰਕਿਰਿਆ ਨਹੀਂ ਸੀ, ਬਲਕਿ ਉਹ ਸਬੂਤ ਸੀ ਕਿ ਪੰਜਾਬੀ ਮਹਿਲਾਵਾਂ ਕਿੰਨੀ ਉੱਚੀਆਂ ਚੋਟੀਆਂ ਫਤਿਹ ਕਰ ਰਹੀਆਂ ਹਨ। CPT ਬਲਰੀਤ ਖਹਿਰਾ ਦੀ ਇਹ ਉਪਲਬਧੀ ਅਨੇਕਾਂ ਧੀਆਂ ਲਈ ਪ੍ਰੇਰਣਾ ਦਾ ਸਰੋਤ ਬਣੇਗੀ।

# 'ਅਮੈਰੀਕਨ-ਪੰਜਾਬੀ ਸਿੱਖ ਕਮਿਊਨਟੀ ਕਰਮਨ' ਨੇ ਕਰਮਨ ਪੁਲਿਸ ਨੂੰ ਲੋੜਵੰਦਾਂ ਲਈ ਦਿੱਤੀ ਮਦਦ

## ਪੁਲਿਸ ਬੱਚਿਆਂ ਨੂੰ ਦੇਵੇਗੀ ਗਿਫਟ ਸਰਟੀਫਿਕੇਟ

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ) : ਸੈਂਟਰਲ ਵੈਲੀ ਕੈਲੇਫੋਰਨੀਆਂ ਵਿੱਚ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਹੈ। ਜਿੱਥੇ ਪੰਜਾਬੀ ਭਾਈਚਾਰੇ ਦੁਆਰਾ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਬਹੁਤ ਸਾਂਝੇ ਕਾਰਜ ਕੀਤੇ ਜਾਂਦੇ ਹਨ। ਇਸੇ ਲੜੀ ਤਹਿਤ ਕਰਮਨ ਵਿੱਚ ਪੰਜਾਬੀ ਭਾਈਚਾਰੇ ਵੱਲੋ ਬਣਾਈ ਨਾਨ-ਪਰਾਫਟ ਸੰਸਥਾ "ਅਮੈਰੀਕਨ-ਪੰਜਾਬੀ ਸਿੱਖ ਕਮਿਊਨਟੀ ਕਰਮਨ, ਕੈਲੇਫੋਰਨੀਆਂ" ਦੇ ਮੈਂਬਰਾਂ ਵੱਲੋਂ ਸੰਸਥਾ ਮੁੱਖ ਸੰਚਾਲਕ ਗੁਲਬਿੰਦਰ ਸਿੰਘ ਢੇਸੀ (ਗੈਰੀ) ਦੀ ਅਗਵਾਈ ਵਿੱਚ ਕਰਮਨ ਸ਼ਹਿਰ ਦੀ ਪੁਲਿਸ ਨੂੰ 500 ਡਾਲਰ ਦੀ ਰਾਸ਼ੀ ਦਾ ਚੈੱਕ ਸੌਂਪਿਆ ਗਿਆ। ਜਿਸ ਸੰਬੰਧੀ ਕਰਮਨ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਅਗਲੇ ਮਹੀਨੇ ਕ੍ਰਿਸਮਸ ਦੀਆਂ ਛੁੱਟੀਆਂ ਦੌਰਾਨ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਲਈ ਪਰਿਵਾਰਕ ਆਰਥਿਕ ਮੰਦਹਾਲੀ ਕਾਰਨ ਗਿਰਫ ਨਹੀਂ ਲੈ ਸਕਦੇ। ਜਿਸ ਲਈ ਪਿਛਲੇ ਕੁਝ ਸਾਲਾਂ ਤੋਂ ਕਰਮਨ ਦੀ ਪੰਜਾਬੀ



ਸਿੱਖ ਕਮਿਊਨਟੀ ਆਪਣਾ ਸਹਿਯੋਗ ਪੁਲਿਸ ਨੂੰ ਦੇ ਕੇ ਬੱਚਿਆਂ ਨੂੰ ਇਹ ਰਾਸ਼ੀ ਗਿਫਟ ਦੇ ਰੂਪ ਵਿੱਚ ਦੇਣ ਵਿੱਚ ਮਦਦ ਕਰਦੀ ਹੈ। ਇਲਾਕੇ ਦੀਆਂ ਹੋਰ ਸੰਸਥਾਵਾਂ, ਵਿਉਪਾਰਕ ਅਦਾਰੇ ਅਤੇ ਨਿੱਜੀ ਤੌਰ ਤੇ ਲੋਕ ਇਸ ਫੰਡ ਇਕੱਤਰਤਾ ਵਿੱਚ ਹਿੱਸਾ ਪਾਉਂਦੇ ਹਨ। ਇਸ ਸਮੇਂ ਸੰਖੇਪ ਰਸਮੀ ਮੀਟਿੰਗ ਦੌਰਾਨ ਪੁਲਿਸ ਦੇ ਅਧਿਕਾਰੀਆਂ ਤੋਂ ਇਲਾਵਾ ਸੰਸਥਾ ਦੇ ਮੈਂਬਰਾਂ ਵਿੱਚ ਗੁਲਬਿੰਦਰ ਗੈਰੀ ਢੇਸੀ ਤੋਂ ਇਲਾਵਾ ਹਰਜੀਤ ਗਰੇਵਾਲ, ਅਵਤਾਰ ਗਰੇਵਾਲ, ਕੁਲਵੰਤ ਉੱਭੀ, ਸਰਬਜੀਤ ਸਰਾਂ, ਸੁਰਿੰਦਰ ਮੰਢਾਲੀ ਅਤੇ ਨਵਦੀਪ ਧਾਲੀਵਾਲ ਮੌਜੂਦ ਸਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅਮੈਰੀਕਨ-ਪੰਜਾਬੀ ਸਿੱਖ ਕਮਿਊਨਟੀ ਕਰਮਨ ਵੱਲੋਂ ਸ਼ਹਿਰ ਦੇ ਸਥਾਨਿਕ ਕਾਰਜਾਂ ਵਿੱਚ ਹਿੱਸਾ ਲੈਂਦੇ ਹੋਏ ਆਪਣੀ ਵਿਲੱਖਣ ਪਹਿਚਾਣ ਨੂੰ ਬਰਕਰਾਰ ਰੱਖਿਆ ਹੋਇਆ ਹੈ।

# 'ਸਿੱਖਸ ਆਫ਼ ਅਮੈਰਿਕਾ' ਦੇ ਚੇਅਰਮੈਨ ਜਸਦੀਪ ਜੱਸੀ ਨੇ ਭਾਰਤ 'ਚ US ਦੇ ਨਵੇਂ ਰਾਜਦੂਤ ਗੋਰ ਨਾਲ ਕੀਤੀ ਮੁਲਾਕਾਤ

ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕੀ ਪ੍ਰਸ਼ਾਸਨ ਵਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਜ਼ਦੀਕੀ ਸਰਜੀਓ ਗੋਰ ਨੂੰ ਭਾਰਤ 'ਚ ਅਮਰੀਕਾ ਦੇ ਨਵੇਂ ਅੰਬੈਸਡਰ ਵਜੋਂ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਨਾਲ 'ਸਿੱਖਸ ਆਫ਼ ਅਮੈਰਿਕਾ' ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੇ ਵੀ ਪੁਰਾਣੇ ਨਜ਼ਦੀਕੀ ਸਬੰਧ ਹਨ। ਇਹ ਦੋਵੇਂ ਪਿਛਲੀਆਂ ਚੋਣਾਂ ਵਿਚ ਇਕੱਠੇ ਚੋਣ ਮੁਹਿੰਮ ਵੀ ਚਲਾਉਂਦੇ ਰਹੇ ਹਨ।
ਇਸੇ ਸਾਂਝ ਦੇ ਚੱਲਦਿਆਂ ਜਸਦੀਪ ਸਿੰਘ ਜੱਸੀ ਅੰਬੈਸਡਰ ਸਰਜੀਓ ਗੋਰ ਨੂੰ ਵਧਾਈ ਦੇਣ ਲਈ ਵ੍ਹਾਈਟ ਹਾਊਸ ਪੁੱਜੇ। ਮੁਲਾਕਾਤ ਉਪਰੰਤ ਜਾਣਕਾਰੀ ਸਾਂਝੀ ਕਰਦਿਆਂ ਜੱਸੀ ਨੇ ਦੱਸਿਆ ਕਿ ਮੈਂ ਸਰਜੀਓ ਗੋਰ ਨੂੰ ਬੇਨਤੀ ਕੀਤੀ ਉਹ ਜਦੋਂ ਭਾਰਤ 'ਚ ਆਪਣਾ ਅਹੁਦਾ ਸੰਭਾਲਣ ਤਾਂ ਪੰਜਾਬ ਜ਼ਰੂਰ ਜਾਣ ਅਤੇ ਖ਼ਾਸ ਤੌਰ 'ਤੇ ਦਰਬਾਰ ਸਾਹਿਬ ਜ਼ਰੂਰ ਜਾਣ।
ਇਸ 'ਤੇ ਗੋਰ ਨੇ ਕਿਹਾ ਕਿ ਉਹ ਪਹਿਲਾਂ ਹੀ ਮਨ ਬਣਾ ਚੁੱਕੇ ਹਨ ਅਤੇ ਲਗਭਗ 15 ਕੁ





ਸਾਲ ਪਹਿਲਾਂ ਉਹ ਦਰਬਾਰ ਸਾਹਿਤ ਨਤਮਸਤਕ ਹੋ ਕੇ ਵੀ ਗਏ ਸਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਜੋ ਪਿਆਰ ਮਿਲਿਆ, ਉਹ ਅੱਜ ਵੀ ਉਨ੍ਹਾਂ ਨੂੰ ਯਾਦ ਹੈ। ਜੱਸੀ ਨੇ ਕਿਹਾ ਕਿ ਅੰਬੈਸਡਰ ਗੋਰ ਦੀ ਨਿਯੁਕਤੀ ਨਾਲ ਅਮਰੀਕਾ ਦੇ ਭਾਰਤ ਨਾਲ ਸਬੰਧਾਂ 'ਚ ਹੋਰ ਵੀ ਜ਼ਿਆਦਾ ਮਜ਼ਬੂਤੀ ਆਵੇਗੀ, ਕਿਉਂਕਿ ਗੋਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਹੁਤ ਹੀ ਨਜ਼ਦੀਕੀ ਹਨ ਜਿਸ ਕਾਰਨ ਇਹ ਇਸ਼ਾਰਾ ਜਾਂਦਾ ਹੈ ਕਿ ਟਰੰਪ ਭਾਰਤ ਨਾਲ ਆਉਣ ਵਾਲੇ ਸਮੇਂ 'ਚ ਸਾਂਝ ਵਧਾਉਣ ਜਾ ਰਹੇ ਹਨ। ਇਸ ਮੌਕੇ ਜੱਸੀ ਨੇ ਵ੍ਹਾਈਟ ਹਾਊਸ ਦੀ ਪ੍ਰੈੱਸ ਸੈਕੱਟਰੀ ਕੈਰੋਲੀਨ ਲੈਵਿਟ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਚਰਚਾ ਕੀਤੀ।

# ਜੈਸ਼ੰਕਰ ਵਲੋਂ ਅਮਰੀਕਾ 'ਚ ਭਾਰਤੀ ਦੂਤ ਸੰਮੇਲਨ ਦੌਰਾਨ ਦੁਵੱਲੇ ਸੰਬੰਧਾਂ ਦੀ ਸਮੀਖਿਆ

ਨਿਊਯਾਰਕ : ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇਥੇ ਅਮਰੀਕਾ 'ਚ ਭਾਰਤੀ ਕੌਂਸਲ ਜਨਰਲ ਦੀ ਕਾਨਫਰੰਸ 'ਚ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਵਿਚਾਲੇ ਦੁਵੱਲੇ ਸੰਬੰਧਾਂ ਅਤੇ ਪ੍ਰਵਾਸੀ ਸਰਗਰਮੀਆਂ ਦੇ ਲਈ ਸਮਰਥਨ ਦੀ ਸਮੀਖਿਆ ਕੀਤੀ। ਜੈਸ਼ੰਕਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਮੈਂ ਭਾਰਤ-ਅਮਰੀਕਾ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਸਾਡੇ ਦੂਤਾਵਾਸ ਅਤੇ ਕੌਂਸਲੇਟਾਂ ਦੀ ਵਚਨਬੱਧਤਾ ਅਤੇ ਯਤਨਾਂ ਦੀ ਸ਼ਲਾਘਾ ਕਰਦਾ ਹਾਂ। ਉਨ੍ਹਾਂ ਨੇ ਨਿਊਯਾਰਕ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਵਿਖੇ ਕੌਂਸਲ ਜਨਰਲ ਕਾਨਫਰੰਸ ਦੀ ਪ੍ਰਧਾਨਗੀ ਕੀਤੀ, ਜਿਸ ਵਿਚ ਅਮਰੀਕਾ 'ਚ ਭਾਰਤੀ ਰਾਜਦੂਤ ਵਿਨੈ ਕਵਾਤਰਾ, ਵਾਸ਼ਿੰਗਟਨ ਡੀ.ਸੀ ਸਥਿਤ ਭਾਰਤੀ ਦੂਤਘਰ 'ਚ ਮਿਸ਼ਨ ਉਪ-ਮੁਖੀ ਨਾਮਗਿਆ ਖੰਪਾ ਦੇ ਨਾਲ-ਨਾਲ ਅਟਲਾਂਟਾ, ਬੋਸਟਨ, ਸ਼ਿਕਾਗੋ,



ਹਿਊਸਟਨ, ਲਾਂਸ ਏਂਜਲਿਸ, ਨਿਊਯਾਰਕ, ਸਾਨ ਫਰਾਂਸਿਸਕੋ ਅਤੇ ਸਿਏਟਲ ਸਥਿਤ ਭਾਰਤੀ ਕੌਂਸਲੇਟਾਂ ਦੇ ਸਾਰੇ ਕੌਂਸਲ ਸ਼ਾਮਿਲ ਹੋਏ। ਨਿਊਯਾਰਕ ਵਿਚ ਭਾਰਤੀ ਕੌਂਸਲੇਟ, ਜਿਸਦੀ ਅਗਵਾਈ ਕੌਂਸਲ ਜਨਰਲ ਬਿਨਯਾ ਪ੍ਰਧਾਨ ਕਰ ਰਹੇ ਹਨ, ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਜੈਸ਼ੰਕਰ ਦਾ ਕੌਂਸਲੇਟ ਕੰਪਲੈਕਸ ਵਿੱਚ ਸਵਾਗਤ ਕਰਨਾ ਇੱਕ 'ਸਨਮਾਨ' ਸੀ। ਇੱਕ ਦਿਨ ਪਹਿਲਾਂ, ਜੈਸ਼ੰਕਰ ਨੇ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਵਿੱਚ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟਰੇਸ ਨਾਲ ਮੁਲਾਕਾਤ ਕੀਤੀ। ਜੈਸ਼ੰਕਰ ਦੇ ਨਾਲ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ, ਰਾਜਦੂਤ ਪੀ. ਹਰੀਸ਼, ਸੰਯੁਕਤ ਰਾਸ਼ਟਰ ਵਿੱਚ ਉਪ ਸਥਾਈ ਪ੍ਰਤੀਨਿਧੀ, ਰਾਜਦੂਤ ਯੋਜਨਾ ਪਟੇਲ ਅਤੇ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੇ ਅਧਿਕਾਰੀ ਸਨ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਅਮਰੀਕਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਚ 17 ਫੀਸਦੀ ਦੀ ਗਿਰਾਵਟ



ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਕਾਰਨ ਅਮਰੀਕੀ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।

ਇਸ ਸਾਲ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ 17 ਫੀਸਦੀ ਦੀ ਗਿਰਾਵਟ ਆਈ ਹੈ। 825 ਅਮਰੀਕੀ ਉੱਚ ਸਿੱਖਿਆ ਸੰਸਥਾਵਾਂ ਦੇ ਇਕ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ 57 ਫੀਸਦੀ ਸੰਸਥਾਵਾਂ ਨੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿਚ ਗਿਰਾਵਟ ਦੀ ਰਿਪੋਰਟ ਕੀਤੀ ਹੈ, ਜਦੋਂ ਕਿ ਸਿਰਫ 29 ਫੀਸਦੀ ਨੇ ਹੀ ਵਾਧਾ ਦਰਸਾਇਆ ਹੈ, ਜਿਸ ਨਾਲ ਯੂਨੀਵਰਸਿਟੀਆਂ ਦੇ ਮਾਲੀਏ ਵਿਚ ਗਿਰਾਵਟ ਆਈ ਹੈ।

ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਐਜੂਕੇਸ਼ਨ ਵੱਲੋਂ ਪ੍ਰਦਾਨ ਕੀਤੀ ਗਈ ਇਕ ਰਿਪੋਰਟ ਦੇ ਅਨੁਸਾਰ ਅਤੇ ਵਿਦੇਸ਼ ਵਿਭਾਗ ਦੁਆਰਾ ਸਪਾਂਸਰ ਡਾਟਾ ਟਰੰਪ ਦੀ ਚੋਣ ਤੋਂ ਪਹਿਲਾਂ 2024-25 ਵਿਚ ਨਵੇਂ ਅੰਤਰਰਾਸ਼ਟਰੀ ਦਾਖਲਿਆਂ ਵਿਚ 7 ਫੀਸਦੀ ਦੀ ਗਿਰਾਵਟ ਦਰਸਾਉਂਦੇ ਹਨ, ਜਿਸ ਵਿਚ ਗ੍ਰੈਜੂਏਟਸ ਵਿਚ 15 ਫੀਸਦੀ ਦੀ ਗਿਰਾਵਟ ਵੀ ਸ਼ਾਮਲ ਹੈ, ਜਿਨ੍ਹਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ।

**ਏਸ਼ੀਆ ਦੇ ਵਿਦਿਆਰਥੀਆਂ ਦਾ ਵੀ ਮੋਹ ਭੰਗ** : ਕਾਮਨ ਐਪ ਦੇ ਅਨੁਸਾਰ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਵਿਚ ਗਿਰਾਵਟ ਨੇ ਏਸ਼ੀਆ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਹ ਗਿਣਤੀ 9 ਫੀਸਦੀ ਘਟੀ ਹੈ। ਅਫਰੀਕਾ ਤੋਂ ਆਉਣ ਵਾਲੇ ਵਿਦਿਆਰਥੀਆਂ ਵਿਚ 18 ਫੀਸਦੀ ਦੀ ਹੋਰ ਵੀ ਤੇਜ਼ ਗਿਰਾਵਟ ਦੇਖੀ ਗਈ, ਜਿਸ ਵਿਚ ਘਾਨਾ ਤੋਂ 43 ਫੀਸਦੀ ਦੀ ਗਿਰਾਵਟ ਵੀ ਸ਼ਾਮਲ ਹੈ। ਭਾਰਤ ਤੋਂ ਆਉਣ ਵਾਲੀਆਂ ਅਰਜ਼ੀਆਂ ਵਿਚ 14 ਫੀਸਦੀ ਦੀ ਗਿਰਾਵਟ ਆਈ ਹੈ।

# ਜੈਸ਼ੰਕਰ ਵੱਲੋਂ ਅਤਿਵਾਦ ਪ੍ਰਤੀ 'ਜ਼ੀਰੋ ਟੌਲਰੈਂਸ' ਨੀਤੀ 'ਤੇ ਜ਼ੋਰ



ਮਾਸਕੋ : ਮਾਸਕੋ-ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਰੂਸ ਵਿੱਚ ਸ਼ੰਘਾਈ ਸਹਿਯੋਗ ਸੰਗਠਨ (SCO) ਦੇ ਸਿਖਰ ਸੰਮੇਲਨ ਵਿੱਚ ਦਹਿਸ਼ਤਗਰਦੀ 'ਤੇ ਦੁਨੀਆ ਨੂੰ ਸਖ਼ਤ ਸੰਦੇਸ਼ ਦਿੱਤਾ।

ਉਨ੍ਹਾਂ ਕਿਹਾ ਕਿ ਦੁਨੀਆ ਨੂੰ ਇਸ ਪ੍ਰਤੀ 'ਜ਼ੀਰੋ ਟੌਲਰੈਂਸ' ਦਿਖਾਉਣਾ ਚਾਹੀਦਾ ਹੈ। ਦਹਿਸ਼ਤਗਰਦੀ ਨੂੰ ਨਾ ਤਾਂ ਅੱਖੋਂ-ਓਹਲੇ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਲੁਕਾਇਆ ਜਾ ਸਕਦਾ ਹੈ। ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਭਾਰਤ ਨੂੰ ਦਹਿਸ਼ਤਗਰਦੀ ਦੇ ਖ਼ਿਲਾਫ਼ ਆਪਣੇ ਲੋਕਾਂ ਦੀ ਰੱਖਿਆ ਕਰਨ ਦਾ ਅਧਿਕਾਰ ਹੈ ਅਤੇ ਉਹ ਇਸਦੀ ਵਰਤੋਂ ਕਰੇਗਾ। ਉਨ੍ਹਾਂ ਨੇ SCO ਦੇ ਆਗੂਆਂ ਨੂੰ ਕਿਹਾ ਕਿ ਦਹਿਸ਼ਤਗਰਦੀ ਦਾ ਮੁਕਾਬਲਾ ਕਰਨਾ ਸਾਰਿਆਂ ਦੀ ਸਾਂਝੀ ਤਰਜੀਹ ਬਣੀ ਰਹਿਣੀ ਚਾਹੀਦੀ ਹੈ ਅਤੇ ਇਸ ਵਿੱਚ ਸਹਿਣਸ਼ੀਲਤਾ (Tolerance) ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ।

ਐਸ. ਜੈਸ਼ੰਕਰ ਨੇ ਯਾਦ ਕਰਵਾਇਆ ਕਿ ਸਾਰੇ ਮੈਂਬਰ ਦੇਸ਼ਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ SCO ਦੀ ਸਥਾਪਨਾ ਦਹਿਸ਼ਤਗਰਦੀ, ਵੱਖਵਾਦ ਅਤੇ ਕੱਟੜਵਾਦ ਨੂੰ ਖਤਮ ਕਰਨ ਲਈ ਹੋਈ ਸੀ।

ਦੱਸ ਦਈਏ ਕਿ ਇਸ ਸੰਗਠਨ ਦੀ ਸਥਾਪਨਾ 2001 ਵਿੱਚ ਰੂਸ, ਚੀਨ, ਕਿਰਗਿਜ਼ ਗਣਰਾਜ, ਕਜ਼ਾਕਿਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀਆਂ ਨੇ ਕੀਤੀ ਸੀ। ਭਾਰਤ ਅਤੇ ਪਾਕਿਸਤਾਨ 2017 ਵਿੱਚ ਇਸਦੇ ਸਥਾਈ ਮੈਂਬਰ ਬਣੇ। ਜੁਲਾਈ 2023 ਵਿੱਚ, ਭਾਰਤ ਦੀ ਮੇਜ਼ਬਾਨੀ ਵਿੱਚ ਹੋਏ ਇੱਕ ਆਨਲਾਈਨ ਸਿਖਰ ਸੰਮੇਲਨ ਵਿੱਚ ਈਰਾਨ ਨੂੰ ਨਵਾਂ ਸਥਾਈ ਮੈਂਬਰ ਬਣਾਇਆ ਗਿਆ।

# ਪਾਕਿ ਦੌਰੇ 'ਤੇ ਗਏ 'ਸਿੱਖਸ ਆਫ਼ ਅਮੈਰਿਕਾ' ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, PM ਸ਼ਰੀਫ਼ ਨਾਲ ਕੀਤੀ ਮੁਲਾਕਾਤ



ਵਾਸ਼ਿੰਗਟਨ (ਰਾਜ ਗੋਗਨਾ) : ਉੱਘੇ ਸਮਾਜ ਸੇਵੀ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਸਰਗਰਮ ਸੰਸਥਾ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਇਨ੍ਹੀਂ ਦਿਨੀਂ ਪਾਕਿਸਤਾਨ ਦੇ ਨਿੱਜੀ ਦੌਰੇ 'ਤੇ ਗਏ ਹੋਏ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਸਿੱਖਸ ਆਫ ਮੁਸਲਿਮ ਦੇ ਚੇਅਰਮੈਨ ਸਾਜਿਦ ਤਰਾਰ ਵੀ ਨਾਲ।

ਜੱਸੀ ਵਲੋਂ ਆਪਣੇ ਇਸ ਪਾਕਿਸਤਾਨ ਦੌਰੇ ਦੌਰਾਨ ਵਿਸ਼ੇਸ਼ ਤੌਰ 'ਤੇ ਪਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨਾਲ ਮੁਲਾਕਾਤ ਕੀਤੀ ਗਈ। ਪ੍ਰਧਾਨ ਮੰਤਰੀ ਦਫ਼ਤਰ ਵਲੋਂ ਜਸਦੀਪ ਸਿੰਘ ਜੱਸੀ ਅਤੇ ਸਾਜਿਦ ਤਰਾਰ ਦਾ ਨਿੱਘਾ ਸਵਾਗਤ ਕੀਤਾ ਗਿਆ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਦੋਵਾਂ ਸਖਸ਼ੀਅਤਾਂ ਨੂੰ ਖੁੱਲਾ ਸਮਾਂ ਦਿੱਤਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਇਸ ਮੌਕੇ ਜੱਸੀ ਨੇ ਸ਼ਰੀਫ ਦੀ ਪਾਕਿਸਤਾਨ 'ਚ ਸਿੱਖ ਗੁਰਧਾਮਾ ਦੀ ਸਾਂਭ ਸੰਭਾਲ ਅਤੇ ਗੁਰਪੁਰਬ ਸਮਾਗਮਾਂ 'ਤੇ ਸਿੱਖ ਜਥਿਆਂ ਨੂੰ ਵੀਜ਼ਾ ਦੇਣ ਅਤੇ ਉਨ੍ਹਾਂ ਦੀ ਆਓ ਭਗਤ ਕੀਤੇ ਜਾਣ ਦੀ ਪ੍ਰਸ਼ੰਸਾ ਵੀ ਕੀਤੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੀ ਕੁੜੱਤਣ ਨੂੰ ਖ਼ਤਮ ਕਰਨਾ ਸਮੇਂ ਦੀ ਲੋੜ ਹੈ ਕਿਉਂਕਿ ਜੇਕਰ ਆਪਸੀ ਨਫਰਤ ਘਟਦੀ ਹੈ ਤਾਂ ਦੋਵੇਂ ਦੇਸ਼ਾਂ ਲਈ ਤਰੱਕੀ ਦੇ ਬੜੇ ਵੱਡੇ ਰਾਹ ਖੁੱਲ ਸਕਦੇ ਹਨ। ਇਸ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਜਸਦੀਪ ਸਿੰਘ ਜੱਸੀ ਅਤੇ ਸਾਜਿਦ ਤਰਾਰ ਨੂੰ ਪਾਕਿਸਤਾਨ ਫੇਰੀ ਲਈ ਜੀ ਆਇਆਂ ਕਿਹਾ ਅਤੇ ਹਰ ਤਰਾਂ ਦੇ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਫਿਰ ਤਾਂ ਸਿੱਖੀ ਕੇਸਾਂ ਸੁਆਸਾਂ ਦੇ ਨਾਲ ਨਿਭਣ ਦੀ ਗਾਥਾ ਦੇ ਨਾਲ ਸਿੱਖ ਇਤਿਹਾਸ ਹੀ ਸਿਰਜਿਆ ਜਾਣ ਲੱਗ ਪਿਆ। ਜਿਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਅ ਦਿੱਤੀ ਉਨ੍ਹਾਂ ਦੀ ਕਮਾਈ ਦਾ ਜੈਕਾਰ ਨਿਤਾਪ੍ਰਤਿ ਕੀਤਾ ਜਾਂਦਾ ਹੈ।

ਇਕ ਪਾਸੇ ਕੇਸ ਪੰਜ ਕਕਾਰਾਂ ਵਿਚ ਸ਼ਾਮਲ ਹਨ ਅਤੇ ਦੂਸਰੇ ਪਾਸੇ ਕੇਸਾਂ ਦੀ ਬੇਅਦਬੀ ਨੂੰ ਚਾਰ ਬੱਜਰ ਕੁਰਹਿਤਾਂ ਵਿਚ ਵੀ ਸ਼ਾਮਲ ਕੀਤਾ ਗਿਆ ਹੈ। ਸਿੱਖ ਲਈ ਕੇਸਾਧਾਰੀ ਹੋਣਾ ਲਾਜ਼ਮੀ ਹੈ ਅਤੇ ਇਸ ਦਾ ਤਿਆਗ ਕਰਨ ਵਾਲਾ ਪਤਿਤ ਗਰਦਾਨਿਆ ਗਿਆ। ਦਾਰ ਇਕ ਪਛੇਤਰ ਲਫ਼ਜ਼ਤ ਹੈ ਜਿਸ ਦਾ ਅਰਥ ਹੁੰਦਾ ਹੈ 'ਕਾਇਮ ਰਹਿਣਾ।' ਦਾਰ ਦਾ ਅਰਥ ਹੁੰਦਾ ਹੈ 'ਹੈ'। ਜਿਵੇਂ ਖ਼ੁਦਦਾਰ-ਜਿਸ ਦੀ ਖ਼ੁਦੀ ਕਾਇਮ ਹੈ। ਵਫ਼ਾਦਾਰ-ਜਿਸਦੀ ਵਫ਼ਾ ਕਾਇਮ ਹੈ। ਇੱਜ਼ਤਦਾਰ-ਜਿਸ ਦੀ ਇੱਜ਼ਤ ਮਹਿਫ਼ੂਜ਼ ਹੈ। ਇਸੇ ਤਰ੍ਹਾਂ ਜਿਸ ਦੇ ਸਿਰ 'ਤੇ ਕੇਸ ਹਨ ਉਹ ਸਿਰਦਾਰ ਅਤੇ ਸਿੱਖ ਹੋ ਕੇ ਕੇਸ ਕਟਾ ਦੇਣ ਵਾਲਾ ਸਿਰਗੁੰਮ ਅਖਵਾਉਂਦਾ ਹੈ। ਤਾਹੀਉਂ ਤਾਂ ਸਤਿਗੁਰੂ ਜੀਦਾ ਫੁਰਮਾਨ ਹੈ "ਇਹੈ ਮੋਰ ਆਗਿਆ ਸੁਨੋ ਹੇ ਪਿਆਰੇ, ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ॥" 'ਨਵੀਨ ਪੰਥ ਪ੍ਰਕਾਸ਼', ਵਿਚ ਗਿ. ਗਿਆਨ ਸਿੰਘ ਜੀ ਨੇ ਵੀ ਲਿਖਿਆ ਹੈ,


**ਜਬ ਕੋਈ ਮਜਬ ਇਨੋ ਕਾ ਗੈਹੈਂ।**
**ਵਾਹਿਗੁਰੂ ਕੀ ਫਤੇ ਗਜੈਹੈਂ।**
**ਖੁਸ਼ਿ ਹ੍ਵੈ ਹਲੂਆ ਬਟਤ ਬਧਾਈ।**
**ਗਾਵਤ ਗੀਤ ਸਭਾ ਬਲ ਲਾਈ।**
**ਪਿਛਲਾ ਭੇਸ ਦੇਤ ਉਤਰੈ ਹੈ।**
**ਕਛ ਕ੍ਰਿਪਾਨ ਕੇਸ ਰਖ ਵੈਹੈ।**
**ਤਿਸ ਦਿਨ ਤੇ ਨਹਿ ਬਾਲ ਮੁੰਡੈ ਹੈ।**
**ਕਿਸੀ ਠੌਰ ਤਨ ਨਿਜ ਪਰ ਤੈਹੈ॥**

ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ ਬਣਾਉਣ ਲੱਗਿਆਂ ਭਾਰਤ ਦੀ ਪਾਰਲੀਮੈਂਟ ਨੇ ਵੀ ਜਦੋਂ ਸਿੱਖ ਦੀ ਪਰਿਭਾਸ਼ਾ ਤੈਅ ਕੀਤੀ ਤਾਂ ਉਥੇ ਵੀ ਸਪਸ਼ਟ ਕੀਤਾ ਕਿ ਸਿੱਖ ਉਹੀ ਅਖਵਾ ਸਕਦਾ ਹੈ ਜੋ ਕੇਸਾਧਾਰੀ ਹੋਵੇ।

ਕਾਨੂੰਨੀ ਤੌਰ 'ਤੇ ਵੀ ਗੁਰਲੀਨ ਕੌਰ ਬਨਾਮ ਗੁਰਲੀਨ ਸਿੰਘ ਦੇ ਮੁਕੱਦਮੇ (CWP No. 14859 of 2008) ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਨਿਰਣਾ ਦਿੱਤਾ ਕਿ ਸਹਿਜਧਾਰੀ ਸਿੱਖ ਅਖਵਾਣ ਵਾਲੇ ਲਈ ਵੀ ਕੇਸ ਰੱਖਣੇ ਲਾਜ਼ਮੀ ਹਨ।

ਕ੍ਰਿਪਾਨ

ਦੂਸਰਾ ਪਾਵਨ ਕਕਾਰ ਕ੍ਰਿਪਾਨ, ਭਗੌਤੀ ਜਾਂ ਸ੍ਰੀ ਸਾਹਿਬ ਹੈ। ਸਿੱਖ ਰਹਿਤ ਮਰਸਾਦਾ ਦੀ ਇਸ ਇੰਦਰਾਜ਼ ਦੇ ਫ਼ੁਟਨੋਟ ਵਿਚ ਅੰਕਤ ਹੈ ਕਿ 'ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।' ਇਸ ਦਾ ਸਪਸ਼ਟ ਅਰਥ ਹੈ ਕਿ ਕ੍ਰਿਪਾਨ ਦੀ ਲੰਬਾਈ ਮੁਕਰਰ ਨਹੀਂ ਕੀਤੀ ਜਾ ਸਕਦੀ। ਪਰ ਸ਼੍ਰੋਮਣੀ ਕਮੇਟੀ ਵਲੋਂ ਜਦੋਂ ਸਿੱਖ ਰਹਿਤ ਮਰਯਾਦਾ ਦਾ ਅੰਗਰੇਜ਼ੀ ਤਰਜਮਾ ਛਾਪਿਆ ਗਿਆ ਤਾਂ ਉਸ ਵਿਚ ਲਿਖ ਦਿੱਤਾ ਗਿਆ the length of the sword to be worn is not prescribed. ਯਾਨਿ ਕਿ ਕ੍ਰਿਪਾਨ ਦੀ ਲੰਬਾਈ ਤੈਅ ਨਹੀਂ ਹੈ। 'ਤੈਅ ਨਹੀਂ ਕੀਤੀ ਜਾ ਸਕਦੀ' ਅਤੇ 'ਤੈਅ ਨਹੀਂ ਹੈ' ਵਿਚ ਬਹੁਤ ਅੰਤਰ ਹੈ। ਇਸ ਨਾਲ ਵਿਦੇਸ਼ਾਂ ਵਿਚ ਅਦਾਲਤੀ ਮੁਕੱਦਮਿਆਂ ਵਿਚ ਦਿੱਕਤ ਪੇਸ਼ ਆਈ ਕਿ ਜਦ ਕ੍ਰਿਪਾਨ




ਦੀ ਲੰਬਾਈ ਤੈਅ ਹੀ ਨਹੀਂ ਹੈ ਤਾਂ ਫਿਰ ਇਕ ਇੰਚ ਜਾਂ ਦੋ ਇੰਚ ਦੀ ਕ੍ਰਿਪਾਨ ਵਿਚ ਕੀ ਦਿੱਕਤ ਹੈ। ਇਸ ਨੂੰ ਦਰੁਸਤ ਕਰ ਲੈਣ ਦੀ ਲੋੜ ਹੈ।

ਇਹ ਤਲਵਾਰ ਨਹੀਂ ਹੇ। ਤਲਵਾਰ ਤਾਂ ਬਾਜ਼ਾਰੋਂ ਮਿਲ ਜਾਏਗੀ ਪਰ ਜਦੋਂ ਗੁਰੂ ਦੀ ਬਖਸ਼ਿਸ਼ ਕਰ ਕੇ ਸਿੱਖ ਇਸ ਨੂੰ ਧਾਰਨ ਕਰਦਾ ਹੈ ਤਾਂ ਇਹ ਸ੍ਰੀ ਸਾਹਿਬ ਹੋ ਜਾਂਦੀ ਹੈ। ਇਸੇ ਲਈ ਰੂਹਾਨੀਅਤ ਨਾਲ ਸਰਾਬੋਰ ਅਲਬੇਲੇ ਫਿਲਾਸਫਰ ਪ੍ਰੋ. ਪੂਰਨ ਸਿੰਘ ਦਾ ਕਹਿਣਾ ਹੈ ਕਿ ਹਰ ਸਿੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਪਾਉਣੀ ਪੈਂਦੀ ਹੈ।

ਦਸ਼ਮੇਸ਼ ਕੀ ਕ੍ਰਿਪਾਨ ਭਾਸੈ ਬੀਜੁਰੀ ਸਮਾਨ,
ਬਿਜਲੀ ਚਮਕ ਦੇਖੀ ਸ੍ਰੀ ਗੁਰੂ ਕ੍ਰਿਪਾਨ ਸੀ।
(ਗੁਰਸ਼ਬਦਾਲੰਕਾਰ ੧੩)

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਨਿਸ਼ਾਨ ਸਹਿਬ ਵਿਚ ਵੀ ਖੰਡੇ ਦੇ ਨਾਲ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਅੰਕਤ ਹਨ।

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬੰਦ ਸਿੰਘ ਜੀ ਕ੍ਰਿਪਾਨ ਬਾਰੇ ਹੁਕਮ ਕਰਦੇ ਹਨ ਕਿ ਜਦੋਂ ਕ੍ਰਿਪਾਨ ਦੇ ਦਸਤੇ ਤੋਂ ਹੱਥ ਹੱਟ ਜਾਏ ਤਾਂ ਇਹ ਕ੍ਰਿਪਾਨ ਉਸਦੀ ਗਰਦਨ 'ਤੇ ਹੀ ਵੱਜਦੀ ਹੈ। 'ਖੜਗ ਹਾਥ ਜਿਨਿ ਤਜਹੁ ਖੜਗਾਧਾਰਾ ਸਹੋ॥" (ਚ. 297)।

ਸਾਰਾ ਹਿੰਦੂ ਜਗਤ ਪ੍ਰਿਥਮ ਗਣੇਸ਼ ਨੂੰ ਸਿਮਰਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ "ਮੈ ਨ ਗਨੇਸਹਿ ਪ੍ਰਿਥਮ ਮਨਾਊ॥ ਕਿਸਨ ਬਿਸਨ ਕਬਹੂੰ ਨ ਧਿਆਊ॥" ਕਹਿ ਕੇ ਆਪਦੀ ਆਰਾਧਨਾ "ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥" ਨਾਲ ਕੀਤੀ।

ਕਛਹਿਰਾ

ਮਰਯਾਦਾ ਮੁਤਾਬਕ ਤੀਸਰਾ ਅਤੇ ਬਹੁਤ ਹੀ ਮਹੱਤਵਪੂਰਨ ਕਕਾਰ ਕਛਹਿਰਾ ਹੈ। ਫ਼ੁਟਨੋਟ ਵਿਚ ਇਸ ਦੀ ਵਿਆਖਿਆ ਕੀਤੀ ਗਈ ਹੈ ਕਿ 'ਕਛਹਿਰਾ ਕਿਸੇ ਵੀ ਕੱਪੜੇ ਦਾ ਹੋ ਸਕਦਾ ਹੇ, ਪਰ ਗੋਡਿਆਂ ਤੋਂ ਨੀਵਾ ਨਾ ਹੋਵੇ।'

(ਚਲਦਾ)

ਟਰੰਪ ਦਾ ਦਾਅਵਾ

# ਮੈਂ ਕੰਬੋਡੀਆ ਤੇ ਥਾਈਲੈਂਡ ਵਿਚਕਾਰ ਜੰਗਬੰਦੀ ਨੂੰ ਬਰਕਰਾਰ ਰੱਖਣ 'ਚ ਸਫਲ ਰਿਹਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਉਹ ਕੰਬੋਡੀਆ ਅਤੇ ਥਾਈਲੈਂਡ ਵਿਚਕਾਰ ਅਮਰੀਕਾ ਦੁਆਰਾ ਵਿਚੋਲਗੀ ਕੀਤੇ ਜੰਗਬੰਦੀ ਸਮਝੌਤੇ ਨੂੰ ਬਣਾਈ ਰੱਖਣ ਵਿੱਚ ਸਫਲ ਰਹੇ ਜੋ ਟੁੱਟਣ ਦੀ ਕਗਾਰ 'ਤੇ ਸੀ। ਟਰੰਪ ਨੇ ਹਫਤੇ ਦੇ ਅੰਤ ਵਿੱਚ ਫਲੋਰੀਡਾ ਵਿੱਚ ਆਪਣੀ ਮਾਰ-ਏ-ਲਾਗੋ ਅਸਟੇਟ ਲਈ ਉਡਾਣ ਭਰਦੇ ਸਮੇਂ ਏਅਰ ਫੋਰਸ ਵਨ (ਅਮਰੀਕੀ ਰਾਸ਼ਟਰਪਤੀ ਦਾ ਅਧਿਕਾਰਤ ਜਹਾਜ਼) ਵਿਚ ਪੱਤਰਕਾਰਾਂ ਨੂੰ ਕਿਹਾ, 'ਮੈਂ ਅੱਜ ਹੀ ਇੱਕ ਜੰਗ ਰੋਕੀ ਹੈ।'

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਇਹ ਕਦਮ ਦੁਨੀਆ ਭਰ ਦੇ ਦੇਸ਼ਾਂ 'ਤੇ ਭਾਰੀ ਟੈਰਿਫ ਲਗਾਉਣ ਦੀ ਉਨ੍ਹਾਂ ਦੀ ਇੱਛਾ ਨਾਲ ਸੰਭਵ ਹੋਏ ਹਨ। ਟਰੰਪ ਦਾ ਤਰਕ ਹੈ ਕਿ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਉਨ੍ਹਾਂ ਦੀ ਰਣਨੀਤੀ ਅਮਰੀਕਾ ਨੂੰ ਮਹੱਤਵਪੂਰਨ ਵਪਾਰ ਅਤੇ ਕੂਟਨੀਤਕ ਲਾਭ ਦਿੰਦੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੇ ਕੰਬੋਡੀਆ ਅਤੇ ਥਾਈਲੈਂਡ ਦੇ ਪ੍ਰਧਾਨ ਮੰਤਰੀਆਂ ਨਾਲ ਫ਼ੋਨ 'ਤੇ ਗੱਲ ਕੀਤੀ ਸੀ, ਜੋ ਹੁਣ 'ਬਹੁਤ ਵਧੀਆ ਕਰ ਰਹੇ ਹਨ।'

ਇਨ੍ਹਾਂ 2 ਦੱਖਣ-ਪੂਰਬੀ ਏਸ਼ੀਆਈ ਗੁਆਂਢੀਆਂ ਵਿਚਕਾਰ ਸਰਹੱਦ ਨੂੰ ਲੈ ਇੱਕ ਖੇਤਰੀ ਵਿਵਾਦ ਕਾਰਨ ਜੁਲਾਈ ਦੇ ਅਖੀਰ ਵਿੱਚ 5 ਦਿਨਾਂ ਤੱਕ ਹਥਿਆਰਬੰਦ ਟਕਰਾਅ ਹੋਇਆ ਸੀ, ਜਿਸ ਵਿੱਚ ਕਈ ਸੈਨਿਕ ਅਤੇ ਨਾਗਰਿਕ ਮਾਰੇ ਗਏ ਸਨ। ਟਰੰਪ ਨੇ ਧਮਕੀ ਦਿੱਤੀ ਸੀ ਕਿ ਜੇਕਰ ਦੋਵਾਂ ਦੇਸ਼ਾਂ ਨੇ ਲੜਾਈ ਬੰਦ ਨਹੀਂ ਕੀਤੀ ਤਾਂ ਉਨ੍ਹਾਂ ਨੂੰ ਵਪਾਰ ਸਬੰਧੀ ਵਿਸ਼ੇਸ਼ ਅਧਿਕਾਰ ਨਹੀਂ ਮਿਲੇਗਾ, ਜਿਸ ਨਾਲ ਸੰਘਰਸ਼ ਨੂੰ ਅਸਥਾਈ ਤੌਰ 'ਤੇ ਰੋਕਣ ਵਿੱਚ ਮਦਦ ਮਿਲੀ। ਹਾਲਾਂਕਿ, ਇਸ ਹਫ਼ਤੇ ਜੰਗਬੰਦੀ ਟੁੱਟਣ ਦੇ ਕੰਢੇ 'ਤੇ ਪਹੁੰਚ ਗਈ ਸੀ ਜਦੋਂ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਮਾਨੇਤ ਨੇ ਕਿਹਾ ਕਿ ਥਾਈਲੈਂਡ ਨਾਲ ਲੱਗਦੀ ਉਨ੍ਹਾਂ ਦੇ ਦੇਸ਼ ਦੀ ਸਰਹੱਦ 'ਤੇ ਗੋਲੀਬਾਰੀ ਵਿੱਚ ਇੱਕ ਪਿੰਡ ਵਾਸੀ ਮਾਰਿਆ ਗਿਆ ਹੈ।

# ਮਹਿੰਗਾਈ ਨੇ ਤੋੜਿਆ ਅਮਰੀਕੀਆਂ ਦਾ ਲੱਕ !

## ਟਰੰਪ ਨੇ ਬੀਫ, ਕੌਫੀ ਸਣੇ ਕਈ ਖਾਣ-ਪੀਣ ਦੀਆਂ ਚੀਜ਼ਾਂ ਤੋਂ ਹਟਾਇਆ ਟੈਰਿਫ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡੇ ਫੈਸਲੇ ਵਿੱਚ ਸ਼ੁੱਕਰਵਾਰ ਨੂੰ ਬੀਫ, ਟਮਾਟਰ, ਕੌਫੀ ਅਤੇ ਕੇਲੇ ਸਮੇਤ ਕਈ ਖਾਣ-ਪੀਣ ਦੀਆਂ ਵਸਤਾਂ 'ਤੇ ਭਾਰੀ ਆਯਾਤ ਟੈਰਿਫ ਹਟਾ ਦਿੱਤੇ ਹਨ। ਇਹ ਆਦੇਸ਼ ਵ੍ਹਾਈਟ ਹਾਊਸ ਦੁਆਰਾ ਜਾਰੀ ਕੀਤਾ ਗਿਆ ਸੀ ਅਤੇ ਵੀਰਵਾਰ ਦੀ ਅੱਧੀ ਰਾਤ ਤੋਂ ਲਾਗੂ ਹੋਵੇਗਾ। ਇਸਦਾ ਮਤਲਬ ਹੈ ਕਿ ਇਨ੍ਹਾਂ ਵਸਤਾਂ 'ਤੇ ਪਹਿਲਾਂ ਲਗਾਏ ਗਏ ਵਾਧੂ ਟੈਰਿਫ ਹੁਣ ਵਾਪਸ ਕਰ ਦਿੱਤੇ ਜਾਣਗੇ।



ਕਿਉਂ ਲਿਆ ਗਿਆ ਇਹ ਫ਼ੈਸਲਾ?

ਅਮਰੀਕਾ ਵਿੱਚ ਭੋਜਨ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਲੋਕ ਮਹਿੰਗਾਈ ਨੂੰ ਲੈ ਕੇ ਬਹੁਤ ਚਿੰਤਤ ਹਨ। ਇਹ ਗੁੱਸਾ ਵਰਜੀਨੀਆ, ਨਿਊਜਰਸੀ ਅਤੇ ਨਿਊਯਾਰਕ ਸਿਟੀ ਵਿੱਚ ਹਾਲ ਹੀ ਵਿੱਚ ਹੋਈਆਂ ਸਥਾਨਕ ਚੋਣਾਂ ਵਿੱਚ ਵੀ ਝਲਕਿਆ, ਜਿੱਥੇ ਡੈਮੋਕ੍ਰੇਟਸ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਸ ਨਾਲ ਟਰੰਪ ਪ੍ਰਸ਼ਾਸਨ 'ਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਦਬਾਅ ਵਧਿਆ ਹੈ। ਟਰੰਪ ਹੁਣ ਦਾਅਵਾ ਕਰ ਰਹੇ ਹਨ ਕਿ ਮਹਿੰਗਾਈ ਉਨ੍ਹਾਂ ਦੇ ਟੈਰਿਫ ਕਾਰਨ ਨਹੀਂ, ਸਗੋਂ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੀਆਂ ਨੀਤੀਆਂ ਕਾਰਨ ਹੋਈ ਸੀ। ਹਾਲਾਂਕਿ, ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਆਯਾਤ ਟੈਰਿਫ ਨੇ ਭੋਜਨ ਦੀਆਂ ਕੀਮਤਾਂ ਵਿੱਚ ਵਾਧੇ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਟੈਰਿਫ ਨਾਲ ਕਿਵੇਂ ਬਦਲੀ ਸੀ ਸਥਿਤੀ?

ਟਰੰਪ ਪ੍ਰਸ਼ਾਸਨ ਨੇ ਇਸ ਸਾਲ ਲਗਭਗ ਸਾਰੇ ਦੇਸ਼ਾਂ ਤੋਂ ਆਯਾਤ 'ਤੇ 10% ਬੇਸ ਟੈਰਿਫ ਲਗਾਇਆ। ਇਸ ਤੋਂ ਇਲਾਵਾ ਵਿਅਕਤੀਗਤ ਰਾਜਾਂ ਦੇ ਅਧਾਰ 'ਤੇ ਕਈ ਉਤਪਾਦਾਂ 'ਤੇ ਵਾਧੂ ਟੈਰਿਫ ਲਗਾਏ ਗਏ। ਕੰਪਨੀਆਂ ਨੇ ਇਹ ਵਾਧੂ ਲਾਗਤਾਂ ਖਪਤਕਾਰਾਂ 'ਤੇ ਪਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਕਰਿਆਨੇ ਦੀਆਂ ਕੀਮਤਾਂ ਹੋਰ ਵਧ ਗਈਆਂ।

ਹੁਣ ਕਿਹੜੇ ਦੇਸ਼ਾਂ ਨੂੰ ਆਯਾਤ 'ਤੇ ਮਿਲੇਗੀ ਰਾਹਤ?

ਹਾਲ ਹੀ ਵਿੱਚ ਅਰਜਨਟੀਨਾ, ਇਕਵਾਡੋਰ, ਗੁਆਟੇਮਾਲਾ ਅਤੇ ਅਲ ਸੈਲਵਾਡੋਰ ਨਾਲ ਵਪਾਰਕ ਸਮਝੌਤਿਆਂ ਦਾ ਐਲਾਨ ਕੀਤਾ ਗਿਆ ਸੀ। ਇੱਕ ਵਾਰ ਜਦੋਂ ਇਹ ਸਮਝੌਤੇ ਲਾਗੂ ਹੋ ਜਾਂਦੇ ਹਨ ਤਾਂ ਇਨ੍ਹਾਂ ਦੇਸ਼ਾਂ ਤੋਂ ਬਹੁਤ ਸਾਰੀਆਂ ਖਾਣ-ਪੀਣ ਦੀਆਂ ਚੀਜ਼ਾਂ 'ਤੇ ਟੈਰਿਫ ਪੂਰੀ ਤਰ੍ਹਾਂ ਖਤਮ ਹੋ ਜਾਣਗੇ। ਅਮਰੀਕਾ ਸਾਲ ਦੇ ਅੰਤ ਤੱਕ ਹੋਰ ਦੇਸ਼ਾਂ ਨੂੰ ਜੋੜਨ ਦੀ ਤਿਆਰੀ ਕਰ ਰਿਹਾ ਹੈ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

**ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ**

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**


ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਨਾਮ ਦੀ ਔਸ਼ਧੀ ਨਾਲ ਜਦੋਂ ਸ. ਅਵਤਾਰ ਸਿੰਘ ਜੀ ਰਾਜ਼ੀ ਹੋ ਕੇ ਆਪਣੇ ਦੋਸਤਾਂ ਨੂੰ ਮਿਲਣ ਲਾਹੌਰ ਗਏ ਤਾਂ ਸਾਰੇ ਹੀ ਦੋਸਤ-ਮਿੱਤਰ ਹੈਰਾਨ ਸਨ ਅਤੇ ਪੁੱਛ ਕੀਤੀ ਕਿ ਤੁਹਾਨੂੰ ਅਰਾਮ ਕਿਵੇਂ ਆਇਆ ਹੈ ? ਅਵਤਾਰ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਗੁਰਬਾਣੀ ਦੀ ਪਾਰਸ-ਕਲਾ ਦਾ ਉਹਨਾਂ ਅੱਗੇ ਪ੍ਰਗਟਾਵਾ ਕੀਤਾ ਅਤੇ ਸਾਰੀ ਵਿਥਿਆ ਦੱਸੀ।

ਭਾ. ਵਧਾਵਾ ਸਿੰਘ ਜੀ ਅਤੇ ਭਾ. ਗੁਰਬਖ਼ਸ਼ ਸਿੰਘ ਜੀ (ਪੁੱਤਰ ਸ. ਭਾਗ ਸਿੰਘ ਪਿੰਡ ਬਾਹਲੇ ਜ਼ਿਲ੍ਹਾ ਹੁਸ਼ਿਆਰਪੁਰ) ਜੋ ਐਫ. ਸੀ. ਕਾਲਜ ਲਾਹੌਰ ਪੜ੍ਹਦੇ ਸਨ, ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਬਾਬਾ ਜੀ ਨੂੰ ਮਿਲਣ 119 ਚੱਕ (ਸਰਗੋਧੇ) ਵਿੱਚ ਆਏ ਅਤੇ ਗੁਰਮਤਿ ਪ੍ਰਥਾਇ ਬਾਬਾ ਜੀ ਨਾਲ ਵਿਚਾਰ-ਵਟਾਂਦਰਾ ਕੀਤਾ। ਦੋਵਾਂ ਨੇ ਬਾਬਾ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਕਬੂਲਿਆ ਅਤੇ ਗੁਰਸਿੱਖੀ ਵੱਲ ਪ੍ਰੇਰਤ ਹੋ ਕੇ ਗੁਰਬਾਣੀ ਪੜ੍ਹਨ ਲੱਗ ਪਏ।

ਸ. ਵਧਾਵਾ ਸਿੰਘ ਜੀ ਪਿੰਡ ਸੁਧਾਰ (ਜ਼ਿਲ੍ਹਾ ਲੁਧਿਆਣਾ) ਦੇ ਰਹਿਣ ਵਾਲੇ ਸਨ। ਇਨ੍ਹਾਂ ਦੇ ਪਿਤਾ ਸ. ਨਿਰੰਜਨ ਸਿੰਘ ਜੀ ਡਿਪਟੀ ਅਸਿਸਟੈਂਟ ਕੰਟ੍ਰੋਲਰ ਆਫ਼ ਬ੍ਰਿਟਿਸ਼ ਆਰਮੀ ਅਕਾਊਂਟਸ ਲਾਹੌਰ ਲੱਗੇ ਹੋਏ ਸਨ। ਆਪ ਆਪਣੇ ਪਿਤਾ ਜੀ ਪਾਸ ਰਹਿ ਕੇ ਹੀ ਕਾਲਜ ਦੀ ਵਿੱਦਿਆ ਪ੍ਰਾਪਤ ਕਰ ਰਹੇ ਸਨ। ਇਨ੍ਹਾਂ ਦੇ ਪਰਿਵਾਰ ਵਿੱਚੋਂ ਭਾਈ ਸ਼ੇਰ ਸਿੰਘ ਪੁੱਤਰ ਸ. ਸੁੰਦਰ ਸਿੰਘ ਜੀ ਅਕਸਰ ਬੀਮਾਰ ਰਹਿੰਦੇ ਸਨ। ਸ. ਵਧਾਵਾ ਸਿੰਘ ਜੀ ਨੇ ਭਾਈ ਸ਼ੇਰ ਸਿੰਘ ਜੀ ਨੂੰ ਸ. ਅਵਤਾਰ ਸਿੰਘ ਦੇ ਗੁਰਬਾਣੀ ਨਾਲ ਰਾਜ਼ੀ ਹੋਣ ਦੀ ਵਿਥਿਆ ਦੱਸੀ।

ਭਾਈ ਸ਼ੇਰ ਸਿੰਘ ਜੀ ਨੇ ਭਾਈ ਵਧਾਵਾ ਸਿੰਘ ਹੋਰਾਂ ਨੂੰ ਕਿਹਾ ਕਿ ਤੁਸੀਂ ਮੈਨੂੰ ਵੀ ਬਾਬਾ ਜੀ ਪਾਸ ਹੀ ਲੈ ਚੱਲੋ ਤਾਂ ਜੋ ਮੈਂ ਵੀ, ਜਿਵੇਂ ਬਾਬਾ ਜੀ ਕਹਿਣ ਉਸ ਸਾਧਨ ਨੂੰ ਅਪਣਾ ਕੇ ਅਰੋਗ ਹੋ ਜਾਵਾਂ। ਭਾਈ ਵਧਾਵਾ ਸਿੰਘ ਜੀ ਆਪਣੇ ਚਾਚੇ (ਭਾਈ ਸ਼ੇਰ ਸਿੰਘ) ਹੋਰਾਂ ਨੂੰ ਨਾਲ ਲੈ ਕੇ 119 ਚੱਕ ਸਰਗੋਧੇ ਪੁੱਜੇ। ਰਾਤ ਬਾਬਾ ਜੀ ਪਾਸ ਰਹੇ ਤੇ ਭਾਈ ਸ਼ੇਰ ਸਿੰਘ ਜੀ ਨੇ ਆਪਣੀ ਸਾਰੀ ਵਿਥਿਆ ਦੱਸੀ। ਬਾਬਾ ਜੀ ਨੇ ਕਿਹਾ ਕਿ ਤੁਸੀਂ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਦੀ ਓਟ ਲਵੋ। ਗੁਰੂ ਸਾਹਿਬ ਸਰੀਰਕ ਰੋਗ ਤਾਂ ਕੀ ਗੁਰਸਿੱਖ ਦੇ ਆਤਮਿਕ ਰੋਗ ਕੱਟ ਕੇ ਲੋਕ ਪ੍ਰਲੋਕ ਦੋਵੇਂ ਸਵਾਰ ਦਿੰਦੇ ਹਨ। ਦਿਨ ਨੀਯਤ ਕਰ ਕੇ ਲਾਹੌਰ ਸਦਰ ਬਜ਼ਾਰ ਦੇ ਗੁਰਦੁਆਰੇ ਵਿੱਚ ਭਾਈ ਸ਼ੇਰ ਸਿੰਘ ਜੀ ਅਤੇ ਕਈ ਹੋਰ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕਰ ਲਿਆ। ਉਸੇ ਦਿਨ ਹੀ ਸ. ਵਧਾਵਾ ਸਿੰਘ ਤੇ ਬਾਕੀ ਪਰਿਵਾਰ ਨੇ ਵੀ ਗੁਰੂ ਮਹਾਰਾਜ ਜੀ ਦੀ ਸ਼ਰਨ ਨੂੰ ਪ੍ਰਾਪਤ ਕੀਤਾ।

ਭਾਈ ਸ਼ੇਰ ਸਿੰਘ ਜੀ ਬਿਲਕੁਲ ਅਨਪੜ੍ਹ ਸਨ। ਇਹਨਾਂ ਨੂੰ ਨਿੱਤਨੇਮ ਦੀ ਜਗ੍ਹਾ ਮੂਲ-ਮੰਤ੍ਰ ਦੀਆਂ ਮਾਲਾਂ ਕਰਨ ਦਾ ਪੰਜਾਂ ਪਿਆਰਿਆਂ ਵੱਲੋਂ ਹੁਕਮ ਮਿਲਿਆ ਅਤੇ ਸਰੀਰਕ ਅਰੋਗਤਾ ਲਈ ਗੁਰੂ-ਘਰ ਵਿੱਚ ਝਾੜੂ ਫੇਰਨ ਦੀ ਸੇਵਾ ਲਾਈ ਗਈ। ਆਪ ਜੀ (ਭਾਈ ਸ਼ੇਰ ਸਿੰਘ) ਥੋੜ੍ਹੇ ਦਿਨ ਲਾਹੌਰ ਰਹਿਣ ਉਪ੍ਰੰਤ ਵਾਪਸ ਆਪਣੇ ਨਗਰ ਸੁਧਾਰ ਵਿਖੇ ਆ ਕੇ ਪੰਜਾਂ ਪਿਆਰਿਆਂ ਪਾਸੋਂ




ਮਿਲੀ ਸਿੱਖਿਆ ਨੂੰ ਪੂਰਨ ਤੌਰ ਤੇ ਜੀਵਨ ਵਿੱਚ ਘਟਾਉਣ ਲੱਗ ਪਏ। ਕਾਫ਼ੀ ਤੜਕੇ ਉੱਠ ਕੇ ਸਭ ਤੋਂ ਪਹਿਲੋਂ ਗੁਰਦੁਆਰਾ ਸਾਹਿਬ ਜਾ ਕੇ ਗੁਰੂ ਦਰਬਾਰ ਵਿੱਚ ਝਾੜੂ ਦੀ ਸੇਵਾ ਕਰਦੇ ਉਪ੍ਰੰਤ ਉੱਥੇ ਹੀ ਬੈਠ ਕੇ ਮੂਲ-ਮੰਤ੍ਰ ਦੀਆਂ ਮਾਲਾ ਜੋ ਨਿੱਤਨੇਮ ਦੇ ਰੂਪ 'ਚ ਮਿਲੀਆਂ ਸਨ ਪੂਰੀਆਂ ਕਰਦੇ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖਵਾਕ ਸ੍ਰਵਣ ਕਰਨ ਉਪ੍ਰੰਤ ਵਾਪਿਸ ਘਰ ਆ ਕੇ ਆਰਾਮ ਕਰਦੇ। ਲੰਮੇ ਪਿਆਂ ਵੀ ਗੁਰਮੰਤ੍ਰ ਦਾ ਜਾਪ ਕਰੀ ਜਾਂਦੇ। ਗੁਰੂ-ਮੇਹਰ ਨਾਲ ਐਸੀ ਲਗਨ ਲੱਗੀ ਕਿ ਦੁਨਿਆਵੀ ਪਾਸੇ ਸਾਰੇ ਹੀ ਭੁੱਲ ਗਏ ਅਤੇ ਗੁਰਮੰਤ੍ਰ ਤੇ ਮੂਲ-ਮੰਤ੍ਰ ਨਾਲ ਆਤਮਾ ਨੂੰ ਸੁਰ ਕਰ ਲਿਆ। ਛੇ ਕੁ ਮਹੀਨੇ ਬਾਅਦ ਤੜਕਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ (ਭਾਈ ਸ਼ੇਰ ਸਿੰਘ) ਨੂੰ ਦਰਸ਼ਨ ਦਿੱਤੇ ਅਤੇ ਬਚਨ ਕੀਤਾ ਕਿ ਸ਼ੇਰ ਸਿੰਘ! ਲੁਧਿਆਣੇ ਪੁਰਾਣੇ ਸ਼ਹਿਰ ਵਿੱਚ ਹਰਨਾਮ ਸਿੰਘ ਨਾਉਂ ਦਾ ਇੱਕ ਹਕੀਮ ਹੈ, ਉਸ ਪਾਸ ਚਲਾ ਜਾਹ, ਉਹ ਤੈਨੂੰ ਰਾਜ਼ੀ ਕਰ ਦੇਵੇਗਾ।

ਦਿਨ ਦੇ ਚੜ੍ਹਾ ਨਾਲ ਪਰਿਵਾਰ 'ਚੋਂ ਕਿਸੇ ਨੂੰ ਨਾਲ ਲੈ ਕੇ ਆਪ ਜੀ, ਸਤਿਗੁਰੂ ਜੀ ਵੱਲੋਂ ਦਿੱਤੇ ਸੰਕੇਤ ਅਨੁਸਾਰ ਪੁੱਛਦੇ ਪੁਛਾਉਂਦੇ ਉਸ ਹਕੀਮ ਪਾਸ ਪੁੱਜ ਗਏ। ਉਸ ਨੇ ਸਾਰੀ ਹਾਲਤ ਪੁੱਛ ਕੇ ਕੁੱਝ ਦਿਨਾਂ ਦੀ ਦਵਾਈ ਦਿੱਤੀ, ਜਿਸ ਨਾਲ ਆਪ ਜੀ ਰਾਜ਼ੀ ਹੋ ਗਏ। ਪਹਿਲਾਂ ਵੀ ਆਪ ਜੀ ਅਨੇਕਾਂ ਦਵਾਈਆਂ ਵਰਤ ਚੁੱਕੇ ਸਨ। ਜਿਹਨਾਂ ਨਾਲ ਭੋਰਾ ਜਿੰਨਾਂ ਵੀ ਫ਼ਰਕ ਨਹੀਂ ਸੀ ਪਿਆ। ਇਹ ਤਾਂ ਮੇਰੇ ਸਤਿਗੁਰੂ ਦੀ ਮਿਹਰ ਦ੍ਰਿਸ਼ਟੀ ਸੀ। ਗੁਰੂ ਵਾਕ ਅਨੁਸਾਰ

**ਅਉਖਧ ਕਰਿ ਥਾਕੀ ਬਹੁਤੇਰੇ ॥**
**ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥**

**(ਬਸੰਤ ਮ: ੧,ਅੰਗ ੧੧੮੯)**

ਇਹ ਤਾਂ :

**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥**

**(ਫੁਨਹੇ ਮ: ੫, ਅੰਗ ੧੩੬੩)**

ਅਨੁਸਾਰ ਸਤਿਗੁਰੂ ਜੀ ਨੇ ਦਵਾਈ ਦਾ ਤਾਂ ਬਹਾਨਾ ਹੀ ਬਨਾਉਣਾ ਸੀ, ਅਰਾਮ ਤਾਂ ਉਹਨਾਂ ਦੀ ਦ੍ਰਿਸ਼ਟੀ ਨਾਲ ਹੀ ਆ ਚੁੱਕਾ ਸੀ। ਇਸ ਤੋਂ ਪਿੱਛੋਂ ਭਾਈ ਸਾਹਿਬ ਦਾ ਗੁਰੂ ਮਹਾਰਾਜ ਜੀ ਉੱਪਰ ਅਥਾਹ ਵਿਸ਼ਵਾਸ ਬੱਝ ਗਿਆ। ਗੁਰੂ ਮਿਹਰ ਨਾਲ ਸਰੀਰ ਅਰੋਗ ਹੋ ਚੁੱਕਾ ਸੀ। ਜਿਥੇ ਆਪ ਜੀ ਪੂਰੀ ਤਨ-ਦੇਹੀ ਨਾਲ ਜ਼ਿਮੀਂਦਾਰੇ ਦੇ ਸਾਰੇ ਕਾਰਜ ਕਰਦੇ, ਉਥੇ ਨਾਲੋ ਨਾਲ :

**ਊਠਤ ਬੈਠਤ ਸੋਵਤ ਧਿਆਈਐ ॥**
**ਮਾਰਗਿ ਚਲਤ ਹਰੇ ਹਰਿ ਗਾਈਐ ॥੧॥**

**(ਆਸਾ ਮ: ੫, ਅੰਗ ੩੮੬)**

ਦੀ ਲਾਹੇਵੰਦੀ ਕਾਰ ਕਰਦੇ ਤੇ ਹਮੇਸ਼ਾ ਯਾਚਨਾ ਕਰਦੇ ਕਿ ਹੇ ਸਤਿਗੁਰੂ ਜੀ!

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੯॥੨॥**

**(ਸੂਹੀ ਮ: ੫, ਅੰਗ ੭੬੨)**

ਆਪ ਜੀ ਸੰਸਾਰਕ ਜ਼ਿੰਮੇਵਾਰੀਆਂ ਪੂਰੀਆਂ ਕਰਦੇ, ਪਰ ਮਨ ਤਾਂ ਹੁਣ :

**ਕਾਹੇ ਏਕ ਬਿਨਾ ਚਿਤੁ ਲਾਈਐ ॥**
**ਊਠਤ ਬੈਠਤ ਸੋਵਤ ਜਾਗਤ**
**ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥**

**(ਆਸਾ ਮ: ੩, ਅੰਗ ੩੭੯)**

ਦਾ ਧਾਰਨੀ ਬਣ ਕੇ ਨਾਮ ਦੀ ਰਾਸ ਇਕੱਠੀ ਕਰਨ ਲਈ ਹਰ ਸਮੇਂ ਤੱਤਪਰ ਰਹਿੰਦਾ। ਨਾਮ-ਸਿਮਰਨ ਦੀ ਕਾਰ ਨੂੰ ਕਰਦਿਆਂ ਭਾਈ ਸਾਹਿਬ ਦੀ ਆਤਮਿਕ ਅਵਸਥਾ ਕਾਫ਼ੀ ਉਚੇਰੀ ਹੋ ਚੁੱਕੀ ਸੀ ਪਰ ਗੁਰੂ ਦਰਬਾਰ ਵਿੱਚ ਝਾੜੂ ਦੀ ਸੇਵਾ ਨੂੰ ਆਪ ਨੇ ਨਿਰੰਤਰ ਜਾਰੀ ਰੱਖਿਆ।


(ਚਲਦਾ)

## ਗਾਜ਼ਾ ਨੂੰ 2 ਹਿੱਸਿਆਂ 'ਚ ਵੰਡੇਗਾ ਅਮਰੀਕਾ, ਗ੍ਰੀਨ ਜ਼ੋਨ 'ਤੇ ਇਜ਼ਰਾਈਲ ਦਾ ਕੰਟਰੋਲ

ਵਾਸ਼ਿੰਗਟਨ : ਅਮਰੀਕਾ ਗਾਜ਼ਾ ਪੱਟੀ ਨੂੰ 2 ਹਿੱਸਿਆਂ ਵਿਚ ਵੰਡਣ ਦੀ ਤਿਆਰੀ ਕਰ ਰਿਹਾ ਹੈ। ਇਸ ਦੇ ਲਈ ਇਕ ਲੰਮੇ ਸਮੇਂ ਦਾ ਪਲਾਨ ਬਣਾਇਆ ਗਿਆ ਹੈ। ਇਕ ਹਿੱਸੇ 'ਤੇ ਇੰਟਰਨੈਸ਼ਨਲ ਫੋਰਸ (ਆਈ. ਐੱਸ. ਐੱਫ.) ਤੇ ਇਜ਼ਰਾਈਲੀ ਫੌਜ ਦਾ ਕੰਟਰੋਲ ਰਹੇਗਾ। ਇਸ ਨੂੰ ਗ੍ਰੀਨ ਜ਼ੋਨ ਕਿਹਾ ਜਾਵੇਗਾ।

ਫਿਲਸਤੀਨੀ ਆਬਾਦੀ ਵਾਲੇ ਦੂਜੇ ਹਿੱਸੇ ਨੂੰ ਫਿਲਹਾਲ ਖੰਡਰ ਦੀ ਅਵਸਥਾ 'ਚ ਹੀ ਰਹਿਣ ਦਿੱਤਾ ਜਾਵੇਗਾ। ਇਸ ਨੂੰ ਰੈੱਡ ਜ਼ੋਨ ਨਾਂ ਦਿੱਤਾ ਗਿਆ ਹੈ। ਲੱਗਭਗ ਸਾਰੇ ਫਿਲਸਤੀਨੀ ਰੈੱਡ ਜ਼ੋਨ ਵਿਚ ਭੇਜੇ ਗਏ ਹਨ। ਰਿਪੋਰਟ ਮੁਤਾਬਕ ਇਸ ਪਲਾਨ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਗਾਜ਼ਾ ਦੇ ਪੂਰਬੀ ਹਿੱਸੇ ਵਿਚ ਗ੍ਰੀਨ ਜ਼ੋਨ ਬਣਾਇਆ ਜਾਵੇਗਾ। ਇੱਥੇ ਇਜ਼ਰਾਈਲੀ ਫੌਜੀਆਂ ਦੇ ਨਾਲ ਵਿਦੇਸ਼ੀ ਜਵਾਨ ਵੀ ਤਾਇਨਾਤ ਕੀਤੇ ਜਾਣਗੇ ਅਤੇ ਮੁੜ-ਵਿਕਾਸ ਦਾ ਕੰਮ ਹੋਵੇਗਾ। ਅਮਰੀਕਾ ਇੱਥੇ ਤਾਇਨਾਤ ਹੋਣ ਵਾਲੀਆਂ ਕੌਮਾਂਤਰੀ ਸੁਰੱਖਿਆ ਫੋਰਸਾਂ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਰਸਮੀ ਮਨਜ਼ੂਰੀ ਦਿਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਯੋਜਨਾ ਮੁਤਾਬਕ ਇੱਥੇ ਸ਼ੁਰੂ ਵਿਚ 100 ਫੌਜੀ ਤਾਇਨਾਤ ਕੀਤੇ ਜਾਣਗੇ। ਬਾਅਦ 'ਚ ਇਨ੍ਹਾਂ ਦੀ ਗਿਣਤੀ ਵਧਾ ਕੇ 20 ਹਜ਼ਾਰ ਕੀਤੀ ਜਾ ਸਕਦੀ ਹੈ। ਗ੍ਰੀਨ ਜ਼ੋਨ 'ਚੋਂ ਬਾਹਰ ਜਾਣ ਦੀ



ਮਨਜ਼ੂਰੀ ਕਿਸੇ ਵੀ ਵਿਦੇਸ਼ੀ ਫੌਜ ਨੂੰ ਨਹੀਂ ਹੋਵੇਗੀ।

ਇਜ਼ਰਾਈਲ ਦੇ ਕੰਟਰੋਲ ਵਾਲੀ ਯੈਲੋ ਲਾਈਨ ਦੇ ਪੱਛਮ ਦਾ ਹਿੱਸਾ ਰੈੱਡ ਜ਼ੋਨ ਕਹਾਏਗਾ। ਇੱਥੇ ਕੋਈ ਵੀ ਮੁੜ-ਵਿਕਾਸ ਨਹੀਂ ਕੀਤਾ ਜਾਵੇਗਾ। 2 ਸਾਲ ਦੀ ਜੰਗ ਵਿਚ ਸਭ ਤੋਂ ਵੱਧ ਨੁਕਸਾਨ ਇਸੇ ਇਲਾਕੇ ਨੂੰ ਪਹੁੰਚਿਆ ਹੈ। ਇੱਥੇ ਲੱਗਭਗ 20 ਲੱਖ ਦੀ ਆਬਾਦੀ ਫਸੀ ਹੋਈ ਹੈ। ਇਹ ਪੂਰੀ ਯੋਜਨਾ ਹੁਣੇ ਜਿਹੇ ਸੀਜ਼ਫਾਇਰ ਅਤੇ ਡੋਨਾਲਡ ਟਰੰਪ ਦੇ ਵਾਅਦਿਆਂ 'ਤੇ ਸਵਾਲ ਖੜ੍ਹੇ ਕਰਦੀ ਹੈ।

ਟਰੰਪ ਪ੍ਰਸ਼ਾਸਨ ਵੱਲੋਂ ਕਿਹਾ ਗਿਆ ਸੀ ਕਿ ਗਾਜ਼ਾ ਨੂੰ ਇਕਜੁੱਟ ਕਰ ਕੇ ਫਿਲਸਤੀਨੀ ਰਾਜ ਨੂੰ ਬਹਾਲ ਕੀਤਾ ਜਾਵੇਗਾ। ਟਰੰਪ ਨੇ 13 ਅਕਤੂਬਰ ਨੂੰ ਮਿਸਰ ਦੇ ਸ਼ਹਿਰ ਸ਼ਰਮ-ਅਲ-ਸ਼ੇਖ 'ਚ ਗਾਜ਼ਾ ਸ਼ਾਂਤੀ ਸਮਝੌਤੇ 'ਤੇ ਹਸਤਾਖਰ ਕੀਤੇ ਸਨ। ਇਸ ਦੌਰਾਨ 20 ਤੋਂ ਵੱਧ ਦੇਸ਼ਾਂ ਦੇ ਨੇਤਾ ਉੱਥੇ ਮੌਜੂਦ ਸਨ ਪਰ ਇਜ਼ਰਾਈਲ ਤੇ ਹਮਾਸ ਨੂੰ ਨਹੀਂ ਦੱਸਿਆ ਗਿਆ ਸੀ।

## ਅਮਰੀਕੀ ਜਾਣ ਦੇ ਚਾਹਵਾਨਾਂ ਲਈ ਵੱਡੀ ਖ਼ਬਰ ! ਵੀਜ਼ਾ ਲਈ ਖੁੱਲ੍ਹਿਆ ਸੌਖਾ ਰਾਹ

ਅਗਲੇ ਸਾਲ ਹੋਣ ਵਾਲੇ ਫੁੱਟਬਾਲ ਵਰਲਡ ਕੱਪ ਲਈ ਅਮਰੀਕਾ ਨੇ ਵਿਦੇਸ਼ੀ ਯਾਤਰੀਆਂ ਲਈ ਇਕ ਵੱਡਾ ਫੈਸਲਾ ਕੀਤਾ ਹੈ। ਟਰੰਪ ਪ੍ਰਸ਼ਾਸਨ ਨੇ "ਫੀਫਾ ਪਾਸ"ਨਾਮ ਦੇ ਇਕ ਨਵੇਂ ਸਿਸਟਮ ਦਾ ਐਲਾਨ ਕੀਤਾ ਹੈ, ਜਿਸ ਦੇ ਅਧੀਨ ਉਹ ਵੀਜ਼ਾ ਇੰਟਰਵਿਊ ਲਈ ਜਲਦ ਸਮਾਂ ਪ੍ਰਾਪਤ ਕਰ ਸਕਣਗੇ। ਇਹ ਕਦਮ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਅਤੇ ਵਰਲਡ ਕੱਪ ਲਈ ਉਮੀਦ ਤੋਂ ਵੱਧ ਯਾਤਰੀਆਂ ਦੀ ਆਵਾਜਾਈ ਦੇ ਦਰਮਿਆਨ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ। "ਪਾਸ" ਦਾ ਮਤਲਬ "ਪ੍ਰਾਇਰਟੀ ਅਪਾਇੰਟਮੈਂਟ ਸ਼ਡਿਊਲਿੰਗ ਸਿਸਟਮ" ਹੈ।




**ਫੀਫਾ ਟਿਕਟ ਹੋਲਡਰਾਂ ਨੂੰ ਮਿਲੇਗੀ ਵੀਜ਼ੇ 'ਚ ਪਹਿਲ :** ਫੀਫਾ ਪ੍ਰਧਾਨ ਜਿਆਨੀ ਇਨਫੈਂਟੀਨੋ ਨੇ ਵਾਈਟ ਹਾਊਸ 'ਚ ਟਰੰਪ ਨਾਲ ਮੁਲਾਕਾਤ ਦੌਰਾਨ ਕਿਹਾ,"ਜੇ ਤੁਹਾਡੇ ਕੋਲ ਵਰਲਡ ਕੱਪ ਦਾ ਟਿਕਟ ਹੈ, ਤਾਂ ਤੁਹਾਨੂੰ ਵੀਜ਼ਾ ਲਈ ਪਹਿਲਾਂ ਅਪਾਇੰਟਮੈਂਟ ਮਿਲੇਗਾ।" ਟਰੰਪ ਨੇ ਕਿਹਾ ਕਿ ਉਹ ਦੁਨੀਆ ਭਰ ਦੇ ਫੁੱਟਬਾਲ ਫੈਨਜ਼ ਨੂੰ "ਤੁਰੰਤ" ਵੀਜ਼ਾ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਦੇ ਹਨ।

**ਵਿਸ਼ਵ ਪੱਧਰ 'ਤੇ 400 ਵਧੇਰੇ ਕੌਂਸਲਰ ਅਧਿਕਾਰੀ ਤਾਇਨਾਤ :** ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬਿਓ ਨੇ ਦੱਸਿਆ ਕਿ ਵੀਜ਼ਾ ਦੀ ਵਧਦੀ ਮੰਗ ਨੂੰ ਦੇਖਦੇ ਹੋਏ 400 ਤੋਂ ਵੱਧ ਵਾਧੂ ਕੌਂਸਲਰ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਲਗਭਗ 80% ਇਲਾਕਿਆਂ 'ਚ ਅਰਜ਼ੀਕਾਰ 60 ਦਿਨਾਂ ਦੇ ਅੰਦਰ ਇੰਟਰਵਿਊ ਦਾ ਸਮਾਂ ਪ੍ਰਾਪਤ ਕਰ ਸਕਦੇ ਹਨ। ਫੀਫਾ ਟਿਕਟ ਧਾਰਕ "ਫੀਫਾ ਪੋਰਟਲ" ਰਾਹੀਂ ਅਰਜ਼ੀ ਕਰ ਸਕਣਗੇ, ਜਿਸ ਨਾਲ ਉਨ੍ਹਾਂ ਦੀ ਪ੍ਰਕਿਰਿਆ ਵਿਦੇਸ਼ ਮੰਤਰਾਲੇ 'ਚ ਪਹਿਲਾਂ ਨਿਪਟਾਈ ਜਾਵੇਗੀ। ਰੁਬਿਓ ਨੇ ਕਿਹਾ,"ਜਾਂਚ-ਪੜਤਾਲ ਉਹੀ ਰਹੇਗੀ, ਫਰਕ ਸਿਰਫ ਇਹ ਹੈ ਕਿ ਇਹ ਲੋਕ ਲਾਈਨ 'ਚ ਅੱਗੇ ਹੋਣਗੇ।"

**ਕੈਨੇਡਾ, ਮੈਕਸੀਕੋ ਅਤੇ ਅਮਰੀਕਾ 'ਚ ਹੋਣਗੇ 104 ਮੈਚ :** ਅਗਲੇ ਸਾਲ ਹੋਣ ਵਾਲਾ ਫੁੱਟਬਾਲ ਵਰਲਡ ਕੱਪ 104 ਮੈਚਾਂ ਨਾਲ ਇਤਿਹਾਸਕ ਹੋਵੇਗਾ, ਜੋ ਕੈਨੇਡਾ, ਮੈਕਸੀਕੋ ਅਤੇ ਅਮਰੀਕਾ ਵਿੱਚ ਖੇਡੇ ਜਾਣਗੇ। ਟਰੰਪ ਵਰਲਡ ਕੱਪ ਦੀ ਸਫਲਤਾ ਨੂੰ ਆਪਣੀ ਸਿਖਰ ਤਰਜੀਹ ਦੱਸਦੇ ਹਨ। 5 ਦਸੰਬਰ ਨੂੰ ਕੈਨੇਡੀ ਸੈਂਟਰ 'ਚ ਵਰਲਡ ਕੱਪ ਡਰਾਅ ਲਈ ਤਿਆਰੀਆਂ ਜ਼ੋਰਾਂ 'ਤੇ ਹਨ।

**ਅਸੁਰੱਖਿਅਤ ਸ਼ਹਿਰਾਂ 'ਚੋਂ ਮੈਚ ਸ਼ਿਫਟ ਹੋ ਸਕਦੇ ਹਨ—ਟਰੰਪ**

ਟਰੰਪ ਨੇ ਫਿਰ ਸੰਕੇਤ ਦਿੱਤਾ ਕਿ ਜੇ ਕੋਈ ਮੇਜ਼ਬਾਨ ਸ਼ਹਿਰ "ਅਸੁਰੱਖਿਅਤ" ਲੱਗਿਆ, ਤਾਂ ਮੈਚ ਉਥੋਂ ਹਟਾਇਆ ਜਾ ਸਕਦਾ ਹੈ। ਉਨ੍ਹਾਂ ਨੇ ਸੀਏਟਲ ਦੀ ਨਵੀਂ ਮੇਅਰ ਕੇਟੀ ਵਿਲਸਨ ਦਾ ਜ਼ਿਕਰ ਕੀਤਾ, ਜੋ ਸ਼ਹਿਰ ਨੂੰ "ਟਰੰਪ-ਪਰੂਫ" ਬਣਾਉਣ ਅਤੇ 'ਸੈਂਕਚੁਰੀ ਸਿਟੀ' ਦਾ ਦਰਜਾ ਕਾਇਮ ਰੱਖਣ ਦੀ ਵਕਾਲਤ ਕਰਦੀ ਰਹੀ ਹੈ। ਸੀਏਟਲ ਅਮਰੀਕਾ ਦੇ 11 ਮੇਜ਼ਬਾਨ ਸ਼ਹਿਰਾਂ 'ਚੋਂ ਇਕ ਹੈ।

ਟਰੰਪ ਨੇ ਕਿਹਾ, "ਜੇ ਸਾਨੂੰ ਕੋਈ ਵੀ ਸਮੱਸਿਆ ਦੀ ਸੂਚਨਾ ਮਿਲੀ, ਤਾਂ ਮੈਂ ਜਿਆਨੀ ਇਨਫੈਂਟੀਨੋ ਨੂੰ ਕਹਾਂਗਾ ਕਿ ਮੈਚ ਨੂੰ ਹੋਰ ਸ਼ਹਿਰ 'ਚ ਕਰਾਇਆ ਜਾਵੇ।" ਇਨਫੈਂਟੀਨੋ ਨੇ ਇਸ 'ਤੇ ਸਿੱਧੀ ਟਿੱਪਣੀ ਨਹੀਂ ਕੀਤੀ, ਪਰ ਕਿਹਾ,"ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਟਿਕਟਾਂ ਦੀ ਤੇਜ਼ ਵਿਕਰੀ ਦੱਸਦੀ ਹੈ ਕਿ ਲੋਕਾਂ ਨੂੰ ਅਮਰੀਕਾ 'ਤੇ ਭਰੋਸਾ ਹੈ।

# ਅਮਰੀਕੀ ਉਪ ਰਾਸ਼ਟਰਪਤੀ ਨੇ ਵਿਦੇਸ਼ੀ ਕਾਮਿਆਂ ਨੂੰ ਦੱਸਿਆ 'ਸਸਤੇ ਨੌਕਰ'

### ਕਿਹਾ, 'ਸਾਨੂੰ ਉਨ੍ਹਾਂ ਦੀ ਜ਼ਰੂਰਤ ਨਹੀਂ ਹੈ'

ਵਾਸ਼ਿੰਗਟਨ: ਅਮਰੀਕਾ 'ਚ ਐੱਚ-1ਬੀ ਵੀਜ਼ਾ ਵਿਵਾਦ ਦੇ ਵਿਚਕਾਰ ਵਿਦੇਸ਼ੀ ਮਜ਼ਦੂਰਾਂ ਨੂੰ ਲੈ ਕੇ ਹੁਣ ਬਹਿਸ ਤੇਜ਼ ਹੋ ਗਈ ਹੈ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਨਸ ਨੇ ਵਿਦੇਸ਼ੀ ਕਾਮਿਆਂ ਨੂੰ 'ਸਸਤੇ ਨੌਕਰ' ਦੱਸਿਆ ਹੈ ਅਤੇ ਕਿਹਾ ਹੈ ਕਿ 'ਸਾਨੂੰ ਉਨ੍ਹਾਂ ਦੀ ਜ਼ਰੂਰਤ ਨਹੀਂ ਹੈ।'



ਵੈਨਸ ਨੇ ਵਿਰੋਧੀ ਪਾਰਟੀ ਉਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਡੈਮੋਕ੍ਰੇਟਸ ਦਾ ਮਾਡਲ ਘੱਟ ਤਨਖਾਹ ਵਾਲੇ ਪ੍ਰਵਾਸੀਆਂ ਨੂੰ ਦੇਸ਼ ਵਿਚ ਲਿਆਉਣ ਉਤੇ ਜ਼ੋਰ ਦਿੰਦਾ ਹੈ। ਇਸ ਨਾਲ ਅਮਰੀਕੀ ਲੋਕਾਂ ਦੀਆਂ ਨੌਕਰੀਆਂ, ਤਨਖਾਹਾਂ ਅਤੇ ਖੁਸ਼ਹਾਲੀ ਨੂੰ ਨੁਕਸਾਨ ਹੋਵੇਗਾ।

ਵੈਨਸ ਨੇ ਕਿਹਾ ਕਿ ਟਰੰਪ ਦਾ ਮਾਡਲ ਦੂਜਾ ਮਾਡਲ ਹੈ ਜੋ ਅਮਰੀਕਾ ਵਿਚ ਵਿਕਾਸ ਦੇ ਰਾਹ ਖੋਲ੍ਹੇਗਾ। ਉਨ੍ਹਾਂ ਕਿਹਾ, "ਅਮਰੀਕੀ ਕਾਮਿਆਂ ਨੂੰ ਤਕਨਾਲੋਜੀ ਰਾਹੀਂ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ, ਨਾ ਕਿ ਸਸਤੇ ਵਿਦੇਸ਼ੀ ਮਜ਼ਦੂਰਾਂ ਉਤੇ ਨਿਰਭਰ ਕਰ ਕੇ।"

# 97 ਫੀਸਦ ਭਾਰਤੀ ਵਿਦਿਆਰਥੀ ਅਜਿਹੀ ਸਿੱਖਿਆ ਚਾਹੁੰਦੇ ਹਨ ਜੋ ਸਿੱਧਾ ਉਨ੍ਹਾਂ ਦਾ ਕਰੀਅਰ ਬਣਾਵੇ: ਸਰਵੇਖਣ

### ਰੁਜ਼ਗਾਰਯੋਗਤਾ, ਕੰਮ ਦਾ ਤਜਰਬਾ ਅਤੇ ਅਸਲ ਦੁਨੀਆਂ ਦੇ ਹੁਨਰ ਵਿਦੇਸ਼ਾਂ 'ਚ ਪੜ੍ਹਾਈ ਕਰਨ ਦੀ ਥਾਂ ਚੁਣਨ ਲਈ ਜ਼ਰੂਰੀ ਹਨ

ਨਵੀਂ ਦਿੱਲੀ: ਲੰਡਨ ਦੀ ਇਕ ਯੂਨੀਵਰਸਿਟੀ ਦੇ ਇਕ ਨਵੇਂ ਅਧਿਐਨ 'ਚ ਕਿਹਾ ਗਿਆ ਹੈ ਕਿ 97 ਫੀ ਸਦੀ ਭਾਰਤੀ ਵਿਦਿਆਰਥੀ ਅਜਿਹੀ ਸਿੱਖਿਆ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਸਿੱਧੇ ਤੌਰ ਉਤੇ ਕਰੀਅਰ ਵਲ ਲੈ ਜਾਵੇ। ਉਨ੍ਹਾਂ ਦਾ ਮੰਨਣਾ ਹੈ ਕਿ ਰੁਜ਼ਗਾਰਯੋਗਤਾ, ਕੰਮ ਦਾ ਤਜਰਬਾ ਅਤੇ ਅਸਲ ਦੁਨੀਆਂ ਦੇ ਹੁਨਰ ਵਿਦੇਸ਼ਾਂ 'ਚ ਪੜ੍ਹਾਈ ਕਰਨ ਦੀ ਥਾਂ ਚੁਣਨ ਲਈ ਜ਼ਰੂਰੀ ਹਨ।



ਸਿਟੀ ਸੇਂਟ ਜਾਰਜਸ, ਲੰਡਨ ਯੂਨੀਵਰਸਿਟੀ ਵਲੋਂ ਕੀਤੀ ਗਈ ਅਤੇ ਆਰਲਿੰਗਟਨ ਰੀਸਰਚ ਵਲੋਂ ਕੀਤੀ ਗਈ ਖੋਜ ਵਿਚ ਪਾਇਆ ਗਿਆ ਹੈ ਕਿ ਭਾਰਤੀ ਸੰਭਾਵੀ ਵਿਦਿਆਰਥੀਆਂ ਲਈ, ਉੱਚ ਸਿੱਖਿਆ ਦਾ ਮੁੱਲ ਲੈਕਚਰਾਂ ਅਤੇ ਪਾਠ ਪੁਸਤਕਾਂ ਤੋਂ ਕਿਤੇ ਵੱਧ ਹੈ।

ਨਵੀਂ 'ਵਿਦੇਸ਼ੀ ਸਿੱਖਿਆ ਦੀ ਕੀਮਤ' ਰੀਪੋਰਟ ਮੁਤਾਬਕ, "ਭਾਰਤੀ ਵਿਦਿਆਰਥੀ ਹੁਣ ਕੌਮਾਂਤਰੀ ਉੱਚ ਸਿੱਖਿਆ ਤੋਂ ਜੋ ਉਮੀਦ ਕਰਦੇ ਹਨ ਉਸ ਵਿਚ ਇਕ ਸ਼ਕਤੀਸ਼ਾਲੀ ਤਬਦੀਲੀ ਆਈ ਹੈ ਅਤੇ ਇਹ ਕਲਾਸਰੂਮ ਦੀ ਸਿਖਲਾਈ ਤੋਂ ਬਹੁਤ ਅੱਗੇ ਹੈ।" ਰੀਪੋਰਟ 'ਚ ਕਿਹਾ ਗਿਆ ਹੈ ਕਿ ਸਰਵੇਖਣ ਕੀਤੇ ਗਏ ਸਾਰੇ ਦੇਸ਼ਾਂ 'ਚ ਭਾਰਤੀ ਸਿਖਿਆਰਥੀ ਅਪਣੇ ਵਿਦਿਅਕ ਤਜਰਬੇ ਦੇ ਮੁੱਖ ਹਿੱਸੇ ਵਜੋਂ ਕੰਮ 'ਚ ਵਰਤੀ ਜਾ ਸਕਣ ਵਾਲੀ ਪੜ੍ਹਾਈ, ਤਕਨੀਕੀ ਹੁਨਰ ਅਤੇ ਪੇਸ਼ੇਵਰ ਵਿਵਹਾਰ ਦੀ ਕਦਰ ਕਰਦੇ ਹਨ।

ਲੰਡਨ ਯੂਨੀਵਰਸਿਟੀ ਦੇ ਸਿਟੀ ਸੇਂਟ ਜਾਰਜ ਵਿਖੇ ਰੁਜ਼ਗਾਰ ਦੀ ਡਾਇਰੈਕਟਰ ਜੇਮਾ ਕੇਨਯਨ ਨੇ ਕਿਹਾ, "ਇਹ ਖੋਜ ਇਸ ਗੱਲ ਉਤੇ ਚਾਨਣਾ ਪਾਉਂਦੀ ਹੈ ਕਿ ਯੂਨੀਵਰਸਿਟੀਆਂ ਲਈ ਅਜਿਹੇ ਪ੍ਰੋਗਰਾਮਾਂ ਨੂੰ ਤਿਆਰ ਕਰਨਾ ਕਿੰਨਾ ਮਹੱਤਵਪੂਰਨ ਹੈ ਜੋ ਅਕਾਦਮਿਕ ਉੱਤਮਤਾ ਨੂੰ ਹੱਥੀਂ ਤਜਰਬੇ ਨਾਲ ਜੋੜਦੇ ਹਨ।"

ਵਿਸ਼ਵ ਪੱਧਰ ਉਤੇ, 56 ਫ਼ੀ ਸਦੀ ਵਿਦਿਆਰਥੀਆਂ ਨੇ ਰੁਜ਼ਗਾਰ ਨੂੰ ਅਪਣੇ ਚੋਟੀ ਦੇ ਤਿੰਨ ਫੈਸਲੇ ਲੈਣ ਵਾਲੇ ਕਾਰਕਾਂ ਵਿਚ ਦਰਜਾ ਦਿਤਾ। ਭਾਰਤੀ ਉੱਤਰਦਾਤਾਵਾਂ 'ਚ, ਇਹ ਪੱਕਾ ਵਿਸ਼ਵਾਸ ਸੀ ਕਿ ਕੋਰਸ ਡਿਜ਼ਾਈਨ ਨੂੰ ਸਿਖਲਾਈ ਨੂੰ ਸਿੱਧੇ ਤੌਰ ਉਤੇ ਰੁਜ਼ਗਾਰ ਦੇ ਨਤੀਜਿਆਂ ਨਾਲ ਜੋੜਨਾ ਚਾਹੀਦਾ ਹੈ।

# ਪੰਜਾਬੀ ਨੌਜਵਾਨ ਹਰਪ੍ਰੀਤ ਸਿੰਘ ਨੇ ਕੈਨੇਡੀਅਨ ਆਰਮਡ ਫ਼ੋਰਸ ਵਿਚ ਬਣਾਇਆ ਨਾਂ

### ਸੈਕਿੰਡ ਲੈਫ਼ਟੀਨੈਂਟ ਵਜੋਂ ਟਰੇਨਿੰਗ ਸ਼ੁਰੂ, ਪਿੰਡ ਰਾਏਧਰਾਨਾ ਵਿਚ ਖੁਸ਼ੀਆਂ ਦਾ ਮਾਹੌਲ

ਲਹਿਰਾਗਾਗਾ : ਪੰਜਾਬੀਆਂ ਨੇ ਵਿਦੇਸ਼ਾਂ ਵਿਚ ਮਿਹਨਤ ਅਤੇ ਲਗਨ ਨਾਲ ਨਾਮ ਕਮਾਇਆ ਹੈ। ਇਸੇ ਲੜੀ ਨੂੰ ਅੱਗੇ ਵਧਾਉਂਦਿਆਂ ਪਿੰਡ ਰਾਏਧਰਾਨਾ (ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ) ਦੇ ਨੌਜਵਾਨ ਹਰਪ੍ਰੀਤ ਸਿੰਘ ਪੁੱਤਰ ਜੈਮਲ ਸਿੰਘ ਨੇ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਫ਼ਰਵਰੀ 2024 ਵਿਚ ਕੈਨੇਡੀਅਨ ਆਰਮਡ ਫ਼ੋਰਸ ਵਿਚ ਸੈਕਿੰਡ ਲੈਫ਼ਟੀਨੈਂਟ ਵਜੋਂ ਭਰਤੀ ਹੋ ਕੇ ਅੱਜ ਟਰੇਨਿੰਗ ਕਰ ਰਹੇ ਹਨ।



ਇਸ ਖੁਸ਼ਖਬਰੀ ਨਾਲ ਪੂਰੇ ਹਲਕਾ ਲਹਿਰਾਗਾਗਾ ਵਿਚ ਖ਼ੁਸ਼ੀ ਦੀ ਲਹਿਰ ਹੈ। ਪਰਵਾਰ ਨੂੰ ਵਧਾਈਆਂ ਦੇਣ ਵਾਲਿਆਂ ਦਾ ਘਰ ਤਾਂਤਾ ਲੱਗ ਗਿਆ ਹੈ। ਦੱਸਣਯੋਗ ਗੱਲ ਇਹ ਹੈ ਕਿ ਹਰਪ੍ਰੀਤ ਸਿੰਘ ਦੇ ਪਿਤਾ ਜੈਮਲ ਸਿੰਘ ਭਾਰਤੀ ਫ਼ੌਜ ਵਿਚੋਂ ਰਿਟਾਇਰ ਹਨ, ਮਾਤਾ ਜਸਵਿੰਦਰ ਕੌਰ ਨੇ ਬੱਚਿਆਂ ਨੂੰ ਮਿਹਨਤ ਤੇ ਅਨੁਸ਼ਾਸਨ ਦੀ ਸਿਖਿਆ ਦਿੱਤੀ। ਛੋਟੀ ਭੈਣ ਮਨਪ੍ਰੀਤ ਕੌਰ ਕੈਨੇਡਾ ਦੀ ਪਰਮਾਨੈਂਟ ਰੈਜ਼ੀਡੈਂਟ (ਪੀਆਰ) ਹੈ।

ਪਿਤਾ ਜੈਮਲ ਸਿੰਘ ਨੇ ਕਿਹਾ ਕਿ ਮੇਰੇ ਬੱਚੇ ਨੇ ਅਪਣੀ ਲਗਨ, ਵਿਸ਼ਵਾਸ ਤੇ ਦ੍ਰਿੜ੍ਹਤਾ ਨਾਲ ਸਭ ਕੁਝ ਹਾਸਲ ਕੀਤਾ ਹੈ। ਇਸ ਖੁਸ਼ੀ ਵਿਚ ਵਾਧਾ ਕਰਦਿਆਂ ਹਰਪ੍ਰੀਤ ਸਿੰਘ ਦੇ ਪਿਤਾ ਨੂੰ ਕੈਬਨਿਟ ਮੰਤਰੀ ਬਰਿੰਦਰ ਗੋਇਲ ਹਲਕਾ ਵਿਧਾਇਕ ਲਹਿਰਾਗਾਗਾ, ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ, ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਕਾਲੀ ਆਗੂ ਗਗਨਦੀਪ ਸਿੰਘ ਖੰਡੇਬਾਦ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਗਾਗਾ, ਅਕਾਲੀ ਦਲ ਅੰਮ੍ਰਿਤਸਰ ਹਲਕਾ ਇੰਚਾਰਜ ਜਥੇਦਾਰ ਪਰਗਟ ਸਿੰਘ ਗਾਗਾ ਆਦਿ ਆਗੂਆਂ ਨੇ ਵਧਾਈ ਦਿਤੀ।

# ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਨੂੰ ਰਿਲੀਜ਼ ਨਾ ਕੀਤਾ ਜਾਵੇ : ਕੁਲਵੰਤ ਸਿੰਘ ਮੰਨਣ

ਅੰਮ੍ਰਿਤਸਰ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣੀ ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਜਾਰੀ ਕਰਨ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਨੂੰ ਕਿਹਾ ਹੈ ਕਿ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਜਾਰੀ ਨਾ ਕੀਤਾ ਜਾਵੇ।

ਮੰਨਣ ਨੇ ਕਿਹਾ ਕਿ ਬਵੇਜਾ ਮੂਵੀ ਪ੍ਰਾਈਵੇਟ ਲਿਮਿ: ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣਾਈ ਗਈ ਇਸ ਫਿਲਮ ਵਿਚ ਸਿੱਖ ਸਿਧਾਂਤ, ਇਤਿਹਾਸ ਅਤੇ ਫਿਲਮਾਂਕਣ ਦੇ ਪੱਖ ਤੋਂ ਬਹੁਤ ਸਾਰੀਆਂ ਕਮੀਆਂ ਹਨ, ਜਿਸ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੱਤਰ ਭੇਜ ਕੇ 21 ਨਵੰਬਰ 2025 ਨੂੰ ਇਸ ਫਿਲਮ ਨੂੰ ਰਿਲੀਜ਼ ਨਾ ਕਰਨ ਦਾ ਆਦੇਸ਼ ਕੀਤਾ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਰੌਸ਼ਨੀ ਵਿਚ ਫਿਲਮ ਚਲਾਉਣ ਦਾ ਫੈਸਲਾ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਫਿਲਮ ਘੋਖ ਕਮੇਟੀ ਵੱਲੋਂ ਇਸ ਫਿਲਮ ਨੂੰ ਵੇਖਣ ਬਾਅਦ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਗਈ ਸੀ, ਜਿਸ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰੋਕ ਸਬੰਧੀ ਪੱਤਰ ਭੇਜਿਆ ਹੈ।



ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਗੁਰੂ ਸਾਹਿਬਾਨ ਨੂੰ ਕਿਸੇ ਵੀ ਤਰ੍ਹਾਂ ਕਲਪਨਾ ਜਾਂ ਐਨੀਮੇਸ਼ਨ ਰਾਹੀਂ ਦਰਸਾਉਣ ਦੀ ਮਨਾਹੀ ਹੈ ਅਤੇ ਅਜਿਹਾ ਕਰਨਾ ਸਿੱਖ ਸਿਧਾਂਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜਾਰੀ ਹੁਕਮਨਾਮਿਆਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਕਿਰਦਾਰ ਨਿਭਾਉਣ 'ਤੇ ਰੋਕ ਹੈ ਤਾਂ ਫਿਰ ਅਜਿਹੀਆਂ ਫਿਲਮਾਂ ਬਣਾਉਣ ਤੋਂ ਪਹਿਲਾਂ ਹੀ ਸੰਕੋਚ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਲ-ਨਾਲ ਵਿਵਾਦ ਵੀ ਪੈਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ ਤਾਂ ਉਸ ਵੇਲੇ ਸਿੱਖ ਸਿਧਾਂਤਾਂ ਤੋਂ ਪਾਸੇ ਜਾ ਕੇ ਗੁਰੂ ਸਾਹਿਬ ਨਾਲ ਸਬੰਧਤ ਐਨੀਮੇਸ਼ਨ ਫਿਲਮ ਨੂੰ ਜਾਰੀ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।

# ਪੰਜਾਬੀ ਸਿੱਖ ਨੌਜਵਾਨ ਨੇ ਵਿਦੇਸ਼ 'ਚ ਚਮਕਾਇਆ ਨਾਂ, ਕੈਨੇਡਾ ਦੀ ਫ਼ੌਜ 'ਚ ਹੋਇਆ ਭਰਤੀ

### ਨੰਗਲ ਦੇ ਪਿੰਡ ਭੱਲੜੀ ਨਾਲ ਸਬੰਧਿਤ



ਨੰਗਲ : ਪਿੰਡ ਭੱਲੜੀ ਦੇ ਸਿੱਖ ਨੌਜਵਾਨ ਜਸਮੀਤ ਸਿੰਘ ਪੁੱਤਰ ਰਣਜੀਤ ਸਿੰਘ ਨੇ 'ਕੈਨੇਡੀਅਨ ਫ਼ੌਜ' ਵਿਚ ਬਤੌਰ ਏਅਰਾਰ ਅਫ਼ਸਰ ਭਰਤੀ ਹੋ ਕੇ ਪੂਰੇ ਇਲਾਕੇ ਦਾ ਮਾਣ ਵਧਾਇਆ ਹੈ।

ਕੈਨੇਡਾ ਦੇ ਓਂਟਾਰੀਓ ਨਾਰਥ ਸਡਬਰੀ ਸ਼ਹਿਰ ਰਹਿਣ ਵਾਲੇ ਜਸਮੀਤ ਸਿੰਘ ਨੇ ਵਿਦੇਸ਼ ਵਿਚ ਰਹਿੰਦੇ ਹੋਏ, ਔਖੀਆਂ ਪ੍ਰੀਖਿਆਵਾਂ ਤੇ ਸਖ਼ਤ ਟਰੇਨਿੰਗ ਪਾਸ ਕਰ ਕੇ ਕੈਨੇਡਾ ਫ਼ੌਜ ਵਿਚ ਅਪਣਾ ਸਥਾਨ ਬਣਾਇਆ ਹੈ। ਨੌਜਵਾਨ ਦੀ ਇਸ ਪ੍ਰਾਪਤੀ ਨਾਲ ਪ੍ਰਵਾਰ ਅਤੇ ਪਿੰਡ ਵਾਸੀਆਂ ਵਿਚ ਜਸ਼ਨ ਦਾ ਮਾਹੌਲ ਹੈ। ਨੌਜਵਾਨ ਦੇ ਮਾਤਾ ਤਜਿੰਦਰ ਕੌਰ ਤੇ ਪਿਤਾ ਰਣਜੀਤ ਸਿੰਘ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਪਿੰਡ ਦੇ ਲੋਕਾਂ ਮੁਤਾਬਕ ਜਸਮੀਤ ਸਿੰਘ ਦੇ ਦਾਦਾ ਜੀ ਨੇ ਭਾਰਤੀ ਫ਼ੌਜ ਵਿਚ ਬਤੌਰ ਸੂਬੇਦਾਰ ਲੰਬਾ ਸਮਾਂ ਸੇਵਾ ਕੀਤੀ ਸੀ ਤੇ ਸਰਹੱਦਾਂ ਦੀ ਰਾਖੀ ਕਰਦਿਆਂ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ।

# ਧਰਮ ਤਬਦੀਲੀ ਤੋਂ ਬਾਅਦ ਬੰਦ ਹੋਵੇ ਨਾਂ ਦੇ ਨਾਲ 'ਸਿੰਘ' ਤੇ 'ਕੌਰ' ਦੀ ਵਰਤੋਂ, ਪੰਜਾਬ ਬਚਾਓ ਮੋਰਚੇ ਨੇ ਜਥੇਦਾਰ ਗੜਗੱਜ ਤੋਂ ਕੀਤੀ ਮੰਗ

ਜਲੰਧਰ : ਪੰਜਾਬ ਬਚਾਓ ਮੋਰਚਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅੱਗੇ ਧਰਮ ਪਰਿਵਰਤਨ ਤੋਂ ਬਾਅਦ ਨਾਂ ਵਿਚ 'ਸਿੰਘ' ਅਤੇ 'ਕੌਰ' ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਇਸ ਮੰਗ ਨੂੰ ਲੈ ਕੇ ਮੋਰਚੇ ਦੇ ਵਫ਼ਦ ਨੇ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਸੰਗਠਨ ਦੇ ਮੁਖੀ ਤੇਜਸਵੀ ਮਿਨਹਾਸ, ਮਨਕੀਰਤ ਸਿੰਘ ਸਾਹਨੀ ਅਤੇ ਪੰਥਕ ਤਾਲਮੇਲ ਸੰਗਠਨ ਤੋਂ ਸੁਰਿੰਦਰਪਾਲ ਸਿੰਘ ਗੋਲਡੀ ਨੇ ਜਥੇਦਾਰ ਨੂੰ ਮੰਗ ਪੱਤਰ ਸੌਂਪਿਆ, ਜਿਸ ਵਿੱਚ ਧਰਮ ਪਰਿਵਰਤਨ ਤੋਂ ਬਾਅਦ ਵੀ ਮੂਲ ਧਰਮ ਦੇ ਹਿੱਸੇ ਵਜੋਂ ਸਿੰਘ ਅਤੇ ਕੌਰ ਨਾਂ, ਧਾਰਮਿਕ ਚਿੰਨ੍ਹ ਅਤੇ ਪਛਾਣ ਦੀ ਵਰਤੋਂ ਜਾਰੀ ਰੱਖਣ ਦੀ ਲੋੜ ਬਾਰੇ ਦੱਸਿਆ ਗਿਆ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ, ਖਾਸ ਕਰ ਕੇ ਸਰਹੱਦੀ ਇਲਾਕਿਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤਾ ਗਿਆ ਸਿੱਖ ਸਰੂਪ ਧਰਮ ਪਰਿਵਰਤਨ ਤੋਂ ਬਾਅਦ ਵੀ ਬਰਕਰਾਰ ਹੈ। ਉਨ੍ਹਾਂ ਧਰਮ ਪਰਿਵਰਤਨ ਤੋਂ ਬਾਅਦ ਵੀ ਪੱਗੜੀ ਅਤੇ ਕਿਰਪਾਨ ਪਹਿਨਣ ਸਮੇਤ ਪਵਿੱਤਰ ਚਿੰਨ੍ਹਾਂ ਦੀ ਵਰਤੋਂ ਬਾਰੇ ਵੀ ਗੱਲ ਕੀਤੀ। ਮਿਨਹਾਸ ਨੇ ਕਿਹਾ ਕਿ ਅਜਿਹਾ ਕਰ ਕੇ ਲੋਕ ਆਪਣੀ ਅਸਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਦੂਜਾ ਧਰਮ ਅਪਣਾ ਰਹੇ ਹਨ, ਜੋ ਕਿ ਸਿਧਾਂਤਾਂ ਦੇ ਉਲਟ ਹੈ। ਇਸ ਦੌਰਾਨ ਵੱਖ-ਵੱਖ ਧਰਮਾਂ ਲਈ ਸਰਕਾਰ ਦੇ ਰਾਹਤ ਉਪਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਇਹ ਸਿੱਖ ਧਰਮ ਦੀ ਸ਼ਾਨ ਦੀ ਉਲੰਘਣਾ ਕਰਦਾ ਹੈ। ਇਸ ਸਬੰਧੀ ਇੱਕ ਹੁਕਮਨਾਮਾ ਜਾਰੀ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਧਰਮ ਪਰਿਵਰਤਨ ਤੋਂ ਬਾਅਦ 'ਸਿੱਖ' ਅਤੇ 'ਕੌਰ' ਸ਼ਬਦਾਂ ਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ 'ਤੇ ਪਾਬੰਦੀ ਸਬੰਧੀ ਹਦਾਇਤਾਂ ਸ਼ਾਮਲ ਹਨ। ਮਾਮਲੇ ਨੂੰ ਲੈ ਕੇ ਮੋਰਚੇ ਨੇ 12 ਨਵੰਬਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਇਸ ਗੱਲ ਦਾ ਦਾਅਵਾ ਕਰਦੇ ਹੋਏ ਜਥੇਦਾਰ ਨੂੰ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਸੀ।



ਇਸ ਮੌਕੇ ਉਨ੍ਹਾਂ ਦੇ ਨਾਲ ਜਗਦੀਪ ਸਿੰਘ ਸੋਨੂ ਸੰਧਾਰ, ਫਿਕਰ ਏ ਹੋਂਦ ਤੇ ਜੱਟ ਸਿੱਖ ਪ੍ਰੀਸ਼ਦ ਤੋਂ ਸੁਖਵਿੰਦਰ ਸਿੰਘ ਲਾਲੀ, ਗੁਰਮੀਤ ਸਿੰਘ, ਐਡਵੋਕੇਟ ਰਵੀ ਵਿਨਾਇਕ ਤੇ ਵਿਸ਼ਾਲ ਵਿਨਾਇਕ ਮੌਜੂਦ ਸਨ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

1. ਅੱਜ ਦਾ ਇਹ ਦੀਵਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਗੁਰਦੁਆਰਾ ਨਦੌਣ ਦਾ ਇੰਤਜ਼ਾਮ ਜਿਹੜਾ ਇਹ ਇਤਿਹਾਸਕ ਹੁੰਦਾ ਹੋਇਆ ਮਨਮਤੀਆਂ ਦੇ ਕਬਜ਼ੇ ਵਿਚ ਹੈ, ਇਸ ਦੇ ਪ੍ਰਬੰਧ ਵਾਸਤੇ ਸ਼ੀਘਰ ਕਮੇਟੀ ਬਣਾ ਕੇ ਯੋਗ ਇੰਤਜ਼ਾਮ ਕੀਤਾ ਜਾਵੇ।

2. ਅੱਜ ਦਾ ਇਹ ਭਾਰੀ ਦੀਵਾਨ ਸਰਬ ਹਿੰਦ ਸਿੱਖ ਮਿਸ਼ਨ ਸ੍ਰੀ ਅੰਮ੍ਰਿਤਸਰ ਜੀ ਪਾਸ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਇਲਾਕਾ ਨਦੌਣ ਵਿਚ ਸਿੱਖ ਧਰਮ ਦੇ ਪ੍ਰਚਾਰ ਦੀ ਸਖ਼ਤ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਦੋ ਪ੍ਰਚਾਰਕ ਰੱਖ ਕੇ ਧਾਰਮਿਕ ਪ੍ਰਚਾਰ ਕੀਤਾ ਜਾਵੇ।

3. (ੳ) ਅੱਜ ਦਾ ਇਹ ਦੀਵਾਨ ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ ਨੂੰ ਨਿਰਸੰਦੇਹ ਧੰਨਤਾ ਯੋਗ ਸਮਝਦਾ ਹੋਇਆ ਕਿ ਜਿਸ ਨੇ ਇਸ ਦੀਵਾਨ ਤੇ ਗਿਆਨੀ ਗੁਰਦਿੱਤ ਸਿੰਘ ਪ੍ਰਚਾਰਕ ਨੂੰ ਭੇਜ ਕੇ ਸ਼ਲਾਘਾਯੋਗ ਅਤੇ ਪੁਰ ਅਸਰ ਪ੍ਰਚਾਰ ਕਰਵਾਇਆ ਹੈ, ਦਾ ਵੱਡਾ ਧੰਨਵਾਦੀ ਹੈ। (ਅ) ਇਹ ਦੀਵਾਨਾ ਆਸ਼ਾ ਕਰਦਾ ਹੈ ਕਿ ਵਿਸ਼ੇਸ਼ ਕਰਕੇ ਇਨ੍ਹਾਂ ਗਿਆਨੀ ਜੀ ਹੋਰਾਂ ਵਰਗੇ ਪ੍ਰਚਾਰਕਾਂ ਨੂੰ ਇਸ ਮਨਮਤੀ ਖ਼ਿਆਲ ਵਾਲੇ ਲੋਕਾਂ ਵਿਚ ਪ੍ਰਚਾਰ ਕਰਨ ਵਾਸਤੇ ਭੇਜਦੇ ਰਹਿਣਗੇ।

4. ਅੱਜ ਦਾ ਇਹ ਦੀਵਾਨ ਸਿੱਖ ਐਜੂਕੇਸ਼ਨਲ ਕਮੇਟੀ ਪਾਸ ਬੇਨਤੀ ਕਰਦਾ ਹੈ ਕਿ ਸ਼ਹਿਰ ਨਦੌਣ ਜ਼ਿਲ੍ਹਾ ਕਾਂਗੜਾ ਵਿਚ ਇਹ ਇਤਿਹਾਸਕ ਗੁਰਦੁਆਰਾ ਹੈ, ਇਸ ਵਿਚ ਸਕੂਲ ਖੋਲ੍ਹਣ ਦੀ ਖ਼ਾਸ ਕਰਕੇ ਅਛੂਤ ਬੱਚਿਆਂ ਦੀ ਪੜ੍ਹਾਈ ਵਾਸਤੇ ਸਖ਼ਤ (ਗੁਰਦੁਆਰਾ ਗਜ਼ਟ ਅੰਮ੍ਰਿਤਸਰ (32) ਜਨਵਰੀ 1937) ਜ਼ਰੂਰਤ ਨੂੰ ਮੁੱਖ ਰੱਖ ਕੇ ਆਪ ਾਸ ਬੇਨਤੀ ਕੀਤੀ ਜਾਂਦੀ ਹੈ ਕਿ ਕਈ ਸਾਲਾਂ ਤੋਂ ਗੁਰਮਤ ਸ੍. ਕਿਰਪਾ ਸਿੰਘ ਜੀ ਡੇਹਰਾ ਗੋਪੀ ਪੁਰ ਜ਼ਿਲ੍ਹਾ ਕਾਂਗੜਾ ਵਾਲੇ ਕਰ ਰਹੇ ਹਨ। ਇਸ ਸਕੂਲ ਵਿਚ ਬੱਚਿਆਂ ਤੇ ਬੱਚੀਆਂ ਨੂੰ ਪੜ੍ਹਾਉਣ ਤੋਂ ਇਲਾਵਾ ਇਲਾਕੇ ਵਿਚ ਧਾਰਮਿਕ ਪ੍ਰਚਾਰ ਵਧੇਰੇ ਕੋਸ਼ਿਸ਼ ਕਰਕੇ ਕਰਨਗੇ। ਇਹ ਦੀਵਾਨ ਪੁਰਜ਼ੋਰ ਸਿਫਾਰਸ਼ ਹੈ ਗਿਕ ਸਰਦਾਰ ਸਾਹਿਬ ਨੂੰ ਪੱਕੇ ਮੁਲਾਜ਼ਮ ਰੱਖ ਕੇ ਧੰਨਵਾਦੀ ਬਣਾਓ।




ਸਰਦਾਰ ਦਲੀਪ ਸਿੰਘ ਜੀ ਦੁਆਬੀਆ ਰਾਇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਲੋੜ

ਸਰਬ ਹਿੰਦ ਸਿੱਖ ਮਿਸ਼ਨ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਹੁਤ ਮੰਗਾਂ ਰਹਿੰਦੀਆਂ ਹਨ। ਖਾਸ ਕਰਕੇ ਅਜਿਹੇ ਭਰਾਵਾਂ ਵਲੋਂ ਜਿਹੇ ਅਛੂਤਾਂ ਵਿਚੋਂ ਨਵੇਂ ਸਿੰਘ ਸਜੇ ਹਨ। ਮਿਸ਼ਨ ਜੇ ਇਹ ਸੇਵਾ ਭੀ ਕਰ ਆਪਣੇ ਧਨ ਭਾਗ ਸਮਝੇਗਾ, ਪਰ ਹਾਲੀ ਇਸ ਖ਼ਰਚ ਦੀ ਗੁੰਜਾਇਸ਼ ਨਹੀਂ ਇਸ ਲਈ ਗੁਰੂ ਘਰ ਦੇ ਪ੍ਰੇਮੀਆਂ ਅਤੇ ਦਾਨੀ ਸੱਜਣਾਂ ਪਾਸ ਬਿਨੈ ਹੈ ਕਿ ਉਹ ਮਿਸ਼ਨ ਭੇਜਣ ਕਿ ਆਪਣੀ ਸ਼ੁੱਭ ਕਮਾਈ ਵਿਚੋਂ ਕਿਤਨੀਆਂ ਬੀੜਾਂ ਦੀ ਭੇਟਾ ਕਰਦੇ ਹਨ ਤਾਂ ਕਿ ਲੋੜਵੰਦ ਸੱਜਣਾਂ ਨੂੰ ਉਨ੍ਹਾਂ ਪਾਸੋਂ ਬੀੜਾਂ ਦਿਵਾਉਣ ਦਾ ਪ੍ਰਬੰਧ ਕੀਤਾ ਜਾਵੇ। ਮਿਸ਼ਨ ਅਜਿਹੇ ਦਾਨੀਆਂ ਦਾ ਧੰਨਵਾਦੀ ਹੋਵੇਗਾ।

ਦਾਸ ਸਕੱਤਰ
ਸਰਬ ਹਿੰਦ ਸਿੱਖ ਮਿਸ਼ਨ, ਅੰਮ੍ਰਿਤਸਰ
ਧੰਨਵਾਦ

ਸਰਦਾਰ ਦਲੀਪ ਸਿੰਘ ਜੀ ਦੁਆਬੀਆ ਸਿੰਘਾਂ ਵਿਚ ਬੜੀ ਲਗਨ ਕਰਦੇ ਰਹੇ ਹਨ ਤੇ ਮਿਸ਼ਨ ਤੇ ਜਦ ਭੀ ਆਪਦੇ ਜ਼ਿੰਮੇ ਕੋਈ ਸੇਵਾ ਲਾਈ, ਆਪ ਪਰਤਾ ਨਾਲ ਨਿਭਾਉਂਦੇ ਰਹੇ। ਸੋ ਸਿੱਖ ਮਿਸ਼ਨ ਸਰਦਾਰ ਸਾਬ੍ਹ ਦਾ ਧੰਨਵਾਦੀ ਹੈ।

ਦਾਸ ਸਕੱਤਰ
ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ
ਖ਼ਾਲਸਾ ਸਮਾਚਾਰ 4 ਫਰਵਰੀ 1937, ਜਿਲਦ 37,ਅੰਕ 52, ਪੰਨਾ-4

ਡਾਕਟਰ ਅੰਬੇਡਕਰ ਤੇ ਸਿੱਖ ਧਰਮ

ਸ੍ਰੀ ਗੁਰੂ ਸਿੰਘ ਸਭਾ ਬੰਬੇ ਵਲੋਂ ਗੁਰਪੁਰਬ ਸਪਤਮੀ ਰੌਣਕ ਨਾਲ ਮਨਾਇਆ ਗਿਆ। ਜਲਸੇ ਦੇ ਪ੍ਰਧਾਨ ਡਾਕਟਰ ਕਰਤਾਕੋਟੀ ਸ਼ੰਕਰਾਚਾਰੀਆ ਜੀ ਸਨ। ਡਾਕਟਰ ਅੰਬੇਡਕਰ ਜੀ ਨੇ ਤਕਰੀਰ ਕਰਦੇ ਹੋਏ ਕਿਹਾ ਕਿ :

"ਹਿੰਦੂ ਜਾਤੀ ਦੇ ਉਧਾਰ ਦਾ ਇਕੋ ਜ਼ਰੀਆ ਹੈ ਤੇ ਉਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਹਿੰਦੂ ਅਤੇ ਸਿੱਖਾਂ ਵਿਚ ਬੁਨਿਆਦੀ ਫ਼ਰਕ ਹੈ। ਹਿੰਦੂ ਧਰਮ ਸੁਸਾਇਟੀ ਨੂੰ ਚਾਰ ਵਰਨਾਂ ਤੇ ਤਕਸੀਮ ਕਰਨ ਵਾਲੇ ਵਰਨ ਆਸ਼ਰਮਾਂ ਦੇ ਅਸੂਲਾਂ 'ਤੇ ਨਿਰਭਰ ਰੱਖਦਾ ਹੈ, ਪਰ ਸਿੱਖ ਧਰਮ ਵਿਚ ਇਕ ਹੀ ਵਰਨ ਹੈ।

(ਚਲਦਾ)

## ਪਾਕਿ 'ਚ ਗੁਰਦੁਆਰਿਆਂ ਦੇ ਗੁੰਬਦਾਂ ਦੀ ਸੇਵਾ ਕਰਨ ਵਾਲੇ ਸਿੱਖ ਮਜ਼ਦੂਰ ਨੂੰ ਕੀਤਾ ਅਗਵਾ

### ਖ਼ੁਫ਼ੀਆ ਏਜੰਸੀ ਨੇ ਜਾਂਚ ਦੇ ਨਾਂਅ 'ਤੇ ਮੋਰ ਸਿੰਘ ਨੂੰ ਗੁਪਤ ਟਿਕਾਣੇ 'ਤੇ ਕੀਤਾ ਨਜ਼ਰਬੰਦ

ਅੰਮ੍ਰਿਤਸਰ : ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਤੋਂ ਨਾਟਕੀ ਢੰਗ ਨਾਲ ਤਕਰੀਬਨ 11 ਮਹੀਨੇ ਪਹਿਲਾਂ ਅਗਵਾ ਕੀਤੇ ਗਏ ਪੋਲੀਓ ਦੇ ਸ਼ਿਕਾਰ ਸਿੱਖ ਨੌਜਵਾਨ ਬਾਦਲ ਸਿੰਘ, ਉਸ ਦੇ ਭਰਾ ਸੂਰਜ ਸਿੰਘ ਅਤੇ ਬਜ਼ੁਰਗ ਪਿਤਾ ਮਨਮੋਹਨ ਸਿੰਘ ਤੋਂ ਬਾਅਦ ਹੁਣ ਗੁਰਦੁਆਰਿਆਂ ਦੇ ਗੁੰਬਦਾਂ ਦੀ ਸੇਵਾ ਕਰਨ ਵਾਲੇ ਸਿੱਖ ਮਜ਼ਦੂਰ ਮੋਰ ਸਿੰਘ ਨੂੰ ਅਗਵਾ ਕੀਤੇ ਜਾਣ ਬਾਰੇ ਜਾਣਕਾਰੀ ਮਿਲੀ ਹੈ। ਮੋਰ ਸਿੰਘ ਦੇ ਪੁੱਤਰ ਸਿਕੰਦਰ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਤੋਂ ਫ਼ੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੇ ਪਿਤਾ ਸਿੰਧ ਸੂਬੇ ਦੇ ਕਸ਼ਮੋਰ ਜ਼ਿਲ੍ਹੇ ਵਿਚਲੇ ਗੁਰਦੁਆਰਿਆਂ ਦੇ ਗੁੰਬਦਾਂ ਦੀ ਉਸਾਰੀ ਕਰਦੇ ਹਨ। ਤਕਰੀਬਨ 20 ਦਿਨ ਪਹਿਲਾਂ ਜਦੋਂ ਉਹ ਆਪਣੇ ਘਰ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਗੈਸ ਮੀਟਰ ਦੀ ਸ਼ਿਕਾਇਤ ਦਾ ਹਵਾਲਾ ਦੇ ਕੇ ਬਾਹਰ ਬੁਲਾਇਆ ਅਤੇ ਅਗਵਾ ਕਰਕੇ ਆਪਣੇ ਨਾਲ ਲੈ ਗਏ। ਦੁਕਾਨ 'ਤੇ ਸੇਵਾਦਾਰ ਵਜੋਂ ਕੰਮ ਕਰਦੇ ਸਿਕੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਦੀ ਸਥਾਨਕ ਪੁਲਿਸ ਨੇ ਇਸ ਬਾਰੇ 'ਚ ਇਹ ਕਹਿ ਕੇ ਸ਼ਿਕਾਇਤ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਆਈ. ਐੱਸ. ਆਈ. ਦੇ ਲੋਕ ਮੋਰ ਸਿੰਘ ਨੂੰ ਕਿਸੇ ਗੁਪਤ ਜਗ੍ਹਾ 'ਤੇ ਰੱਖ ਕੇ ਉਸ ਕੋਲੋਂ ਪੁੱਛਗਿੱਛ ਕਰ ਰਹੇ ਹਨ ਅਤੇ ਜਾਂਚ ਖ਼ਤਮ ਹੋਣ ਉਪਰੰਤ ਉਸ ਨੂੰ ਘਰ ਭੇਜ ਦਿੱਤਾ ਜਾਵੇਗਾ। ਸ੍ਰੀ ਨਨਕਾਣਾ ਸਾਹਿਬ ਦੇ ਮੁਹੱਲਾ ਗੁਰਦੁਆਰਾ ਬਾਲ ਲੀਲਾ ਵਿਖੇ ਕਿਰਾਏ ਦੇ ਘਰ 'ਚ ਰਹਿੰਦੇ ਉਕਤ ਨੌਜਵਾਨ ਨੇ ਸਿੱਖ ਜਥੇਬੰਦੀਆਂ ਤੋਂ ਅਪੀਲ ਕੀਤੀ ਹੈ ਕਿ ਉਸ ਦੇ ਪਿਤਾ ਦੀ ਰਿਹਾਈ ਯਕੀਨੀ ਬਣਾਈ ਜਾਵੇ। ਸੂਤਰਾਂ ਦੇ ਹਵਾਲੇ ਨਾਲ ਮਿਲੀ ਜਾਣਕਾਰੀ ਅਨੁਸਾਰ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ 'ਚ ਲੰਬੇ ਸਮੇਂ ਤੱਕ ਸੇਵਾ ਕਰਦੇ ਰਹੇ ਮੋਰ ਸਿੰਘ ਦੇ ਮੋਬਾਈਲ 'ਚੋਂ ਉੱਥੇ ਰਹਿ ਰਹੇ ਕੁਝ ਭਾਰਤੀ ਖਾੜਕੂਆਂ ਦੀਆਂ ਵੀਡੀਓਜ਼ ਮਿਲਣ ਕਰਕੇ ਉਸ ਨੂੰ ਆਈ.ਐੱਸ.ਆਈ. ਵਲੋਂ ਅਗਵਾ ਕੀਤਾ ਗਿਆ ਹੈ।



ਮੋਰ ਸਿੰਘ, ਸਿਕੰਦਰ ਸਿੰਘ

## ਪਾਕਿ ਭਾਰਤੀ ਯਾਤਰੂਆਂ ਲਈ ਸਖ਼ਤ ਨਿਯਮਾਂ 'ਤੇ ਕਰ ਰਿਹਾ ਵਿਚਾਰ : ਅਰੋੜਾ

ਅੰਮਿਤਸਰ : ਭਾਰਤੀ ਔਰਤ ਸਰਬਜੀਤ ਕੌਰ (48) ਦੇ ਸ਼ਰਧਾਲੂਆਂ ਦੇ ਜਥੇ ਨਾਲ ਪਾਕਿਸਤਾਨ ਪਹੁੰਚਣ ਤੋਂ ਬਾਅਦ ਉਥੋਂ ਫ਼ਰਾਰ ਹੋ ਕੇ ਪਾਕਿਸਤਾਨੀ ਨਾਗਰਿਕ ਨਾਸਿਰ ਹੁਸੈਨ (43) ਪੁੱਤਰ ਮੁਹੰਮਦ ਤੁਫ਼ੈਲ ਵਾਸੀ ਪਿੰਡ ਕੋਟ ਪਿੰਡੀ ਦਾਸ, ਨਵੀਂ ਆਬਾਦੀ, ਸ਼ੇਖ਼ੂਪੁਰਾ ਨਾਲ ਨਿਕਾਹ ਕਰਵਾਉਣ ਦੇ ਮਾਮਲੇ ਉਪਰੰਤ ਪਾਕਿ ਦੇ ਸਿੱਖ ਆਗੂਆਂ ਨੇ ਸਖ਼ਤ ਤੀਰਥ ਯਾਤਰਾ ਨੀਤੀ ਅਤੇ ਨਵੀਆਂ ਪਾਬੰਦੀਆਂ ਦੀ ਮੰਗ ਕੀਤੀ ਹੈ। ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਕਿ ਭਾਰਤੀ ਯਾਤਰੂਆਂ ਲਈ ਸਖ਼ਤ ਨਿਯਮਾਂ 'ਤੇ ਵਿਚਾਰ ਕਰ ਰਿਹਾ ਹੈ, ਜਿਸ 'ਚ ਉਨ੍ਹਾਂ ਦੇ ਠਹਿਰਨ ਦੌਰਾਨ ਬਿਨਾਂ ਨਿਗਰਾਨੀ ਦੇ ਆਵਾਜਾਈ ਨੂੰ ਸੀਮਤ ਕਰਨਾ ਸ਼ਾਮਿਲ ਹੈ, ਉਨ੍ਹਾਂ ਨੇ ਕਿਹਾ ਕਿ ਉਕਤ ਘਟਨਾ ਨਾਲ ਪਾਕਿ ਦੀ ਸਾਖ਼ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਅਰੋੜਾ ਨੇ ਸਵਾਲ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਇਕੱਲੀ ਔਰਤ ਨੂੰ ਜਥੇ ਨਾਲ ਯਾਤਰਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ, ਜਦੋਂਕਿ ਸਾਲ 2018 'ਚ ਕਿਰਨ ਬਾਲਾ ਉਰਫ਼ ਆਮਨਾ ਬੀਬੀ ਦਾ ਮਾਮਲਾ ਸਾਹਮਣੇ ਆ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪਾਕਿ ਗੁਰਦੁਆਰਾ ਕਮੇਟੀ ਸ਼੍ਰੋਮਣੀ ਕਮੇਟੀ ਦੀ ਮਾਰਫ਼ਤ ਰਸਮੀ ਤੌਰ 'ਤੇ ਬੇਨਤੀ ਕਰੇਗੀ ਕਿ ਭਵਿੱਖ ਦੇ ਜਥਿਆਂ 'ਚ ਕੋਈ ਵੀ ਇਕੱਲੀ ਔਰਤ ਸ਼ਰਧਾਲੂ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਨਾ ਭੇਜੀ ਜਾਵੇ।



## ਸਾਰੇ ਕਸ਼ਮੀਰੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾ ਰਿਹੈ: ਉਮਰ ਅਬਦੁੱਲਾ

### ਕਿਹਾ, ਜੰਮੂ-ਕਸ਼ਮੀਰ ਦੇ ਲੋਕ ਕੇਂਦਰ ਸ਼ਾਸਤ ਪ੍ਰਦੇਸ਼ ਤੋਂ ਬਾਹਰ ਜਾਣ ਤੋਂ ਡਰਨ ਲੱਗ ਪਏ ਹਨ

ਸ੍ਰੀਨਗਰ: ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਬੁਧਵਾਰ ਨੂੰ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕ ਕੇਂਦਰ ਸ਼ਾਸਤ ਪ੍ਰਦੇਸ਼ ਤੋਂ ਬਾਹਰ ਜਾਣ ਤੋਂ ਡਰਨ ਲੱਗ ਪਏ ਹਨ ਕਿਉਂਕਿ ਉਨ੍ਹਾਂ ਸਾਰਿਆਂ ਨੂੰ ਕੁੱਝ ਲੋਕਾਂ ਦੀਆਂ ਹਿੰਸਕ ਕਾਰਵਾਈਆਂ ਲਈ ਸ਼ੱਕੀ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ, "ਮੌਜੂਦਾ ਹਾਲਾਤ 'ਚ ਸ਼ਾਇਦ ਮਾਪੇ ਅਪਣੇ ਬੱਚਿਆਂ ਨੂੰ ਬਾਹਰ ਨਹੀਂ ਭੇਜਣਾ ਚਾਹੁਣਗੇ। ਜਦੋਂ ਸਾਨੂੰ ਹਰ ਪਾਸਿਉਂ ਸ਼ੱਕੀ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ, ਜਦ ਕਿਸੇ ਹੋਰ ਦੇ ਕੰਮ ਲਈ ਸਾਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂ ਸਾਰਿਆਂ ਨੂੰ ਉਸ ਦੇ ਦਾਇਰੇ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕੁੱਝ ਲੋਕਾਂ ਨੇ ਕੀਤਾ ਹੈ, ਤਾਂ ਇਹ ਸਪੱਸ਼ਟ ਹੈ ਕਿ ਸਾਡੇ ਲਈ ਬਾਹਰ ਜਾਣਾ ਮੁਸ਼ਕਲ ਹੋ ਜਾਂਦਾ ਹੈ।" ਮੁੱਖ ਮੰਤਰੀ ਨੇ ਅੱਗੇ ਕਿਹਾ, "ਅਜਿਹਾ ਕਹਿਣਾ ਚੰਗਾ ਨਹੀਂ ਲਗਦਾ ਪਰ ਅਸੀਂ ਕੀ ਕਰ ਸਕਦੇ ਹਾਂ, ਇਹੀ ਅਸਲੀਅਤ ਹੈ।" ਉਨ੍ਹਾਂ ਕਿਹਾ, "ਦਿੱਲੀ (ਲਾਲ ਕਿਲ੍ਹੇ ਨੇੜੇ ਕਾਰ ਧਮਾਕਾ) ਲਈ ਬਹੁਤ ਘੱਟ ਲੋਕ ਜ਼ਿੰਮੇਵਾਰ ਹਨ ਪਰ ਇਹ ਧਾਰਨਾ ਪੈਦਾ ਕੀਤੀ ਜਾ ਰਹੀ ਹੈ ਕਿ ਇਸ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ ਅਤੇ ਅਸੀਂ ਸਾਰੇ ਇਸ ਦਾ ਹਿੱਸਾ ਹਾਂ।" ਅਪਣੇ ਵਿਚਾਰ ਸਾਂਝੇ ਕਰਦੇ ਹੋਏ, ਅਬਦੁੱਲਾ ਨੇ ਕਿਹਾ ਕਿ ਉਹ ਕੌਮੀ ਰਾਜਧਾਨੀ ਵਿਚ ਜੰਮੂ-ਕਸ਼ਮੀਰ ਰਜਿਸਟਰੇਸ਼ਨ ਵਾਲੇ ਅਪਣੀ ਗੱਡੀ ਨੂੰ ਬਾਹਰ ਕੱਢਣ ਤੋਂ ਪਹਿਲਾਂ ਦੋ ਵਾਰ ਸੋਚਦੇ ਹਨ। ਉਨ੍ਹਾਂ ਕਿਹਾ, "ਅੱਜ ਦਿੱਲੀ 'ਚ ਜੰਮੂ-ਕਸ਼ਮੀਰ ਰਜਿਸਟੇਸ਼ਨ ਵਾਲੀਆਂ ਗੱਡੀਆਂ ਚਲਾਉਣ ਨੂੰ ਵੀ ਅਪਰਾਧ ਮੰਨਿਆ ਜਾ ਰਿਹਾ ਹੈ। ਜਦੋਂ ਮੇਰੇ ਨਾਲ ਬਹੁਤ ਸਾਰੇ ਸੁਰੱਖਿਆ ਕਰਮਚਾਰੀ ਨਹੀਂ ਹਨ, ਤਾਂ ਮੈਂ ਖੁਦ ਸੋਚਦਾ ਹਾਂ ਕਿ ਮੈਨੂੰ ਅਪਣੀ ਕਾਰ ਬਾਹਰ ਕੱਢਣੀ ਚਾਹੀਦੀ ਹੈ ਜਾਂ ਨਹੀਂ, ਕਿਉਂਕਿ ਮੈਨੂੰ ਨਹੀਂ ਪਤਾ ਕਿ ਕੋਈ ਮੈਨੂੰ ਰੋਕੇਗਾ ਅਤੇ ਮੈਨੂੰ ਪੁੱਛੇਗਾ ਕਿ ਮੈਂ ਕਿੱਥੋਂ ਆਇਆ ਸੀ ਅਤੇ ਮੈਂ ਉੱਥੇ ਕਿਉਂ ਆਇਆ ਸੀ।" ਦੱਸਣਯੋਗ ਹੈ ਕਿ 10 ਨਵੰਬਰ ਨੂੰ ਦਿੱਲੀ 'ਚ ਹੋਏ ਕਾਰ ਧਮਾਕੇ 'ਚ 15 ਲੋਕਾਂ ਦੀ ਮੌਤ ਹੋ ਗਈ ਸੀ। ਧਮਾਕੇ ਤੋਂ ਬਾਅਦ ਪੁਲਿਸ ਨੇ ਸੁਰੱਖਿਆ ਦੇ ਸਖ਼ਤ ਉਪਾਵਾਂ ਦੇ ਹਿੱਸੇ ਵਜੋਂ ਇਕੱਲੇ ਫਰੀਦਾਬਾਦ ਵਿਚ ਹੀ ਜੰਮੂ-ਕਸ਼ਮੀਰ ਦੇ 500 ਤੋਂ ਵੱਧ ਲੋਕਾਂ ਦੀ ਜਾਂਚ ਕੀਤੀ ਹੈ।





ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਨਵ ਜੰਮੇ ਬੱਚੇ ਵਿੱਚ ਪੀਲੀਆ**

ਜਨਮ ਲੈਣ ਦੇ ਪਹਿਲੇ ਪੰਜ ਦਿਨਾਂ ਵਿੱਚ ਨਵ ਜੰਮੇ ਬੱਚਿਆਂ ਵਿੱਚ ਪੀਲੀਆ ਹੋਣਾ ਕੁਦਰਤੀ ਹੈ। ਸਰੀਰ ਵਿੱਚ ਜ਼ਿਆਦਾ 'ਬਿਲੀਰੂਬਿਨ' ਜਮ੍ਹਾਂ ਹੋ ਜਾਂਦਾ ਹੈ, ਕਿਉਂਕਿ ਬੱਚਿਆਂ ਦੇ ਸਰੀਰ ਦੇ ਅੰਗ ਹਾਲੇ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਏ ਹੁੰਦੇ ਕਿ ਉਹ ਇਸ ਜ਼ਿਆਦਾ ਬਿਲੀਰੂਬਿਨ ਨੂੰ ਖ਼ਤਮ ਕਰ ਸਕਣ। ਆਮ ਤੌਰ 'ਤੇ ਇਹ 3-5 ਦਿਨਾਂ ਵਿੱਚ ਠੀਕ ਹੋ ਜਾਂਦਾ ਹੈ। ਕੁਝ ਹਾਲਾਤ ਵਿੱਚ ਨਵ ਜੰਮੇ ਬੱਚਿਆਂ ਵਿੱਚ ਪੀਲੀਆ ਇਨਫ਼ੈਕਸ਼ਨ, ਪਾਚਣ ਕਿਰਿਆ ਦੀਆਂ ਬਿਮਾਰੀਆਂ ਜਾਂ ਮਾਂ ਦੇ ਖ਼ੂਨ ਦੇ ਨਾਲ ਮੇਲ ਨਾ ਹੋਣ ਦੇ ਕਾਰਨ ਵੀ ਹੋ ਜਾਂਦਾ ਹੈ। ਜੇਕਰ ਪੀਲੀਆ 3-5 ਦਿਨਾਂ ਵਿੱਚ ਠੀਕ ਨਹੀਂ ਹੁੰਦਾ ਤਾਂ ਜਿੰਨੀ ਜਲਦੀ ਹੋ ਸਕੇ, ਬੱਚੇ ਨੂੰ ਇਲਾਜ ਲਈ ਡਾਕਟਰ ਕੋਲ ਲੈ ਕੇ ਜਾਓ। ਇਲਾਜ ਵਿੱਚ ਦੇਰੀ ਹੋ ਜਾਵੇ ਤਾਂ ਬੱਚੇ ਦੇ ਦਿਮਾਗ਼ ਉੱਤੇ ਹਮੇਸ਼ਾਂ ਲਈ ਅਸਰ ਪੈ ਸਕਦਾ ਹੈ।

**ਵੱਡਿਆਂ ਵਿੱਚ ਪੀਲੀਆ**

**ਕਾਰਨ :**

1. ਜਿਗਰ ਦੀ ਬਿਮਾਰੀ।
2. ਹੈਪੇਟਾਈਟਸ (ਜਿਗਰ ਦਾ ਇਨਫ਼ੈਕਸ਼ਨ)।
3. ਪਿੱਤੇ ਦੀ ਪੱਥਰੀ ਕਾਰਨ ਬਾਈਲ ਡਕਟ ਦਾ ਬੰਦ ਹੋਣਾ।
4. ਹਿਮੋਲਿਟਕ ਅਨੀਮੀਆ (ਖ਼ੂਨ ਦੇ ਸੈੱਲਾਂ ਦਾ ਜ਼ਿਆਦਾ ਖ਼ਤਮ ਹੋਣਾ)।
5. ਪੈਂਕਰੀਏਟਿਕ ਕੈਂਸਰ।
6. ਕਿਸੇ ਵੀ ਹੋਰ ਬਿਮਾਰੀ ਕਾਰਨ ਬਾਈਲ ਡਕਟ ਦਾ ਬੰਦ ਹੋਣਾ।
7. ਕੁਝ ਦਵਾਈਆਂ।
8. ਖ਼ੂਨ ਚੜ੍ਹਾਉਣ ਸਮੇਂ ਖ਼ੂਨ ਦੀ ਗਲਤ ਟਾਈਪ ਦੀ ਵਰਤੋਂ।

**ਲੱਛਣ :**




1. ਚਮੜੀ ਅਤੇ ਅੱਖਾਂ (ਅੱਖਾਂ ਦਾ ਸਫ਼ੇਦ ਹਿੱਸੇ) ਦਾ ਪੀਲਾ ਹੋਣਾ।
2. ਖਾਰਸ਼ ਹੋਣੀ।
3. ਥਕਾਵਟ।
4. ਭਾਰ ਦਾ ਘਟਣਾ।
5. ਕਾਲਾ ਪਿਸ਼ਾਬ ਅਤੇ ਸਲੇਟੀ ਰੰਗ ਦੀ ਟੱਟੀ।
6. ਬੁਖ਼ਾਰ ਅਤੇ ਉਲਟੀਆਂ।
7. ਡਕਸ ਡਜ ਬਜ਼ੂਪਸ਼ਜ (ਇਨਸੌਮਨੀਆ)।

**ਰੋਕਥਾਮ/ਬਚਾਅ :**

ਪੀਲੀਆ ਜਿਗਰ ਦੇ ਕੰਮ ਕਰਨ ਨਾਲ ਸੰਬੰਧ ਰੱਖਦਾ ਹੈ। ਇਸ ਲਈ ਸ਼ਰਾਬ ਛੱਡ ਕੇ ਅਤੇ ਸਿਹਤਮੰਦ ਸੰਤੁਲਿਤ ਖਾਣੇ ਨਾਲ ਜਿਗਰ ਨੂੰ ਤੰਦਰੁਸਤ ਰੱਖ ਕੇ ਰੋਕਥਾਮਫ਼ਬਚਾਅ ਕੀਤਾ ਜਾ ਸਕਦਾ ਹੈ। ਰੋਜ਼ਾਨਾ ਕਸਰਤ ਜਿਗਰ ਨੂੰ ਠੀਕ ਕੰਮ ਕਰਨ ਵਿੱਚ ਮੱਦਦ ਕਰਦੀ ਹੈ।

**ਜਾਂਚ :**

ਫ਼ਿਜ਼ੀਕਲ ਟੈਸਟ, ਖ਼ੂਨ ਦਾ ਟੈਸਟ ਅਤੇ ਅਲਟਰਾਸਾਊਂਡ ਜਾਂ ਸੀ.ਟੀ. ਸਕੈਨ ਕਰ ਕੇ ਡਾਕਟਰ ਇਸਦੀ ਜਾਂਚ ਕਰਦੇ ਹਨ।

**ਇਲਾਜ :**

ਪੀਲੀਏ ਦਾ ਇਲਾਜ, ਪੀਲੀਏ ਦੇ ਕਾਰਨਾਂ 'ਤੇ ਨਿਰਭਰ ਕਰਦਾ ਹੈ । ਪੀਲੀਏ ਦੇ ਲੱਛਣ ਖ਼ਾਸ ਤੌਰ 'ਤੇ ਖਾਰਿਸ਼ ਅਤੇ ਨੀਂਦ ਨਾ ਆਉਣਾ ਹੈ, ਜਿਨ੍ਹਾਂ ਨੂੰ ਦਵਾਈਆਂ ਨਾਲ ਠੀਕ ਕੀਤਾ ਜਾ ਸਕਦਾ ਹੈ।

**ਪਿੱਤੇ ਦੀ ਪੱਥਰੀ**

ਦਰਦ ਪੇਟ ਦੇ ਉੱਪਰਲੇ ਹਿੱਸੇ ਵਿੱਚ ਸੱਜੇ ਪਾਸੇ ਹੁੰਦਾ ਹੈ। ਆਮ ਤੌਰ 'ਤੇ ਦਰਦ ਖਾਣਾ ਖਾਣ ਤੋਂ ਬਾਅਦ ਸ਼ੁਰੂ ਹੁੰਦਾ ਹੈ, ਖ਼ਾਸ ਤੌਰ 'ਤੇ ਚਰਬੀ ਵਾਲੇ ਖਾਣੇ ਖਾਣ ਤੋਂ ਬਾਅਦ।

**ਇਲਾਜ :**

ਚਰਬੀ ਵਾਲਾ ਖਾਣਾ ਨਾ ਖਾਓ। ਡਾਕਟਰ ਨੂੰ ਦਿਖਾਓ। ਆਮ ਤੌਰ 'ਤੇ ਅਪ੍ਰੇਸ਼ਨ ਕਰ ਕੇ ਪਿੱਤੇ ਨੂੰ ਕੱਢ ਦਿੱਤਾ ਜਾਂਦਾ ਹੈ।

**ਪਿੱਤੇ ਦਾ ਇਨਫ਼ੈਕਸ਼ਨ**

ਜੇਕਰ ਤੁਹਾਨੂੰ ਪੇਟ ਦੇ ਉੱਪਰਲੇ ਹਿੱਸੇ ਵਿੱਚ ਸੱਜੇ ਪਾਸੇ ਦਰਦ ਦੇ ਨਾਲ ਨਾਲ ਤੇਜ਼ ਬੁਖ਼ਾਰ ਹੈ ਤਾਂ ਤੁਹਾਨੂੰ ਪਿੱਤੇ ਦਾ ਇਨਫ਼ੈਕਸ਼ਨ ਹੋ ਸਕਦਾ ਹੈ। ਡਾਕਟਰ ਇਸਦਾ ਇਲਾਜ ਐਂਟੀਬਾਇਓਟਿਕ ਅਤੇ ਹੋਰ ਦਵਾਈਆਂ ਨਾਲ ਕਰਦੇ ਹਨ। ਅਪ੍ਰੇਸ਼ਨ ਕਰਨ ਦੀ ਵੀ ਲੋੜ ਪੈ ਸਕਦੀ ਹੈ।

**ਬਵਾਸੀਰ**

**(ਹੀਮੋਰੋਇਡਜ਼)**

**ਕਾਰਨ :**

ਬਵਾਸੀਰ ਹੋਣ ਦਾ ਕਾਰਨ ਮਲ ਤਿਆਗਣ ਵਾਲੇ ਸਥਾਨ ਵਿੱਚ ਖ਼ੂਨ ਦੀਆਂ ਨਾਲੀਆਂ ਵਿੱਚ ਸੋਜ਼ਿਸ਼ ਆਉਣਾ ਹੈ। ਕਬਜ਼ ਨਾਲ ਸਖ਼ਤ ਮਲ ਕਰਨ ਵਿੱਚ ਆਉਂਦੀ ਮੁਸ਼ਕਲ ਦੇ ਕਾਰਨ ਹੀ ਇਹ ਖ਼ੂਨ ਦੀਆਂ ਨਾਲੀਆਂ ਵੱਡੀਆਂ ਹੋ ਜਾਂਦੀਆਂ ਹਨ।

**ਲੱਛਣ :**

1. ਮਲ ਕਰਨ ਸਮੇਂ ਦਰਦ ਹੋਣਾ।
2. ਮਲ ਦੇ ਨਾਲ ਖ਼ੂਨ ਵਗਣਾ।
3. ਟੱਟੀ ਵਾਲੀ ਜਗ੍ਹਾ ਤੇ ਆਲੇ-ਦੁਆਲੇ ਖਾਰਸ਼ ਹੋਣਾ।

**ਰੋਕਥਾਮ/ਬਚਾਅ :**

1. ਜ਼ਿਆਦਾ ਪਾਣੀ ਪੀਓ, ਜ਼ਿਆਦਾ ਫਲ ਅਤੇ ਸਬਜ਼ੀਆਂ ਖਾਓ, ਜਿਸ ਨਾਲ ਕਬਜ਼ ਠੀਕ ਹੋਣ ਵਿੱਚ ਮੱਦਦ ਮਿਲੇਗੀ।
2. ਇੱਕੋ ਅਵਸਥਾ ਵਿੱਚ ਬਹੁਤ ਜ਼ਿਆਦਾ ਦੇਰ ਤਕ ਨਾ ਬੈਠੋ।
3. ਜ਼ਿਆਦਾ ਜ਼ੋਰ ਨਾ ਲਗਾਓ, ਆਰਾਮ ਨਾਲ ਮਲ ਕਰੋ।

**ਘਰੇਲੂ ਇਲਾਜ :**

1. ਕੋਸੇ ਪਾਣੀ ਵਿੱਚ ਬੈਠੋ, ਇਸ ਨਾਲ ਦਰਦ ਅਤੇ ਬੇਆਰਾਮੀ ਵਿੱਚ ਮੱਦਦ ਮਿਲੇਗੀ।
2. ਠੰਡੇ ਪਾਣੀ ਦੇ ਨਾਲ ਖਾਰਸ਼ ਘਟਾਉਣ ਵਿੱਚ ਮੱਦਦ ਮਿਲੇਗੀ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਖ਼ੂਨ ਦਾ ਵਗਣਾ ਬੰਦ ਨਾ ਹੋਵੇ।
2. ਜੇਕਰ ਦਰਦ ਬਹੁਤ ਜ਼ਿਆਦਾ ਹੈ ਅਤੇ ਘਰੇਲੂ ਇਲਾਜ ਨਾਲ ਠੀਕ ਨਹੀਂ ਹੋ ਰਿਹਾ।
3. ਜੇ ਤੁਸੀਂ ਕਮਜ਼ੋਰੀ ਮਹਿਸੂਸ ਕਰਦੇ ਹੋ ਜਾਂ ਚੱਕਰ ਆਉਂਦੇ ਹਨ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਨਾਈਜੀਰੀਆ 'ਚ ਸਕੂਲ 'ਤੇ ਹਮਲਾ! ਕਿਡਨੈਪ ਕੀਤੀਆਂ 25 ਵਿਦਿਆਰਥਣਾਂ, ਸਟਾਫ ਮੈਂਬਰ ਨੂੰ ਮਾਰੀ ਗੋਲੀ

ਅਬੂਜਾ : ਪੁਲਸ ਨੇ ਕਿਹਾ ਕਿ ਬੰਦੂਕਧਾਰੀਆਂ ਨੇ ਉੱਤਰ-ਪੱਛਮੀ ਨਾਈਜੀਰੀਆ ਦੇ ਇੱਕ ਹਾਈ ਸਕੂਲ 'ਤੇ ਹਮਲਾ ਕਰਕੇ 25 ਵਿਦਿਆਰਥਣਾਂ ਨੂੰ ਅਗਵਾ ਕਰ ਲਿਆ। ਪੁਲਸ ਨੇ ਕਿਹਾ ਕਿ ਉੱਤਰੀ ਨਾਈਜੀਰੀਆ 'ਚ ਸਕੂਲ ਕਿਡਨੈਪਿੰਗ ਦੀ ਤਾਜ਼ਾ ਘਟਨਾ 'ਚ ਇੱਕ ਸਕੂਲ ਸਟਾਫ਼ ਮੈਂਬਰ ਦੀ ਮੌਤ ਹੋ ਗਈ ਅਤੇ ਇੱਕ ਹੋਰ ਜ਼ਖਮੀ ਹੋ ਗਿਆ। ਉਨ੍ਹਾਂ ਕਿਹਾ ਕਿ ਕੇਬੀ ਰਾਜ ਦੇ ਬੋਰਡਿੰਗ ਸਕੂਲ ਤੋਂ ਕਿਡਨੈਪਿੰਗ ਦੀ ਜ਼ਿੰਮੇਵਾਰੀ ਅਜੇ ਤੱਕ ਕਿਸੇ ਵੀ ਸਮੂਹ ਨੇ ਨਹੀਂ ਲਈ ਹੈ।

ਪੁਲਸ ਦੇ ਅਨੁਸਾਰ, ਇਹ ਘਟਨਾ ਸਥਾਨਕ ਸਮੇਂ ਅਨੁਸਾਰ ਸਵੇਰੇ 4 ਵਜੇ ਵਾਪਰੀ ਅਤੇ ਕੁੜੀਆਂ ਨੂੰ ਉਨ੍ਹਾਂ ਦੇ ਡੌਰਮਿਟਰੀ ਤੋਂ ਅਗਵਾ ਕਰ ਲਿਆ ਗਿਆ। ਪੁਲਸ ਬੁਲਾਰੇ ਨਾਫੀਊ ਅਬੂਬਾਕਰ ਕੋਟਾਰਕੋਸ਼ੀ ਨੇ ਕਿਹਾ ਕਿ ਬੋਰਡਿੰਗ ਸਕੂਲ ਰਾਜ ਦੇ ਡਾਂਕੋ-ਵਾਸਾਗੂ ਖੇਤਰ ਵਿੱਚ ਮਾਗਾ ਵਿੱਚ ਸਥਿਤ ਹੈ। ਕੋਟਾਰਕੋਸ਼ੀ ਨੇ ਕਿਹਾ



ਕਿ ਹਮਲਾਵਰ ਆਧੁਨਿਕ ਹਥਿਆਰਾਂ ਨਾਲ ਲੈਸ ਸਨ ਅਤੇ ਕੁੜੀਆਂ ਨੂੰ ਅਗਵਾ ਕਰਨ ਤੋਂ ਪਹਿਲਾਂ ਸੁਰੱਖਿਆ ਕਰਮਚਾਰੀਆਂ ਨਾਲ ਗੋਲੀਬਾਰੀ ਕੀਤੀ।

ਬੁਲਾਰੇ ਨੇ ਕਿਹਾ ਕਿ ਇੱਕ ਸਾਂਝੀ ਟੀਮ ਸ਼ੱਕੀਆਂ ਦੇ ਭੱਜਣ ਦੇ ਰਸਤਿਆਂ ਅਤੇ ਆਲੇ ਦੁਆਲੇ ਦੇ ਜੰਗਲਾਂ ਵਿੱਚ ਇੱਕ ਤਾਲਮੇਲ ਵਾਲੀ ਖੋਜ ਅਤੇ ਬਚਾਅ ਮੁਹਿੰਮ ਚਲਾ ਰਹੀ ਹੈ, ਜਿਸਦਾ ਉਦੇਸ਼ ਅਗਵਾ ਕੀਤੀਆਂ ਵਿਦਿਆਰਥਣਾਂ ਨੂੰ ਬਚਾਉਣਾ ਅਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨਾ ਹੈ।

# ਫਰਾਂਸ ਤੋਂ 100 ਰਾਫੇਲ ਜਹਾਜ਼ ਖਰੀਦੇਗਾ ਯੂਕਰੇਨ

ਪੈਰਿਸ : ਯੂਕਰੇਨ ਨੇ ਫਰਾਂਸ ਤੋਂ 100 ਰਾਫੇਲ ਲੜਾਕੂ ਜਹਾਜ਼ ਖਰੀਦਣ ਲਈ ਦਿਲਚਸਪੀ ਪੱਤਰ 'ਤੇ ਦਸਤਖਤ ਕੀਤੇ ਹਨ। ਪੈਰਿਸ 'ਚ ਯੂਕਰੇਨ ਦੇ ਦੂਤਾਵਾਸ ਤੇ ਫਰਾਂਸੀਸੀ ਰਾਸ਼ਟਰਪਤੀ ਨੇ ਇਸਦਾ ਐਲਾਨ ਕੀਤਾ। ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਦਫਤਰ ਨੇ ਕਿਹਾ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਤੇ ਫਰਾਂਸੀਸੀ ਰਾਸ਼ਟਰਪਤੀ ਨੇ ਸੋਮਵਾਰ ਨੂੰ ਇਕ ਦਸਤਾਵੇਜ਼ 'ਤੇ ਦਸਤਖਤ ਕੀਤੇ ਜਿਸ 'ਚ ਕਿਹਾ ਗਿਆ ਹੈ ਕਿ ਯੂਕਰੇਨ ਰਾਫੇਲ ਲੜਾਕੂ ਜਹਾਜ਼ਾਂ ਸਮੇਤ



ਫਰਾਂਸੀਸੀ ਰੱਖਿਆ ਉਪਕਰਣ ਖਰੀਦਣ ਦੀ ਸੰਭਾਵਨਾ 'ਤੇ ਵਿਚਾਰ ਕਰ ਰਿਹਾ ਹੈ।

# ਕਿਸਾਨਾਂ ਵੱਲੋਂ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ

## 26 ਨੂੰ ਚੰਡੀਗੜ੍ਹ ਵਿੱਚ ਮਨਾਈ ਜਾਵੇਗੀ ਵਰ੍ਹੇਗੰਢ; ਸਰਕਾਰ ਨਾਲ ਗੱਲਬਾਤ ਲਈ 6 ਮੈਂਬਰੀ ਕਮੇਟੀ ਬਣਾਈ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਵੱਲੋਂ 26 ਨਵੰਬਰ ਨੂੰ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਮੌਕੇ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਵੱਡਾ ਇਕੱਠ ਕੀਤਾ ਜਾਵੇਗਾ। ਇਹ ਫੈਸਲਾ ਅੱਜ ਐੱਸ ਕੇ ਐੱਮ ਆਗੂਆਂ ਵੱਲੋਂ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਬੂਟਾ ਸਿੰਘ ਬੁਰਜਗਿੱਲ, ਜੰਗਵੀਰ ਸਿੰਘ ਚੌਹਾਨ, ਬੂਟਾ ਸਿੰਘ ਸ਼ਾਦੀਪੁਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ ਹੈ। ਇਸ ਦੌਰਾਨ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਪੂਰਾ ਨਾ ਕਰਨ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਦੌਰਾਨ 26 ਨਵੰਬਰ ਦੇ ਅੰਦੋਲਨ ਦੀ ਤਿਆਰੀਆਂ ਲਈ 6 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਮੋਰਚਾ ਦੇ ਸੀਨੀਅਰ ਆਗੂ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਰੁਲਦੂ ਸਿੰਘ ਮਾਨਸਾ ਤੇ ਰਵਨੀਤ ਸਿੰਘ ਬਰਾੜ ਨੂੰ ਸ਼ਾਮਲ ਕੀਤਾ ਗਿਆ ਹੈ। ਇਸ 6 ਮੈਂਬਰੀ ਕਮੇਟੀ ਵੱਲੋਂ ਅੰਦੋਲਨ ਦੀਆਂ ਤਿਆਰੀਆਂ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਸਰਕਾਰ ਨਾਲ ਗੱਲਬਾਤ ਵੀ ਕੀਤੀ ਜਾਵੇਗੀ। ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਦੇ ਆਗੂ ਬੂਟਾ ਸਿੰਘ ਬੁਰਜਗਿੱਲ, ਜੰਗਵੀਰ ਸਿੰਘ ਚੌਹਾਨ, ਬੂਟਾ ਸਿੰਘ ਸ਼ਾਦੀਪੁਰ ਤੇ ਹੋਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੰਨਾ ਕਾਸ਼ਤਕਾਰਾਂ ਦੀਆਂ ਸਮੱਸਿਆਵਾਂ ਨੂੰ ਅਣਗੌਲਿਆਂ ਕਰਕੇ ਪਿਛਲੇ ਸਾਲ ਦੇ 93 ਕਰੋੜ ਰੁਪਏ ਦੇ ਬਕਾਏ ਦਾ ਹਾਲੇ ਤੱਕ ਭੁਗਤਾਨ ਨਹੀਂ ਕੀਤਾ ਹੈ। ਸਰਕਾਰ ਕਿਸਾਨਾਂ ਦੇ ਬਕਾਏ ਦਾ ਤੁਰੰਤ ਭੁਗਤਾਨ ਕਰੇ। ਇਸ ਦੇ ਨਾਲ ਹੀ ਗੰਨੇ ਦਾ ਭਾਅ 500 ਰੁਪਏ ਪ੍ਰਤੀ ਕੁਇੰਟਲ ਕਰੇ। ਮੋਰਚੇ ਵੱਲੋਂ ਗੰਨਾ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ 21 ਨਵੰਬਰ ਨੂੰ ਜਲੰਧਰ ਵਿਖੇ ਅੰਦੋਲਨ ਕੀਤਾ ਜਾਵੇਗਾ। ਜੰਗਵੀਰ ਸਿੰਘ ਚੌਹਾਨ



ਨੇ ਕਿਹਾ ਕਿ ਪਿਛਲੇ ਸਾਲ ਸਰਕਾਰ ਵੱਲੋਂ 6 ਨਵੰਬਰ 2024 ਨੂੰ ਖੰਡ ਮਿੱਲਾਂ ਚਲਾਉਣ ਵਾਸਤੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ ਪਰ ਇਸ ਸਾਲ ਅੱਜ 17 ਨਵੰਬਰ ਹੋਣ ਦੇ ਬਾਵਜੂਦ ਸਰਕਾਰ ਚੁੱਪ ਕਰਕੇ ਬੈਠੀ ਹੈ। ਬੂਟਾ ਸਿੰਘ ਸ਼ਾਦੀਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਪੰਜ ਏਕੜ ਤੱਕ ਦੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ, ਜੋ ਬਹੁਤ ਘੱਟ ਹੈ। ਉਨ੍ਹਾਂ ਮੰਗ ਕੀਤੀ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਝੋਨੇ ਦੀ ਕਿਸਮ ਦੇ ਮੱਧਰਾ ਤੇ ਹਲਦੀ ਰੋਗ ਦੀ ਰੋਗ ਦਾ ਸ਼ਿਕਾਰ ਹੋਣ ਕਰਕੇ ਕਿਸਾਨਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਜਦੋਂ ਕਿ ਮੌਸਮ ਦੀ ਮਾਰ ਕਰਕੇ ਪੰਜਾਬ ਵਿੱਚ ਝੋਨੇ ਦਾ ਝਾੜ 10 ਤੋਂ 12 ਕੁਇੰਟਲ ਘੱਟ ਨਿਕਲਿਆ ਹੈ, ਜਿਸ ਲਈ ਕਿਸਾਨਾਂ ਨੂੰ 500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਜਾਵੇ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕਿਸਾਨ ਅੰਦੋਲਨ ਵੇਲੇ ਕਿਸਾਨਾਂ 'ਤੇ ਦਰਜ ਕੀਤੇ ਪਰਚੇ ਰੱਦ ਕੀਤੇ ਜਾਣ। ਐੱਸ ਕੇ ਐੱਮ ਦੀ ਮੀਟਿੰਗ ਦੌਰਾਨ ਪੰਜਾਬ ਯੂਨੀਵਰਸਿਟੀ ਵਿਖੇ ਸੰਘਰਸ਼ ਕਰ ਰਹੇ ਆਗੂਆਂ ਦੇ ਵਫਦ ਨੇ ਕਿਸਾਨ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਐੱਸ ਕੇ ਐੱਮ ਨੇ ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਹਮਾਇਤ ਕਰਦਿਆਂ ਪੰਜਾਬ ਯੂਨੀਵਰਸਿਟੀ ਤੇ ਹੋਰ ਮਾਹਿਰਾਂ ਨਾਲ ਮੀਟਿੰਗ ਕਰਨ ਵਾਸਤੇ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਸ ਵਿੱਚ ਰਮਿੰਦਰ ਸਿੰਘ ਪਟਿਆਲਾ, ਬਲਵੀਰ ਸਿੰਘ ਰਾਜੇਵਾਲ, ਰਵਨੀਤ ਸਿੰਘ ਬਰਾੜ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਰਮਿੰਦਰ ਸਿੰਘ ਪਟਿਆਲਾ, ਬਲਵਿੰਦਰ ਸਿੰਘ ਮੱਲੀ ਨੰਗਲ, ਪਰਮਿੰਦਰ ਸਿੰਘ ਪਾਲਮਾਜਰਾ, ਡਾ. ਸਤਨਾਮ ਸਿੰਘ ਅਜਨਾਲਾ, ਪ੍ਰਦੀਪ ਸਿੰਘ, ਬਲਕਰਨ ਸਿੰਘ ਬਰਾੜ, ਗੁਰਮੀਤ ਸਿੰਘ ਮਹਿਮਾ, ਬਲਵਿੰਦਰ ਸਿੰਘ ਰਾਜੂ ਔਲਖ, ਹਰਜਿੰਦਰ ਸਿੰਘ ਟਾਂਡਾ, ਬੀਰ ਸਿੰਘ ਬੜਵਾ, ਜਸਵਿੰਦਰ ਸਿੰਘ ਢੇਰ, ਨਿਰਵੈਲ ਸਿੰਘ ਡਾਲੇਕੇ, ਜਸਕਾਰਨ ਸਿੰਘ, ਭੁਪਿੰਦਰ ਸਿੰਘ ਔਲਖ, ਤੇ ਹੋਰ ਮੈਂਬਰ ਮੌਜੂਦ ਰਹੇ।

## SEMINAR ON:

# "FOR A TRUE FEDERALISM"

## - In the Context of Centre-State Relations within the Ambit of the Constitution and Federal Structure

**Venue : Speaker's Hall, Constitution Club of India, Rafi Marg, New Delhi**
**Date : Sunday, 30th November 2025 Time : 4.00 PM - 7.00 pm**

### ਉਦਘਾਟਨ



ਅਲੀ ਅਨਵਰ ਅੰਸਾਰੀ
ਸਾਬਕਾ ਸੰਸਦ ਮੈਂਬਰ (ਆਰ.ਐਸ.)

### ਗੈਸਟ ਆਫ ਆਨਰ



ਗਿਆਨੀ ਹਰਪ੍ਰੀਤ ਸਿੰਘ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

### ਸਵਾਗਤੀ ਭਾਸ਼ਣ



ਕਮਲ ਕਿਸ਼ੋਰ ਕਥੇਰੀਆ
ਆਈਆਰਐਸ (ਸੇਵਾਮੁਕਤ)

### ਵਿਸ਼ੇਸ਼ ਬੁਲਾਰੇ



ਪ੍ਰੋ. ਡਾ. ਐਲ. ਜਵਾਹਰ ਨੇਸਨ
ਸਾਬਕਾ ਵਾਈਸ-ਚਾਂਸਲਰ, ਜੇਐਸਐਸ ਸਾਇੰਸ ਟੈਕਨਾਲੋਜੀ ਯੂਨੀਵਰਸਿਟੀ



ਅਰੁਣ ਮਾਜੀ
ਐਡਵੋਕੇਟ, ਸੁਪਰੀਮ ਕੋਰਟ ਭਾਰਤ



ਗੁਰਤੇਜ ਸਿੰਘ
ਆਈ.ਏ.ਐਸ (ਸੇਵਾਮੁਕਤ)
ਸਿੱਖ ਵਿਦਵਾਨ ਅਤੇ ਰਾਜਨੀਤਿਕ ਲੇਖਕ



ਸ਼ਸ਼ੀ ਸੋਨਾਵਣੇ
ਟਰੇਡ ਯੂਨੀਅਨ ਆਗੂ

### ਪ੍ਰਧਾਨਗੀ



ਸਰਦਾਰ ਜੀਵਨ ਸਿੰਘ
ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ

### ਧੰਨਵਾਦ



ਅਸ਼ੋਕ ਸਿੰਘ
ਐਡਵੋਕੇਟ, ਵੀਪੀ, ਬੀਡੀਪੀ, ਮੱਧ ਪ੍ਰਦੇਸ਼

## Bhaujan Dravida Parth | New Democratic Party of India

For Information & Participation | Email : ashokkumarsaket@gmail.com | Contact : +91 97173-66805

# ਪੰਜਾਬ ਤੋਂ ਸਕਾਟਲੈਂਡ ਲਿਆਂਦੀ ਪੁਰਾਤਨ ਹੱਥ ਲਿਖਤ ਬੀੜ ਦੇ 175 ਸਾਲਾਂ ਬਾਅਦ ਦਰਸ਼ਨ ਕਰਨ ਦੀ ਮਿਲੀ ਇਜਾਜ਼ਤ



ਗਲਾਸਗੋ : ਆਪਣੇ ਰਾਜਭਾਗ ਦੇ ਮਾਲਕ ਰਹੇ ਸਿੱਖਾਂ ਲਈ ਇਸ ਤੋਂ ਵੱਡੀ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਕਦੇ ਅਜਿਹਾ ਵਕਤ ਵੀ ਆਵੇ ਕਿ ਉਹਨਾਂ ਦੀ ਮਲਕੀਅਤ ਵਾਲੇ ਧਾਰਮਿਕ ਗ੍ਰੰਥ ਜਾਂ ਹੋਰ ਵਸਤਾਂ 'ਕਿਸੇ ਹੋਰ ਕੋਲੋਂ' ਇਜਾਜ਼ਤ ਲੈ ਕੇ ਦੇਖਣੀਆਂ ਪੈਣ। ਭਾਰਤ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਬਰਤਾਨਵੀ ਸ਼ਾਸਕਾਂ ਨੇ ਭਾਰਤ ਦੀਆਂ ਇਤਿਹਾਸਿਕ ਤੇ ਅਮੁੱਲੀਆਂ ਵਸਤਾਂ ਹੀ ਬਰਤਾਨੀਆਂ ਵਿੱਚ ਨਹੀਂ ਲਿਆਂਦੀਆਂ ਸਗੋਂ ਧਾਰਮਿਕ ਬੀੜਾਂ ਵੀ ਲੈ ਕੇ ਆਏ। ਸਕਾਟਲੈਂਡ ਦੀ ਐਡਿਨਬਰ ਯੂਨੀਵਰਸਿਟੀ ਵੱਲੋਂ 175 ਸਾਲਾਂ ਬਾਅਦ ਪਹਿਲੀ ਵਾਰ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਗਤ ਦੇ ਦਰਸ਼ਨਾਂ ਲਈ ਯੂਨੀਵਰਸਿਟੀ ਤੋਂ ਬਾਹਰ ਲਿਜਾਣ ਦੀ ਇਜਾਜ਼ਤ ਦਿੱਤੀ ਹੈ। ਜ਼ਿਕਰਯੋਗ ਹੈ ਕਿ ਉਕਤ ਹੱਥ ਲਿਖਤ ਬੀੜ ਦਾ ਸਬੰਧ ਮਹਾਰਾਜਾ ਖੜਕ ਸਿੰਘ ਨਾਲ ਦੱਸਿਆ ਜਾ ਰਿਹਾ ਹੈ। ਇਸ ਪੁਰਾਤਨ ਹੱਥ ਲਿਖਤ ਬੀੜ ਦੀ ਸਿਆਹੀ ਵਿੱਚ ਸੋਨਾ ਵਰਤਿਆ ਗਿਆ ਹੈ। ਮਹਾਰਾਣੀ ਵਿਕਟੋਰੀਆ ਨੂੰ ਕੋਹਿਨੂਰ ਹੀਰਾ ਭੇਟ ਕਰਨ ਵਾਲੇ ਸਰ ਜੋਹਨ ਸਪੈਂਸਰ ਲੋਗਿਨ ਵੱਲੋਂ ਇਹ ਬੀੜ ਯੂਨੀਵਰਸਿਟੀ ਆਫ ਐਡਿਨਬਰਾ ਨੂੰ ਸਪੁਰਦ ਕੀਤੀ ਸੀ। ਕਿਹਾ ਜਾਂਦਾ ਹੈ ਕਿ ਉਕਤ ਪੁਰਾਤਨ ਹੱਥ ਲਿਖਤ ਬੀੜ ਮਹਾਰਾਜਾ ਖੜਕ ਸਿੰਘ ਕੋਲ ਸੀ ਤੇ ਬਰਤਾਨੀਆ ਲਿਆਉਣ ਲਈ ਦੁੱਲੇਵਾਲਾ ਦੇ ਕਿਲੇ 'ਚੋਂ ਆਪਣੇ ਕਬਜ਼ੇ ਵਿੱਚ ਲੈ ਲਈ ਗਈ ਸੀ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਇਸ ਹੱਥ ਲਿਖਤ ਬੀੜ ਉੱਪਰ ਖੋਜ ਹੋ ਰਹੀ ਹੈ ਪਰ ਇਸ ਬੀੜ ਨਾਲ ਮਿਲੇ ਰੋਇਲ ਏਸ਼ੀਆਟਿਕ ਸੋਸਾਇਟੀ ਦੇ 1851 ਦੇ ਪੱਤਰਾਂ ਵਿੱਚੋਂ ਵੀ ਬਹੁਤ ਜਾਣਕਾਰੀ ਪ੍ਰਾਪਤ ਹੋਈ ਹੈ।

ਬੀਤੇ ਦਿਨੀ ਇਸ ਬੀੜ ਨੂੰ ਐਡਿਨਬਰਾ ਦੇ ਸ਼ੈਰਿਫ ਬਰੇਅ ਗੁਰਦੁਆਰਾ ਸਾਹਿਬ ਲੀਥ ਵਿਖੇ ਸੰਗਤ ਦੇ ਦਰਸ਼ਨਾਂ ਲਈ ਲਿਆਂਦਾ ਗਿਆ ਸੀ। ਕਿਸੇ ਵੇਲੇ ਖਾਲਸਾ ਰਾਜ ਦੀ ਸੰਪਤੀ ਰਹੀ ਉਕਤ ਬੀੜ ਨੂੰ ਹੁਣ 175 ਸਾਲਾਂ ਬਾਅਦ ਵਿਸ਼ੇਸ਼ ਇਜਾਜ਼ਤ ਦੇ ਕੇ ਮਹਿਜ ਕੁਝ ਘੰਟਿਆਂ ਲਈ ਹੀ ਯੂਨੀਵਰਸਿਟੀ ਤੋਂ ਬਾਹਰ ਲਿਆਉਣ ਦੀ ਆਗਿਆ ਮਿਲੀ ਸੀ। ਗੁਰੂ ਘਰ ਕਮੇਟੀ ਤੇ ਸੰਗਤਾਂ ਵੱਲੋਂ ਬਹੁਤ ਹੀ ਸਤਿਕਾਰ ਸਹਿਤ ਪੁਰਾਤਨ ਹੱਥ ਲਿਖਤ ਬੀੜ ਨੂੰ ਗੁਰਦੁਆਰਾ ਸਾਹਿਬ ਲਿਆਂਦਾ ਗਿਆ ਤੇ ਗਿਆਨੀ ਹਿੰਮਤ ਸਿੰਘ ਜੀ ਉਹਨਾਂ ਇਤਿਹਾਸਿਕ ਪਲਾਂ ਦੇ ਗਵਾਹ ਬਣੇ ਜਦੋਂ ਉਹਨਾਂ ਨੇ ਇਸ ਬੀੜ ਦਾ ਪ੍ਰਕਾਸ਼ ਕਰਕੇ ਸੰਗਤ ਲਈ ਵਾਕ ਲਏ। ਇਸ ਸਮੇਂ ਦਾ ਮਾਹੌਲ ਬਹੁਤ ਹੀ ਭਾਵਕ ਕਰਨ ਵਾਲਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਦੇਖ ਕੇ ਬਹੁਤ ਸਾਰੀਆਂ ਸੰਗਤਾਂ ਦੀਆਂ ਅੱਖਾਂ ਦੇ ਕੋਏ ਵੀ ਗਿੱਲੇ ਹੋਏ ਦੇਖੇ ਗਏ। ਇਸ ਸੰਬੰਧੀ ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਟਰਸਟੀ ਸਰਦਾਰ ਸੁਰਜੀਤ ਸਿੰਘ ਚੌਧਰੀ ਨੇ ਗੱਲਬਾਤ ਦੌਰਾਨ ਗਲਾਸਗੋ ਦੀਆਂ ਸੰਗਤਾਂ ਨੂੰ ਯਕੀਨ ਦਵਾਇਆ ਕਿ ਬਹੁਤ ਜਲਦੀ ਉਕਤ ਪੁਰਾਤਨ ਹੱਥ ਲਿਖਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗਲਾਸਗੋ ਵਿਖੇ ਵੀ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦੀ ਜਾਵੇਗੀ।

## ਤੂੰਬੀ ਨਾਲ ਗੁਰਬਾਣੀ ਦਾ ਪ੍ਰਚਾਰ ਕਰਨ ਵਾਲੇ ਭਾਈ ਰਸ਼ਪਾਲ ਸਿੰਘ ਦਾ ਇਟਲੀ 'ਚ ਦੇਹਾਂਤ



ਨੋਵੇਲਾਰਾ : 'ਮਾਵਾਂ ਪਿੱਪਲਾਂ ਤੋਂ ਠੰਡੀਆਂ ਛਾਵਾਂ'...ਜਦੋਂ ਇਹ ਬੋਲ ਤੂੰਬੀ ਦੀ ਧੁੰਨ ਨਾਲ ਭਾਈ ਰਸ਼ਪਾਲ ਸਿੰਘ ਬੋਲਦੇ ਤਾਂ ਜਾਣੋ ਸਮਾਂ ਹੀ ਖੜ੍ਹ ਜਾਂਦਾ ਸੀ। ਉਹ ਤੂੰਬੀ ਅਤੇ ਆਪਣੀ ਮਧੁਰ ਆਵਾਜ਼ ਨਾਲ ਸਰੋਤਿਆਂ ਨੂੰ ਧੁਰ ਅੰਦਰ ਤੱਕ ਬੰਨ੍ਹ ਦਿੰਦੇ ਸਨ ਪਰ ਅਫ਼ਸੋਸ ਹੁਣ ਸਿੱਖ ਸੰਗਤਾਂ ਨੂੰ ਨਾ ਇਹ ਆਵਾਜ਼ ਸੁਣੇਗੀ ਅਤੇ ਨਾਂ ਹੀ ਤੂੰਬੀ ਦੀ ਧੁੰਨ। ਕਿਉਂਕਿ ਭਾਈ ਰਸ਼ਪਾਲ ਸਿੰਘ ਬੀਤੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਪੂਰੀ ਕਰਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹਨਾਂ ਨਮਿਤ ਅੰਤਿਮ ਅਰਦਾਸ ਇਮੀਲੀਆ ਰੋਮਾਨਾ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸਿੰਘ ਸਭਾ ਨੋਵੇਲਾਰਾ (ਰਿਜੋਇਮੀਲੀਆ) ਵਿਖੇ ਕੀਤੀ ਗਈ। ਇਸ ਵਿੱਚ ਸਮੁੱਚੀ ਸਿੱਖ ਸੰਗਤਾਂ ਨੇ ਭਾਈ ਰਸ਼ਪਾਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਭਾਈ ਰਸ਼ਪਾਲ ਸਿੰਘ, ਜਿਹਨਾਂ ਗੁਰਦੁਆਰਾ ਸਾਹਿਬ ਸਿੰਘ ਸਭਾ ਨੋਵੇਲਾਰਾ ਦੀ ਸਥਾਪਨਾ ਵਿੱਚ ਵੀ ਸੇਵਾ ਨਿਭਾਈ, ਨਵਾਂਸ਼ਹਿਰ ਦੇ ਪਿੰਡ ਸੋਨਾ (ਸ਼ਹੀਦ ਭਗਤ ਸਿੰਘ ਨਗਰ) ਨਾਲ ਸਬੰਧਤ ਸਨ। 1980 ਦੇ ਦਹਾਕੇ ਵਿੱਚ ਉਹ ਇੱਥੇ ਆਏ। ਪਹਿਲਾਂ ਉਹਨਾਂ ਇਰਾਕ, ਜਰਮਨ ਅਤੇ ਫਰਾਂਸ ਵਿੱਚ ਵੀ ਕੰਮ ਕੀਤਾ ਪਰ ਜਦੋਂ ਉਹ ਇਟਲੀ ਆ ਗਏ ਤਾਂ ਫਿਰ ਪਿੱਛਾ ਮੁੜ ਨਹੀਂ ਦੇਖਿਆ। ਦ੍ਰਿੜ੍ਹ ਇਰਾਦੇ ਅਤੇ ਸਖ਼ਤ ਮਿਹਨਤ ਮੁਸ਼ੱਕਤ ਨਾਲ ਜਿੱਥੇ ਉਹਨਾਂ ਆਪਣੇ ਆਪ ਨੂੰ ਸਥਾਪਿਤ ਕੀਤਾ, ਉੱਥੇ ਉਹਨਾਂ ਗੁਰਬਾਣੀ ਅਤੇ ਗੁਰਘਰ ਪ੍ਰਤੀ ਸ਼ਰਧਾ ਨੂੰ ਰਤਾ ਵੀ ਘੱਟਣ ਨਹੀਂ ਦਿੱਤਾ। ਤੂੰਬੀ ਦੀ ਧੁੰਨ ਨਾਲ ਉਹਨਾਂ ਧੁਰ ਕੀ ਬਾਣੀ ਦੇ ਅਜਿਹੇ ਰਾਗ ਅਲਾਪਣੇ ਕਿ ਸੰਗਤਾਂ ਭਗਤੀ ਰਸ ਵਿੱਚ ਰਮ ਜਾਂਦੀਆਂ ਸਨ। ਭਾਈ ਰਸ਼ਪਾਲ ਸਿੰਘ ਹੁਰਾਂ ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਸਿੱਖ ਸਮਾਜ ਨੂੰ ਵੀ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਯੂ.ਕੇ. ਅਤੇ ਭਾਰਤ ਦੇ ਸੰਬੰਧਾਂ ਨੂੰ ਬਿਹਤਰ ਬਣਾਉਣ ਲਈ ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਵਲੋਂ ਸਮਾਗਮ

ਲੰਡਨ : ਯੂ.ਕੇ. ਅਤੇ ਭਾਰਤ ਦੇ ਬਿਹਤਰ ਰਿਸ਼ਤਿਆਂ ਨੂੰ ਲੈ ਕੇ ਬਰਤਾਨੀਆਂ ਦੇ ਵਿਦੇਸ਼ ਮੰਤਰਾਲੇ ਵਲੋਂ ਲੈਂਕਾਸਟਰ ਹਾਊਸ ਲੰਡਨ ਵਿਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿਚ ਉੱਪ ਪ੍ਰਧਾਨ ਮੰਤਰੀ ਡੇਵਿਡ ਲੈਮੀ, ਡਿਊਕ ਆਫ ਈਡਨਬਰਗ ਰਾਜਕੁਮਾਰ ਐਡਵਰਡ, ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਭਾਰਤੀ ਹਾਈਕਮਿਸ਼ਨ ਦੇ ਉੱਚ ਅਧਿਕਾਰੀ, ਭਾਈ ਸਾਹਿਬ ਭਾਈ ਮਹਿੰਦਰ ਸਿੰਘ, ਯੂਨਾਈਟਿਡ ਸਿਖਸ ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ, ਲਾਰਡ ਬਿਲਕਮੋਰੀਆ, ਸਾਬਕਾ ਐਮ.ਪੀ. ਵਰਿੰਦਰ ਸ਼ਰਮਾ, ਅਦਾਕਾਰ ਅਤੇ ਲੇਖਿਕਾ ਮੀਰਾ ਸਿਆਲ, ਭਾਰਤੀ ਵਿਦਿਆ ਭਵਨ ਤੋਂ ਸ੍ਰੀ ਨੰਦਾ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਉੱਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨੇ ਭਾਰਤ ਅਤੇ ਯੂ.ਕੇ. ਦੇ ਬਿਹਤਰ ਰਿਸ਼ਤਿਆਂ ਅਤੇ ਮੁਕਤ ਵਪਾਰ ਸਮਝੌਤਿਆਂ ਦੀ ਪ੍ਰਸੰਸਾ ਕੀਤੀ। ਉਨ੍ਹਾਂ ਭਾਰਤੀ ਭਾਈਚਾਰੇ ਵਲੋਂ ਬਰਤਾਨੀਆਂ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਵੀ ਕੀਤੀ। ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ ਅਤੇ ਹੋਰ ਬੁਲਾਰਿਆਂ ਨੇ ਦੋਵਾਂ ਦੇਸ਼ਾਂ ਦੇ ਚੰਗੇ ਭਵਿੱਖ ਲਈ ਆ ਰਹੇ ਮੌਕਿਆਂ ਦੀ ਗੱਲ ਕੀਤੀ। ਇਸ ਮੌਕੇ ਭਾਰਤੀ ਕਲਾ ਨ੍ਰਿਤਾਂ ਦੀਆਂ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ।



ਰਾਜ ਕੁਮਾਰ ਐਡਵਰਡ ਨਾਲ ਨਰਪਿੰਦਰ ਕੌਰ ਮਾਨ, ਉਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨਾਲ ਮੀਰਾ ਸਿਆਲ ਤੇ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਤੇ ਹੋਰ।

## ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਹੈ : ਨੂਰ ਹੁਸੈਨ

### ਕਿਹਾ, ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹਾਂ



ਅਟਾਰੀ ਸਰਹੱਦ : ਭਾਰਤੀ ਸਿੱਖ ਜਥੇ ਵਿਚ ਸ਼ਾਮਿਲ ਹੋ ਕੇ ਪਾਕਿਸਤਾਨ ਗਈ ਸਰਬਜੀਤ ਕੌਰ, ਜਿਸ ਨੇ ਹਾਲ ਹੀ ਵਿਚ 6 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਭੱਜ ਕੇ ਪਾਕਿਸਤਾਨੀ ਨਾਗਰਿਕ ਨਾਸਿਰ ਹੁਸੈਨ ਨਾਲ ਵਿਆਹ ਕੀਤਾ ਹੈ, ਨੇ ਸ਼ੇਖੂਪੁਰਾ ਪਾਕਿਸਤਾਨ ਦੀ ਇਕ ਅਦਾਲਤ ਨੂੰ ਦੱਸਿਆ ਕਿ ਉਸਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਹੈ ਅਤੇ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ। ਅਦਾਲਤੀ ਰਿਕਾਰਡ ਦਰਸਾਉਂਦੇ ਹਨ ਕਿ ਉਸਨੇ ਨੂਰ ਨਾਮ ਅਪਣਾਇਆ ਅਤੇ 5 ਨਵੰਬਰ ਨੂੰ ਫਾਰੂਕਾਬਾਦ ਵਿਚ ਦਸ ਹਜ਼ਾਰ ਰੁਪਏ ਦੇ ਦਾਜ ਨਾਲ ਵਿਆਹ ਕੀਤਾ। ਉਹ 4 ਨਵੰਬਰ ਨੂੰ ਇਕ ਸਿੱਖ ਸ਼ਰਧਾਲੂਆਂ ਦੇ ਸਮੂਹ ਨਾਲ ਆਈ ਸੀ ਪਰ ਯਾਤਰਾ ਤੋਂ ਵੱਖ ਹੋ ਗਈ। ਉਸਦਾ ਵੀਜ਼ਾ 13 ਨਵੰਬਰ ਨੂੰ ਖ਼ਤਮ ਹੋ ਗਿਆ ਸੀ ਅਤੇ ਅਧਿਕਾਰੀ ਫ਼ੈਸਲਾ ਕਰਨਗੇ ਕਿ ਉਹ ਪਾਕਿਸਤਾਨ 'ਚ ਰਹੇਗੀ ਜਾਂ ਭਾਰਤ ਵਾਪਸ ਆਵੇਗੀ। ਇਸ ਸੰਬੰਧੀ ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਦੀ ਪਹਿਲੀ ਤਸਵੀਰ ਵੀ ਸ਼ੇਖੂਪੁਰਾ ਅਦਾਲਤ 'ਚੋਂ ਸਾਹਮਣੇ ਆਈ ਵੇਖੀ ਜਾ ਸਕਦੀ ਹੈ।

## ਮੈਕਸੀਕੋ ਸਿਟੀ 'ਚ 'ਜੈਨ. ਜ਼ੀ.' ਵਿਰੋਧ ਪ੍ਰਦਰਸ਼ਨ ਤੇਜ਼



ਮੈਕਸੀਕੋ ਸਿਟੀ : ਅਪਰਾਧ ਤੇ ਭ੍ਰਿਸ਼ਟਾਚਾਰ ਵਿਰੁੱਧ 'ਜੈਨ ਜ਼ੀ.' ਵੱਲੋਂ ਬੁਲਾਏ ਗਏ ਪ੍ਰਦਰਸ਼ਨ ਦੇ ਸਮਰਥਨ 'ਚ ਹਜ਼ਾਰਾਂ ਲੋਕ ਮੈਕਸੀਕੋ 'ਚ ਸੜਕਾਂ 'ਤੇ ਉਤਰ ਆਏ। ਵਿਰੋਧ ਪ੍ਰਦਰਸ਼ਨਾਂ ਨੂੰ ਵੱਖ-ਵੱਖ ਉਮਰ ਸਮੂਹਾਂ ਤੇ ਵਿਰੋਧੀ ਪਾਰਟੀਆਂ ਦੇ ਲੋਕਾਂ ਨੇ ਵੀ ਸਮਰਥਨ ਦਿੱਤਾ। ਪ੍ਰਦਰਸ਼ਨ ਦੌਰਾਨ ਕੁਝ ਨੌਜਵਾਨਾਂ ਦੀ ਪੁਲਿਸ ਨਾਲ ਝੜਪ ਹੋਈ। ਪ੍ਰਦਰਸ਼ਨਕਾਰੀਆਂ ਨੇ ਪੱਥਰਾਂ, ਪਟਾਕਿਆਂ, ਡੰਡਿਆਂ ਤੇ ਜ਼ੰਜੀਰਾਂ ਨਾਲ ਪੁਲਿਸ 'ਤੇ ਹਮਲਾ ਕੀਤਾ ਤੇ ਪੁਲਿਸ ਦੀਆਂ ਢਾਲਾਂ ਤੇ ਹੋਰ ਉਪਕਰਣ ਜ਼ਬਤ ਕਰ ਲਏ। ਰਾਜਧਾਨੀ ਦੇ ਸੁਰੱਖਿਆ ਸਕੱਤਰ ਪਾਬਲੋ ਵਾਜ਼ਕੇਜ਼ ਨੇ ਕਿਹਾ ਕਿ 120 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ 'ਚੋਂ 100 ਪੁਲਿਸ ਅਧਿਕਾਰੀ ਹਨ। ਇਸ ਘਟਨਾ ਦੇ ਸੰਬੰਧ 'ਚ ਵੀਹ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। 1990 ਦੇ ਦਹਾਕੇ ਦੇ ਅਖੀਰ ਤੇ 2010 ਦੇ ਦਹਾਕੇ ਦੇ ਸ਼ੁਰੂ 'ਚ ਪੈਦਾ ਹੋਏ ਲੋਕਾਂ ਨੇ ਇਸ ਸਾਲ ਕਈ ਦੇਸ਼ਾਂ ਵਿਚ ਅਸਮਾਨਤਾ, ਲੋਕਤੰਤਰੀ ਗਿਰਾਵਟ ਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਪ੍ਰਦਰਸ਼ਨ ਕੀਤਾ ਹੈ। ਮੈਕਸੀਕੋ ਦੇ ਬਹੁਤ ਸਾਰੇ ਨੌਜਵਾਨ ਕਹਿੰਦੇ ਹਨ ਕਿ ਉਹ ਭ੍ਰਿਸ਼ਟਾਚਾਰ ਤੇ ਹਿੰਸਕ ਅਪਰਾਧਾਂ ਲਈ ਸਜ਼ਾ ਤੋਂ ਮੁਕਤੀ ਵਰਗੀਆਂ ਪ੍ਰਣਾਲੀਗਤ ਸਮੱਸਿਆਵਾਂ ਤੋਂ ਨਿਰਾਸ਼ ਹਨ। ਵੱਖ-ਵੱਖ ਉਮਰ ਸਮੂਹਾਂ ਦੇ ਲੋਕਾਂ ਨੇ ਨੌਜਵਾਨਾਂ ਵਲੋਂ ਸਪਾਂਸਰ ਕੀਤੇ ਗਏ ਵਿਰੋਧ ਪ੍ਰਦਰਸ਼ਨਾਂ 'ਚ ਹਿੱਸਾ ਲਿਆ। ਸਾਬਕਾ ਰਾਸ਼ਟਰਪਤੀ ਵਿਸੇਂਟ ਫੌਕਸ ਤੇ ਮੈਕਸੀਕਨ ਅਰਬਪਤੀ ਰਿਕਾਰਡੋ ਸੈਲੀਨਾਸ ਪਲੀਗੋ ਨੇ ਵਿਰੋਧ ਪ੍ਰਦਰਸ਼ਨਾਂ ਲਈ ਸਮਰਥਨ ਦੇ ਸੁਨੇਹੇ ਸਾਂਝੇ ਕੀਤੇ।

# ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ’ਤੇ ਚੱਲ ਕੇ ਦੇਸ਼ ਕਰ ਰਿਹੈ ਤਰੱਕੀ : ਮਨੋਜ ਸਿਨ੍ਹਾ

## ਗੁਰਦੁਆਰਾ ਮਟਨ ਸਾਹਿਬ ਕਸ਼ਮੀਰ ਤੋਂ ਆਰੰਭ ਹੋਇਆ ਨਗਰ ਕੀਰਤਨ





ਜੰਮੂ : ਵਿਸ਼ਵ ’ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਕੋਈ ਮਿਸਾਲ ਨਹੀ ਮਿਲਦੀ, ਜਿਨ੍ਹਾਂ ਨੇ ਕਿਸੇ ਹੋਰ (ਹਿੰਦੂ) ਧਰਮ ਦੀ ਰੱਖਿਆ ਅਤੇ ਧਾਰਮਿਕ ਅਜ਼ਾਦੀ ਲਈ ਆਪਣਾ ਬਲੀਦਾਨ ਦਿੱਤਾ ਹੋਵੇ। ਇਸ ਤਰ੍ਹਾਂ ਗੁਰੂ ਜੀ ਨੇ ਦੂਸਰਿਆਂ ਦੇ ਧਰਮ ਨੂੰ ਬਚਾਉਣ ਖਾਤਰ ਆਪਣੀ ਸ਼ਹਾਦਤ ਤਾਂ ਦਿੱਤੀ ਪਰ ਆਪਣੇ ਧਰਮ ’ਚ ਅਡੋਲ ਰਹੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨ੍ਹਾ ਨੇ ਕਰਦਿਆਂ ਕਿਹਾ ਕਿ ਜੇਕਰ ਤਿਆਗ, ਬਲੀਦਾਨ ਅਤੇ ਪਰਉਪਕਾਰ ਦੀ ਭਾਵਨਾ ਨੂੰ ਸਮਝਣਾ ਹੋਵੇ ਤਾਂ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਪੜ੍ਹਨਾ ਬੇਹੱਦ ਜ਼ਰੂਰੀ ਹੈ। ਮਨੋਜ ਸਿਨ੍ਹਾ ਅੱਜ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁ: ਗੁਰੂ ਨਾਨਕ ਦੇਵ, ਮਟਨ ਸਾਹਿਬ (ਕਸ਼ਮੀਰ) ਤੋਂ ਸਜਾਏ ਗਏ ‘ਪੁਕਾਰ ਦਿਵਸ’ ਨਗਰ ਕੀਰਤਨ ਦੇ ਦੂਜੇ ਪੜਾਅ ’ਚ ਡਿਗਿਆਨਾ ਆਸ਼ਰਮ ਜੰਮੂ ਵਿਖੇ ਕਰਵਾਏ ਗਏ ਰਵਾਨਗੀ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰ ਰਹੇ ਸਨ। ਨਗਰ ਕੀਰਤਨ ਦੇਰ ਸ਼ਾਮ ਡਿਗਿਆਨਾ ਆਸ਼ਰਮ ਜੰਮੂ ਵਿਖੇ ਪਹੁੰਚਿਆ ਸੀ, ਜਿਥੇ ਰਾਤ ਵਿਸ਼ਰਾਮ ਕਰਨ ਮਗਰੋਂ ਅੱਜ ਸਵੇਰੇ ਅਗਲੇ ਪੜਾਅ ਗੁ: ਬਾਠ ਸਾਹਿਬ ਪਠਾਨਕੋਟ ਲਈ ਰਵਾਨਾ ਹੋਇਆ। ਇਸ ਦੌਰਾਨ ਵੱਡੀ ਗਿਣਤੀ ’ਚ ਹਾਜ਼ਰ ਸੰਗਤ ਨੇ ਫੁੱਲਾਂ ਦੀ ਵਰਖਾ ਕੀਤੀ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਜੈਕਾਰੇ ਲਾ ਕੇ ਅਲੌਕਿਕ ਮਾਹੌਲ ਸਿਰਜ ਦਿੱਤਾ। ਇਸ ਦੌਰਾਨ ਸਮਾਗਮ ’ਚ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰਨ ਪਹੁੰਚੇ ਉਪ ਰਾਜਪਾਲ ਮਨੋਜ ਸਿਨ੍ਹਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨ ਨੇ ਜਬਰ ਅਤੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਆਪਣੀ ਸ਼ਹਾਦਤ ਦੇ ਕੇ ਮਜ਼ਲੂਮਾਂ ਦੀ ਰੱਖਿਆ ਕੀਤੀ। ਉਨ੍ਹਾਂ ਕਿਹਾ ਕਿ ਦੁਨੀਆ ਦੇ ਇਤਿਹਾਸ ਅੰਦਰ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਹੋਰ ਦੇ ਧਰਮ ਦੀ ਰਖਵਾਲੀ ਲਈ ਸ਼ਹਾਦਤ ਦਿੱਤੀ ਗਈ ਹੋਵੇ। ਉਨ੍ਹਾਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੇਸ਼ ਦੇ ਵੱਖ-ਵੱਖ ਸੂਬਿਆਂ ’ਚ ਕੀਤੇ ਜਾ ਰਹੇ ਸਮਾਗਮ ਗੁਰੂ ਸਾਹਿਬ ਦੀ ਕੁਰਬਾਨੀ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸਹਾਈ ਹੋਣਗੇ। ਉਨ੍ਹਾਂ ਜੰਮੂ-ਕਸ਼ਮੀਰ ਤੋਂ ਨਗਰ ਕੀਰਤਨ ਸਜਾਉਣ ਦੇ ਫ਼ੈਸਲੇ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣਾ ਸੁਭਾਗ ਸਮਝਦੇ ਹਨ ਕਿ ਉਨ੍ਹਾਂ ਨੂੰ ਇਸ ਇਤਿਹਾਸਕ ਨਗਰ ਕੀਰਤਨ ਮੌਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਸਮੁੱਚੀ ਲੋਕਾਈ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਦੇਸ਼ ਗੁਰੂ ਸਾਹਿਬਾਨ ਦੇ ਮਾਰਗਦਰਸ਼ਨ ਅਨੁਸਾਰ ਤਰੱਕੀ ਕਰ ਰਿਹਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਮਨੋਜ ਸਿਨ੍ਹਾ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਮੈਂਬਰ ਸੁਰਜੀਤ ਸਿੰਘ ਤੁਗਲਵਾਲ ਅਤੇ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ, ਸੁਖਵਰਸ ਸਿੰਘ ਪੰਨੂ ਤੇ ਮਹੰਤ ਮਨਜੀਤ ਸਿੰਘ ਨੇ ਸਨਮਾਨਿਤ ਕੀਤਾ। ਇਸ ਮੌਕੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਦੇਸ਼ ਦੇ ਲੋਕਾਂ ਨੂੰ ਧਾਰਮਿਕ ਅਜ਼ਾਦੀ ਨਾਲ ਜੀਊਣ ਦਾ ਹੱਕ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਦੀ 350 ਸਾਲਾ ਸ਼ਤਾਬਦੀ ਮੌਕੇ ਗੁਰੂ ਸਾਹਿਬ ਦੇ ਪਰਉਪਕਾਰਾਂ ਨੂੰ ਯਾਦ ਕਰਨਾ ਹਰ ਸਿੱਖ ਦਾ ਫਰਜ਼ ਹੈ। ਉਨ੍ਹਾਂ ਇਸ ਇਤਿਹਾਸਕ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਜੰਮੂ-ਕਸ਼ਮੀਰ ਦੇ ਉਪ ਰਾਜਪਾਲ, ਸਰਕਾਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਧੰਨਵਾਦ ਵੀ ਕੀਤਾ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜਾਏ ਗਏ ਧਾਰਮਿਕ ਦੀਵਾਨ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਭਿੰਦਰ ਸਿੰਘ ਅਤੇ ਭਾਈ ਮਨਦੀਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਮਹੰਤ ਮਨਜੀਤ ਸਿੰਘ ਨੇ ਕੀਤੀ। ਜਥੇਦਾਰ ਗਿਆਨੀ ਟੇਕ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁੰਦਰ ਪਾਲਕੀ ਸਾਹਿਬ ’ਚ ਸੁਸ਼ੋਭਿਤ ਕਰਨ ਦੀ ਸੇਵਾ ਨਿਭਾਈ। ਸੰਗਤ ਵਲੋਂ ਵੱਖ-ਵੱਖ ਥਾਵਾਂ ’ਤੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਗੁਰਨਾਮ ਸਿੰਘ, ਸੁਖਬੀਰ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸਤਨਾਮ ਸਿੰਘ ਰਿਆੜ, ਜਗਦੀਸ਼ ਸਿੰਘ ਬੁੱਟਰ ਚੀਫ਼ ਇੰਸਪੈਕਟਰ, ਜੰਮੂ ਕਸ਼ਮੀਰ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਅਜੀਤ ਸਿੰਘ, ਪ੍ਰੀਤੀ ਸਪਰੂ, ਪ੍ਰਧਾਨ ਜਸਪਾਲ ਸਿੰਘ ਊਧਮਪੁਰ, ਨਰਿੰਦਰ ਸਿੰਘ ਪੁਣਛ, ਦੀਦਾਰ ਸਿੰਘ, ਪ੍ਰੋ: ਹਰਦਿਆਲ ਸਿੰਘ, ਨਾਨਕ ਸਿੰਘ ਅਨੰਤਨਾਗ, ਕੁਲਵੰਤ ਸਿੰਘ ਪੁਲਵਾਮਾ, ਦਰਬਾਰੀ ਸਿੰਘ ਕੁਲਗਾਮ, ਹਿੰਦੂ ਭਾਈਚਾਰੇ ਤੋਂ ਰਾਜੇਸ਼ ਗੁਪਤਾ, ਨਿਧੀ ਡੋਗਰਾ, ਡਵੀਜ਼ਨਲ ਕਮਿਸ਼ਨਰ ਜੰਮੂ ਰਮੇਸ਼ ਕੁਮਾਰ, ਵਿਕਰਮਜੀਤ ਸਿੰਘ (ਆਈ.ਪੀ.ਐਸ.), ਰਾਜੇਸ਼ ਕੁਮਾਰ ਮਿਨਹਾਸ (ਆਈ.ਏ.ਐਸ.), ਸ਼ਿਵ ਕੁਮਾਰ (ਆਈ.ਪੀ.ਐਸ.), ਐਸ. ਐਸ. ਪੀ. ਜੋਗਿੰਦਰ ਸਿੰਘ, ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ, ਕੋਆਰਡੀਨੇਟਰ ਭਾਈ ਜਗਤਾਰ ਸਿੰਘ, ਸੁਪਰਵਾਈਜ਼ਰ ਹਰਭਜਨ ਸਿੰਘ, ਭੁਪਿੰਦਰ ਸਿੰਘ ਬੁੱਟਰ, ਮੋਹਨ ਸਿੰਘ, ਜਗਤਾਰ ਸਿੰਘ ਖੋਦੇਬੇਟ, ਸਰਬਜੀਤ ਸਿੰਘ ਰਮਦਾਸ, ਜਗਦੀਪ ਸਿੰਘ ਮਾਛੀਨੰਗਲ ਸਮੇਤ ਵੱਡੀ ਗਿਣਤੀ ’ਚ ਸੰਗਤ ਹਾਜ਼ਰ ਸੀ।

# ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਸ੍ਰੀ ਅਨੰਦਪੁਰ ਸਾਹਿਬ ਵਿਖੇ 35 ਹਜ਼ਾਰ ਸਹਿਜ ਪਾਠਾਂ ਦੇ ਭੋਗ ਪਏ



ਸ੍ਰੀ ਅਨੰਦਪੁਰ ਸਾਹਿਬ : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ 35 ਹਜ਼ਾਰ ਸਹਿਜ ਪਾਠਾਂ ਦੇ ਸਮੂਹਿਕ ਰੂਪ ਵਿਚ ਭੋਗ ਪਾਏ ਗਏ, ਜੋ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਲੋਂ ਰੱਖੇ ਗਏ ਸਨ। ਇਸ ਮੌਕੇ ਵਿਸ਼ਾਲ ਗੁਰਮਤਿ ਸਮਾਗਮ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ। ਕਾਲਜ ਦੇ ਵਿਸ਼ਾਲ ਮੈਦਾਨ ਵਿਚ ਸਜੇ ਪੰਡਾਲ ’ਚ ਸਮਾਗਮ ਦੌਰਾਨ ਰਾਗੀ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥਿਆਂ ਨੇ ਵੀ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਰੇਕ ਸਿੱਖ ਨੂੰ ਜੀਵਨ ਵਿਚ ਵੱਧ ਤੋਂ ਵੱਧ ਸਹਿਜ ਪਾਠ ਕਰਕੇ ਗੁਰਬਾਣੀ ਨੂੰ ਜੀਵਨ ਵਿਚ ਧਾਰਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਮੌਕੇ 23 ਨਵੰਬਰ ਤੋਂ 29 ਨਵੰਬਰ ਤੱਕ ਆਪਣੇ ਘਰਾਂ, ਵਪਾਰਕ ਅਦਾਰਿਆਂ ਅਤੇ ਹੋਰ ਥਾਵਾਂ ’ਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾਏ ਜਾਣ ਤਾਂ ਜੋ ਦੁਨੀਆ ਨੂੰ ਇਹ ਦੱਸਿਆ ਜਾ ਸਕੇ ਕਿ ਅੱਜ ਵਿਸ਼ਵ ਭਰ ਵਿਚ ਸਿੱਖ ਕੌਮ ਦਾ ਜੋ ਨਿਆਰਾ ਜਾਹੋ-ਜਲਾਲ ਹੈ, ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੇ ਸਦਕਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿਚ ਆਪਣੇ ਧਰਮ ਦੀ ਖ਼ਾਤਰ ਕੁਰਬਾਨ ਹੋਣ ਵਾਲੇ ਅਨੇਕਾਂ ਰਹਿਬਰ ਮਿਲ ਜਾਣਗੇ ਪਰ ਦੂਜਿਆਂ ਦੇ ਵਿਸ਼ਵਾਸਾਂ ਦੀ ਰੱਖਿਆ ਲਈ ਮਹਾਨ ਸ਼ਹਾਦਤ ਦੇਣ ਵਾਲੇ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਪਰਮਜੀਤ ਸਿੰਘ ਲੱਖੇਵਾਲ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਨਿਹਾਲ ਸਿੰਘ ਬਾਬਾ ਬਿਧੀ ਚੰਦ ਸੰਪਰਦਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ, ਪ੍ਰਿੰਸੀਪਲ ਜਸਬੀਰ ਸਿੰਘ, ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਮੈਨੇਜਰ ਨਰਿੰਦਰ ਸਿੰਘ ਭਵਾਨੀਗੜ੍ਹ, ਸਹਿਜ ਪਾਠ ਸੇਵਾ ਸੰਸਥਾ ਤੋਂ ਭਾਈ ਜਗਰੂਪ ਸਿੰਘ, ਭਾਈ ਰਾਜਪਾਲ ਸਿੰਘ, ਦਵਿੰਦਰ ਸਿੰਘ ਚੀਫ਼, ਪਿ੍ਰੰਸੀਪਲ ਚਰਨਜੀਤ ਸਿੰਘ, ਭਾਈ ਗੁਰਮੀਤ ਸਿੰਘ ਬੜੂ ਸਾਹਿਬ, ਭਗਤ ਸਿੰਘ ਚਨੌਲੀ, ਸੁਰਿੰਦਰ ਸਿੰਘ ਮਟੌਰ, ਹਰਦੇਵ ਸਿੰਘ ਦੇਬੀ, ਬਾਬਾ ਸਰੂਪ ਸਿੰਘ ਡੂਮੇਵਾਲ, ਜਸਵਿੰਦਰ ਸਿੰਘ ਮੀਰਪੁਰ, ਹਰਜਿੰਦਰ ਸਿੰਘ ਭਾਓਵਾਲ, ਭਾਈ ਬਲਜੀਤ ਸਿੰਘ, ਜਸ਼ਨਪ੍ਰੀਤ ਕੌਰ, ਬੀਬੀ ਪੂਨਮ ਕੌਰ, ਅਜੈਬ ਸਿੰਘ, ਮੇਜਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਚਿਰਾਗ ਪਾਸਵਾਨ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ



ਪਟਨਾ : ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਐਤਵਾਰ ਨੂੰ ਆਪਣੇ ਪਰਿਵਾਰ ਸਮੇਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਲੋਜਪਾ (ਰਾਮ ਵਿਲਾਸ) ਦੇ ਮੁਖੀ ਪਾਸਵਾਨ ਸਿਰ ’ਤੇ ਸੰਤਰੀ ਪੱਗ ਬੰਨ੍ਹ ਕੇ ਗੁਰਦੁਆਰਾ ਸਾਹਿਬ ਪੁੱਜੇ। ਉਨ੍ਹਾਂ ਨੇ ਗੁਰਦੁਆਰੇ ਦੇ ਦਰਬਾਰ ਸਾਹਿਬ ’ਚ ਮੱਥਾ ਟੇਕਿਆ ਅਤੇ ਲੰਗਰ ’ਚ ਪ੍ਰਸ਼ਾਦ ਛਕਿਆ। ਉਨ੍ਹਾਂ ਨੇ ਐਕਸ ’ਤੇ ਪੋਸਟ ਕੀਤਾ ਕਿ ਉਹ ਆਪਣੇ ਪਰਿਵਾਰ ਨਾਲ ਪਟਨਾ ਸਾਹਿਬ ’ਚ ਤਖ਼ਤ ਸ੍ਰੀ ਹਰਿਮੰਦਰ ਜੀ ਵਿਖੇ ਮੱਥਾ ਟੇਕਣ ਤੇ ਅਰਦਾਸ ਕਰਨ ਲਈ ਗਏ। ਉਨ੍ਹਾਂ ਬਿਹਾਰ ’ਚ ਸਾਰਿਆਂ ਦੀ ਸ਼ਾਂਤੀ, ਖ਼ੁਸ਼ਹਾਲੀ ਅਤੇ ਭਲਾਈ ਲਈ ਗੁਰੂ ਮਹਾਰਾਜ ਨੂੰ ਪ੍ਰਾਰਥਨਾ ਕੀਤੀ।

## ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ

# ਅੱਤਵਾਦ ਨੂੰ ਜੜ੍ਹੋਂ ਪੁੱਟਣਾ ਸਾਡੀ ਸਾਂਝੀ ਵਚਨਬੱਧਤਾ ਹੈ : ਅਮਿਤ ਸ਼ਾਹ

## ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਤੇ ਦਰਿਆਈ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ : ਭਗਵੰਤ ਮਾਨ







ਫਰੀਦਾਬਾਦ : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਹਰਿਆਣਾ ਦੇ ਸੂਰਜਕੁੰਡ 'ਚ ਉੱਤਰੀ ਖੇਤਰੀ ਕੌਂਸਲ ਦੀ 32ਵੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ, ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ, ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ, ਦਿੱਲੀ ਦੇ ਉਪ ਰਾਜਪਾਲ ਵਿਨੇ ਕੁਮਾਰ ਸਕਸੈਨਾ, ਲੱਦਾਖ ਦੇ ਉਪ ਰਾਜਪਾਲ ਕਵਿੰਦਰ ਗੁਪਤਾ ਅਤੇ ਇਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸੀਨੀਅਰ ਮੰਤਰੀ ਸ਼ਾਮਿਲ ਹੋਏ। ਮੀਟਿੰਗ ਦੀ ਸ਼ੁਰੂਆਤ ਵਿਚ ਦਿੱਲੀ ਵਿਚ ਹਾਲ ਹੀ ਵਿਚ ਹੋਏ ਕਾਰ ਬੰਬ ਧਮਾਕੇ ਅਤੇ ਜੰਮੂ-ਕਸ਼ਮੀਰ ਦੇ ਨੌਗਾਮ ਪੁਲਿਸ ਥਾਣੇ 'ਚ ਹੋਏ ਧਮਾਕੇ ਵਿਚ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਅੱਤਵਾਦ ਦਾ ਖਾਤਮਾ ਕਰਨਾ ਇਕ ਸਾਂਝੀ ਵਚਨਬੱਧਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਦਿੱਲੀ ਬੰਬ ਧਮਾਕਿਆਂ ਦੇ ਦੋਸ਼ੀਆਂ ਨੂੰ ਧਰਤੀ ਦੀਆਂ ਡੂੰਘਾਈਆਂ ਤੋਂ ਵੀ ਲੱਭਾਂਗੇ, ਉਨ੍ਹਾਂ ਨੂੰ ਦੇਸ਼ ਦੀ ਨਿਆਂ ਪ੍ਰਣਾਲੀ ਸਾਹਮਣੇ ਲਿਆਵਾਂਗੇ ਤੇ ਇਹ ਯਕੀਨੀ ਬਣਾਵਾਂਗੇ ਕਿ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਸੂਰਜਕੁੰਡ ਦੀ ਜੀਵੰਤ ਧਰਤੀ ਨਾ ਸਿਰਫ਼ ਇਤਿਹਾਸਕ ਹੈ, ਸਗੋਂ ਇਸ ਦੀ ਅਮੀਰ ਸੱਭਿਆਚਾਰਕ ਅਤੇ ਕਲਾਤਮਕ ਵਿਰਾਸਤ ਅਤੇ ਆਰਥਿਕ ਜਾਗ੍ਰਿਤੀ ਦਾ ਜਿਊਂਦਾ ਜਾਗਦਾ ਪ੍ਰਮਾਣ ਵੀ ਹੈ। ਸ਼ਾਹ ਨੇ ਕਿਹਾ ਕਿ ਹਰਿਆਣਾ ਅਤੇ ਪੰਜਾਬ ਮਹਾਨ ਸਿੱਖ ਗੁਰੂਆਂ ਦੀ ਧਰਤੀ ਹੈ, ਜਿਨ੍ਹਾਂ ਨੇ ਨਾ ਸਿਰਫ਼ ਦੇਸ਼ ਦੀ ਅਧਿਆਤਮਿਕ ਚੇਤਨਾ ਨੂੰ ਮਜ਼ਬੂਤ ਕਰਨ ਵਿਚ ਯੋਗਦਾਨ ਪਾਇਆ, ਸਗੋਂ ਇਸ ਦੇ ਸਨਮਾਨ ਅਤੇ ਆਜ਼ਾਦੀ ਲਈ ਵੀ ਬਹੁਤ ਕੁਰਬਾਨੀਆਂ ਦਿੱਤੀਆਂ। ਅੱਜ ਸਾਡਾ ਦੇਸ਼ ਆਪਣੀਆਂ ਮੂਲ ਪ੍ਰੰਪਰਾਵਾਂ 'ਤੇ ਆਧਾਰਤ ਹੈ, ਪਰ ਜੇਕਰ ਗੁਰੂ ਤੇਗ਼ ਬਹਾਦਰ ਜੀ ਨਾ ਹੁੰਦੇ, ਤਾਂ ਦੇਸ਼ ਆਪਣੀਆਂ ਮੂਲ ਪ੍ਰੰਪਰਾਵਾਂ ਦੇ ਆਧਾਰ 'ਤੇ ਕੰਮ ਨਹੀਂ ਕਰ ਰਿਹਾ ਹੁੰਦਾ। ਉਨ੍ਹਾਂ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਦੇ ਮਹਾਨ ਬਲੀਦਾਨ ਅਤੇ ਦਸਵੇਂ ਗੁਰੂ ਦੀ ਸੰਪੂਰਨ ਕੁਰਬਾਨੀ ਨੇ ਦੇਸ਼ ਨੂੰ ਵੱਡੀ ਤਾਕਤ ਦਿੱਤੀ ਅਤੇ ਸੰਘਰਸ਼ ਦਾ ਰਸਤਾ ਦਿਖਾਇਆ। ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦ੍ਰਿਸ਼ਟੀਕੋਣ ਹੈ ਕਿ ਸਿਰਫ਼ ਮਜ਼ਬੂਤ ਰਾਜ ਹੀ ਇਕ ਮਜ਼ਬੂਤ ਰਾਸ਼ਟਰ ਬਣਾਉਂਦੇ ਹਨ ਅਤੇ ਇਸ ਦ੍ਰਿਸ਼ਟੀਕੋਣ ਨੂੰ ਲਾਗੂ ਕਰਨ ਵਿਚ ਖੇਤਰੀ ਕੌਂਸਲਾਂ ਬਹੁਤ ਮਹੱਤਵਪੂਰਨ ਹਨ। ਖੇਤਰੀ ਕੌਂਸਲਾਂ ਗੱਲਬਾਤ, ਸਹਿਯੋਗ, ਤਾਲਮੇਲ ਅਤੇ ਨੀਤੀਗਤ ਤਾਲਮੇਲ ਲਈ ਬਹੁਤ ਮਹੱਤਵਪੂਰਨ ਹਨ। ਸ਼ਾਹ ਨੇ ਔਰਤਾਂ ਅਤੇ ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਅਤੇ ਜਬਰ ਜਨਾਹ ਦੇ ਮਾਮਲਿਆਂ ਦੀ ਤੁਰੰਤ ਜਾਂਚ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਕੋਈ ਵੀ ਸਿਹਤਮੰਦ ਸਮਾਜ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਸਵੀਕਾਰ ਨਹੀਂ ਕਰ ਸਕਦਾ। ਗ੍ਰਹਿ ਮੰਤਰੀ ਨੇ ਇਸ ਉਦੇਸ਼ ਲਈ ਫਾਸਟ-ਟਰੈਕ ਵਿਸ਼ੇਸ਼ ਅਦਾਲਤਾਂ ਦੀ ਗਿਣਤੀ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਹਿਕਾਰੀ, ਖੇਤੀਬਾੜੀ, ਮੱਛੀ ਪਾਲਣ ਅਤੇ ਪੋਲਟਰੀ ਸੈਕਟਰ ਗਰੀਬੀ ਦੂਰ ਕਰਨ ਅਤੇ ਰੁਜ਼ਗਾਰ ਪ੍ਰਦਾਨ ਕਰਨ ਦੇ ਮਹੱਤਵਪੂਰਨ ਸਾਧਨ ਬਣ ਸਕਦੇ ਹਨ। ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਨ ਦਾ ਹਵਾਲਾ ਦਿੰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਇਨ੍ਹਾਂ ਨਵੇਂ ਕਾਨੂੰਨਾਂ ਦੇ ਮਹੱਤਵਪੂਰਨ ਸਾਕਾਰਾਤਮਕ ਨਤੀਜੇ ਸਾਹਮਣੇ ਆਏ ਹਨ। ਬਾਜਰੇ ਨੂੰ ਉਤਸ਼ਾਹਿਤ ਕਰਨ ਦੀ ਮੁਹਿੰਮ 'ਚ ਰਾਜਸਥਾਨ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਦੇ ਹੋਏ ਅਮਿਤ ਸ਼ਾਹ ਨੇ ਕਿਹਾ ਕਿ ਸਾਰੇ ਰਾਜਾਂ ਨੂੰ ਬਾਜਰੇ ਦੇ ਉਤਪਾਦਨ ਅਤੇ ਖਪਤ ਨੂੰ ਵਧਾਉਣਾ ਚਾਹੀਦਾ ਹੈ। ਉਨ੍ਹਾਂ ਨੇ ਰਾਜ ਸਰਕਾਰਾਂ ਨੂੰ ਗਰੀਬਾਂ ਲਈ ਮਹੀਨਾਵਾਰ 5 ਕਿਲੋਗ੍ਰਾਮ ਮੁਫ਼ਤ ਅਨਾਜ ਯੋਜਨਾ ਦੇ ਹਿੱਸੇ ਵਜੋਂ ਬਾਜਰੇ ਨੂੰ ਸ਼ਾਮਿਲ ਕਰਨ ਦੀ ਅਪੀਲ ਵੀ ਕੀਤੀ। ਮੀਟਿੰਗ 'ਚ ਮੈਂਬਰ ਦੇਸ਼ਾਂ ਦੇ ਨਾਲ-ਨਾਲ ਦੇਸ਼ ਲਈ ਮਹੱਤਵਪੂਰਨ ਕਈ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

ਇਸੇ ਦੌਰਾਨ ਹਰਿਆਣਾ ਦੇ ਫ਼ਰੀਦਾਬਾਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਹੋਈ 32ਵੀਂ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਮੁੱਦੇ ਜ਼ੋਰ-ਸ਼ੋਰ ਨਾਲ ਚੁੱਕੇ ਅਤੇ ਕਿਹਾ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਅਤੇ ਦਰਿਆਈ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ ਹੈ।

ਮੁੱਖ ਮੰਤਰੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ 1970 ਵਿੱਚ ਹੋਏ ਸਮਝੌਤੇ 'ਚ ਸਪੱਸ਼ਟ ਕਿਹਾ ਗਿਆ ਸੀ ਕਿ ਚੰਡੀਗੜ੍ਹ ਦਾ ਰਾਜਧਾਨੀ ਪ੍ਰਾਜੈਕਟ ਖੇਤਰ ਸਮੁੱਚੇ ਤੌਰ 'ਤੇ ਪੰਜਾਬ ਨੂੰ ਜਾਵੇਗਾ। ਇਸ ਸਬੰਧੀ 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਪੁਸ਼ਟੀ ਕੀਤੀ ਗਈ ਸੀ ਕਿ ਚੰਡੀਗੜ੍ਹ ਪੰਜਾਬ ਹਵਾਲੇ ਕਰ ਦਿੱਤਾ ਜਾਵੇਗਾ। ਇਸ ਦੇ ਬਾਵਜੂਦ ਹਾਲੇ ਤੱਕ ਚੰਡੀਗੜ੍ਹ, ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ ਅਤੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕਾਂ ਨੂੰ ਖੋਰਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਦੇ ਕਰਮਚਾਰੀਆਂ ਦਾ ਭਰਤੀ ਅਨੁਪਾਤ 60:40 ਬਰਕਰਾਰ ਰੱਖਿਆ ਜਾਵੇ।

ਮੁੱਖ ਮੰਤਰੀ ਨੇ ਪੰਜਾਬ ਯੂਨੀਵਰਸਿਟੀ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਪੰਜਾਬ ਪਿਛਲੇ 50 ਸਾਲਾਂ ਤੋਂ ਯੂਨੀਵਰਸਿਟੀ ਦਾ ਪ੍ਰਬੰਧਨ ਦੇਖ ਰਿਹਾ ਹੈ, ਹਰਿਆਣਾ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਪੰਜਾਬ ਸਰਕਾਰ ਹਮੇਸ਼ਾ ਪੰਜਾਬ ਯੂਨੀਵਰਸਿਟੀ ਨੂੰ ਵਿੱਤੀ ਮਦਦ ਦਿੰਦੀ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਸੈਨੇਟ ਭੰਗ ਕਰਕੇ ਪੰਜਾਬ ਦੇ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਵਿਦਿਆਰਥੀਆਂ ਸੰਘਰਸ਼ ਦੇ ਬਾਵਜੂਦ ਸੈਨੇਟ ਚੋਣਾਂ ਦਾ ਐਲਾਨ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਰਾਜਸਥਾਨ ਤੋਂ ਬੀ ਬੀ ਐੱਮ ਬੀ ਵਿੱਚ ਮੈਂਬਰ ਦੀ ਨਿਯੁਕਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਬੀ ਬੀ ਐੱਮ ਬੀ ਦਾ ਗਠਨ ਪੰਜਾਬ ਪੁਨਰਗਠਨ ਐਕਟ, 1966 ਤਹਿਤ ਕੀਤਾ ਗਿਆ ਹੈ। ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਤੋਂ ਇਕ-ਇਕ ਮੈਂਬਰ ਦਾ ਪ੍ਰਬੰਧ ਜਾਰੀ ਰੱਖੇ। ਉਨ੍ਹਾਂ ਭਾਖੜਾ ਤੇ ਪੌਂਗ ਡੈਮਾਂ ਦੇ ਪੂਰੇ ਜਲ ਭੰਡਾਰ ਪੱਧਰ (ਐੱਫ ਆਰ ਐੱਲ) ਨੂੰ ਵਧਾਉਣ ਦੇ ਮਤੇ ਦਾ ਵੀ ਵਿਰੋਧ ਕੀਤਾ ਅਤੇ ਮੁੱਖ ਮੰਤਰੀ ਨੇ ਉੱਤਰੀ ਸੂਬਿਆਂ ਦਰਮਿਆਨ ਪਾਣੀਆਂ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਸਿੰਧੂ ਜਲ ਸੰਧੀ ਰੱਦ ਕਰਨ ਦੀ ਵੀ ਮੰਗ ਕੀਤੀ। ਮੁੱਖ ਮੰਤਰੀ ਹਰੀਕੇ ਬੈਰਾਜ 'ਚੋਂ ਗਾਰ ਕੱਢਣ ਲਈ ਕੇਂਦਰ ਸਰਕਾਰ ਤੋਂ ਮਦਦ ਮੰਗੀ ਤੇ ਸਰਹੱਦ ਪਾਰ ਤੋਂ ਹੋਣ ਵਾਲੀ ਹਥਿਆਰਾਂ ਦੀ ਤਸਕਰੀ ਨੂੰ ਕਾਨੂੰਨ ਪ੍ਰਬੰਧਨ ਲਈ ਗੰਭੀਰ ਖਤਰਾ ਕਰਾਰਿਆ ਹੈ। ਮੁੱਖ ਮੰਤਰੀ ਨੇ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਦਾ ਕੰਟਰੋਲ ਬੀ ਬੀ ਐੱਮ ਬੀ ਨੂੰ ਦੇਣ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਹੈੱਡਵਰਕਸ ਪੰਜਾਬ ਵਿੱਚ ਸਥਿਤ ਹਨ, ਜਿਸ ਦੀ ਸਾਂਭ ਸੰਭਾਲ ਪੰਜਾਬ ਸਰਕਾਰ ਕਰਦੀ ਹੈ। ਭਾਰਤ ਵਿੱਚ ਕਿਤੇ ਵੀ ਕਿਸੇ ਸੂਬੇ ਦੇ ਹੈੱਡਵਰਕਸ ਨੂੰ ਬਾਹਰੀ ਏਜੰਸੀ ਨਹੀਂ ਚਲਾਉਂਦੀ।

# ਮੁੱਖ ਮੰਤਰੀ ਭਗਵੰਤ ਮਾਨ ਨੇ ਚੁੱਕੇ ਪੰਜਾਬ ਦੇ ਹੱਕਾਂ ਦੇ ਮੁੱਦੇ, ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨਾਲ ਹੋਈ ਚਰਚਾ



ਫਰੀਦਾਬਾਦ, ਬੀਤੇ ਦਿਨ ਫਰੀਦਾਬਾਦ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ 'ਉੱਤਰੀ ਜ਼ੋਨਲ ਕੌਂਸਲ' (Northern Zonal Council) ਦੀ 32ਵੀਂ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮੇਤ ਉੱਤਰੀ ਭਾਰਤ ਦੇ ਹੋਰ ਰਾਜਾਂ ਦੇ ਮੁਖੀਆਂ ਨੇ ਹਿੱਸਾ ਲਿਆ।

ਮੀਟਿੰਗ ਦੇ ਮੁੱਖ ਅੰਸ਼ ਅਤੇ ਪੰਜਾਬ ਦਾ ਪੱਖ:

**ਪੰਜਾਬ ਯੂਨੀਵਰਸਿਟੀ (PU) ਦਾ ਮੁੱਦਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਨੂੰ ਤੋੜਨ ਜਾਂ ਇਸ ਦੇ ਢਾਂਚੇ ਵਿੱਚ ਬਦਲਾਅ ਕਰਨ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੀ ਵਿਰਾਸਤ ਹੈ ਅਤੇ ਇਸ ਨਾਲ ਛੇੜਛਾੜ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

**ਚੰਡੀਗੜ੍ਹ 'ਤੇ ਦਾਅਵਾ:** ਭਗਵੰਤ ਮਾਨ ਨੇ ਜ਼ੋਰਦਾਰ ਢੰਗ ਨਾਲ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਦੁਹਰਾਈ। ਉਨ੍ਹਾਂ ਕਿਹਾ ਕਿ ਰਾਜਧਾਨੀ 'ਤੇ ਸਿਰਫ਼ ਪੰਜਾਬ ਦਾ ਹੱਕ ਹੈ। ਇਸ ਤੋਂ ਇਲਾਵਾ, ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀਆਂ ਦੇ 60:40 ਦੇ ਅਨੁਪਾਤ ਨੂੰ ਬਰਕਰਾਰ ਰੱਖਣ ਦੀ ਗੱਲ ਵੀ ਕਹੀ ਗਈ।

**SYL ਅਤੇ ਪਾਣੀ ਦਾ ਮਸਲਾ:** ਸਤਲੁਜ-ਯਮੁਨਾ ਲਿੰਕ (SYL) ਨਹਿਰ ਦੇ ਮੁੱਦੇ 'ਤੇ ਬੋਲਦਿਆਂ ਮਾਨ ਨੇ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਵਾਂ ਵਿੱਚ ਪਹਿਲਾਂ ਹੀ ਪਾਣੀ ਘੱਟ ਹੈ, ਇਸ ਲਈ ਨਵੀਂ ਨਹਿਰ ਕੱਢਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਬੀ.ਬੀ.ਐਮ.ਬੀ. (BBMB) ਮੁੱਦਾ:** ਪੰਜਾਬ ਦੇ ਮੁੱਖ ਮੰਤਰੀ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਸਥਾਈ ਮੈਂਬਰ ਲਗਾਉਣ ਦੇ ਪ੍ਰਸਤਾਵ ਦਾ ਵਿਰੋਧ ਕੀਤਾ।

ਹਰਿਆਣਾ ਦਾ ਪੱਖ: ਦੂਜੇ ਪਾਸੇ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਦੌਰਾਨ ਹਰਿਆਣਾ ਲਈ ਪਾਣੀ ਦੇ 'ਬਣਦੇ ਹੱਕ' (SYL) ਦੀ ਮੰਗ ਕੀਤੀ ਅਤੇ ਆਪਸੀ ਸਹਿਯੋਗ ਨਾਲ ਮਸਲੇ ਹੱਲ ਕਰਨ 'ਤੇ ਜ਼ੋਰ ਦਿੱਤਾ।

**ਹੋਰ ਅਹਿਮ ਜਾਣਕਾਰੀ:** ਮੀਟਿੰਗ ਦੀ ਸ਼ੁਰੂਆਤ ਵਿੱਚ 10 ਨਵੰਬਰ ਨੂੰ ਦਿੱਲੀ ਬੰਬ ਧਮਾਕੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਇਲਾਵਾ ਪਰਾਲੀ ਸਾੜਨ (Stubble burning) ਅਤੇ ਵਾਤਾਵਰਣ ਸੁਰੱਖਿਆ ਵਰਗੇ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀ ਹਵਾ ਪ੍ਰਦੂਸ਼ਣ ਨੂੰ ਲੈ ਕੇ ਗੁਆਂਢੀ ਰਾਜਾਂ ਤੋਂ ਸਹਿਯੋਗ ਦੀ ਮੰਗ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਤੋਂ ਬਾਅਦ ਦਾਅਵਾ ਕੀਤਾ ਕਿ ਉਨ੍ਹਾਂ ਦੇ ਵਿਰੋਧ ਕਾਰਨ ਕੇਂਦਰ ਨੇ ਪੰਜਾਬ ਵਿਰੋਧੀ ਕਈ ਮੁੱਦਿਆਂ ਨੂੰ ਫਿਲਹਾਲ ਟਾਲ ਦਿੱਤਾ ਹੈ।

## NAME OF CHANGE

I, Vikas S/o Ramesh Puri, H.No. 262 Mohalla Bagh Wala PO and PS Shahkot, Jalandhar Pin : 144702, Punjab, India, Now R/o 5124, Canada Hills Rd Antioch CA 94531, USA have changed my name of Vikas Puri.

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਸਜ਼ਾ-ਏ-ਮੌਤ

## ਪੱਖਪਾਤੀ ਤੇ ਰਾਜਨੀਤੀ ਤੋਂ ਪ੍ਰੇਰਿਤ ਫ਼ੈਸਲਾ-ਸ਼ੇਖ ਹਸੀਨਾ

ਢਾਕਾ : ਬੰਗਲਾਦੇਸ਼ ਦੀ ਬਰਖ਼ਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਇਕ ਵਿਸ਼ੇਸ਼ ਟ੍ਰਿਬਿਊਨਲ ਨੇ 'ਮਾਨਵਤਾ ਦੇ ਵਿਰੁੱਧ ਅਪਰਾਧ' ਦੇ ਲਈ ਉਨ੍ਹਾਂ ਦੀ ਸਰਕਾਰ ਵਲੋਂ ਪਿਛਲੇ ਸਾਲ ਵਿਦਿਆਰਥੀਆਂ ਦੀ ਅਗਵਾਈ ਵਾਲੇ ਵਿਰੋਧ ਪ੍ਰਦਰਸ਼ਨਾਂ 'ਤੇ ਬੇਰਹਿਮ ਕਾਰਵਾਈ ਦੇ ਲਈ ਉਨ੍ਹਾਂ ਦੀ ਗੈਰਹਾਜ਼ਰੀ 'ਚ ਮੌਤ ਦੀ ਸਜ਼ਾ ਸੁਣਾਈ ਹੈ। ਮਹੀਨਿਆਂ ਤੱਕ ਚੱਲੀ ਸੁਣਵਾਈ ਤੋਂ ਬਾਅਦ ਆਪਣੇ ਫ਼ੈਸਲੇ 'ਚ ਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਊਨਲ (ਆਈ.ਸੀ.ਟੀ.) ਨੇ 78 ਸਾਲਾਂ ਦੀ ਅਵਾਮੀ ਲੀਗ ਆਗੂ ਨੂੰ ਸੈਂਕੜੇ ਪ੍ਰਦਰਸ਼ਨਕਾਰੀਆਂ ਦੀ ਜਾਨ ਲੈਣ ਵਾਲੀ ਹਿੰਸਕ ਕਾਰਵਾਈ ਦਾ 'ਮਾਸਟਰਮਾਈਂਡ ਅਤੇ ਪ੍ਰਮੁੱਖ ਆਰਕੀਟੈਕਟ' ਦੱਸਿਆ। ਸ਼ੇਖ ਹਸੀਨਾ ਪਿਛਲੇ ਸਾਲ 5 ਅਗਸਤ ਨੂੰ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਬੰਗਲਾਦੇਸ਼ 'ਚੋਂ ਭੱਜਣ ਤੋਂ ਬਾਅਦ ਭਾਰਤ 'ਚ ਰਹਿ ਰਹੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਸੀ। ਇਸੇ ਦੌਰਾਨ ਟ੍ਰਿਬਿਊਨਲ ਨੇ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਕਮਾਲ, ਜੋ ਕਿ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਸਹਿਯੋਗੀ ਸਨ, ਨੂੰ ਪਿਛਲੇ ਸਾਲ ਦੇ ਵਿਦਿਆਰਥੀ ਵਿਦਰੋਹ ਦੌਰਾਨ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਮੌਤ ਦੀ ਸਜ਼ਾ ਸੁਣਾਈ। ਅੰਤਰਰਾਸ਼ਟਰੀ ਅਪਰਾਧ ਟ੍ਰਿਬਊਨਲ-ਬੰਗਲਾਦੇਸ਼ (ਆਈ.ਸੀ.ਟੀ.-ਬੀ.ਡੀ.) ਨੇ ਸਾਬਕਾ ਇੰਸਪੈਕਟਰ ਜਨਰਲ ਆਫ਼ ਪੁਲਿਸ ਚੌਧਰੀ ਅਬਦੁੱਲਾ ਅਲ-ਮਾਮੂਨ, ਜੋ ਸਰਕਾਰੀ ਗਵਾਹ ਬਣ ਗਏ ਸਨ, ਨੂੰ ਵੀ ਇਸੇ ਮਾਮਲੇ ਵਿਚ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਕਮਾਲ ਨੂੰ ਮੌਤ ਦੀ ਸਜ਼ਾ ਸੁਣਾਉਂਦੇ ਸਮੇਂ ਟ੍ਰਿਬਿਊਨਲ ਨੇ ਰਾਜ ਦੇ ਹੱਕ ਵਿੱਚ ਉਨ੍ਹਾਂ ਦੀਆਂ ਸਾਰੀਆਂ ਚੱਲ ਅਤੇ ਅਚੱਲ ਜਾਇਦਾਦਾਂ ਜ਼ਬਤ ਕਰਨ ਦਾ ਹੁਕਮ ਦਿੱਤਾ। ਭਾਰਤ ਵਿਚ ਜਲਾਵਤਨ ਰਹਿ ਰਹੇ ਕਮਲ 'ਤੇ ਗੈਰਹਾਜ਼ਰੀ ਵਿੱਚ ਮੁਕੱਦਮਾ ਚਲਾਇਆ ਗਿਆ। ਇਸਤਗਾਸਾ ਪੱਖ ਨੇ ਕਿਹਾ ਕਿ ਸਾਬਕਾ ਗ੍ਰਹਿ ਮੰਤਰੀ ਨੇ 2024 ਦੀ ਕਾਰਵਾਈ ਦੇ ਤਾਲਮੇਲ ਵਿੱਚ 'ਮੁੱਖ ਭੂਮਿਕਾ' ਨਿਭਾਈ। ਮਾਮੂਨ, ਜਿਸ ਨੂੰ ਹਿਰਾਸਤ ਵਿੱਚ



ਲਿਆ ਗਿਆ ਸੀ, ਨੇ ਕਾਰਵਾਈ ਦੌਰਾਨ ਆਪਣੇ ਅਪਰਾਧ ਦਾ ਇਕਬਾਲ ਕੀਤਾ ਅਤੇ ਇੱਕ ਸਰਕਾਰੀ ਗਵਾਹ ਬਣ ਗਿਆ। ਟ੍ਰਿਬਊਨਲ ਨੇ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨੇ ਮੁਕੱਦਮੇਬਾਜ਼ੀ ਨੂੰ ਕਮਾਂਡ ਦੀ ਲੜੀ ਅਤੇ ਜ਼ਿੰਮੇਵਾਰੀ ਸਥਾਪਤ ਕਰਨ ਵਿੱਚ 'ਮਹੱਤਵਪੂਰਨ ਮਦਦ' ਕੀਤੀ। ਤਿੰਨ ਮੈਂਬਰੀ ਬੈਂਚ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਸਜ਼ਾਵਾਂ 'ਨਿਹੱਥੇ ਨਾਗਰਿਕਾਂ ਵਿਰੁੱਧ ਕੀਤੀ ਗਈ ਤਾਲਮੇਲ ਵਾਲੀ ਹਿੰਸਾ ਦੀ ਗੰਭੀਰਤਾ' ਨੂੰ ਦਰਸਾਉਂਦੀਆਂ ਹਨ।

**ਪ੍ਰਦਰਸ਼ਨਕਾਰੀਆਂ 'ਤੇ ਕੀਤਾ ਲਾਠੀਚਾਰਜ**

ਸੁਰੱਖਿਆ ਏਜੰਸੀਆਂ ਨੇ ਸੋਮਵਾਰ ਨੂੰ ਰਾਜਧਾਨੀ 'ਚ ਬਰਖ਼ਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਪਿਤਾ ਅਤੇ ਬੰਗਲਾਦੇਸ਼ ਦੇ ਸੰਸਥਾਪਕ ਸ਼ੇਖ ਮੁਜੀਬੁਰ ਰਹਿਮਾਨ ਦੇ ਘਰ ਨੂੰ ਢਾਹੁਣ ਦੀ ਕੋਸ਼ਿਸ਼ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਲਾਠੀਆਂ ਵਰ੍ਹਾਈਆਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ। ਰਮਨਾ ਡਵੀਜ਼ਨ ਦੇ ਪੁਲਿਸ ਕਮਿਸ਼ਨਰ ਮਸੂਦ ਆਲਮ ਨੇ ਦੱਸਿਆ ਕਿ ਲਾਠੀਚਾਰਜ ਅਤੇ ਇੱਟਾਂ-ਪੱਥਰ ਸੁੱਟਣ ਦੀਆਂ ਝੜਪਾਂ ਦੇ ਦੌਰਾਨ ਕਈ ਪ੍ਰਦਰਸ਼ਨਕਾਰੀ ਅਤੇ ਸੁਰੱਖਿਆ ਕਰਮੀ ਜ਼ਖ਼ਮੀ ਹੋ ਗਏ। ਦੁਪਹਿਰ ਕਰੀਬ 2.45 ਮਿੰਟ 'ਤੇ ਪ੍ਰਦਰਸ਼ਨਕਾਰੀਆਂ ਦੇ ਭਾਰੀ ਦਬਾਅ ਵਿਚਾਲੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਪਿੱਛੇ ਹਟ ਗਏ। ਕੁਝ ਮਿੰਟ ਬਾਅਦ ਫ਼ੌਜ, ਪੁਲਿਸ ਅਤੇ ਆਰ.ਏ.ਬੀ. ਨੇ ਲਾਠੀਆਂ ਅਤੇ ਖੜਾਕੇ ਵਾਲੇ ਗ੍ਰਨੇਡਾਂ ਦਾ ਇਸਤੇਮਾਲ ਸ਼ੁਰੂ ਕਰ ਦਿੱਤਾ, ਜਿਸ ਨਾਲ ਇਲਾਕੇ 'ਤੇ ਫਿਰ ਤੋਂ ਪੂਰਾ ਨਿਯੰਤਰਨ ਹੋ ਗਿਆ।

**ਬੰਗਲਾਦੇਸ਼ ਦੇ ਲੋਕਾਂ ਦੇ ਹਿਤਾਂ ਲਈ ਭਾਰਤ ਵਚਨਬੱਧ-ਵਿਦੇਸ਼ ਮੰਤਰਾਲਾ**

ਨਵੀਂ ਦਿੱਲੀ : ਬੰਗਲਾਦੇਸ਼ ਵਿੱਚ ਇੱਕ ਵਿਸ਼ੇਸ਼ ਟ੍ਰਿਬਊਨਲ ਵੱਲੋਂ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਕੁਝ ਘੰਟਿਆਂ ਬਾਅਦ ਭਾਰਤ ਨੇ ਸੋਮਵਾਰ ਨੂੰ ਕਿਹਾ ਕਿ ਉਸ ਨੇ ਫ਼ੈਸਲੇ ਦਾ ਨੋਟਿਸ ਲਿਆ ਹੈ ਅਤੇ ਗੁਆਂਢੀ ਦੇਸ਼ ਵਿੱਚ ਸ਼ਾਂਤੀ, ਲੋਕਤੰਤਰ ਅਤੇ ਸਥਿਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਹਿੱਸੇਦਾਰਾਂ ਨਾਲ ਰਚਨਾਤਮਕ ਤੌਰ 'ਤੇ ਗੱਲਬਾਤ ਕਰੇਗਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਲੋਕਾਂ ਦੇ ਹਿੱਤਾਂ ਲਈ ਵਚਨਬੱਧ ਹੈ। ਭਾਰਤ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਸੰਬੰਧ ਵਿੱਚ ਬੰਗਲਾਦੇਸ਼ ਲਈ ਅੰਤਰਰਾਸ਼ਟਰੀ ਅਪਰਾਧ ਟਿ?ਬਿਊਨਲ ਦੁਆਰਾ ਦਿੱਤੇ ਗਏ ਫ਼ੈਸਲੇ ਦਾ ਨੋਟਿਸ ਲਿਆ ਹੈ। ਵਿਦੇਸ਼ ਮੰਤਰਾਲੇ ਨੇ ਇਹ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਇੱਕ ਨਜ਼ਦੀਕੀ ਗੁਆਂਢੀ ਹੋਣ ਦੇ ਨਾਤੇ, ਭਾਰਤ ਬੰਗਲਾਦੇਸ਼ ਦੇ ਲੋਕਾਂ ਦੇ ਸਰਬਉੱਤਮ ਹਿੱਤਾਂ ਲਈ ਵਚਨਬੱਧ ਹੈ, ਜਿਸ ਵਿੱਚ ਉਸ ਦੇਸ਼ ਵਿੱਚ ਸ਼ਾਂਤੀ, ਲੋਕਤੰਤਰ, ਸਮਾਵੇਸ਼ ਅਤੇ ਸਥਿਰਤਾ ਸ਼ਾਮਲ ਹੈ। ਅਸੀਂ ਹਮੇਸ਼ਾ ਇਸ ਦਿਸ਼ਾ ਵਿੱਚ ਸਾਰੇ ਹਿੱਸੇਦਾਰਾਂ ਨਾਲ ਰਚਨਾਤਮਕ ਤੌਰ 'ਤੇ ਜੁੜੇ ਰਹਾਂਗੇ।

**ਪੱਖਪਾਤੀ ਤੇ ਰਾਜਨੀਤੀ ਤੋਂ ਪ੍ਰੇਰਿਤ ਫ਼ੈਸਲਾ-ਸ਼ੇਖ ਹਸੀਨਾ**

ਆਪਣੀ ਪ੍ਰਤੀਕਿਰਿਆ 'ਚ ਸ਼ੇਖ ਹਸੀਨਾ ਨੇ ਕਿਹਾ ਕਿ ਇਹ ਫ਼ੈਸਲਾ ਇਕ ਧਾਂਦਲੀ ਵਾਲੇ ਟ੍ਰਿਬਿਊਨਲ ਵਲੋਂ ਦਿੱਤਾ ਗਿਆ ਹੈ, ਜਿਸ ਦੀ ਸਥਾਪਨਾ ਅਤੇ ਅਗਵਾਈ ਇਕ ਅਣਚੁਣੀ ਸਰਕਾਰ ਵਲੋਂ ਕੀਤੀ ਗਈ ਹੈ, ਜਿਸ ਦੇ ਕੋਲ ਕੋਈ ਲੋਕਤੰਤਰਿਕ ਆਦੇਸ਼ ਨਹੀਂ ਹੈ। ਉਨ੍ਹਾਂ ਨੇ ਇਕ ਬਿਆਨ 'ਚ ਕਿਹਾ ਕਿ ਇਹ ਪੱਖਪਾਤੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਮੌਤ ਦੀ ਸਜ਼ਾ ਦੀ ਆਪਣੀ ਘਿਣਾਉਣੀ ਮੰਗ 'ਚ ਉਹ ਅੰਤਰਿਮ ਸਰਕਾਰ ਦੇ ਅੰਦਰ ਕੱਟੜਪੰਥੀ ਲੋਕਾਂ ਦੇ ਬੰਗਲਾਦੇਸ਼ ਦੇ ਅੰਤਿਮ ਚੁਣੇ ਹੋਏ ਪ੍ਰਧਾਨ ਮੰਤਰੀ ਨੂੰ ਹਟਾਉਣ ਅਤੇ ਅਵਾਮੀ ਲੀਗ ਨੂੰ ਇਕ ਰਾਜਨੀਤਕ ਤਾਕਤ ਦੇ ਰੂਪ 'ਚ ਬੇਅਸਰ ਕਰਨ ਦੇ ਇਰਾਦੇ ਨੂੰ ਉਜਾਗਰ ਕਰਦੇ ਹਨ। ਹਸੀਨਾ ਨੇ ਕਿਹਾ ਕਿ ਉਹ ਆਪਣੇ 'ਤੇ ਦੋਸ਼ ਲਗਾਉਣ ਵਾਲਿਆਂ ਦਾ ਸਾਹਮਣਾ ਇਕ ਉਚਿਤ ਟ੍ਰਿਬਊਨਲ 'ਚ ਕਰਨ ਤੋਂ ਨਹੀਂ ਡਰਦੀ, ਜਿਥੇ ਸਬੂਤਾਂ ਦਾ ਨਿਰਪੱਖ ਮੁਲਾਂਕਣ ਅਤੇ ਪ੍ਰੀਖਣ ਕੀਤਾ ਜਾ ਸਕੇ।

**ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਵਲੋਂ ਭਾਰਤ ਨੂੰ ਸ਼ੇਖ ਹਸੀਨਾ ਦੀ ਹਵਾਲਗੀ ਦੀ ਅਪੀਲ**

ਢਾਕਾ : ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਸੋਮਵਾਰ ਨੂੰ ਭਾਰਤ ਨੂੰ ਅਪੀਲ ਕੀਤੀ ਕਿ ਉਹ ਬਰਖ਼ਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਕਮਾਲ ਦੀ ਤੁਰੰਤ ਹਵਾਲਗੀ ਕਰੇ। ਸਰਕਾਰੀ ਨਿਊਜ਼ ਏਜੰਸੀ ਬੀ.ਐਸ.ਐਸ. ਦੇ ਅਨੁਸਾਰ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਸੀਂ ਭਾਰਤ ਸਰਕਾਰ ਨੂੰ ਇਨ੍ਹਾਂ ਦੋਵਾਂ ਦੋਸ਼ੀਆਂ ਨੂੰ ਤੁਰੰਤ ਬੰਗਲਾਦੇਸ਼ੀ ਅਧਿਕਾਰੀਆਂ ਨੂੰ ਸੌਂਪਣ ਦੀ ਅਪੀਲ ਕਰਦੇ ਹਾਂ। ਇਸ ਵਿੱਚ ਕਿਹਾ ਗਿਆ ਹੈ ਕਿ ਬੰਗਲਾਦੇਸ਼ ਅਤੇ ਭਾਰਤ ਵਿਚਕਾਰ ਮੌਜੂਦਾ ਦੁਵੱਲੀ ਹਵਾਲਗੀ ਸੰਧੀ ਦੋਵਾਂ ਦੋਸ਼ੀਆਂ ਦੇ ਤਬਾਦਲੇ ਨੂੰ ਨਵੀਂ ਦਿੱਲੀ ਦੀ ਲਾਜ਼ਮੀ ਜ਼ਿੰਮੇਵਾਰੀ ਬਣਾਉਂਦੀ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਦੋਸ਼ੀ ਵਿਅਕਤੀਆਂ ਨੂੰ ਪਨਾਹ ਦੇਣਾ ਇੱਕ 'ਗੈਰ-ਦੋਸਤਾਨਾ' ਕਾਰਵਾਈ ਅਤੇ ਨਿਆਂ ਦਾ ਮਜ਼ਾਕ ਮੰਨਿਆ ਜਾਵੇਗਾ।

## ਹਸੀਨਾ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਢਾਕਾ 'ਚ ਭੜਕੀ ਹਿੰਸਾ

ਢਾਕਾ : ਸ਼ੇਖ ਹਸੀਨਾ ਦੀ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਢਾਕਾ ਵਿਚ ਹਿੰਸਾ ਭੜਕ ਉੱਠੀ ਹੈ। ਇਸ ਨੂੰ ਲੈ ਕੇ ਯੂਨਸ ਸਰਕਾਰ ਐਕਸ਼ਨ 'ਚ ਹੈ ਅਤੇ ਵੱਖ-ਵੱਖ ਥਾਵਾਂ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।



ਬੰਗਲਾਦੇਸ਼ ਵਿਚ ਸੁਰੱਖਿਆ ਏਜੰਸੀਆਂ ਨੇ ਸੋਮਵਾਰ ਨੂੰ ਰਾਜਧਾਨੀ ਢਾਕਾ ਵਿਚ ਦੇਸ਼ ਦੇ ਸੰਸਥਾਪਕ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਦੇ ਘਰ ਨੂੰ ਢਾਹੁਣ ਦੀ ਕੋਸ਼ਿਸ਼ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਵੀ ਦਾਗੇ। ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਕਈ ਤੇਜ਼ ਆਵਾਜ਼ ਵਾਲੇ ਗ੍ਰਨੇਡ ਵਰਤੇ ਗਏ। ਲਾਠੀਚਾਰਜ ਅਤੇ ਪੱਥਰਬਾਜ਼ੀ ਦੌਰਾਨ ਕਈ ਪ੍ਰਦਰਸ਼ਨਕਾਰੀ ਅਤੇ ਸੁਰੱਖਿਆ ਕਰਮਚਾਰੀ ਜ਼ਖਮੀ ਹੋ ਗਏ। ਫੈਸਲੇ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਪ੍ਰਦਰਸ਼ਨਕਾਰੀਆਂ ਦੇ ਇਕ ਵੱਡੇ ਸਮੂਹ ਨੇ ਧਾਨਮੰਡੀ 32 ਵੱਲ ਦੋ ਖੋਦਾਈ ਕਰਨ ਵਾਲੀਆਂ ਮਸ਼ੀਨਾਂ ਲਿਜਾਣ ਦੀ ਕੋਸ਼ਿਸ਼ ਕੀਤੀ, ਜਿੱਥੇ ਰਹਿਮਾਨ ਦਾ ਘਰ ਹੈ। ਸੁਰੱਖਿਆ ਕਰਮਚਾਰੀਆਂ ਨੇ ਉਨ੍ਹਾਂ ਨੂੰ ਰੋਕਿਆ ਅਤੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ। ਕੁਝ ਪ੍ਰਦਰਸ਼ਨਕਾਰੀ ਪੰਥਾਪਥ 'ਤੇ ਸਕੁਏਅਰ ਹਸਪਤਾਲ ਦੇ ਨੇੜੇ ਦੁਬਾਰਾ ਇਕੱਠੇ ਹੋ ਗਏ, ਜਿੱਥੇ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਉਨ੍ਹਾਂ 'ਤੇ ਅੱਥਰੂ ਗੈਸ ਦੇ ਕਈ ਗੋਲੇ ਦਾਗੇ।

## ਆਸਟ੍ਰੇਲੀਆ ਦੇ ਮੰਤਰੀ ਵਲੋਂ ਸਿੱਖਾਂ ਦੀ ਸ਼ਲਾਘਾ



ਮੈਲਬੋਰਨ : ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਮਾਮਲਿਆਂ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ ਨੇ ਪੱਛਮੀ ਆਸਟ੍ਰੇਲੀਆ ਦੇ ਐਲਨਬਰੂਕ ਮਲਟੀਕਲਚਰਲ ਤਿਉਹਾਰ ਦੌਰਾਨ ਦਸਤਾਰ ਨੂੰ ਸਮਾਨਤਾ, ਇੱਜ਼ਤ ਤੇ ਧਾਰਮਿਕ ਪਹਿਚਾਣ ਦਾ ਸ਼ਕਤੀਸ਼ਾਲੀ ਪ੍ਰਤੀਕ ਕਰਾਰ ਦਿੰਦੇ ਹੋਏ ਸਿੱਖ ਭਾਈਚਾਰੇ ਦੀ ਖ਼ਾਸ ਤੌਰ 'ਤੇ ਸ਼ਲਾਘਾ ਕੀਤੀ ਹੈ। ਹਿੱਲ ਨੇ ਆਪਣੇ ਸੋਸ਼ਲ ਮੀਡੀਆ ਪੋਸਟ ਵਿਚ ਲਿਖਿਆ ਕਿ ਦਸਤਾਰ ਸਮਾਨਤਾ ਦੀ ਤਾਕਤਵਰ ਨਿਸ਼ਾਨੀ ਹੈ ਤੇ ਇਹ ਸਿੱਖ ਮਰਦਾਂ ਲਈ ਇੱਜ਼ਤ ਤੇ ਮਾਣ ਦਾ ਧਾਰਮਿਕ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖ ਤੇ ਪੰਜਾਬੀ ਭਾਈਚਾਰੇ ਨੇ ਆਸਟ੍ਰੇਲੀਆ ਦੀ ਬਹੁ-ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਭਾਈਚਾਰਾ ਆਸਟ੍ਰੇਲੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਭਾਈਚਾਰਿਆਂ ਵਿੱਚੋਂ ਇਕ ਹਨ।

## ਸ਼ੇਖ ਹਸੀਨਾ ਦੇ ਪੁੱਤਰ ਨੇ ਕਿਹਾ 'ਭਾਰਤ ਨੇ ਮੇਰੀ ਮਾਂ ਦੀ ਜਾਨ ਬਚਾਈ'

### ਅੰਤਰਿਮ ਸਰਕਾਰ ਨੇ ਨਿਆਂਇਕ ਪ੍ਰਕਿਰਿਆ ਨੂੰ ਕਮਜ਼ੋਰ ਕੀਤਾ: ਵਾਜ਼ੇਦ ਜੌਏ

ਵਰਜੀਨੀਆ : ਬੰਗਲਾਦੇਸ਼ ਦੀ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਪੁੱਤਰ ਨੇ ਢਾਕਾ ਦੀ ਹਵਾਲਗੀ ਦੀ ਬੇਨਤੀ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਆਪਣੀ ਮਾਂ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਖਾਰਜ ਕਰਦਿਆਂ ਭਾਰਤ ਨੂੰ ਸਰਹੱਦ ਪਾਰ ਤੋਂ ਵਧ ਰਹੇ ਅਤਿਵਾਦ ਦੇ ਖਤਰੇ ਬਾਰੇ ਚੇਤਾਇਆ ਹੈ।

ਅਗਸਤ 2024 ਵਿੱਚ ਆਪਣੀ ਮਾਂ ਦੇ ਭਾਰਤ ਪਹੁੰਚਣ ਸਬੰਧੀ ਵਾਜ਼ੇਦ ਜੌਏ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਉਨ੍ਹਾਂ ਨੂੰ ਸ਼ਰਨ ਦੇਣ ਲਈ ਡੂੰਘਾ ਧੰਨਵਾਦ ਪ੍ਰਗਟ ਕੀਤਾ ਅਤੇ ਦਾਅਵਾ ਕੀਤਾ ਕਿ ਅਤਿਵਾਦੀ ਉਨ੍ਹਾਂ ਦੀ ਹੱਤਿਆ ਦੀ ਯੋਜਨਾ ਬਣਾ ਰਹੇ ਸਨ।

ਵਾਜ਼ੇਦ ਨੇ ਬੰਗਲਾਦੇਸ਼ ਦੀ ਹਵਾਲਗੀ ਦੀ ਬੇਨਤੀ ਦੀ ਜਾਇਜ਼ਤਾ ਨੂੰ ਸਿਰੇ ਤੋਂ ਖਾਰਜ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ ਦੀ ਮਾਂ ਵਿਰੁੱਧ ਮਾਮਲਿਆਂ ਵਿੱਚ ਨਿਆਂਇਕ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ।

ਉਸ ਨੇ ਕਿਹਾ, "ਉਨ੍ਹਾਂ ਨੇ ਮੁਕੱਦਮੇ ਤੋਂ ਪਹਿਲਾਂ 17 ਜੱਜਾਂ ਨੂੰ ਬਰਖ਼ਾਸਤ ਕੀਤਾ, ਸੰਸਦੀ ਪ੍ਰਵਾਨਗੀ ਤੋਂ ਬਿਨਾਂ ਗੈਰ-ਕਾਨੂੰਨੀ ਢੰਗ ਨਾਲ



ਕਾਨੂੰਨਾਂ ਵਿੱਚ ਸੋਧ ਕੀਤੀਅਤੇ ਉਨ੍ਹਾਂ ਦੇ ਬਚਾਅ ਪੱਖ ਦੇ ਵਕੀਲਾਂ ਨੂੰ ਅਦਾਲਤੀ ਕਾਰਵਾਈ ਤੋਂ ਰੋਕਿਆ", "ਜਦੋਂ ਕੋਈ ਬਣਦੀ ਕਾਨੂੰਨੀ ਪ੍ਰਕਿਰਿਆ (due process) ਨਹੀਂ ਹੈ, ਤਾਂ ਕੋਈ ਵੀ ਦੇਸ਼ ਹਵਾਲਗੀ ਨਹੀਂ ਕਰੇਗਾ।" ਉਸ ਨੇ ਭਰੋਸਾ ਪ੍ਰਗਟਾਇਆ ਕਿ ਢਾਕਾ ਵਿੱਚ ਸਹੀ ਕਾਨੂੰਨੀ ਪ੍ਰਕਿਰਿਆਵਾਂ ਦੀ ਅਣਹੋਂਦ ਕਾਰਨ ਭਾਰਤੀ ਅਧਿਕਾਰੀ ਬੇਨਤੀ ਨੂੰ ਰੱਦ ਕਰ ਦੇਣਗੇ।

ਸ਼ੇਖ ਹਸੀਨਾ ਨੂੰ ਉਨ੍ਹਾਂ ਦੇ 15 ਸਾਲਾਂ ਦੇ ਕਾਰਜਕਾਲ ਨਾਲ ਸਬੰਧਤ ਬੰਗਲਾਦੇਸ਼ ਵਿੱਚ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਵਾਜ਼ੇਦ ਦਾ ਕਹਿਣਾ ਹੈ ਕਿ ਅੰਤਰਿਮ ਸਰਕਾਰ ਵੱਲੋਂ ਨਿਆਂਇਕ ਪ੍ਰਕਿਰਿਆ ਨੂੰ ਮੂਲ ਰੂਪ ਵਿੱਚ ਕਮਜ਼ੋਰ ਕੀਤਾ ਗਿਆ ਹੈ।

ਆਪਣੀ ਮਾਂ ਦੇ ਨਾਟਕੀ ਢੰਗ ਨਾਲ ਦੇਸ਼ ਛੱਡਣ ਦੇ ਹਾਲਾਤਾਂ ਦੀ ਵਿਆਖਿਆ ਕਰਦੇ ਹੋਏ ਵਾਜ਼ੇਦ ਨੇ ਉਨ੍ਹਾਂ ਦੀ ਜਾਨ ਬਚਾਉਣ ਦਾ ਸਿਹਰਾ ਭਾਰਤ ਨੂੰ ਦਿੱਤਾ। ਉਨ੍ਹਾਂ ਕਿਹਾ, "ਭਾਰਤ ਨੇ ਮੇਰੀ ਮਾਂ ਦੀ ਜਾਨ ਬਚਾਈ ਹੈ। ਜੇ ਉਹ ਬੰਗਲਾਦੇਸ਼ ਨਾ ਛੱਡਦੀ, ਤਾਂ ਅਤਿਵਾਦੀਆਂ ਨੇ ਉਨ੍ਹਾਂ ਨੂੰ ਮਾਰਨ ਦੀ ਯੋਜਨਾ ਬਣਾਈ ਹੋਈ ਸੀ।"

ਵਾਜ਼ੇਦ ਨੇ ਦੋਸ਼ ਲਾਇਆ ਕਿ ਅੰਤਰਿਮ ਯੂਨਿਸ ਸਰਕਾਰ ਨੇ ਸ਼ੇਖ ਹਸੀਨਾ ਦੇ ਪ੍ਰਸ਼ਾਸਨ ਅਧੀਨ ਪਹਿਲਾਂ ਦੋਸ਼ੀ ਠਹਿਰਾਏ ਗਏ ਹਜ਼ਾਰਾਂ ਅਤਿਵਾਦੀਆਂ ਨੂੰ ਰਿਹਾਅ ਕਰ ਦਿੱਤਾ ਹੈ। ਉਸਨੇ ਦਾਅਵਾ ਕੀਤਾ ਕਿ ਲਸ਼ਕਰ-ਏ-ਤੋਇਬਾ ਹੁਣ ਬੰਗਲਾਦੇਸ਼ ਵਿੱਚ ਆਜ਼ਾਦੀ ਨਾਲ ਕੰਮ ਕਰ ਰਿਹਾ ਹੈ ਅਤੇ ਇਸਦੀ ਸਥਾਨਕ ਸ਼ਾਖਾ ਦੇ ਦਿੱਲੀ ਵਿੱਚ ਹਾਲ ਹੀ ਦੇ ਅਤਿਵਾਦੀ ਹਮਲਿਆਂ ਨਾਲ ਸਬੰਧ ਹੋਣ ਦਾ ਦੋਸ਼ ਲਾਇਆ।

# ਗੁਰੂ ਤੇਗ ਬਹਾਦਰ ਜੀ ਦਾ ਮਹਾਨ ਜੀਵਨ ਤੇ ਫਲਸਫ਼ਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ : ਕੇਜਰੀਵਾਲ

## ਗੁਰੂ ਸਾਹਿਬ ਦੀ ਕੁਰਬਾਨੀ ਨੇ ਭਾਰਤ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ : ਭਗਵੰਤ ਸਿੰਘ ਮਾਨ






ਸ੍ਰੀਨਗਰ : ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਪੰਜਾਬ ਸਰਕਾਰ ਵਲੋਂ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿਖੇ ਅਲੌਕਿਕ ਕੀਰਤਨ ਦਰਬਾਰ ਕਰਵਾਇਆ ਗਿਆ। ਗੁਰਦੁਆਰਾ ਪਾਤਿਸ਼ਾਹੀ ਛੇਵੀਂ ਵਿਖੇ ਕਰਵਾਏ ਗੁਰਮਤਿ ਸਮਾਗਮ 'ਚ ਪੰਥ ਪ੍ਰਸਿੱਧ ਰਾਗੀ ਜਥੇ ਪਦਮਸ੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਬਲਵਿੰਦਰ ਸਿੰਘ ਰੰਗੀਲਾ ਚੰਡੀਗੜ੍ਹ ਵਾਲੇ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ ਤੇ ਹੋਰ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਤੇ ਕਥਾਵਾਚਕਾਂ ਨੇ ਆਪਣੇ ਰਸਭਿੰਨੇ ਕੀਰਤਨ ਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਬ ਸਰਕਾਰ ਤੇ ਸੈਰ-ਸਪਾਟਾ ਤੇ ਸੱਭਿਆਚਾਰਕ ਵਿਭਾਗ ਵਲੋਂ ਸਾਂਝੇ ਤੌਰ 'ਤੇ ਕਰਵਾਏ ਗੁਰਮਤਿ ਸਮਾਗਮ 'ਚ ਜਿਥੇ ਵੱਡੀ-ਗਿਣਤੀ 'ਚ ਸੰਤਾਂ ਮਹਾਂਪੁਰਸ਼ਾਂ ਤੇ ਸ੍ਰੀਨਗਰ ਤੇ ਨਾਲ ਲਗਦੇ ਖੇਤਰਾਂ ਦੀਆਂ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀਆਂ ਭਰੀਆਂ, ਉਥੇ ਮੁੱਖ ਮੰਤਰੀ ਭਗਵੰਤ ਮਾਨ, 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੋਂ ਇਲਾਵਾ ਪੰਜਾਬ ਕੈਬਨਿਟ, ਵਿਧਾਇਕਾਂ ਤੇ ਸੰਸਦ ਮੈਂਬਰਾਂ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਅੱਗੇ ਸਿਜਦਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਦੀ ਮਿਸਾਲ ਦੁਨੀਆ 'ਚ ਕਿਧਰੇ ਵੀ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਫਲਸਫੇ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਪੰਜਾਬ ਸਰਕਾਰ ਵਲੋਂ ਅਨੇਕ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾਂ ਸੰਗਤ ਨੂੰ ਪੰਜਾਬ ਸਰਕਾਰ ਵਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ 23 ਨਵੰਬਰ ਤੋਂ ਕਰਵਾਏ ਜਾ ਰਹੇ ਸਮਾਗਮਾਂ 'ਚ ਸ਼ਾਮਿਲ ਹੋਣ ਦਾ ਸੱਦਾ ਵੀ ਦਿੱਤਾ। ਸੰਗਤ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਹੀ ਖੁਸ਼ਕਿਸਮਤ ਸਮਝਦੇ ਹਨ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਸਰਕਾਰ ਗੁਰੂ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਮਨਾ ਰਹੀ ਹੈ। ਉਨ੍ਹਾਂ ਗੁਰੂ ਸਾਹਿਬਾਨ ਦੇ ਤਿਆਗ ਤੇ ਬਲੀਦਾਨ ਅੱਗੇ ਸਿਰ ਝੁਕਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਬੇਹੱਦ ਜ਼ਰੂਰੀ ਹੈ, ਜਿਸ ਤਹਿਤ ਪੰਜਾਬ ਸਰਕਾਰ ਨੇ ਸਕੂਲਾਂ 'ਚ ਬੱਚਿਆਂ ਨੂੰ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਤੇ ਉਨ੍ਹਾਂ ਦੇ ਫਲਸਫੇ ਤੋਂ ਜਾਣੂੰ ਕਰਵਾਉਣ ਲਈ ਇਕ ਪੂਰਾ ਵਿਸ਼ਾ ਪੜ੍ਹਾਉਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਨੇ ਗੁਰੂ ਸਾਹਿਬ ਦੇ ਜੀਵਨ ਫਲਸਫੇ ਤੇ ਉਨ੍ਹਾਂ ਦੀ ਅਦੁੱਤੀ ਸ਼ਹਾਦਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਮੰਚ ਸੰਚਾਲਨ ਉੱਘੇ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਤਰੁਣਪ੍ਰੀਤ ਸਿੰਘ ਸੌਂਦ, ਹਰਭਜਨ ਸਿੰਘ ਈ.ਟੀ.ਓ., ਮਹਿੰਦਰ ਭਗਤ, ਬਰਿੰਦਰ ਕੁਮਾਰ ਗੋਇਲ, ਸੰਸਦ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਮਲਵਿੰਦਰ ਸਿੰਘ ਕੰਗ, ਸੈਰ-ਸਪਾਟਾ ਤੇ ਸੱਭਿਆਚਾਰਕ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਤੋਂ ਇਲਾਵਾ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਸ੍ਰੀਨਗਰ ਦੇ ਪ੍ਰਬੰਧਕ ਕਮੇਟੀ ਦੇ ਆਗੂ ਗੁਰਮੀਤ ਸਿੰਘ ਬਾਲੀ, ਜਸਪਾਲ ਸਿੰਘ, ਜਸਬੀਰ ਸਿੰਘ, ਲਖਵਿੰਦਰ ਸਿੰਘ, ਹਰਪਾਲ ਸਿੰਘ, ਅਜੀਤ ਸਿੰਘ, ਪਰਮਜੀਤ ਸਿੰਘ, ਦਰਬਾਰੀ ਸਿੰਘ, ਪਰਮਜੀਤ ਸਿੰਘ ਚੰਡੋਕ ਤੇ ਹੋਰਾਂ ਨੇ ਵੀ ਸ਼ਮੂਲੀਅਤ ਕੀਤੀ।

## ਯੂਟਿਊਬ ਨੇ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਗੁਰਬਾਣੀ ਕੀਰਤਨ ਪ੍ਰਸਾਰਨ ਚੈਨਲ ਨੂੰ ਇਕ ਹਫ਼ਤੇ ਲਈ ਕੀਤਾ ਮੁਅੱਤਲ

ਅੰਮ੍ਰਿਤਸਰ : ਯੂਟਿਊਬ ਵੱਲੋਂ ਸ਼ਾਮ ਵੇਲੇ ਚੱਲਦੇ ਰਹਿਰਾਸ ਸਾਹਿਬ ਦੇ ਪਾਠ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਣ ਵਾਲੇ ਅਧਿਕਾਰਤ ਯੂਟਿਊਬ ਚੈਨਲ "SGPC, Sri Amritsar" @SGPCSriAmritsar ਉੱਤੇ ਇੱਕ ਪਹਿਲਾਂ ਪਾਈ ਵੀਡੀਓ ਵਿਰੁੱਧ ਆਪਣੀ ਨੀਤੀ ਤਹਿਤ ਕਾਰਵਾਈ ਕਰਦਿਆਂ ਚੈਨਲ ਦੀ ਗਤੀਵਿਧੀ ਨੂੰ ਇੱਕ ਹਫ਼ਤੇ ਲਈ ਮੁਅੱਤਲ ਕਰ ਦਿੱਤਾ ਗਿਆ ਹੈ।

ਇਸ ਦੀ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਸੋਸ਼ਲ ਮੀਡੀਆ ਮੰਚ 'ਤੇ ਵੀ ਜਾਰੀ ਕੀਤੀ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਯੂਟਿਊਬ ਵੱਲੋਂ ਸ਼੍ਰੋਮਣੀ ਕਮੇਟੀ ਦੇ ਇਸ ਚੈਨਲ ਦੀ ਗਤੀਵਿਧੀ ਨੂੰ ਬਹਾਲ ਨਹੀਂ ਕੀਤਾ ਜਾਂਦਾ, ਉਸ ਵੇਲੇ ਤੱਕ ਸਿੱਖ ਸੰਗਤ ਹਰਿਮੰਦਰ ਸਾਹਿਬ ਤੋਂ ਹੁੰਦੇ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਦੂਜੇ ਚੈਨਲ ਰਾਹੀਂ ਦੇਖੇ। ਪਿਛਲੇ ਮਹੀਨੇ 31 ਅਕਤੂਬਰ ਨੂੰ ਪਾਈ ਗਈ ਸਬੰਧਤ ਵੀਡੀਓ ਵਿੱਚ ਸਿੱਖ ਪ੍ਰਚਾਰਕ ਵੱਲੋਂ ਸਿੱਖ ਯੋਧਿਆਂ ਬਾਰੇ ਵਿਚਾਰ ਰੱਖਦਿਆਂ ਕੁਝ ਪ੍ਰਗਟਾਵੇ ਕੀਤੇ ਗਏ ਸਨ, ਜੋ 1984 ਵਿੱਚ ਵਾਪਰੀਆਂ ਘਟਨਾਵਾਂ ਨਾਲ ਸਬੰਧਤ ਸਿੱਖ ਇਤਿਹਾਸ ਦਾ ਹਿੱਸਾ ਹਨ ਜਿਸ ਬਾਰੇ ਯੂਟਿਊਬ ਵੱਲੋਂ ਇਤਰਾਜ਼ ਕੀਤਾ ਗਿਆ। ਇਸ ਸਬੰਧ ਵਿੱਚ ਸਿੱਖ ਸੰਸਥਾ ਨੂੰ ਭੇਜੇ ਇੱਕ ਸੁਨੇਹੇ ਰਾਹੀਂ ਯੂਟਿਊਬ ਨੇ ਸਪਸ਼ਟ ਕੀਤਾ ਕਿ ਸੰਸਥਾ ਦੀ ਹਿੰਸਕ ਅਪਰਾਧਕ ਸੰਗਠਨ ਨੀਤੀ ਤਹਿਤ ਸ਼੍ਰੋਮਣੀ ਕਮੇਟੀ ਦੇ ਇਸ ਚੈਨਲ ਦੀ ਗਤੀਵਿਧੀ ਨੂੰ ਇਕ ਹਫਤੇ ਵਾਸਤੇ ਮੁਅੱਤਲ ਕੀਤਾ ਗਿਆ ਹੈ।

ਸਕੱਤਰ ਨੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਉੱਤੇ ਆਪਣਾ ਸਿੱਖ ਪੱਖ ਯੂਟਿਊਬ ਨਾਲ ਸਾਂਝਾ ਕਰ ਰਹੀ ਹੈ ਪਰੰਤੂ ਜਦੋਂ ਤੱਕ ਇਹ ਮਾਮਲਾ ਹੱਲ ਨਹੀਂ ਹੋ ਜਾਂਦਾ ਉਦੋਂ ਤੱਕ ਸੰਗਤ ਨੂੰ ਅਪੀਲ ਹੈ ਕਿ ਯੂਟਿਊਬ ਉੱਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਗੁਰਬਾਣੀ ਕੀਰਤਨ ਪ੍ਰਸਾਰਣ ਨਾਲ ਜੁੜਨ ਲਈ ਸ਼੍ਰੋਮਣੀ ਕਮੇਟੀ ਦੇ ਦੂਸਰੇ ਅਧਿਕਾਰਤ ਚੈਨਲ https://youtube.com/@officialsgpc (Shiromani Gurdwara Parbandhak Committee) ਨਾਲ ਜੁੜਿਆ ਜਾਵੇ।

ਮਿਲੀ ਜਾਣਕਾਰੀ ਦੇ ਮੁਤਾਬਕ ਯੂਟਿਊਬ ਵੱਲੋਂ ਇਹ ਕਾਰਵਾਈ ਅੱਜ ਸ਼ਾਮ ਵੇਲੇ ਉਸ ਸਮੇਂ ਕੀਤੀ ਗਈ ਜਦੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਚੱਲ ਰਿਹਾ ਸੀ। ਕੀਰਤਨ ਦਾ ਸਿੱਧਾ ਪ੍ਰਸਾਰਨ ਅਚਨਚੇਤੀ ਬੰਦ ਹੋ ਜਾਣ ਕਾਰਨ ਸਿੱਖ ਸੰਗਤਾਂ ਨੂੰ ਨਿਰਾਸ਼ਾ ਹੋਈ ਹੈ। ਸਿੱਖ ਸੰਗਤਾਂ ਵੱਲੋਂ ਇਸ ਸਬੰਧ ਵਿੱਚ ਸੋਸ਼ਲ ਮੀਡੀਆ ਮੰਚ ਤੇ ਆਪਣਾ ਪ੍ਰਤੀਕਰਮ ਵੀ ਜਾਰੀ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਸਬੰਧੀ ਇਸ ਚੈਨਲ ਨਾਲ ਲਗਪਗ 15 ਲੱਖ ਤੋਂ ਵੱਧ ਸਿੱਖ ਸੰਗਤਾਂ ਜੁੜੀਆਂ ਹੋਈਆਂ ਸਨ। ਸਿੱਖ ਸੰਸਥਾ ਵੱਲੋਂ ਇਹ ਯੂਟਿਊਬ ਚੈਨਲ 2022 ਵਿੱਚ ਸ਼ੁਰੂ ਕੀਤਾ ਗਿਆ ਸੀ।

ਮਿਲੇ ਵੇਰਵਿਆਂ ਦੇ ਮੁਤਾਬਕ ਸਿੱਖ ਪ੍ਰਚਾਰਕ ਨੇ ਆਪਣੇ ਇਸ ਪ੍ਰੋਗਰਾਮ ਦੌਰਾਨ 31 ਅਕਤੂਬਰ ਨੂੰ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਸਬੰਧੀ ਮਾਮਲੇ ਦਾ ਜ਼ਿਕਰ ਕੀਤਾ ਸੀ। ਇਸ ਫੈਸਲਾ ਕਾਰਨ ਸਿੱਖ ਸੰਗਤ ਵਿਚ ਰੋਸ ਹੈ।

### ਪਾਕਿਸਤਾਨੀ ਰੱਖਿਆ ਮੰਤਰੀ ਦੀ ਮੁੜ ਧਮਕੀ

## 'ਭਾਰਤ ਨਾਲ 'ਆਰ-ਪਾਰ ਦੀ ਜੰਗ' ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ' ਕਿਹਾ- ਅਸੀਂ ਦੋਹਾਂ ਮੋਰਚਿਆਂ 'ਤੇ ਲੜਨ ਲਈ ਤਿਆਰ ਹਾਂ

ਇਸਲਾਮਾਬਾਦ/ਨਵੀਂ ਦਿੱਲੀ : ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਸਿਖਰਾਂ 'ਤੇ ਪਹੁੰਚ ਗਿਆ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਬੁੱਧਵਾਰ ਨੂੰ ਇੱਕ ਭੜਕਾਊ ਬਿਆਨ ਦਿੰਦਿਆਂ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਭਾਰਤ ਨਾਲ 'ਆਰ-ਪਾਰ ਦੀ ਜੰਗ' (All-out war) ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾ ਇਹ ਬਿਆਨ ਭਾਰਤੀ ਫੌਜ ਮੁਖੀ ਜਨਰਲ ਉਪਿੰਦਰ ਦਿਵੇਦੀ ਦੀ ਉਸ ਚਿਤਾਵਨੀ ਦੇ ਜਵਾਬ ਵਿੱਚ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਪਾਕਿਸਤਾਨ ਨੂੰ ਸਖਤ ਸ਼ਬਦਾਂ ਵਿੱਚ ਸੁਨੇਹਾ ਦਿੱਤਾ ਸੀ।

**'ਅਸੀਂ ਪੂਰੀ ਤਰ੍ਹਾਂ ਚੌਕਸ ਹਾਂ'** : ਖਵਾਜਾ ਆਸਿਫ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਕਿਸਤਾਨੀ ਰੱਖਿਆ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਆਪਣੀ ਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ, 'ਅਸੀਂ ਭਾਰਤ 'ਤੇ ਭਰੋਸਾ ਨਹੀਂ ਕਰ ਸਕਦੇ। ਸਾਡੀਆਂ ਫੌਜਾਂ ਹਾਈ ਅਲਰਟ 'ਤੇ ਹਨ ਅਤੇ ਅਸੀਂ ਕਿਸੇ ਵੀ ਤਰ੍ਹਾਂ ਦੇ ਹਮਲੇ ਦਾ ਮੂੰਹ-ਤੋੜ ਜਵਾਬ ਦੇਵਾਂਗੇ।' ਖਵਾਜਾ ਆਸਿਫ ਨੇ ਇਹ ਵੀ ਦਾਅਵਾ ਕੀਤਾ ਕਿ ਪਾਕਿਸਤਾਨ 'ਦੋਹਰੇ ਮੋਰਚੇ' (Two-front war) ਯਾਨੀ ਇੱਕੋ ਸਮੇਂ ਭਾਰਤ ਅਤੇ ਅਫਗਾਨਿਸਤਾਨ ਸਰਹੱਦ 'ਤੇ ਲੜਨ ਦੀ ਸਮਰੱਥਾ ਰੱਖਦਾ ਹੈ।



**ਭਾਰਤੀ ਫੌਜ ਮੁਖੀ ਦਾ ਬਿਆਨ:** 'ਉਹ ਸਿਰਫ ਇੱਕ ਟਰੇਲਰ ਸੀ' ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤੀ ਫੌਜ ਦੇ ਮੁਖੀ ਜਨਰਲ ਉਪਿੰਦਰ ਦਿਵੇਦੀ ਨੇ 'ਓਪਰੇਸ਼ਨ ਸਿੰਦੂਰ' ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਪਾਕਿਸਤਾਨ ਖਿਲਾਫ ਕੀਤੀ ਗਈ ਉਹ ਕਾਰਵਾਈ ਮਹਿਜ਼ ਇੱਕ '88 ਘੰਟਿਆਂ ਦਾ ਟਰੇਲਰ' ਸੀ। ਉਨ੍ਹਾਂ ਚਿਤਾਵਨੀ ਦਿੱਤੀ ਸੀ ਕਿ 'ਅਸਲ ਫਿਲਮ ਅਜੇ ਬਾਕੀ ਹੈ' ਅਤੇ ਜੇਕਰ ਪਾਕਿਸਤਾਨ ਨੇ ਮੁੜ ਕੋਈ ਹਰਕਤ ਕੀਤੀ ਤਾਂ ਭਾਰਤੀ ਫੌਜ ਉਸਨੂੰ ਇੱਕ ਜ਼ਿੰਮੇਵਾਰ ਗੁਆਂਢੀ ਵਾਂਗ ਪੇਸ਼ ਆਉਣ ਦਾ ਸਬਕ ਸਿਖਾਏਗੀ। ਤਣਾਅ ਦੇ ਮੁੱਖ ਕਾਰਨ ਹਾਲ ਹੀ ਵਿੱਚ ਇਸਲਾਮਾਬਾਦ ਅਤੇ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਧਮਾਕਿਆਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਵਧ ਗਈ ਹੈ। ਪਾਕਿਸਤਾਨ ਨੇ ਦੋਸ਼ ਲਾਇਆ ਹੈ ਕਿ ਇਸਲਾਮਾਬਾਦ ਧਮਾਕੇ ਪਿੱਛੇ ਭਾਰਤ ਦਾ ਹੱਥ ਹੈ, ਜਦਕਿ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਆਪਣੇ ਅੰਦਰੂਨੀ ਮਸਲਿਆਂ ਤੋਂ ਧਿਆਨ ਹਟਾਉਣ ਲਈ ਜੰਗ ਦਾ ਰੌਲਾ ਪਾ ਰਿਹਾ ਹੈ।

## ਤਿੱਖੇ ਸਵਾਲ ਪੁੱਛਣ 'ਤੇ ਪੱਤਰਕਾਰ ਨੂੰ ਟਰੰਪ ਨੇ ਕਿਹਾ 'ਟੈਰੀਬਲ ਰਿਪੋਰਟਰ'

ਨਿਊਯਾਰਕ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਏਬੀਸੀ ਨਿਊਜ਼ ਦੀ ਮੈਰੀ ਬਰੂਸ ਵਲੋਂ ਤਿੱਖੇ ਸਵਾਲ ਪੁੱਛੇ ਜਾਣ 'ਤੇ ਉਸਨੂੰ 'ਟੈਰੀਬਲ ਰਿਪੋਰਟਰ' ਕਿਹਾ ਅਤੇ ਨੈੱਟਵਰਕ ਦੇ ਪ੍ਰਸਾਰਣ ਦੇ ਲਾਇਸੈਂਸ ਨੂੰ ਧਮਕੀ ਦਿੱਤੀ। ਨੈੱਟਵਰਕ ਦੀ ਮੁੱਖ ਵ੍ਹਾਈਟ ਹਾਊਸ ਪੱਤਰਕਾਰ ਉਨ੍ਹਾਂ ਪੱਤਰਕਾਰਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੂੰ ਰਾਸ਼ਟਰਪਤੀ ਅਤੇ ਸਾਊਦੀ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਤੋਂ ਸਵਾਲ ਕਰਨ ਲਈ ਓਵਲ ਦਫ਼ਤਰ ਵਿਚ ਜਾਣ ਦਿੱਤਾ ਗਿਆ ਸੀ। ਉਸਨੇ ਟਰੰਪ ਨੂੰ ਪੁੱਛਿਆ ਕਿ ਕੀ ਰਾਸ਼ਟਰਪਤੀ ਰਹਿੰਦੇ ਹੋਏ ਉਨ੍ਹਾਂ ਦੇ ਪਰਿਵਾਰ ਲਈ ਸਾਊਦੀ ਅਰਬ ਵਿਚ ਕਾਰੋਬਾਰ ਕਰਨਾ



ਉਚਿਤ ਸੀ। ਇਸ ਤੋਂ ਪਹਿਲਾਂ ਕਿ ਉਹ ਜਵਾਬ ਦੇ ਸਕਣ, ਉਸਨੇ ਸਾਊਦੀ ਆਗੂ ਨੂੰ ਇੱਕ ਸਵਾਲ ਪੁੱਛਿਆ ਕਿ ਤੁਹਾਡੀ ਸ਼ਾਹੀ ਮਹਾਰਾਣੀ, ਅਮਰੀਕੀ ਖੁਫੀਆ ਏਜੰਸੀ ਨੇ ਸਿੱਟਾ ਕੱਢਿਆ ਕਿ ਤੁਸੀਂ ਇੱਕ ਪੱਤਰਕਾਰ ਦੇ ਬੇਰਹਿਮੀ ਨਾਲ ਕਤਲ ਦੀ ਯੋਜਨਾ ਬਣਾਈ ਸੀ। 9/11 ਦੇ ਪਰਿਵਾਰ ਗੁੱਸੇ ਵਿਚ ਹਨ ਕਿ ਤੁਸੀਂ ਇੱਥੇ ਓਵਲ ਦਫ਼ਤਰ ਵਿਚ ਹੋ। ਅਮਰੀਕੀਆਂ ਨੂੰ ਤੁਹਾਡੇ 'ਤੇ ਕਿਉਂ ਭਰੋਸਾ ਕਰਨਾ ਚਾਹੀਦਾ ਹੈ? ਅਤੇ ਤੁਹਾਡੇ 'ਤੇ ਵੀ ਇਹੀ ਗੱਲ ਹੈ, ਸ਼੍ਰੀਮਾਨ ਰਾਸ਼ਟਰਪਤੀ। ਬਰੂਸ ਨੂੰ ਪੁੱਛਣ ਤੋਂ ਬਾਅਦ ਕਿ ਉਹ ਕਿਸ ਲਈ ਕੰਮ ਕਰਦੀ ਸੀ, ਟਰੰਪ ਨੇ ਏਬੀਸੀ ਨੂੰ 'ਜਾਅਲੀ ਖ਼ਬਰਾਂ' ਕਿਹਾ ਤੇ ਸਾਊਦੀ ਅਰਬ ਵਿਚ ਆਪਣੇ ਪਰਿਵਾਰ ਦੇ ਕਾਰੋਬਾਰੀ ਕਾਰਜਾਂ ਦਾ ਬਚਾਅ ਕੀਤਾ। ਟਰੰਪ ਨੇ ਬਾਅਦ ਵਿਚ ਬਰੂਸ ਦੇ ਰਾਜਕੁਮਾਰ ਤੋਂ 'ਭਿਆਨਕ, ਅਵੱਗਿਆਕਾਰੀ ਅਤੇ ਸਿਰਫ਼ ਇੱਕ ਭਿਆਨਕ ਸਵਾਲ' ਪੁੱਛਣ ਲਈ ਆਲੋਚਨਾ ਕੀਤੀ।

# ਰਾਜਪਾਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਨੂੰ ਪ੍ਰਵਾਨਗੀ

## 24 ਨਵੰਬਰ ਨੂੰ ਸੱਦੇ ਜਾਣ ਵਾਲੇ ਵਿਸ਼ੇਸ਼ ਇਜਲਾਸ ਲਈ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਸਰਕਾਰ ਵੱਲੋਂ ਸੱਦੇ ਜਾਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼



ਇਜਲਾਸ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਰਾਜਪਾਲ ਨੇ 24 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਸਥਿਤ ਭਾਈ ਜੈਤਾ ਜੀ ਯਾਦਗਾਰ ਵਿੱਚ ਬਾਅਦ ਦੁਪਹਿਰ 1 ਵਜੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਲਈ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਪੰਜਾਬ ਦੇ ਰਾਜਪਾਲ ਤੋਂ ਪ੍ਰਵਾਨਗੀ ਮਿਲਣ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਤਿਆਰੀਆਂ ਵੀ ਤੇਜ਼ ਕਰ ਦਿੱਤੀਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਦੌਰਾਨ ਪੰਜਾਬ ਸਰਕਾਰ ਨੇ 24 ਨਵੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸਦਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵੱਖ-ਵੱਖ ਥਾਵਾਂ ਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਅਤੇ ਹੋਰ ਧਾਰਮਿਕ ਸਮਾਗਮ ਵੀ ਉਲੀਕੇ ਜਾ ਰਹੇ ਹਨ।

# ਇਸ ਹਫਤੇ ਦਾ ਵਿਸ਼ਵ ਇਤਿਹਾਸ

### ਦੁਨੀਆ ਦੇ ਇਤਿਹਾਸ ਦੇ ਝਰੋਖੇ ਤੋਂ

## ਸਪੇਨ ਦਾ ਇਤਿਹਾਸਕ ਬਦਲਾਅ: ਤਾਨਾਸ਼ਾਹੀ ਤੋਂ ਲੋਕਤੰਤਰ ਵੱਲ ਸਫ਼ਰ



ਸਪੇਨ ਵਿੱਚ ਲੋਕਤੰਤਰ ਦੀ ਬਹਾਲੀ, ਜਿਸਨੂੰ ਆਮ ਤੌਰ 'ਤੇ 'ਲਾ ਟਰਾਂਸੀਸੀਓਨ' (La Transición) ਵਜੋਂ ਜਾਣਿਆ ਜਾਂਦਾ ਹੈ, ਇੱਕ ਬਹੁਤ ਹੀ ਅਹਿਮ ਇਤਿਹਾਸਕ ਘਟਨਾ ਹੈ। ਇਹ ਦੌਰ 1975 ਵਿੱਚ ਤਾਨਾਸ਼ਾਹ ਫਰਾਂਸਿਸਕੋ ਫਰੈਂਕੋ ਦੀ ਮੌਤ ਤੋਂ ਬਾਅਦ ਸ਼ੁਰੂ ਹੋਇਆ ਸੀ।

ਸਿਆਸੀ ਸੁਧਾਰ ਅਤੇ ਨਵੀਂ ਸ਼ੁਰੂਆਤ ਇਸ ਸਮੇਂ ਦੌਰਾਨ ਸਪੇਨ ਵਿੱਚ ਕਈ ਵੱਡੇ ਸਿਆਸੀ ਸੁਧਾਰ ਕੀਤੇ ਗਏ। ਇਹਨਾਂ ਸੁਧਾਰਾਂ ਦੇ ਨਤੀਜੇ ਵਜੋਂ ਰਾਜਾ ਜੁਆਨ ਕਾਰਲੋਸ ਪਹਿਲੇ (King Juan Carlos I) ਦੀ ਅਗਵਾਈ ਹੇਠ ਇੱਕ ਸੰਸਦੀ ਪ੍ਰਣਾਲੀ ਦੀ ਸਥਾਪਨਾ ਹੋਈ। ਇਸ ਪ੍ਰਕਿਰਿਆ ਨੇ ਸਪੇਨ ਨੂੰ ਤਾਨਾਸ਼ਾਹੀ ਰਾਜ ਤੋਂ ਬਾਹਰ ਕੱਢ ਕੇ ਲੋਕਤੰਤਰ ਦੀ ਰਾਹ 'ਤੇ ਤੋਰਿਆ।

ਮੁੱਖ ਘਟਨਾਵਾਂ ਇਸ ਤਬਦੀਲੀ ਦੌਰਾਨ ਕਈ ਮਹੱਤਵਪੂਰਨ ਕਦਮ ਚੁੱਕੇ ਗਏ:

- **ਸਿਆਸੀ ਪਾਰਟੀਆਂ ਦੀ ਮਾਨਤਾ:** ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ।
- **1977 ਦੀਆਂ ਚੋਣਾਂ:** ਸਾਲ 1977 ਵਿੱਚ ਦੇਸ਼ ਅੰਦਰ ਪਹਿਲੀ ਵਾਰ ਆਜ਼ਾਦ ਲੋਕਤੰਤਰੀ ਚੋਣਾਂ ਕਰਵਾਈਆਂ ਗਈਆਂ।
- **ਨਵਾਂ ਸੰਵਿਧਾਨ:** 1978 ਵਿੱਚ ਇੱਕ ਨਵਾਂ ਸੰਵਿਧਾਨ ਤਿਆਰ ਕੀਤਾ ਗਿਆ, ਜਿਸ ਨੇ ਸਪੇਨ ਵਿੱਚ ਲੋਕਤੰਤਰੀ ਸ਼ਾਸਨ ਨੂੰ ਪੱਕੇ ਤੌਰ 'ਤੇ ਮਜ਼ਬੂਤ ਕਰ ਦਿੱਤਾ।

ਇਤਿਹਾਸਕ ਮਹੱਤਤਾ ਇਸ ਤਬਦੀਲੀ ਨੂੰ 20ਵੀਂ ਸਦੀ ਦੇ ਸਭ ਤੋਂ ਮਹੱਤਵਪੂਰਨ ਸਿਆਸੀ ਬਦਲਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਸਫ਼ਲਤਾ ਸਿਰਫ਼ ਨੇਤਾਵਾਂ ਦੀ ਹੀ ਨਹੀਂ, ਸਗੋਂ ਆਮ ਨਾਗਰਿਕਾਂ ਦੀ ਲਾਮਬੰਦੀ ਅਤੇ ਆਪਸੀ ਗੱਲਬਾਤ ਦਾ ਨਤੀਜਾ ਸੀ, ਜਿਸ ਨੇ ਸਪੇਨ ਵਿੱਚ ਵੱਡੇ ਸਮਾਜਿਕ ਅਤੇ ਸਿਆਸੀ ਬਦਲਾਅ ਲਿਆਂਦੇ।

# ਸ਼ੰਭੂ ਤੇ ਖਨੌਰੀ ਬਾਰਡਰ ਤੋਂ ਚੋਰੀ ਹੋਈਆਂ ਟਰਾਲੀਆਂ ਦਾ ਸਮਾਨ ਨਾਭਾ ਤੋਂ ਬਰਾਮਦ

## ਨਗਰ ਕੌਂਸਲ ਦਫ਼ਤਰ ਦੇ ਬਾਹਰ ਕਿਸਾਨਾਂ ਨੇ ਲਗਾਇਆ ਸੀ ਪੱਕਾ ਮੋਰਚਾ



ਪਟਿਆਲਾ : ਸ਼ੰਭੂ ਤੇ ਖਨੌਰੀ ਬਾਰਡਰ ਤੋਂ ਕਿਸਾਨੀ ਸੰਘਰਸ਼ ਤੋਂ ਬਾਅਦ ਕਿਸਾਨਾਂ ਦੀਆਂ ਟਰਾਲੀਆਂ ਚੋਰੀ ਹੋ ਗਈਆਂ ਸਨ, ਜੋ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚੋਂ ਬਰਾਮਦ ਹੋ ਰਹੀਆਂ ਹਨ। ਪਹਿਲਾਂ ਘਨੌਰ ਹਲਕੇ ਤੋਂ ਤੇ ਫਿਰ ਨਾਭਾ ਹਲਕੇ ਤੋਂ ਚੋਰੀ ਹੋਈ ਟਰਾਲੀਆਂ ਦਾ ਸਮਾਨ ਬਰਾਮਦ ਹੋਣ ਤੋਂ ਬਾਅਦ ਨਾਭਾ ਕਤਵਾਲੀ ਪੁਲਿਸ ਨੇ ਆਮ ਆਦਮੀ ਪਾਰਟੀ ਦੇ ਆਗੂ ਪੰਕਜ ਪੱਪੂ ਦੇ ਉੱਪਰ ਇੱਕ ਮਾਮਲਾ ਦਰਜ ਕੀਤਾ ਸੀ, ਜਿਸ ਨੂੰ ਬਾਅਦ ਵਿੱਚ ਕਿਸਾਨੀ ਸੰਘਰਸ਼ ਤੋਂ ਬਾਅਦ ਸੀਆਈ ਸਟਾਫ ਪਟਿਆਲਾ ਟਰਾਂਸਫਰ ਕਰ ਦਿੱਤਾ

ਸ਼ੰਭੂ ਤੇ ਖਨੌਰੀ ਬਾਰਡਰ ਤੋਂ ਕਿਸਾਨੀ ਸੰਘਰਸ਼ ਤੋਂ ਬਾਅਦ ਕਿਸਾਨਾਂ ਦੀਆਂ ਟਰਾਲੀਆਂ ਚੋਰੀ ਹੋ ਗਈਆਂ ਸਨ, ਜੋ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚੋਂ ਬਰਾਮਦ ਹੋ ਰਹੀਆਂ ਹਨ। ਪਹਿਲਾਂ ਘਨੌਰ ਹਲਕੇ ਤੋਂ ਤੇ ਫਿਰ ਨਾਭਾ ਹਲਕੇ ਤੋਂ ਚੋਰੀ ਹੋਈ ਟਰਾਲੀਆਂ ਦਾ ਸਮਾਨ ਬਰਾਮਦ ਹੋਣ ਤੋਂ ਬਾਅਦ ਨਾਭਾ ਕਤਵਾਲੀ ਪੁਲਿਸ ਨੇ ਆਮ ਆਦਮੀ ਪਾਰਟੀ ਦੇ ਆਗੂ ਪੰਕਜ ਪੱਪੂ ਦੇ ਉੱਪਰ ਇੱਕ ਮਾਮਲਾ ਦਰਜ ਕੀਤਾ ਸੀ, ਜਿਸ ਨੂੰ ਬਾਅਦ ਵਿੱਚ ਕਿਸਾਨੀ ਸੰਘਰਸ਼ ਤੋਂ ਬਾਅਦ ਸੀਆਈ ਸਟਾਫ ਪਟਿਆਲਾ ਟ੍ਰਾਂਸਫਰ ਕਰ ਦਿੱਤਾ। ਇਸ ਮਾਮਲੇ ਵਿੱਚ ਪੰਕਜ ਪੱਪੂ ਦੀ ਜਮਾਨਤ ਹੋ ਚੁੱਕੀ ਹੈ।

ਹੁਣ ਦੁਬਾਰਾ ਕਿਸਾਨਾਂ ਨੇ ਚੋਰੀ ਹੋਈ ਟਰਾਲੀਆਂ ਦਾ ਸਮਾਨ ਬਰਾਮਦ ਕਰਨ ਲਈ ਦਾਅਵਾ ਕੀਤਾ ਸੀ ਕਿ ਨਗਰ ਕੌਂਸਲ ਨਾਭਾ ਦੇ ਦਫਤਰ ਦੇ ਸਾਹਮਣੇ ਈਓ ਗੁਰਚਰਨ ਸਿੰਘ ਗਿੱਲ ਦੀ ਸਰਕਾਰੀ ਰਿਹਾਇਸ਼ ਦੀ ਜ਼ਮੀਨ ਅਤੇ ਕੋਠੀ ਵਿੱਚ ਸਮਾਨ ਹੈ, ਜਿਸ ਨੂੰ ਸੀਆਈਏ ਸਟਾਫ ਪਟਿਆਲਾ ਪ੍ਰਸ਼ਾਸਨ ਦੀ ਮੌਜੂਦਗੀ ਦੇ ਵਿੱਚ ਬਰਾਮਦ ਕਰਿਆ ਗਿਆ। ਇਸ ਮੰਗ ਨੂੰ ਲੈ ਕੇ ਕਿਸਾਨਾਂ ਵੱਲੋਂ ਨਗਰ ਕੌਂਸਲ ਨਾਭਾ ਦੇ ਦਫਤਰ ਦੇ ਸਾਹਮਣੇ ਪੱਕਾ ਮੋਰਚਾ ਲਗਾਇਆ ਸੀ ਤੇ ਕਿਸਾਨਾਂ ਦੇ ਰੋਸ ਨੂੰ ਵੇਖਦੇ ਹੋਏ ਮਜਬੂਰ ਹੋ ਕੇ ਅੱਜ ਸੀਆਈਏ ਸਟਾਫ ਪਟਿਆਲਾ ਨੇ ਨਾਇਬ ਤਹਿਸੀਲਦਾਰ ਦੀ ਮੌਜੂਦਗੀ ਦੇ ਵਿੱਚ ਟਰਾਲੀਆਂ ਦਾ ਸਮਾਨ ਬਰਾਮਦ ਕੀਤਾ।

ਕਿਸਾਨਾਂ ਦੀ ਮੰਗ 'ਤੇ ਪ੍ਰਸ਼ਾਸਨ ਨੇ ਨਗਰ ਕੌਂਸਲ ਦੀ ਜੇਸੀਬੀ ਮਸ਼ੀਨ ਨਾਲ ਹੀ ਜਿਵੇਂ ਹੀ ਮਿੱਟੀ ਨੂੰ ਪੁੱਟਣਾ ਸ਼ੁਰੂ ਕੀਤਾ ਤਾਂ ਟਰਾਲੀ ਦੇ ਉੱਪਰ ਪਾਉਣ ਵਾਲੀ ਛੱਤ ਦੇ ਲੋਹੇ ਦਾ ਸਮਾਨ ਜ਼ਮੀਨ ਥੱਲੋਂ ਨਿਕਲਣਾ ਸ਼ੁਰੂ ਹੋ ਗਿਆ। ਸੀਆਈ ਸਟਾਫ ਨੇ ਕਿਸਾਨਾਂ ਦੀ ਸ਼ਿਕਾਇਤ 'ਤੇ ਟਰਾਲੀ ਦਾ ਸਮਾਨ ਸਰਕਾਰੀ ਰਿਹਾਇਸ਼ ਤੋਂ ਬਰਾਮਦ ਕਰ ਲਿਆ ਹੈ। ਹੁਣ ਅਗਲੀ ਤਫਤੀਸ਼ ਜਾਰੀ ਹੈ। ਜ਼ਿਕਰਯੋਗ ਹੈ ਕਿ ਭਾਵੇਂ ਕਿ ਇਹ ਸਰਕਾਰੀ ਕੋਠੀ ਕਾਰਜ ਸਾਧਕ ਅਫਸਰ ਨਾਭਾ ਗੁਰਚਰਨ ਸਿੰਘ ਗਿੱਲ ਦੀ ਹੈ ਪਰ ਉਹ ਆਪਣੇ ਨੇੜਲੇ ਪਿੰਡ ਬਿਰੜਵਾਲ ਰੋਜ਼ਾਨਾ ਜਾਂਦੇ ਸਨ ਤੇ ਇਸ ਥਾਂ ਤੋਂ ਹੀ ਆਮ ਆਦਮੀ ਪਾਰਟੀ ਦਾ ਆਗੂ ਪੰਕਜ ਪੱਪੂ ਸਫਾਈ ਕਰਮਚਾਰੀਆਂ ਨੂੰ ਆਪਰੇਟ ਕਰਦਾ ਸੀ। ਇਸ ਗੱਲ ਦੀ ਪੁਸ਼ਟੀ ਕਾਰਜ ਸਾਧਕ ਅਫਸਰ ਨੇ ਵੀ ਕੀਤੀ ਹੈ। ਹੁਣ ਉਮੀਦ ਕੀਤੀ ਜਾ ਸਕਦੀ ਹੈ ਕਿ ਨਗਰ ਕੌਂਸਲ ਦੀ ਸਰਕਾਰੀ ਥਾਂ ਤੋਂ ਟਰਾਲੀ ਦਾ ਸਮਾਨ ਬਰਾਮਦ ਹੋਣ ਤੋਂ ਬਾਅਦ ਸੀਆਈ ਸਟਾਫ ਪਟਿਆਲਾ ਇੱਕ ਹੋਰ ਮਾਮਲਾ ਦਰਜ ਕਰੇਗੀ ਅਤੇ ਮਾਮਲੇ ਨੂੰ ਗੰਭੀਰਤਾ ਨਾਲ ਦੇਖੇਗੀ ਕਿਉਂਕਿ ਕਿਸਾਨਾਂ ਦੇ ਦੋਸ਼ਾਂ 'ਤੇ ਹੁਣ ਸਬੂਤ ਮਿਲ ਗਏ ਹਨ।

ਇਸ ਮਾਮਲੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਨਾਭਾ ਪ੍ਰਧਾਨ ਗਮਦੂਰ ਸਿੰਘ ਅਤੇ ਹੋਰ ਕਿਸਾਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਸ਼ਹਿ 'ਤੇ ਸ਼ੰਭੂ ਤੇ ਖਨੌਰੀ ਬਾਰਡਰ ਤੋਂ ਕਿਸਾਨਾਂ ਦੀਆਂ ਚੋਰੀ ਹੋਈਆਂ ਟਰਾਲੀਆਂ ਹੁਣ ਸਰਕਾਰੀ ਥਾਂ ਤੋਂ ਬਰਾਮਦ ਹੋ ਰਹੀਆਂ ਹਨ। ਉਹਨਾਂ ਦੱਸਿਆ ਕਿ ਉਹਨਾਂ ਨੂੰ ਪੁਖਤਾ ਜਾਣਕਾਰੀ ਸੀ ਕਿ ਨਗਰ ਕੌਂਸਲ ਦੀ ਇਸ ਥਾਂ 'ਤੇ ਉਹਨਾਂ ਦੀਆਂ ਟਰਾਲੀਆਂ ਦਾ ਸਮਾਨ ਖੁਰਦ ਬੁਰਦ ਕਰਨ ਦੇ ਇਰਾਦੇ ਨਾਲ ਦੱਬਿਆ ਗਿਆ ਹੈ, ਜਿਸ ਨੂੰ ਲੱਭਣ ਵਾਸਤੇ ਉਹ ਕੱਲ ਤੋਂ ਪੱਕਾ ਮੋਰਚਾ ਲਗਾ ਕੇ ਨਗਰ ਕੌਂਸਲ ਦੇ ਬਾਹਰ ਬੈਠੇ ਸਨ ਤੇ ਅੱਜ ਪ੍ਰਸ਼ਾਸਨ ਨੇ ਮਜ਼ਬੂਰ ਹੋ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਪਟਿਆਲਾ ਦੀ ਸੀਆਈ ਸਟਾਫ ਪੁਲਿਸ ਨੇ ਉਹਨਾਂ ਦੀਆਂ ਟਰਾਲੀਆਂ ਦਾ ਸਮਾਨ ਬਰਾਮਦ ਕਰ ਲਿਆ। ਹੁਣ ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਜਾਂਚ ਕਰਕੇ ਅਸਲ ਦੋਸ਼ੀਆਂ ਨੂੰ ਸਲਾਖਾਂ ਦੇ ਵਿੱਚ ਸੁੱਟੇ।

ਇਸ ਮਾਮਲੇ 'ਤੇ ਜਦੋਂ ਮੌਕੇ 'ਤੇ ਮੌਜੂਦ ਨਗਰ ਕੌਂਸਲ ਨਾਭਾ ਦੇ ਕਾਰਜ ਸਾਧਕ ਅਫਸਰ ਗੁਰਚਰਨ ਸਿੰਘ ਗਿੱਲ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਸਰਕਾਰੀ ਰਿਹਾਇਸ਼ ਭਾਵੇਂ ਕਿ ਉਹਨਾਂ ਦੇ ਨਾਂ 'ਤੇ ਅਲਾਟ ਹੈ ਪਰ ਉਹ ਹਾਲੇ ਤੱਕ ਇੱਥੇ ਨਹੀਂ ਰਹੇ ਬਲਕਿ ਆਪਣੇ ਨਜ਼ਦੀਕੀ ਪਿੰਡ ਆਪਣੇ ਘਰ ਹੀ ਜਾਂਦੇ ਸਨ। ਉਹਨਾਂ ਦੱਸਿਆ ਕਿ ਇੱਥੇ ਆਪ ਆਗੂ ਪੰਕਜ ਪੱਪੂ ਆਪਣਾ ਦਫਤਰ ਬਣਾ ਕੇ ਰਹਿੰਦੇ ਸਨ, ਜਿਨ੍ਹਾਂ ਨੂੰ ਨਗਰ ਕੌਂਸਲ ਦੇ ਕੌਂਸਲਰਾਂ ਵੱਲੋਂ ਮਤਾ ਪਾਸ ਕਰਕੇ ਸਰਕਾਰੀ ਕਰਮਚਾਰੀਆਂ ਨੂੰ ਆਪਰੇਟ ਕਰਨ ਲਈ ਸੁਪਰਵਾਈਜ਼ਰ ਬਣਾਇਆ ਗਿਆ ਸੀ। ਉਹਨਾਂ ਕਿਹਾ ਕੀ ਉਹ ਪਟਿਆਲਾ ਦੀ ਸੀਆਈ ਸਟਾਫ ਪੁਲਿਸ ਨੂੰ ਹਰ ਤਰ੍ਹਾਂ ਦੀ ਸਹਿਯੋਗ ਕਰਨ ਲਈ ਤਿਆਰ ਹਨ।

ਇਸ ਮਾਮਲੇ 'ਤੇ ਸੀਆਈ ਸਟਾਫ ਪਟਿਆਲਾ ਦੀ ਟੀਮ ਦੀ ਅਗਵਾਈ ਕਰ ਰਹੇ ਥਾਣੇਦਾਰ ਦਵਿੰਦਰ ਸਿੰਘ ਨਾਲ ਜਦੋਂ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਨਗਰ ਕੌਂਸਲ ਦੀ ਸਰਕਾਰੀ ਰਿਹਾਇਸ਼ ਵਿੱਚੋਂ ਅੱਜ ਟਰਾਲੀਆਂ ਦਾ ਸਮਾਨ ਜ਼ਮੀਨ ਦੇ ਥੱਲੋਂ ਬਰਾਮਦ ਹੋਇਆ ਹੈ। ਪੁਲਿਸ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਵੇਗੀ

# ਨਾ ਐਡੀਟਿੰਗ, ਨਾ ਧੋਖਾ: ਅਸੰਭਵ ਤਸਵੀਰ:

## ਸੂਰਜ ਅੱਗੋਂ ਦੀ ਲੰਘਿਆ ਸਕਾਈਡਾਈਵਰ: ਦੂਰਬੀਨ 'ਚ ਕੈਦ ਹੋਇਆ ਹੈਰਾਨਕੁੰਨ ਪਲ

ਇੱਕ ਸਕਾਈਡਾਈਵਰ ਦਾ ਪਰਛਾਵਾਂ ਇੱਕ ਪਲ ਲਈ ਸੂਰਜ ਦੇ ਅੱਗੋਂ ਦੀ ਲੰਘਦਾ ਹੈ, ਜਿਸ ਨੂੰ ਇੱਕ ਸੂਰਜੀ ਦੂਰਬੀਨ ਰਾਹੀਂ ਕੈਦ ਕੀਤਾ ਗਿਆ ਹੈ। ਇਹ ਦੂਰਬੀਨ ਸੂਰਜ ਦੀਆਂ ਚਮਕਦਾਰ ਲਪਟਾਂ (glowing prominences) ਅਤੇ ਖਿੰਡੇ ਹੋਏ ਸੂਰਜੀ ਧੱਬਿਆਂ (sunspots) ਨੂੰ ਵੀ ਦਰਸਾਉਂਦੀ ਹੈ।



ਇਹ ਪਲ ਬਹੁਤ ਹੀ ਸਾਵਧਾਨੀ ਨਾਲ ਕੀਤੀ ਗਈ ਯੋਜਨਾਬੰਦੀ ਦਾ ਨਤੀਜਾ ਸੀ: ਛਾਲ ਮਾਰਨ ਦਾ ਸਮਾਂ, ਹੇਠਾਂ ਉਤਰਨ ਦੀ ਲਾਈਨ, ਅਤੇ ਸੂਰਜ ਦੀ ਸਥਿਤੀ ਦਾ ਬਿਲਕੁਲ ਸਟੀਕਤਾ ਨਾਲ ਮੇਲ ਕੀਤਾ ਗਿਆ।

ਇਸ ਵਿੱਚ ਕੋਈ ਐਡੀਟਿੰਗ ਨਹੀਂ, ਕੋਈ ਲੇਅਰਿੰਗ (layering) ਨਹੀਂ ਹੈ; ਇਹ ਸਿਰਫ਼ ਇੱਕ ਅਸਲੀ, ਅਸੰਭਵ ਜਿਹੀ ਲੱਗਣ ਵਾਲੀ ਤਸਵੀਰ ਹੈ ਜੋ ਸੰਪੂਰਨ ਸਮੇਂ ਅਤੇ ਨਿਡਰ ਤਾਲਮੇਲ ਸਦਕਾ ਲਈ ਗਈ ਹੈ। #fblifestyle

# ਸਟੇਟ ਕੈਪੀਟਲ ਵਿਖੇ 1984 'ਚ ਸਿੱਖ ਦੀ ਕੀਤੀ ਗਈ ਨਸਲਕੁਸ਼ੀ ਬਾਰੇ ਲਗਾਈ ਗਈ ਪ੍ਰਦਰਸ਼ਨੀ

# ਸ਼੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ : ਯੂਟਾ ਸਟੇਟ ਅਮਰੀਕਾ ਵਲੋਂ ਧਾਰਮਿਕ ਅਜ਼ਾਦੀ ਦੇ ਰੱਖਿਅਕ ਵਜੋਂ ਮਾਨਤਾ



ਸਾਲਟ ਲੇਕ ਸਿਟੀ, ਯੂਟਾ (ਸਾਡੇ ਲੋਕ) : ਸਿੱਖ ਕੌਮ ਲਈ ਅੱਜ ਦਾ ਦਿਨ ਬਹੁਤ ਮਾਣ ਵਾਲਾ ਅਤੇ ਇਤਿਹਾਸਕ ਬਣ ਗਿਆ ਜਦੋਂ ਅਮਰੀਕਾ ਦੀ ਯੂਟਾ ਸਟੇਟ ਵਿੱਚ ਗੁਰੂ ਤੇ.ਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਬਹੁਤ ਯਾਦਗਾਰੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਗੁਰੂ ਸਾਹਿਬ ਵੱਲੋਂ ਧਰਮ ਦੀ ਅਜਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਮਾਨਤਾ ਦਿੱਤੀ ਗਈ।

ਇਸ ਲਈ ਯੂਟਾ ਸਟੇਟ ਦੀ ਸਿੱਖ ਲੀਡਰਸ਼ਿਪ ਅਤੇ ਸੰਗਤ, ਵਰਲਡ ਸਿੱਖ ਪਾਰਲੀਮੈਂਟ (WSP), ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC), ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (SCCEC) ਅਤੇ ਸਿੱਖ ਕਾਕਸ ਕਮੇਟੀ (SCC) ਦੇ ਸਾਂਝੇ ਯਤਨਾਂ ਸਦਕਾ ਯੂਟਾ ਸਟੇਟ ਦੀ ਕੈਪੀਟਲ ਬਿਲਡਿੰਗ ਵਿੱਚ ਸਿੱਖਾਂ ਦੇ ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ (24 ਨਵੰਬਰ 1675 — 24 ਨਵੰਬਰ 2025) ਸ਼ਹੀਦੀ ਦਿਹਾੜੇ ਉੱਪਰ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਰੈਕੋਗਨਾਈਜ਼ ਕਰਨ ਦਾ ਐਲਾਨ ਕੀਤਾ ਗਿਆ।

ਇਸ ਖਾਸ ਪ੍ਰੋਗਰਾਮ ਵਿੱਚ ਯੂਟਾਹ ਸਟੇਟ ਦੇ ਹੇਠ ਲਿਖੇ ਚੁਣੇ ਹੋਏ ਨੁਮਾਇੰਦੇ, ਮਾਨਯੋਗ ਡੀਇਡਰਾ ਹੈਂਡਰਿਕਸ (ਲੈਫ਼ਟੀਨੈਂਟ ਗਵਰਨਰ), ਮਾਈਕ ਮੋਵਰ (ਗਵਰਨਰ ਦੇ ਸੀਨੀਅਰ ਸਲਾਹਕਾਰ), ਐਂਥਨੀ ਲੂਬੇਟ (ਸਟੇਟ ਪ੍ਰਤਿਨਿਧੀ), ਮਾਈਕ ਕੇਰੀ (ਸਾਲਟ ਲੇਕ ਕਾਊਂਟੀ ਰਿਪਬਲਿਕਨ ਚੇਅਰ), ਕਰਿਸ ਨਲ (ਸਾਲਟ ਲੇਕ ਕਾਊਂਟੀ ਰਿਪਬਲਿਕਨ ਸਕੱਤਰ, ਸਾਬਕਾ ਚੇਅਰ), ਕੌਨਰ ਹਾਊਸ (ਕਾਂਗਰਸਵੁਮਨ ਸਲੇਸਟ ਮੈਲੋਈ ਦੇ ਕਮਿਊਨਿਟੀ ਆਊਟਰੀਚ ਕੋਆਰਡੀਨੇਟਰ), ਜ਼ੈਕ ਸ਼ੈਪਰਡ (ਕਾਂਗਰਸਵੁਮਨ ਸਲੇਸਟ ਮੈਲੋਈ ਆਫ਼ਿਸ ਦੇ ਕਮਿਊਨਿਟੀ ਆਊਟਰੀਚ, ਸਾਲਟ ਲੇਕ ਅਤੇ ਡੇਵਿਸ ਕਾਊਂਟੀਜ਼), ਕਾਰਲੋਸ ਮੋਰੈਨੋ (ਸਾਲਟ ਲੇਕ ਕਾਊਂਟੀ ਕਾਊਂਸਿਲਮੈਨ) ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਜਿੱਥੇ ਭਾਰਤ ਵਿੱਚ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੇ ਸ਼ਤਾਬਦੀ ਸਮਾਗਮ ਨੂੰ ਮਨਾਉਣ ਵਿੱਚ ਸਰਕਾਰੀ ਦਖਲਅੰਦਾਜ਼ੀ ਦੇ ਨਾਲ ਕੁਝ ਭੇਖੀ ਸਿੱਖਾਂ ਰਾਹੀਂ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਬਹੁਤ ਛੋਟਾ ਕਰਕੇ ਪੇਸ਼ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਸਿੱਖ ਧਰਮ ਦੀ ਵਿਲੱਖਣਤਾ ਖਤਮ ਕਰਕੇ ਹਿੰਦੂਤਵਾ ਦੇ ਖਾਰੇ ਸਮੁੰਦਰ ਵਿੱਚ ਜਜਬ ਕੀਤਾ ਜਾਵੇ। ਉੱਥੇ ਭਾਰਤ ਦੇ ਨਕਸ਼ੇ ਦੀ ਕੈਦ ਤੋਂ ਬਾਹਰ ਸਿੱਖ ਸੰਸਥਾਵਾਂ ਦੇ ਯਤਨਾਂ ਦੁਆਰਾ ਸ੍ਰਿਸ਼ਟ ਦੀ ਚਾਦਰ ਗੁਰੂ ਤੇ.ਗ ਬਹਾਦਰ ਸਾਹਿਬ ਨੂੰ ਧਾਰਮਿਕ ਆਜ਼ਾਦੀ ਦੇ ਰਾਖੇ ਅਤੇ ਮਨੁੱਖੀ ਅਧਿਕਾਰਾਂ ਦੇ ਪਿਤਾਮਾ ਵਜੋਂ ਮਾਨਤਾ ਦੇਣ ਦੇ ਘੋਸ਼ਣਾ ਪੱਤਰ ਜਾਰੀ ਕੀਤੇ ਜਾ ਰਹੇ ਹਨ ।

ਅੱਜ ਦੇ ਇਸ ਘੋਸ਼ਣਾ ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖ ਧਰਮ ਪੰਜਾਬ ਵਿੱਚ ਗੁਰੂ ਨਾਨਕ ਸਾਹਿਬ ਦੁਆਰਾ 15ਵੀਂ ਸਦੀ ਵਿੱਚ ਸ਼ੁਰੂ ਕੀਤਾ ਗਿਆ ਜਿਸਦੇ ਅਮਰੀਕਾ ਵਿੱਚ 1,000,000 ਅਤੇ ਦੁਨੀਆਂ ਭਰ ਵਿੱਚ 35,000,000 ਦੇ ਕਰੀਬ ਅਨੁਯਾਈ ਹਨ। ਸਿੱਖ ਧਰਮ ਵਿੱਚ ਮਨੁੱਖਤਾ ਦੀ ਸੇਵਾ, ਸੱਚੀ ਕਿਰਤ, ਅਤੇ ਇੱਕ ਪ੍ਰਮਾਤਮਾ ਦਾ ਨਾਮ ਜਪਣ ਦੀ ਮਹੱਤਤਾ ਹੈ। ਅਮਰੀਕੀ ਕਦਰਾਂ ਕੀਮਤਾਂ ਵਾਂਗ ਸਿੱਖ ਕੌਮ ਵੀ ਆਮ ਲੋਕਾਂ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੀ ਹੈ।

ਮਤੇ ਵਿੱਚ ਅੱਗੇ ਕਿਹਾ ਗਿਆ ਹੈ ਕਿ, ਗੁਰੂ ਤੇ.ਗ ਬਹਾਦਰ ਸਾਹਿਬ




















# ਸਟੇਟ ਕੈਪੀਟਲ ਵਿਖੇ 1984 'ਚ ਸਿੱਖ ਦੀ ਕੀਤੀ ਗਈ ਨਸਲਕੁਸ਼ੀ ਬਾਰੇ ਲਗਾਈ ਗਈ ਪ੍ਰਦਰਸ਼ਨੀ

# ਸ਼੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ : ਯੂਟਾ ਸਟੇਟ ਅਮਰੀਕਾ ਵਲੋਂ ਧਾਰਮਿਕ ਅਜ਼ਾਦੀ ਦੇ ਰੱਖਿਅਕ ਵਜੋਂ ਮਾਨਤਾ





ਜੀ ਨੇ 24 ਨਵੰਬਰ 1675 ਨੂੰ ਆਪਣੇ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ, ਦੂਜਿਆਂ ਦੇ ਜਬਰੀ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਰੋਕਣ ਲਈ ਅਤੇ ਮਨੁੱਖ ਮਾਤਰ ਦੀ ਧਾਰਮਿਕ ਅਜ਼ਾਦੀ ਦੇ ਰਾਖੇ ਬਣ ਕੇ ਸ਼ਹਾਦਤ ਦਿਤੀ।

ਇਸ ਲਈ ਉਨ੍ਹਾਂ ਨੂੰ ਪਿਆਰ ਨਾਲ ਸ੍ਰਿਸ਼ਟੀ ਦੀ ਚਾਦਰ, ਜਾਂ 'ਮਨੁੱਖੀ ਅਧਿਕਾਰਾਂ ਦੀ ਢਾਲ' ਵਜੋਂ ਯਾਦ ਕੀਤਾ ਜਾਂਦਾ ਹੈ। ਇਸਲਈ ਯੂਟਾ ਸਟੇਟ ਵੱਲੋਂ ਅੱਜ ਗੁਰੂ ਸਾਹਿਬ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਸਿੱਖ ਇਤਿਹਾਸ ਅਤੇ ਨਾਲ ਹੀ ਪੂਰੇ ਮਨੁੱਖਤਾ ਦੇ ਇਤਿਹਾਸ ਵਿੱਚ ਇਕ ਅਹਿਮ ਵਰਤਾਰੇ ਵਜੋਂ ਮਾਨਤਾ ਦਿੱਤੀ ਗਈ। ਅਤੇ ਨਾਲ ਹੀ ਸਿੱਖਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਵੀ ਵਡਿਆਈ ਦਿੱਤੀ ਗਈ ਹੈ। ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਚੱਲ ਰਹੇ ਸਮਾਗਮ ਵਿੱਚ ਮਾਹੌਲ ਬਹੁਤ ਹੀ ਭਾਵੁਕ ਹੋ ਗਿਆ ਅਤੇ ਸਟੇਟ ਕੈਪੀਟਲ ਬਿਲਡਿੰਗ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਅਤੇ ਹੋਰਨਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਜ਼ਿਕਰਯੋਗ ਹੈ ਕਿ ਇਸ ਮੌਕੇ ਤੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਸੰਬੰਧੀ ਲਗਾਈ ਗਈ ਬਹੁਤ ਵਿਸਥਾਰਿਤ ਪ੍ਰਦਰਸ਼ਨੀ ਨੂੰ ਚੁਣੇ ਹੋਏ ਅਧਿਕਾਰੀਆਂ ਅਤੇ ਅਮਰੀਕਨ ਲੋਕਾਂ ਨੇ ਬਹੁਤ ਗਹੁ ਨਾਲ ਵੇਖ ਕੇ ਇਸ ਸਬੰਧੀ ਜਾਣਕਾਰੀ ਹਾਸਲ ਕੀਤੀ ਅਤੇ ਭਾਰਤ ਸਰਕਾਰ ਵੱਲੋਂ ਕਰਵਾਏ ਇਸ ਜੈਨੋਸਾਈਡ ਬਾਰੇ ਜਾਣ ਕੇ ਦੰਗ ਰਹਿ ਗਏ।

ਇਸ ਸਮੇਂ ਖ਼ਾਸ ਤੌਰ 'ਤੇ ਹਾਜ਼ਰੀ ਭਰ ਰਹੇ ਸ. ਹਿੰਮਤ ਸਿੰਘ (ਕੋਆਰਡੀਨੇਟਰ WSP) ਨੇ ਕਿਹਾ ਕਿ ਮਨੁੱਖਤਾ ਦੇ ਰਹਿਬਰ ਗੁਰੂ ਤੇ.ਗ ਬਹਾਦਰ ਸਾਹਿਬ ਤੋਂ ਸੇਧ ਲੈ ਕੇ ਸਮੁੱਚੇ ਸੰਸਾਰ ਨੂੰ ਉਨ੍ਹਾਂ ਦੇ ਦਰਸਾਏ ਮਾਰਗ ਉੱਤੇ ਚੱਲਦਿਆਂ ਹਰੇਕ ਦੀ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਕਦਰ ਕਰਨ ਦੀ ਲੋੜ ਹੈ ਅਤੇ ਉਨ੍ਹਾਂ ਸਮੂਹ ਸੰਗਤਾਂ ਅਤੇ ਸੰਸਥਾਵਾਂ ਦਾ ਧੰਨਵਾਦ ਵੀ ਕੀਤਾ।

ਡਾ. ਪ੍ਰਿਤਪਾਲ ਸਿੰਘ (ਸਿੱਖ ਕਾਕਸ ਕਮੇਟੀ) ਨੇ ਕਿਹਾ ਕਿ ਯੂਟਾ ਸਟੇਟ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਦੁਨੀਆਂ ਦੇ ਇਤਿਹਾਸ ਵਿੱਚ ਨਿਵੇਕਲੀ ਸ਼ਹਾਦਤ ਨੂੰ ਮਾਨਤਾ ਦੇ ਕੇ ਸਿੱਖ ਕੌਮ ਦੇ ਨਾਲ ਸਮੁੱਚੀ ਮਨੁੱਖਤਾ ਦਾ ਮਾਣ ਵਧਾਇਆ ਹੈ।

ਯੂਟਾ ਸਟੇਟ ਦੇ ਗੁਰਦੁਆਰਾ ਸਾਹਿਬਾਨ ਤੋਂ ਸਿੱਖ ਲੀਡਰਸ਼ਿਪ ਅਤੇ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।

ਅੱਜ ਦੇ ਇਸ ਮਹੱਤਵਪੂਰਨ ਸਮਾਗਮ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸ. ਹਰਮਿੰਦਰ ਸਿੰਘ ਆਹਲੂਵਾਲੀਆ (ਕੋਆਰਡੀਨੇਟਰ ਹਿਊਮੈਨ ਰਾਈਟਸ ਕਾਊਂਸਿਲ (WSP), ਸ. ਗੁਰਤੇਜ ਸਿੰਘ ਨਿਊਯਾਰਕ (WSP), ਅਤੇ ਹੋਰ ਵੀ ਬਹੁਤ ਸਾਰੇ ਆਗੂ ਅਤੇ ਸੰਗਤਾਂ ਮੌਜੂਦ ਸਨ। ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਅਮਰੀਕਾ ਭਰ ਤੋਂ ਇਸ ਉਪਰਾਲੇ ਦੀ ਸ਼ਲਾਘਾ ਕਰਨ ਵਾਲਿਆਂ ਵਿਚ ਸ. ਹਰਜਿੰਦਰ ਸਿੰਘ ਮੀਡੀਆ ਸਪੋਕਸਮੈਨ (SCCEC), ਸ. ਜਸਵੰਤ ਸਿੰਘ ਹੋਠੀ (President AGPC), ਸ. ਭਗਤ ਸਿੰਘ ਡੇਕਵਾਲਾ (ਪੈਨਸਿਲਵੇਨੀਆਂ), ਸ. ਜਗਰਾਜ ਸਿੰਘ ਨਿਊਜਰਸੀ (SCCEC), ਸ. ਸੁਰਜੀਤ ਸਿੰਘ ਕੁਲਾਰ (SADA), ਸ. ਬਲਵਿੰਦਰ ਸਿੰਘ ਚੱਠਾ, ਸ. ਨਰਿੰਦਰ ਸਿੰਘ, ਸ. ਬੂਟਾ ਸਿੰਘ ਖੜੌਦ (SADA), ਸ. ਰਜਿੰਦਰ ਸਿੰਘ (BBSBsociety), ਸ. ਗੁਰਮੇਲ ਸਿੰਘ ਨਿਊਯਾਰਕ ਆਦਿ ਜਿਕਰਯੋਗ ਹਨ।









Utah House of Representatives

Official Citation honoring

The 350th Anniversary of Guru Tegh Behadur Ji's Sacrifice & the Sikh Community

Whereas, the Sikh community originated in Punjab transnational region, South Asia, and began immigrating to the United States over 100 years ago, contributing to the Nation's development and growth;

Whereas, Sikhism is the world's fifth-largest religion with nearly 35,000,000 adherents, roughly 1,000,000 of whom live in the United States;

Whereas, founded by Guru Nanak in the Punjab region of South Asia during the 15th century, the Sikh tradition is based on the belief that all people are equal before God;

Whereas, the Sikh religion's principles of truthful living, service to humanity, and devotion to God guide its followers;

Whereas, through charitable work, the Sikh community reflects a commitment to public service consistent with American values;

Whereas, the people of Utah recognize the Sikh community's contributions to our State and the Nation;

Whereas, Guru Tegh Bahadur Ji, the ninth Sikh Guru, is known as a Defender of Religious Freedom & Protector of Human Rights, who sacrificed his life in 1675 to protect others from forced conversion;

Whereas, on November 24, 1675, Guru Tegh Bahadur Ji, along with his followers Bhai Mati Dass Ji, Bhai Sati Dass Ji, and Bhai Dayala Ji, faced execution rather than renounce their principles;

Whereas, 2025 marks the 350th anniversary of this event, which remains a significant part of Sikh as well as Human history;

Whereas, the Utah House of Representatives acknowledges these historical moments and the role of Sikhs in the state and recognizes the 350th anniversary of Guru Tegh Bahadur Ji's sacrifice and the contributions of the Sikh community to Utah;

Speaker Mike Schultz

Representative Anthony Loubet

HOUSE OF REPRESENTATIVES · STATE OF UTAH



Certificate of Special Congressional Recognition

Presented to

SIKH COMMUNITY OF UTAH

In Commemoration of the 350th year Martyrdom of 9th Sikh Guru "Guru Teg Bahadur ji"

11/17/25

DATE

Celeste Maloy

CELESTE MALOY

Member of Congress

# ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥





ਧੰਨ ਧੰਨ ਭਾਈ ਮਤੀ ਦਾਸ ਜੀ



ਧੰਨ ਧੰਨ ਭਾਈ ਸਤੀ ਦਾਸ ਜੀ



ਧੰਨ ਧੰਨ ਭਾਈ ਦਿਆਲਾ ਜੀ

ਧਰਮ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ,
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ ਪਾਵਨ

## 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ

# ਗੁਰਮਤਿ ਸਮਾਗਮ

**21 ਨਵੰਬਰ ਤੋਂ 30 ਨਵੰਬਰ ਤੱਕ**

ਆਪ ਸਮੂਹ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਜੀ ਆਪ ਜੀ ਪਰਿਵਾਰ ਸਹਿਤ
ਗੁਰਦੁਆਰਾ ਸਾਹਿਬ ਪਹੁੰਚ ਕੇ ਲਾਹਾ ਪ੍ਰਾਪਤ ਕਰੋ ਜੀ

7616 RANGEVIEW LN, SACRAMENTO, CA, 95828 (916)913-9013

# "ਨੰਦਨ ਹਰਗੋਬਿੰਦ ਕੋ, ਗਜ ਕੀ ਸੁਨੋ ਪੁਕਾਰ"

ਇਹ ਕਵਿਤਾ ਪੰਥ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਦਰ ਤੇ ਜੋਦੜੀ ਹੈ। ਇਸ ਦਰਦ ਭਰੀ ਪੁਕਾਰ ਵਿਚ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਹੈ ਕਿ ਜਦੋਂ ਭਾਈ ਕਿਰਪਾ ਰਾਮ ਜੀ ਦੀ ਅਗਵਾਈ ਵਿਚ ਹਿੰਦੂਆਂ ਦਾ ਜਥਾ ਆਪਜੀ ਦੇ ਦਰ ਤੇ ਪੁਕਾਰ ਕਰਦਾ ਆਇਆ ਕਿ ਦਿੱਲੀ ਦੇ ਤਖ਼ਤ ਵਲੋਂ ਉਹਨਾਂ ਦੇ ਧਾਰਮਿਕ ਚਿਨ੍ਹਾਂ ਤੇ ਹਮਲੇ ਹੋ ਰਹੇ ਹਨ ਤਾਂ ਆਪ ਨੇ ਉਹਨਾਂ ਦਾ ਦੁਖ ਦੇਖ ਕੇ ਆਪਣਾ ਸੀਸ ਵਾਰ ਕੇ ਉਹਨਾਂ ਦੇ ਤਿਲਕ ਅਤੇ ਜੰਞੂ ਦੀ ਰਾਖੀ ਕੀਤੀ।

ਪਰ ਅੱਜ ਕਿਰਪਾ ਰਾਮ ਜੀ ਦੀ ਤਰ੍ਹਾਂ ਹੀ ਆਪ ਦਾ ਆਪਣਾ ਪੰਥ ਆਪ ਦੇ ਦਰ ਤੇ ਪੁਕਾਰ ਕਰ ਰਿਹਾ ਹੈ ਕਿ ਜਿਹਨਾਂ ਦੇ ਧਰਮ ਦੀ ਰਾਖੀ ਲਈ ਆਪ ਜੀ ਨੇ ਆਪਣਾ ਸੀਸ ਵਾਰਿਆ ਸੀ ਅੱਜ ਉਹ ਦਿੱਲੀ ਦੇ ਤਖ਼ਤ ਤੇ ਆਸੀਨ ਹਨ, ਪਰ ਖਾਲਸੇ ਦੇ ਧਾਰਮਿਕ ਚਿੰਨ੍ਹ, ਕਕਾਰ ਅਤੇ ਧਰਮ ਸੁਰਖਿਅਤ ਨਹੀਂ ਹਨ। ਇਹ ਕੈਸੀ ਵਿਡੰਬਨਾ ਹੈ?

ਅਖੀਰ ਵਿਚ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿਚ ਵਰਣਤ ਗਜ ਦੀ ਰਾਖੀ ਦੀ ਉਸ ਘਟਨਾ ਦਾ ਹਵਾਲਾ ਦਿੱਤਾ ਗਿਆ ਹੈ ਕਿ ਉਸੇ ਤਰ੍ਹਾਂ ਹੁਣ ਪੰਥ ਦੀ ਰਾਖੀ ਕਰ ਲਉ। ਜੇ ਪੰਥ ਹੀ ਨਹੀਂ ਰਿਹਾ ਤਾਂ ਇਸ ਜੀਵਨ ਦਾ ਕੀ ਲਾਭ।

## ਨੰਦਨ ਹਰਗੋਬਿੰਦ ਕੋ, ਗਜ ਕੀ ਸੁਨੋ ਪੁਕਾਰ

**(ਗੁਰੂ ਤੇਗ ਬਹਾਦੁਰ ਜੀ ਦੇ ਦਰ ਤੇ ਪੰਥ ਦੀ ਪੁਕਾਰ)**

ਨੰਦਨ ਹਰਗੋਬਿੰਦ ਕੋ ਅਭਿਨੰਦਨ ਕਰੋਂ ਚਿਤ ਲਾਇ।
ਸਿਖ ਤਿਹਾਰੇ ਆਤੁਰ ਭਏ, 'ਕਿਰਪਾ ਰਾਮ' ਸਮ ਆਏ।
ਧਰਮ ਤਿਹਾਰਾ ਛਿੰਨ੍ਹ ਕਰੋਂ ਜਬ ਭਾਖਿਆ ਤੁਰਕ ਦਿਲੀਸ।
ਦਾਰਦ ਦੇਖ ਦਰਿਦ੍ਰ ਕਾ ਦ੍ਰਵਿਤ ਭਏ 'ਅਵਨੀਸ਼'।
ਸ਼ਿਖਾ ਸੂਤ ਸਭ ਰਾਖ ਲਏ, ਦੇ ਕਰ ਆਪਣਾ ਸੀਸ।
ਸੀਸ ਗੰਜ ਤੇ ਉਤਪਤ ਭਏ ਅਗਣਿਤ ਗੰਜ ਸ਼ਹੀਦ।
ਧਰਮ ਜਿਨ੍ਹਾਂ ਕਾ ਰਾਖਿਆ, ਅਬ ਉਹ ਭਏ ਦਿਲੀਸ।
ਧਰਮ ਨਾ ਚੀਨੇਂ ਸਿਖ ਕਾ, ਇਹ ਕੈਸੋ ਹੈ ਬਿਉਹਾਰ।
ਤਿਲਕ ਜੰਞੂ ਜਿਮ ਰਾਖਿਆ, ਅਬ ਰਾਖੋ ਮੋਰ ਕਕਾਰ।
ਨਿਰਮਲ ਪੰਥ ਪ੍ਰਗਾਸਿਆ ਨਾਨਕ ਸ਼ਾਹ ਸਿਰਦਾਰ।
ਅਬ ਤੁਮਰੇ ਦੁਆਰੇ ਢਹਿ ਪਿਆ ਕਰੇ ਪੰਥ ਪੁਕਾਰ।
ਮੋਹੇ ਅਨਾਥ ਪੇ ਕਿਰਪਾ ਕਰੋ, ਨਾਤਰ ਨਾ ਚਾਹੋਂ ਇਹ ਸੀਸ।
ਪਰ ਪੰਥ ਅਕਾਲੀ ਰਾਖ ਲੇਉ ਕਿਰਪਾ ਕਰ ਜਗਦੀਸ਼।



ਗੁਰਚਰਨਜੀਤ ਸਿੰਘ 'ਲਾਂਬਾ'

# ਸਿੱਖ ਨਸਲਕੁਸ਼ੀ 1984 ਦੇ ਦਿਨ 'ਤੇ ਅਡਾਨੀ ਗਰੁੱਪ ਦੇ ਸਹਿਯੋਗ ਨਾਲ ਵੈਨਕੂਵਰ 'ਚ ਹੋਏ ਸਿੱਖ ਅਵਾਰਡ ਦੇ ਨਾਂ 'ਤੇ ਜਸ਼ਨਾਂ ਦਾ ਜ਼ੋਰਦਾਰ ਵਿਰੋਧ

ਵੈਨਕੂਵਰ (ਨਰਿੰਦਰ ਸਿੰਘ) : ਕਰੀਬ ਦੋ ਮਹੀਨੇ ਪਹਿਲਾਂ ਸਿੱਖ ਪੰਥ ਦੇ ਦਰਦੀਆਂ ਵੱਲੋਂ ਚੇਤਾਵਨੀ ਦੇਣ ਅਤੇ ਅਪੀਲਾਂ ਕਰਨ ਦੇ ਬਾਵਜੂਦ ਕਿ ਪਹਿਲੀ ਨਵੰਬਰ ਨੂੰ ਸਿੱਖ ਨਸਲਕੁਸ਼ੀ ਦਾ ਦਿਨ ਹੈ, ਇਸ ਦਿਨ ਜਸ਼ਨ ਮਨਾਉਣੇ ਠੀਕ ਨਹੀਂ, ਨਵਦੀਪ ਬਾਂਸਲ ਨਾਂ ਦੇ ਇੰਗਲੈਂਡ ਤੋਂ ਆਏ ਵਿਅਕਤੀ ਵੱਲੋਂ ਵੈਨਕੂਵਰ ਦੇ ਆਲੀਸ਼ਾਨ ਹੋਟਲ ਵਿੱਚ ਸਿੱਖ ਅਵਾਰਡ ਦੇ ਨਾਂ 'ਤੇ ਜਸ਼ਨ ਮਨਾਏ ਗਏ। ਇਸ ਮੌਕੇ 'ਤੇ ਇੱਕ ਨਹਿੰਗ ਜਥੇਬੰਦੀ ਦੇ ਆਗੂ ਨੂੰ ਮੁੱਖ ਮਹਿਮਾਨ ਬਣਾਇਆ ਗਿਆ, ਜਦਕਿ ਕੁਝ ਗ੍ਰੰਥੀ ਸਾਹਿਬਾਨਾਂ ਸਣੇ ਕਈ ਖੇਤਰਾਂ ਦੇ ਸਿੱਖ ਵਿਅਕਤੀ ਵੀ ਸ਼ਾਮਿਲ ਹੋਏ।

ਸਿਤਮਜ਼ਰੀਫੀ ਇਹ ਸੀ ਕਿ ਸਾਰੇ ਪ੍ਰੋਗਰਾਮ ਚ ਇੱਕ ਪਲ ਲਈ ਵੀ ਸਿੱਖ ਨਸਲਕੁਸ਼ੀ ਦੇ ਹਜ਼ਾਰਾਂ ਪੀੜਤਾਂ ਨੂੰ ਚੇਤੇ ਤੱਕ ਨਹੀਂ ਕੀਤਾ ਗਿਆ, ਸਗੋਂ ਜਸ਼ਨਾਂ ਵਾਲਾ ਮਾਹੌਲ ਸਿਰਜਿਆ ਗਿਆ। ਇਸ ਮੌਕੇ 'ਤੇ ਮੌਜੂਦ ਇੱਕ ਮੁਸਲਮ ਬੀਬੀ ਵੱਲੋਂ ਇਹ ਟਿੱਪਣੀ ਵੀ ਕੀਤੀ ਗਈ ਕਿ ਜਸ਼ਨ ਦੇ ਪ੍ਰਬੰਧਕ, ਘੱਟੋ ਘੱਟ ਮੁਸਲਿਮ ਭਾਈਚਾਰੇ ਤੋਂ ਹੀ ਸਬਕ ਲੈ ਲੈਂਦੇ, ਜਦੋਂ ਉਹ ਹਸਨ, ਹੁਸੈਨ ਦੇ ਸ਼ਹੀਦੀ ਦਿਨਾਂ ਮਹਰਮ ਦੇ ਦੌਰਾਨ ਕੋਈ ਜਸ਼ਨ ਨਹੀਂ ਕਰਦੇ ਅਤੇ ਉਹਨਾਂ ਦਿਨਾਂ ਵਿੱਚ ਦਰਦ ਸਾਂਝਾ ਕਰਦੇ ਹਨ।

ਇਸ ਦੌਰਾਨ ਸਥਾਨਕ ਪੰਜਾਬੀ ਮੀਡੀਆ ਨਾਲ ਸਬੰਧਤ ਮੁੱਖ ਰੇਡੀਓ ਅਦਾਰੇ ਨੇ ਸਿੱਖ ਨਸਲਕੁਸ਼ੀ ਦੇ ਦੁਖਾਂਤ ਨੂੰ ਵੇਖਦਿਆਂ, ਇਸ ਪ੍ਰੋਗਰਾਮ 'ਚ ਜਾ ਕੇ ਅਵਾਰਡ ਲੈਣ ਤੋਂ ਇਨਕਾਰ ਕੀਤਾ, ਜਦ ਕਿ ਕੁਝ ਹੋਰ ਅਵਾਰਡ ਵਾਲਿਆਂ ਨੇ ਵੀ ਹਾਜਰੀ ਨਾ ਲਵਾਈ, ਜਿੰਨਾਂ ਦੀ ਭਾਈਚਾਰੇ 'ਚ ਤਾਰੀਫ ਹੋ ਰਹੀ ਹੈ।

ਦੂਜੇ ਪਾਸੇ ਇੱਕ ਨਵੰਬਰ ਨੂੰ ਰੱਖੇ ਗਏ ਜਸ਼ਨ ਦਾ ਵਿਰੋਧ ਜਾਗਦੀ ਜ਼ਮੀਰ ਵਾਲੇ ਸਿੱਖਾਂ ਅਤੇ ਵਿਸ਼ੇਸ਼ ਕਰਕੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਟੀਮ ਨੇ ਕੀਤਾ! ਸਿੱਖ ਨਸਲਕੁਸ਼ੀ ਦੇ ਬੈਨਰ ਲੈ ਕੇ ਪਹੁੰਚੇ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਅਫਸੋਸ ਇਸ ਗੱਲ ਦਾ ਹੈ ਕਿ ਬੇਜ਼ਮੀਰੇ ਲੋਕ ਅਡਾਨੀ ਦੇ ਸਪੋਂਸਰ ਬੰਦੇ ਤੋਂ ਅਵਾਰਡ ਲੈ ਰਹੇ ਸਨ, ਉਹ ਵੀ ਉਸ ਦਿਨ, ਹਜ਼ਾਰਾਂ ਹੀ ਸਿੱਖਾਂ ਦੀ ਨਸਲਕੁਸ਼ੀ ਹੋਈ, ਲੱਖ ਲਾਹਣਤ ਹੈ।

ਇਸ ਦੌਰਾਨ ਸਿੱਖ ਪ੍ਰਦਰਸ਼ਨਕਾਰੀਆਂ ਵੱਲੋਂ ਪ੍ਰਬੰਧਕਾਂ ਨੂੰ ਗੰਭੀਰ ਸਵਾਲ ਕੀਤੇ ਗਏ, ਜਿਨਾਂ ਅਨੁਸਾਰ 1."ਸਿੱਖ ਨਸਲਕੁਸ਼ੀ ਦੇ ਵਿਰੋਧ ਵਿੱਚ ਜਾਗਰੂਕਤਾ ਹਫ਼ਤੇ ਦੇ ਪਹਿਲੇ ਦਿਨ— ਜੋ 1984 ਦੀ ਯਾਦ ਤੇ ਅਰਦਾਸ ਦਾ ਸਮਾਂ ਹੈ — ਉਸ ਦਿਨ 'ਇਹ ਗਾਲਾ' ਕਰਨ ਦਾ ਫ਼ੈਸਲਾ




**ਸਿੱਖ ਨਸਲਕੁਸ਼ੀ 1984 ਦੇ ਦਿਨ ਤੇ ਰੱਖੇ ਜਸ਼ਨਾਂ ਖਿਲਾਫ ਪ੍ਰਗਟਾ ਰਹੇ ਸਿੱਖ ਪ੍ਰਦਰਸ਼ਨਕਾਰੀ। ਇਨਸੈਟ ਵਿੱਚ ਵੈਨਕੂਵਰ 'ਚ ਜਸ਼ਨ ਦੇ ਮੁੱਖ ਪ੍ਰਬੰਧਕ ਨਵਦੀਪ ਬਾਂਸਲ ਦੀ ਤਸਵੀਰ।**

ਕਿਉਂ ਲਿਆ ਗਿਆ? ਇਹ ਸੰਦੇਸ਼ ਸਿੱਖ ਪਰਿਵਾਰਾਂ ਨੂੰ ਕੀ ਦੇਂਦਾ ਹੈ, ਜੋ ਅਜੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ?" "ਜਦੋਂ ਜਸ਼ਨਾਂ ਦੇ ਮੁੱਖ ਪ੍ਰਬੰਧਕ ਨਵਦੀਪ ਬਾਂਸਲ ਦੇ ਨਰਿੰਦਰ ਮੋਦੀ, ਮੁਕੇਸ਼ ਅੰਬਾਨੀ ਤੇ ਅਮਿਤਾਭ ਬੱਚਨ ਵਰਗੇ ਵਿਵਾਦਤ ਚਿਹਰੇ, ਜਿਨ੍ਹਾਂ 'ਤੇ ਸਿੱਖ ਵਿਰੋਧੀ ਹਿੰਸਾ ਜਾਂ ਦਬਾਅ ਦੇ ਦੋਸ਼ ਲੱਗੇ ਹਨ, ਨਾਲ ਤਸਵੀਰਾਂ ਤੇ ਰਿਸ਼ਤੇ ਦਰਸਾਏ ਜਾ ਰਹੇ ਹਨ, ਤਾਂ ਇਹ ਇਨਾਮ ਸਮਾਰੋਹ 'ਸਿੱਖ ਮਹਾਨਤਾ' ਦੇ ਨਾਂ 'ਤੇ ਕਿਹੜੀ ਨੁਮਾਇੰਦਗੀ ਕਰ ਰਿਹਾ ਹੈ?""ਇਹ ਸਮਾਰੋਹ ਵੈਨਕੂਵਰ ਵਿੱਚ ਹੋ ਰਿਹਾ ਹੈ, ਓਥੇ ਤੋਂ ਕੁਝ ਹੀ ਦੂਰ ਜਿੱਥੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਹੋਈ ਸੀ, ਕੀ ਆਯੋਜਕਾਂ ਨੇ ਸਥਾਨਕ ਸਿੱਖ ਕਮਿਊਨਿਟੀ ਜਾਂ ਗੁਰੂ ਨਾਨਕ ਸਿੱਖ ਗੁਰਦੁਆਰੇ ਨਾਲ ਸਲਾਹ ਕੀਤੀ ਸੀ? ਕੀ ਉਹਨਾਂ ਨੂੰ ਇਸ ਤਾਰੀਖ ਦੇ ਜ਼ਖ਼ਮ 'ਤੇ ਨਮਕ ਛਿੜਕਣ ਦਾ ਅਹਿਸਾਸ ਨਹੀਂ?'4 ਜਿਹੜਾ ਅਡਾਨੀ ਕਿਸਾਨ ਵਿਰੋਧੀ ਨੀਅਤ ਦਾ ਮਾਲਕ ਹੈ ਤੇ ਜਿਸ ਦੇ ਖਿਲਾਫ ਕੈਨੇਡਾ ਅਤੇ ਭਾਰਤ ਵਿੱਚ 'ਚ ਥਾਂ-ਥਾਂ ਤੇ ਸਿੱਖਾਂ ਕਿਸਾਨਾਂ ਵੱਲੋਂ ਮੁਜ਼ਾਹਰੇ ਹੋਏ, ਉਸ ਦੇ ਸਪੋਂਸਰ ਪ੍ਰੋਗਰਾਮ ਚ 'ਸਿੱਖਾਂ ਨੂੰ ਇਨਾਮ ਲੈਂਦਿਆਂ ਅਤੇ ਦਿੰਦਿਆਂ' ਕੋਈ ਸ਼ਰਮ ਨਹੀਂ ਆਈ?

ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪਹਿਲੀ ਨਵੰਬਰ ਨੂੰ ਸਿਰਫ ਨਸਲਕੁਸ਼ੀ ਵਾਲੇ ਦਿਨ ਜਸ਼ਨਾਂ 'ਚ ਸ਼ਾਮਿਲ ਹੋਣ ਵਾਲੀਆਂ ਧਾਰਮਿਕ ਸ਼ਖਸੀਅਤਾਂ, ਜਿੰਨਾਂ ਵਿੱਚ ਇਕ ਨਹਿੰਗ ਜਥੇ ਦੇ ਮੁਖੀ ਅਤੇ ਗ੍ਰੰਥੀ ਸਿੰਘ ਵੀ ਸ਼ਾਮਿਲ ਹਨ, ਉਹਨਾਂ ਦੀ ਸ਼ਿਕਾਇਤ ਸ੍ਰੀ ਅਕਾਲ ਤਖਤ ਉੱਪਰ ਕਰਦਿਆਂ, ਉਹਨਾਂ ਨੂੰ ਤਲਬ ਕਰਨ ਦੀ ਮੰਗ ਵੀ ਕੀਤੀ ਜਾਏਗੀ।

# ਸੂਰਤ: ਸਟੇਜ 'ਤੇ ਭਾਸ਼ਣ ਦਿੰਦਿਆਂ 24 ਸਾਲਾ ਲੜਕੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



ਸੂਰਤ ਦੇ ਧਾਰੁਕਾਵਾਲਾ ਕਾਲਜ ਵਿੱਚ ਇੱਕ ਸੈਮੀਨਾਰ ਦੌਰਾਨ ਬੇਹੱਦ ਦੁਖਦਾਈ ਘਟਨਾ ਵਾਪਰੀ। ਅਹਿਮਦਾਬਾਦ ਦੀ ਰਹਿਣ ਵਾਲੀ 24 ਸਾਲਾ ਝੀਲਬੇਨ ਠੱਕਰ ਸਟੇਜ 'ਤੇ ਭਾਸ਼ਣ ਦੇ ਰਹੀ ਸੀ ਕਿ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਹ ਡਿੱਗ ਪਈ। ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

# ਸਿਖਲਾਈ ਦੌਰਾਨ ਅਗਨੀਵੀਰ ਜਸ਼ਨਪ੍ਰੀਤ ਸਿੰਘ ਦੀ ਮੌਤ

ਫਿਰੋਜ਼ਪੁਰ/ਮੱਲਾਂਵਾਲਾ : ਨੇੜਲੇ ਪਿੰਡ ਲੋਹਗੜ੍ਹ ਦੇ ਅਗਨੀਵੀਰ ਦੀ ਝਾਰਖੰਡ ਦੀ ਰਾਮਗੜ੍ਹ ਛਾਉਣੀ ਵਿੱਚ ਪੰਜਾਬ ਰੈਜੀਮੈਂਟਲ ਸੈਂਟਰ 'ਤੇ ਸਿਖਲਾਈ ਦੌਰਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਸ਼ਨਪ੍ਰੀਤ ਸਿੰਘ (21) ਪੁੱਤਰ ਸੁਰਜੀਤ ਸਿੰਘ ਵਾਸੀ ਲੋਹਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਵਜੋਂ ਹੋਈ ਹੈ। ਮ੍ਰਿਤਕ ਦੇ ਛੋਟੇ ਭਰਾ ਕਰਨ ਨੇ ਦੱਸਿਆ ਕਿ ਜਸ਼ਨਪ੍ਰੀਤ ਅਪਰੈਲ ਮਹੀਨੇ ਫ਼ੌਜ ਵਿੱਚ ਅਗਨੀਵੀਰ ਵਜੋਂ ਭਰਤੀ ਹੋਇਆ ਸੀ ਅਤੇ ਉਹ ਪਹਿਲੀ ਮਈ ਤੋਂ ਰਾਮਗੜ੍ਹ ਛਾਉਣੀ ਵਿੱਚ ਸਿਖਲਾਈ ਲੈ ਰਿਹਾ ਸੀ।



ਕਰਨ ਨੇ ਦੱਸਿਆ ਕਿ ਜਸ਼ਨਪ੍ਰੀਤ ਪੰਜਾਬ ਰੈਜੀਮੈਂਟਲ ਸੈਂਟਰ 'ਤੇ ਰੁਟੀਨ ਸਰੀਰਕ ਸਿਖਲਾਈ ਦੌਰਾਨ ਗਰਾਊਂਡ ਦੇ ਚੱਕਰ ਲਾ ਰਿਹਾ ਸੀ। ਇਸ ਦੌਰਾਨ ਉਸ ਨੇ ਸਾਹ ਲੈਣ ਵਿੱਚ ਤਕਲੀਫ ਮਹਿਸੂਸ ਕੀਤੀ। ਸਿਹਤ ਵਿਗੜਨ ਮਗਰੋਂ ਉਸ ਨੂੰ ਮਿਲਟਰੀ ਹਸਪਤਾਲ ਰਾਮਗੜ੍ਹ ਦਾਖ਼ਲ ਕਰਵਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਜਸ਼ਨਪ੍ਰੀਤ ਸਿੰਘ ਦੇ ਪਿਤਾ ਸੁਰਜੀਤ ਸਿੰਘ ਦੀ ਤਕਰੀਬਨ ਪੰਜ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਹੁਣ ਪਰਿਵਾਰ ਵਿੱਚ ਛੋਟਾ ਭਰਾ ਕਰਨ ਅਤੇ ਉਸ ਦੀ ਮਾਤਾ ਅਮਰਜੀਤ ਕੌਰ ਹਨ। ਉਸ ਦੀ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।


# ਜੋ ਰਾਖ ਹੋ ਗਏ

ਪਿਛਲੇ ਲਗਭਗ ਡੇਢ ਸਾਲ ਤੋਂ ਮੈਂ ਇਸ ਕੰਮ ਤੇ ਦਿਨ-ਰਾਤ ਲੱਗਾ ਹੋਇਆ ਸੀ. ਜਿਸ ਵਿਚਲੇ ਆਖਰੀ ਛੇ ਮਹੀਨੇ ਤੇ ਰਾਤ ਦੇ ਕਦੀ ਇਕ ਵੱਜਦੇ ਤੇ ਕਦੀ ਦੋ. ਦਿਮਾਗੀ ਬੋਝ, ਇਤਿਹਾਸ ਦਾ ਦੁਖਾਂਤਕ ਸਫਰ, ਪੀੜਤਾਂ ਸੰਗ ਯਾਤਰਾ ਤੇ ਕਾਨੂੰਨ ਅਤੇ ਨਿਆਂ ਦੀ ਲਾਚਾਰੀ – ਇਹ ਸਭ ਮੇਰੇ ਨਾਲ ਤੁਰਦੇ ਰਹੇ. ਮੈਂ "ਪੰਜਾਬ ਚ ਜ਼ੁਲਮ" ਤੇ ਕੰਮ ਕਰਦਿਆਂ ਏਨਾ ਤਣਾਅ ਨਹੀਂ ਸਹਿਆ ਸੀ, ਜਿੰਨਾ "ਜੋ ਰਾਖ ਹੋ ਗਏ" ਵੇਲੇ ਮਹਿਸੂਸ ਹੋਇਆ. ਇਸ ਦਾ ਇੱਕ ਵੱਡਾ ਕਾਰਨ ਇਹ ਵੀ ਸੀ ਕਿ ਇਸ ਵਿੱਚ ਮੇਰੇ ਤੋਂ ਵੀ ਅੱਧੀ ਉਮਰ ਦੇ ਬੱਚੇ ਕਾਨੂੰਨ ਦੁਆਰਾ ਮੌਤ ਦੇ ਘਾਟ ਉਤਾਰ ਦੇਣ ਦੀਆਂ ਦਰਦਨਾਕ ਕਹਾਣੀਆਂ ਦੇ ਪਾਤਰ ਸਨ।

ਕਿਸੇ ਸਮੇਂ ਜੋ ਕਾਰਜ ਸ. ਜਸਵੰਤ ਸਿੰਘ ਖਾਲੜਾ ਦੇ ਨਾਲ ਸ਼ੁਰੂ ਹੋਇਆ, ਉਹ ਆਖ਼ਰ ਸੀਸੀਡੀਪੀ ਦੀ ਇਸ ਰਿਪੋਰਟ ਨਾਲ ਲਗਭਗ ਆਪਣਾ ਅੱਧਾ ਸਫ਼ਰ ਕਰ ਗਿਆ ਹੈ. ਇਹ ਕਿਤਾਬ ਨਾ ਸਿਰਫ ਖਾਲੜਾ ਸਾਬ ਦੀ ਜੀਵਨੀ ਤੋਂ ਤੁਰ ਕੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸਮੂਹਾਂ ਤੇ ਉਨ੍ਹਾਂ ਦੀਆਂ ਲੜਾਈਆਂ ਤੱਕ ਚੱਲਦੀ ਹੈ, ਬਲਕਿ ਪੰਜਾਬ ਦੇ ਖ਼ੂਨੀ ਇਤਿਹਾਸ ਨੂੰ ਵੀ ਬੜੀ ਬਾਰੀਕੀ ਨਾਲ ਆਪਣੇ ਕਲਾਵੇ ਵਿੱਚ ਲੈਂਦੀ ਹੈ। ਇਸ ਕਿਤਾਬ ਦੀ ਮੈਂ ਇੱਕ ਲੰਮੀ ਚੌੜੀ ਵਿਆਖਿਆ ਕਿਤਾਬ ਅੰਦਰ ਹੀ ਸ਼ਾਮਲ ਕੀਤੀ ਹੈ, ਤੇ ਅੱਜ ਜਦ ਇਸ ਦਾ ਫ਼ਾਈਨਲ ਪਰੂਫ ਸੰਪੂਰਨ ਹੋ ਚੁੱਕਾ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਇਸ ਪੱਖ ਤੋਂ ਮੈਂ ਸਿੱਖ ਭਾਈਚਾਰੇ ਲਈ ਇੱਕ ਅਜਿਹਾ ਕੰਮ ਕਰ ਦਿੱਤਾ ਹੈ, ਜੋ ਸਾਡੇ ਸਮਿਆਂ ਦੀ ਇਕ ਬੇਹੱਦ ਮਹੱਤਵਪੂਰਨ ਜ਼ਰੂਰਤ ਵਜੋਂ ਸਾਹਮਣੇ ਆਏਗਾ। ਇਹ ਕਿਤਾਬ ਇੱਕ ਦਸਤਾਵੇਜ਼ ਹੈ. ਕਰੀਬ ਇਕ ਹਜ਼ਾਰ ਪੰਨਿਆਂ ਵਿੱਚ ਫੈਲਿਆ ਇਹ ਗ੍ਰੰਥ ਮਨੁੱਖੀ ਅਧਿਕਾਰਾਂ ਦੇ ਹਵਾਲੇ ਨਾਲ ਸਿੱਖ ਹੋਣੀ ਦੀ ਜੋ ਤਸਵੀਰ ਖਿੱਚਦਾ, ਉਹ ਏਨੀ ਅਹਿਮ ਹੈ ਕਿ ਇਹ ਹਰ ਘਰ ਤੇ ਹਰ ਪਾਠਕ ਦੇ ਕੋਲ ਹੋਣੀ ਸਾਡੀ ਕੌਮ ਦੇ ਭਵਿੱਖ ਦੀ ਇੱਕ ਅਹਿਮ ਲੋੜ ਹੈ।

ਇੱਥੇ ਬਹੁਤ ਸਾਰੇ ਲੋਕ ਹਨ ਜੋ ਹਰ ਰੋਜ, ਹਰ ਸਮੇਂ ਸਿੱਖ ਸ਼ਹੀਦਾਂ, ਚੁਰਾਸੀ, ਸ. ਖਾਲੜਾ, ਖਾਲਿਸਤਾਨ ਆਦਿ ਦੀਆਂ ਗੱਲਾਂ ਕਰਦੇ ਰਹਿੰਦੇ ਹਨ, ਹੁਣ ਇਹ ਵੇਖਣਾ ਦਿਲਚਸਪ ਰਹੇਗਾ ਕਿ ਸਿੱਖਾਂ ਦੇ ਇਸ ਇਤਿਹਾਸਕ ਦਸਤਾਵੇਜ਼ ਨੂੰ ਉਹ ਕਿਸ ਕਦਰ ਵੇਖਦੇ ਤੇ ਅਹਿਮੀਅਤ ਦਿੰਦੇ ਹਨ।

ਆਪਾਂ ਇਸ ਨੂੰ ਦਸੰਬਰ ਦੇ ਪਹਿਲੇ ਹਫ਼ਤੇ ਤੱਕ ਜਾਰੀ ਕਰਾਂਗੇ, ਪਰ ਤੁਸੀਂ ਦਿੱਤੇ ਗਏ ਲਿੰਕ ਤੇ ਅੱਜ ਹੀ ਆਪਣੀ ਕਾਪੀ ਬੁੱਕ ਕਰ ਸਕਦੇ ਹੋ. ਇਸ ਨੂੰ ਅੱਗੇ ਤੋਹਫ਼ੇ ਵਜੋਂ ਦੇ ਸਕਦੇ ਹੋ. ਇੱਕਠੀਆਂ ਖ਼ਰੀਦ ਕੇ ਲਾਇਬਰੇਰੀਆਂ ਵਿੱਚ, ਗੁਰੂ ਘਰਾਂ ਅੰਦਰ ਰੱਖ ਸਕਦੇ ਹੋ. ਤੁਹਾਡਾ ਇਹ ਸਹਿਯੋਗ ਇਸ ਮਹਾਨ ਕਾਰਜ ਦੀ ਮਹੱਤਤਾ ਨੂੰ ਹੋਰ ਅੱਗੇ ਲਿਜਾਣ ਚ ਮੇਰਾ ਸਾਥ ਨਿਭਾਏਗਾ।




**-ਪਰਮਿੰਦਰ ਸਿੰਘ ਸ਼ੌਂਕੀ**

# USCIRF ਦੀ ਰਿਪੋਰਟ 'ਚ ਭਾਰਤ 'ਤੇ ਧਾਰਮਿਕ ਆਜ਼ਾਦੀ ਨੂੰ ਲੈ ਕੇ ਗੰਭੀਰ ਸਵਾਲ; ਭਾਰਤ ਨੇ ਰਿਪੋਰਟ ਨੂੰ ਦੱਸਿਆ 'ਪੱਖਪਾਤੀ'

**ਅਮਰੀਕਾ ਵੱਲੋਂ ਭਾਰਤ 'ਤੇ ਗੰਭੀਰ ਦੋਸ਼, ਵਿਦੇਸ਼ਾਂ ਵਿੱਚ ਬੈਠੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ (Transnational Repression) ਦੇ ਦੋਸ਼। ਭਾਰਤ ਵਿੱਚ ਭੀੜ ਵੱਲੋਂ ਹਿੰਸਾ (Mob Violence), ਲਿੰਚਿੰਗ (Lynching) ਅਤੇ ਨ਼ਫਰਤ ਭਰੇ ਭਾਸ਼ਣ (Hate Speech), ਘੱਟ ਗਿਣਤੀਆਂ ਦੇ ਖਿਲਾ਼ਫ UAPA ਕਾਨੂੰਨਾਂ ਦੀ ਵਰਤੋਂ। ਮਸਜਿਦਾਂ ਅਤੇ ਚਰਚਾਂ ਢਾਹੀਆਂ ਜਾ ਰਹੀਆਂ ਹਨ। ----USCIRF ਵੱਲੋਂ ਭਾਰਤ ਨੂੰ 'ਕਾਲੀ ਸੂਚੀ' (Blacklist) ਵਿੱਚ ਪਾ ਕੇ ਪਾਬੰਦੀਆਂ ਲਾਉਣ ਦੀ ਸਿ਼ਫਾਰਿਸ਼।**

ਵਾਸ਼ਿੰਗਟਨ/ਨਵੀਂ ਦਿੱਲੀ : ਅਮਰੀਕੀ ਸਰਕਾਰ ਦੀ ਇੱਕ ਸੁਤੰਤਰ ਨਿਗਰਾਨ ਸੰਸਥਾ, 'ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' (USCIRF) ਨੇ ਆਪਣੀ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ 'ਤੇ ਗੰਭੀਰ ਚਿੰਤਾਵਾਂ ਪ੍ਰਗਟਾਈਆਂ ਹਨ। ਕਮਿਸ਼ਨ ਨੇ ਅਮਰੀਕੀ ਵਿਦੇਸ਼ ਵਿਭਾਗ ਨੂੰ ਸਿਫਾਰਿਸ਼ ਕੀਤੀ ਹੈ ਕਿ ਭਾਰਤ ਨੂੰ 'ਖਾਸ ਚਿੰਤਾ ਵਾਲਾ ਦੇਸ਼' (Country of Particular Concern - CPC) ਐਲਾਨਿਆ ਜਾਵੇ। ਹਾਲਾਂਕਿ, ਭਾਰਤ ਸਰਕਾਰ ਨੇ ਇਸ ਰਿਪੋਰਟ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ।

ਘੱਟ ਗਿਣਤੀਆਂ ਅਤੇ ਕਾਨੂੰਨਾਂ ਦੀ ਵਰਤੋਂ 'ਤੇ ਸਵਾਲ ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਹੈ ਕਿ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ, ਈਸਾਈਆਂ, ਸਿੱਖਾਂ ਅਤੇ ਦਲਿਤਾਂ ਵਿਰੁੱਧ ਵਿਤਕਰਾ ਅਤੇ ਹਿੰਸਾ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਕਮਿਸ਼ਨ ਨੇ ਨਾਗਰਿਕਤਾ ਸੋਧ ਕਾਨੂੰਨ (CAA), ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (UAPA) ਅਤੇ ਵੱਖ-ਵੱਖ ਰਾਜਾਂ ਵਿੱਚ ਲਾਗੂ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਦੀ ਆਲੋਚਨਾ ਕੀਤੀ ਹੈ। ਰਿਪੋਰਟ ਮੁਤਾਬਕ, ਇਨ੍ਹਾਂ ਕਾਨੂੰਨਾਂ ਦੀ ਵਰਤੋਂ ਘੱਟ ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ।

ਸਿੱਖਾਂ ਬਾਰੇ ਚਿੰਤਾ ਅਤੇ ਹਿੰਸਕ ਘਟਨਾਵਾਂ USCIRF ਨੇ ਆਪਣੀ ਰਿਪੋਰਟ ਵਿੱਚ ਵਿਦੇਸ਼ਾਂ ਵਿੱਚ ਬੈਠੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ (Transnational Repression) ਦੇ ਦੋਸ਼ਾਂ ਬਾਰੇ ਵੀ ਖਾਸ ਚਿੰਤਾ ਜ਼ਾਹਰ ਕੀਤੀ ਹੈ। ਇਸ ਤੋਂ ਇਲਾਵਾ, ਧਾਰਮਿਕ ਸਥਾਨਾਂ (ਮਸਜਿਦਾਂ ਅਤੇ ਚਰਚਾਂ) ਨੂੰ ਨੁਕਸਾਨ ਪਹੁੰਚਾਉਣ, ਗਊ ਰੱਖਿਆ ਦੇ ਨਾਮ 'ਤੇ ਭੀੜ ਦੁਆਰਾ ਹਿੰਸਾ (Mob Lynching) ਅਤੇ ਨੇਤਾਵਾਂ ਵੱਲੋਂ ਦਿੱਤੇ ਜਾਂਦੇ ਨ਼ਫਰਤੀ ਭਾਸ਼ਣਾਂ (Hate Speech) ਨੂੰ ਵੀ ਰਿਪੋਰਟ ਵਿੱਚ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਹੈ।

**ਭਾਰਤ ਦਾ ਕਰਾਰਾ ਜਵਾਬ:** 'ਰਿਪੋਰਟ ਰਾਜਨੀਤਿਕ ਇਰਾਦਿਆਂ ਤੋਂ ਪ੍ਰੇਰਿਤ' ਭਾਰਤ ਦੇ ਵਿਦੇਸ਼ ਮੰਤਰਾਲੇ ਨੇ USCIRF ਦੀ ਰਿਪੋਰਟ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਰਿਪੋਰਟ 'ਪੱਖਪਾਤੀ' ਹੈ ਅਤੇ 'ਰਾਜਨੀਤਿਕ ਇਰਾਦਿਆਂ' ਨਾਲ ਪ੍ਰੇਰਿਤ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਕਮਿਸ਼ਨ ਭਾਰਤ ਦੇ ਸਮਾਜਿਕ ਤਾਣੇ-ਬਾਣੇ ਅਤੇ ਮਜ਼ਬੂਤ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਸਮਝਣ ਵਿੱਚ ਅਸਫਲ ਰਿਹਾ ਹੈ। ਭਾਰਤ ਨੇ ਇਸ ਰਿਪੋਰਟ ਨੂੰ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰਾਰ ਦਿੱਤਾ ਹੈ।

## ਇਸ ਰਿਪੋਰਟ ਉਪਰ ਭਾਰਤ ਦੇ ਵੱਡੇ ਚੈਨਲਾਂ ਕੁਝ ਇਸ ਤਰ੍ਹਾਂ ਰਿਪੋਰਟ ਕੀਤੀ ਹੈ ਅਸੀਂ ਦੋ ਵੱਡੇ ਚੈਨਲਾਂ ਵਲੋਂ ਕੀਤੇ ਤਪਸਰੇ ਨੂੰ ਪਾਠਕਾਂ ਦੀ ਜਾਣਕਾਰੀ ਹਿੱਤ ਛਾਪ ਰਹੇ ਹਾਂ। ਉਹਨਾਂ ਵਲੋਂ ਇਸਦੇ ਉਲਟ ਅਮਰੀਕਾ ਉਪਰ ਇਲਜਾਮ ਲਗਾਉਂਦੇ ਕੁਝ ਇਸ ਤਰ੍ਹਾਂ ਕਿਹਾ...

(1) 'ਹੁਣ ਅਸੀਂ ਅਮਰੀਕਾ ਤੋਂ ਆਈ ਉਸ ਭਾਰਤ ਵਿਰੋਧੀ ਰਿਪੋਰਟ ਦਾ ਵਿਸ਼ਲੇਸ਼ਣ ਕਰਾਂਗੇ। ਇਹ ਰਿਪੋਰਟ USCIRF ਯਾਨੀ 'ਯੂਨਾਈਟਿਡ ਸਟੇਟਸ ਕਮਿਸ਼ਨ ਔਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' ਨੇ ਤਿਆਰ ਕੀਤੀ ਹੈ।

ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਘੱਟ ਗਿਣਤੀਆਂ 'ਤੇ ਲਗਾਤਾਰ ਅੱਤਿਆਚਾਰ ਹੋ ਰਹੇ ਹਨ। ਰਿਪੋਰਟ ਦੇ ਇੱਕ ਹਿੱਸੇ ਵਿੱਚ ਲਿਖਿਆ ਗਿਆ ਹੈ ਕਿ ਭਾਰਤ ਵਿੱਚ ਮਸਜਿਦਾਂ ਤੋੜ ਕੇ ਮੰਦਰ ਬਣਾਏ ਜਾ ਰਹੇ ਹਨ। ਨਾਲ ਹੀ ਦੇਸ਼ ਦੇ ਕੁਝ ਸੂਬਿਆਂ ਵਿੱਚ ਗੈਰ-ਕਾਨੂੰਨੀ ਧਰਮ ਪਰਿਵਰਤਨ ਦੇ ਖਿਲਾਫ ਬਣਾਏ ਗਏ ਕਾਨੂੰਨਾਂ ਅਤੇ ਨਿਯਮਾਂ ਨੂੰ ਧਾਰਮਿਕ ਆਜ਼ਾਦੀ ਦਾ ਘਾਣ ਕਰਾਰ ਦਿੱਤਾ ਗਿਆ ਹੈ।

ਇਸ ਪੱਛਮੀ ਪ੍ਰੋਪੇਗੰਡਾ ਵਿੱਚ ਬੇਤੁਕੇ ਦੋਸ਼ਾਂ ਰਾਹੀਂ ਭਾਰਤ ਦੇ ਮੌਜੂਦਾ ਹਾਲਾਤਾਂ ਨੂੰ ਚਿੰਤਾਜਨਕ ਦੱਸਿਆ ਗਿਆ ਹੈ। ਇਹ ਰਿਪੋਰਟ ਕੋਈ ਅਧਿਐਨ ਨਹੀਂ, ਸਗੋਂ ਭਾਰਤ ਦੇ ਖਿਲਾਫ ਸਲੈਕਟਿਵ ਨੈਰੇਟਿਵ (Selective Narrative) ਬਣਾਉਣ ਦਾ ਇੱਕ ਹਥਿਆਰ ਹੈ।

ਇਸ ਰਿਪੋਰਟ ਨੂੰ ਜਿਸ ਅਮਰੀਕਾ ਵਿੱਚ ਤਿਆਰ ਕੀਤਾ ਗਿਆ ਹੈ, ਹੁਣ ਅਸੀਂ ਤੁਹਾਡੇ ਸਾਹਮਣੇ ਉਸੇ ਅਮਰੀਕਾ ਦੀ ਸੱਚਾਈ ਵੀ ਲੈ ਕੇ ਆ ਰਹੇ ਹਾਂ, ਤਾਂ ਜੋ ਤੁਹਾਨੂੰ ਪਤਾ ਲੱਗ ਸਕੇ ਕਿ ਭਾਰਤ ਨੂੰ ਕਥਿਤ ਗਿਆਨ ਦੇਣ ਵਾਲੇ ਅਮਰੀਕਾ ਵਿੱਚ ਘੱਟ ਗਿਣਤੀਆਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਂਦਾ ਹੈ। ਖੁਦ ਨੂੰ ਲਿਬਰਲ ਅਤੇ ਲੋਕਤੰਤਰੀ ਕਹਾਉਣ ਵਾਲੇ ਅਮਰੀਕਾ ਵਿੱਚ ਘੱਟ ਗਿਣਤੀਆਂ ਨੂੰ ਕਿਸ ਹੱਦ ਤੱਕ ਹੇਟ ਕ੍ਰਾਈਮ (Hate Crime) ਦਾ ਸਾਹਮਣਾ ਕਰਨਾ ਪੈਂਦਾ ਹੈ।

ਅਮਰੀਕਾ ਵਿੱਚ ਧਰਮ ਅਧਾਰਤ ਵਿਤਕਰਾ ਜਾਂ ਨ਼ਫਰਤ ਦੇ ਨਿਸ਼ਾਨੇ 'ਤੇ ਸਭ ਤੋਂ ਵੱਧ ਯਹੂਦੀ ਭਾਈਚਾਰਾ ਹੈ। ਪਿਛਲੇ 5 ਸਾਲਾਂ ਵਿੱਚ ਯਹੂਦੀਆਂ ਵਿਰੁੱਧ ਮਜ਼੍ਹਬੀ ਨ਼ਫਰਤ ਦੇ 10,000 ਤੋਂ ਵੱਧ ਮਾਮਲੇ ਦਰਜ ਕੀਤੇ ਗਏ। ਗੱਲ ਮੁਸਲਮਾਨਾਂ ਦੀ ਕਰੀਏ ਤਾਂ ਅਮਰੀਕਾ ਵਿੱਚ ਇਸ ਸਾਲ ਮੁਸਲਮਾਨਾਂ ਵਿਰੁੱਧ 647 ਹੇਟ ਕ੍ਰਾਈਮ ਦੇ ਮਾਮਲੇ ਸਾਹਮਣੇ ਆਏ ਹਨ। ਇਹ ਅੰਕੜਾ ਪਿਛਲੇ ਸਾਲ ਦੇ ਮੁਕਾਬਲੇ 70% ਵੱਧ ਹੈ। ਪਿਛਲੇ ਇੱਕ ਸਾਲ ਵਿੱਚ ਅਮਰੀਕਾ ਦੇ ਅੰਦਰ ਹਿੰਦੂ ਅਤੇ ਬੋਧ ਮੰਦਰਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਵੀ ਸਾਹਮਣੇ ਆਏ ਹਨ।'

(2) ਇਸ ਵੇਲੇ ਮੇਰੇ ਹੱਥ ਵਿੱਚ ਇੱਕ ਰਿਪੋਰਟ ਹੈ। ਇਹ ਰਿਪੋਰਟ ਅਮਰੀਕੀ ਸਰਕਾਰ ਦੇ ਇੱਕ ਕਮਿਸ਼ਨ ਨੇ ਜਾਰੀ ਕੀਤੀ ਹੈ ਅਤੇ ਇਸਦਾ ਨਾਮ ਹੈ - US Commission on International Religious Freedom. ਇਸ ਵਿੱਚ ਸ਼ੁਰੂਆਤ ਵਿੱਚ ਹੀ ਸਭ ਤੋਂ ਪਹਿਲਾਂ ਇਹ ਲਿਖਿਆ ਹੈ - ਸਾਲ 2014 ਵਿੱਚ ਜਦੋਂ ਤੋਂ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਹਨ, ਉਦੋਂ ਤੋਂ ਉਨ੍ਹਾਂ ਦੀ ਸਰਕਾਰ ਭਾਰਤ ਵਿੱਚ ਹਿੰਦੂਤਵ ਦੀ ਵਿਚਾਰਧਾਰਾ 'ਤੇ ਕੰਮ ਕਰ ਰਹੀ ਹੈ ਅਤੇ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਵਿਤਕਰਾ ਹੋ ਰਿਹਾ ਹੈ।

ਇਸੇ ਰਿਪੋਰਟ ਵਿੱਚ ਅੱਗੇ ਇਹ ਲਿਖਿਆ ਹੈ ਕਿ ਆਰਐੱਸਐੱਸ (RSS) ਅਤੇ ਬੀਜੇਪੀ (BJP) ਇੱਕ ਹਨ। ਅਤੇ ਆਰਐੱਸਐੱਸ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦਾ ਹੈ। ਆਰਐੱਸਐੱਸ ਘੱਟ ਗਿਣਤੀਆਂ ਦੇ ਖਿਲਾਫ ਹਿੰਸਕ ਅੱਤਿਆਚਾਰ ਵਿੱਚ ਸ਼ਾਮਲ ਹੈ।

ਇਸੇ ਵਿੱਚ ਅੱਗੇ ਰਾਮ ਮੰਦਰ ਦਾ ਜ਼ਿਕਰ ਹੈ। ਰਾਮ ਮੰਦਰ ਦਾ ਜ਼ਿਕਰ ਅਤੇ ਦੱਸਿਆ ਜਾਂਦਾ ਹੈ ਕਿ ਅਯੁੱਧਿਆ ਵਿੱਚ ਰਾਮ ਮੰਦਰ ਦਾ ਨਿਰਮਾਣ 16ਵੀਂ ਸਦੀ ਦੀ ਬਾਬਰੀ ਮਸਜਿਦ ਦੇ ਉੱਪਰ ਹੋਇਆ ਹੈ ਅਤੇ ਇਸ ਮਸਜਿਦ ਨੂੰ ਹਿੰਦੂਆਂ ਦੀ ਹਿੰਸਕ ਭੀੜ ਨੇ ਢਾਹ ਦਿੱਤਾ ਸੀ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਵਿੱਚ ਬਹੁਤ ਚਲਾਕੀ ਨਾਲ ਰਾਮ ਮੰਦਰ ਦੇ ਇਤਿਹਾਸ ਨੂੰ ਤਾਂ ਲੁਕਾ ਦਿੱਤਾ ਗਿਆ। ਅਜਿਹੀ ਧਾਰਨਾ ਬਣਾ ਦਿੱਤੀ ਗਈ ਕਿ ਅਯੁੱਧਿਆ ਦਾ ਰਾਮ ਮੰਦਰ ਭਾਰਤ ਦੇ ਮੁਸਲਮਾਨਾਂ ਦਾ ਦਮਨ ਕਰਕੇ ਬਣਾਇਆ ਗਿਆ, ਜਦਕਿ ਇਹ ਸੱਚ ਨਹੀਂ ਹੈ। ਸੱਚ ਇਹ ਹੈ ਕਿ ਰਾਮ ਮੰਦਰ ਦੇ ਨਿਰਮਾਣ ਲਈ ਦੋਵਾਂ ਧਿਰਾਂ ਨੇ ਲੰਬੀ ਕਾਨੂੰਨੀ ਲੜਾਈ ਲੜੀ। ਇਸ ਸਭ ਦੇ ਬਾਅਦ ਦੇਸ਼ ਦੀ ਸਰਵਉੱਚ ਅਦਾਲਤ ਯਾਨੀ ਸੁਪਰੀਮ ਕੋਰਟ ਨੇ ਰਾਮ ਮੰਦਰ ਦੇ ਹੱਕ ਵਿੱਚ ਫੈਸਲਾ ਸੁਣਾਇਆ। ਇਸ ਵਿੱਚ ਸਿਰਫ ਇੱਕ ਜਗ੍ਹਾ ਸੁਪਰੀਮ ਕੋਰਟ ਦੇ ਫੈਸਲੇ ਦਾ ਜ਼ਿਕਰ ਜ਼ਰੂਰ ਹੈ, ਪਰ ਉਸਨੂੰ ਵੀ ਅਜਿਹਾ ਲਿਖਿਆ ਗਿਆ ਹੈ ਜਿਸ ਨਾਲ ਇਸ ਮਾਮਲੇ ਦੀ ਪੂਰੀ ਸਥਿਤੀ ਸਪੱਸ਼ਟ ਨਹੀਂ ਹੁੰਦੀ।'




# ਵੱਡਾ ਖੁਲਾਸਾ: 'ਜਾਸੂਸੀ ਲਈ ISI ਨੇ ਮੁਸਲਮਾਨਾਂ ਨਾਲੋਂ ਵਧੇਰੇ ਹਿੰਦੂਆਂ ਨੂੰ ਭਰਤੀ ਕੀਤਾ' : ਅਜੀਤ ਡੋਭਾਲ

ਨਵੀਂ ਦਿੱਲੀ: ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਅਜੀਤ ਡੋਭਾਲ ਦਾ ਇੱਕ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਵਿੱਚ ਉਨ੍ਹਾਂ ਨੇ ਜਾਸੂਸੀ ਅਤੇ ਦੇਸ਼ਧ੍ਰੋਹ ਨਾਲ ਜੁੜੀਆਂ ਧਾਰਨਾਵਾਂ 'ਤੇ ਵੱਡਾ ਖੁਲਾਸਾ ਕੀਤਾ ਹੈ। ਆਪਣੇ ਸੰਬੋਧਨ ਦੌਰਾਨ, ਡੋਭਾਲ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. (ISI) ਦੁਆਰਾ ਭਾਰਤ ਵਿੱਚ ਜਾਸੂਸੀ ਲਈ ਭਰਤੀ ਕੀਤੇ ਗਏ ਲੋਕਾਂ ਵਿੱਚ ਮੁਸਲਮਾਨਾਂ ਦੇ ਮੁਕਾਬਲੇ ਹਿੰਦੂਆਂ ਦੀ ਗਿਣਤੀ ਜ਼ਿਆਦਾ ਰਹੀ ਹੈ।

'ਇਹ ਧਾਰਨਾ ਬਿਲਕੁਲ ਗਲਤ ਹੈ' ਅਜੀਤ ਡੋਭਾਲ ਨੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 1947 ਤੋਂ ਬਾਅਦ ਜਾਸੂਸੀ ਦੇ ਮਾਮਲਿਆਂ ਨੂੰ ਜੇਕਰ ਦੇਖਿਆ ਜਾਵੇ, ਤਾਂ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਉਨ੍ਹਾਂ ਦੇ ਬਿਆਨ ਦਾ ਪੰਜਾਬੀ ਅਨੁਵਾਦ ਹੇਠ ਲਿਖੇ ਅਨੁਸਾਰ ਹੈ:



'ਅਤੇ ਮੈਂ ਤੁਹਾਨੂੰ ਇੱਕ ਛੋਟੀ ਜਿਹੀ ਗੱਲ ਦੱਸਦਾ ਹਾਂ... ਹੁਣ ਜਦੋਂ ਮੇਰੀ ਪਛਾਣ ਇਸ (ਖੁਫੀਆ) ਕੰਮ ਨੂੰ ਕਰਨ ਵਾਲੇ ਵਿਅਕਤੀ ਵਜੋਂ ਉਜਾਗਰ ਹੋ ਹੀ ਗਈ ਹੈ। ਭਾਰਤ ਵਿੱਚ ਆਈ.ਐਸ.ਆਈ. (ISI) ਨੇ ਖੁਫੀਆ ਕੰਮਾਂ ਜਾਂ ਜਾਸੂਸੀ ਲਈ ਜਿੰਨੇ ਵੀ ਲੋਕ ਭਰਤੀ ਕੀਤੇ ਹਨ... ਉਨ੍ਹਾਂ ਵਿੱਚ ਮੁਸਲਮਾਨਾਂ ਨਾਲੋਂ ਹਿੰਦੂਆਂ ਦੀ ਗਿਣਤੀ ਕਿਤੇ ਜ਼ਿਆਦਾ ਰਹੀ ਹੈ।

ਜੇਕਰ ਅਸੀਂ 1947 ਤੋਂ ਲੈ ਕੇ ਹੁਣ ਤੱਕ ਦੇ ਸਾਰੇ ਮਾਮਲੇ ਦੇਖੀਏ, ਜੋ 'ਓਫਿਸ਼ੀਅਲ ਸੀਕ੍ਰੇਟਸ ਐਕਟ' (Official Secrets Act) ਅਤੇ ਜਾਸੂਸੀ ਵਿਰੋਧੀ ਕਾਨੂੰਨਾਂ ਤਹਿਤ ਦਰਜ ਹੋਏ ਹਨ—ਅਤੇ ਮੇਰਾ ਮੰਨਣਾ ਹੈ ਕਿ ਮੀਡੀਆ ਵਾਲਿਆਂ ਨੂੰ ਇਨ੍ਹਾਂ ਗੱਲਾਂ ਬਾਰੇ ਪਤਾ ਹੋਣਾ ਚਾਹੀਦਾ ਹੈ—ਤਾਂ ਇਹ ਜੋ 4,000 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ਵਿੱਚੋਂ ਸ਼ਾਇਦ 20 ਫੀਸਦੀ ਵੀ ਮੁਸਲਮਾਨ ਨਹੀਂ ਹੋਣਗੇ। ਇਸ ਲਈ ਇਹ (ਕਿ ਮੁਸਲਮਾਨ ਜਾਸੂਸੀ ਕਰਦੇ ਹਨ) ਇੱਕ ਬਹੁਤ ਹੀ ਗਲਤ ਧਾਰਨਾ ਹੈ।'

ਬਿਆਨ ਦੇ ਮਾਇਨੇ ਅਜੀਤ ਡੋਭਾਲ ਦਾ ਇਹ ਬਿਆਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜਾਸੂਸੀ ਜਾਂ ਗੱਦਾਰੀ ਦਾ ਕਿਸੇ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਮਾਹਰਾਂ ਅਨੁਸਾਰ, ਆਈ.ਐਸ.ਆਈ. ਅਕਸਰ ਪੈਸੇ, ਹਨੀ-ਟਰੈਪ (Honey-trap) ਜਾਂ ਬਲੈਕਮੇਲਿੰਗ ਰਾਹੀਂ ਭਾਰਤੀ ਨਾਗਰਿਕਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੀ ਹੈ, ਅਤੇ ਇਸ ਵਿੱਚ ਧਰਮ ਨਹੀਂ ਬਲਕਿ ਵਿਅਕਤੀ ਦੀ ਕਮਜ਼ੋਰੀ ਦਾ ਫਾਇਦਾ ਚੁੱਕਿਆ ਜਾਂਦਾ ਹੈ।

# ਮਨੁਵਾਦ ਦੀਆਂ ਜ਼ੰਜੀਰਾਂ ਤੋੜਨ ਲਈ 'ਖਾਲਸੇ' ਅਤੇ 'ਬੇਗਮਪੁਰਾ' ਨੂੰ ਇੱਕ ਹੋਣਾ ਪਵੇਗਾ

## ਦਿੱਲੀ ਦੇ ਤਾਨਾਸ਼ਾਹਾਂ ਨਾਲ ਨਹੀਂ, ਮਜ਼ਲੂਮਾਂ ਨਾਲ ਖੜ੍ਹੋ : ਸਰਦਾਰ ਜੀਵਨ ਸਿੰਘ ਦਾ ਦਲਿਤ-ਸਿੱਖ ਏਕਤਾ ਲਈ ਹੋਕਾ








ਨਵੀਂ ਦਿੱਲੀ, (ਸਾਡੇ ਲੋਕ) 17ਵੀਂ ਸਦੀ ਦੇ ਸਿੱਖ ਇਤਿਹਾਸ ਨੂੰ ਅਜੋਕੇ ਸਿਆਸੀ ਸੰਘਰਸ਼ਾਂ ਨਾਲ ਜੋੜਦਿਆਂ, ਐਕਟੀਵਿਸਟ ਸਰਦਾਰ ਜੀਵਨ ਸਿੰਘ ਨੇ ਇੱਕ ਜੋਸ਼ੀਲੇ ਭਾਸ਼ਣ ਵਿੱਚ ਸਿੱਖ ਭਾਈਚਾਰੇ ਅਤੇ ਦੱਬੇ-ਕੁਚਲੇ ਬਹੁਜਨ ਸਮਾਜ ਦਰਮਿਆਨ ਏਕਤਾ ਦਾ ਜ਼ਬਰਦਸਤ ਸੱਦਾ ਦਿੱਤਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 'ਦਿੱਲੀ ਦੇ ਤਾਨਾਸ਼ਾਹਾਂ' ਦੇ ਖਿਲਾਫ਼ ਡਟ ਕੇ ਖੜ੍ਹੇ ਹੋਣ।

ਇੱਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਰਦਾਰ ਜੀਵਨ ਸਿੰਘ ਨੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਕੁਰਬਾਨੀ ਸਿਰਫ਼ ਸਿੱਖ ਇਤਿਹਾਸ ਦਾ ਇੱਕ ਪੰਨਾ ਨਹੀਂ ਹੈ, ਸਗੋਂ ਇਹ 'ਮਨੁੱਖੀ ਅਧਿਕਾਰਾਂ ਦਾ ਵਿਸ਼ਵ-ਵਿਆਪੀ ਐਲਾਨ' (Universal declaration of human rights) ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਸਾਨੂੰ 'ਨਿਰਭੈ' ਹੋਣ ਦਾ ਅਤੇ ਹਰ ਵਿਅਕਤੀ ਦੇ ਵਿਸ਼ਵਾਸ ਦੀ ਆਜ਼ਾਦੀ ਦੀ ਰਾਖੀ ਕਰਨ ਦਾ ਸਬਕ ਦਿੰਦਾ ਹੈ।

ਬੇਜ਼ੁਬਾਨਾਂ ਦੀ ਆਵਾਜ਼ 'ਗੁਰੂ ਸਾਹਿਬ ਦਾ ਇਸ ਧਰਤੀ 'ਤੇ ਆਉਣ ਦਾ ਮਕਸਦ ਹੀ ਦੱਬੇ-ਕੁਚਲੇ ਲੋਕਾਂ ਨੂੰ ਉੱਚਾ ਚੁੱਕਣਾ ਸੀ', ਸਰਦਾਰ ਜੀਵਨ ਸਿੰਘ ਨੇ ਕਿਹਾ। ਉਨ੍ਹਾਂ ਨੇ ਔਰੰਗਜ਼ੇਬ ਦੇ ਸਮੇਂ ਦੀ ਤੁਲਨਾ ਅੱਜ ਦੇ ਹਾਲਾਤਾਂ ਨਾਲ ਕੀਤੀ। ਉਨ੍ਹਾਂ ਦਲੀਲ ਦਿੱਤੀ ਕਿ ਜਦੋਂ ਸਟੇਟ (ਸਰਕਾਰ) ਕਿਸੇ ਵਿਅਕਤੀ ਦੀ ਜ਼ਮੀਰ ਨੂੰ ਕੁਚਲਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਸੱਚੇ ਇਨਸਾਨ ਦਾ ਫਰਜ਼ ਹੈ ਕਿ ਉਹ ਖੜ੍ਹਾ ਹੋਵੇ। ਉਨ੍ਹਾਂ ਕਿਹਾ, 'ਗੁਰੂ ਤੇਗ ਬਹਾਦਰ ਜੀ ਨੇ ਸਿਧਾਂਤਾਂ ਨਾਲ ਨਹੀਂ ਸਗੋਂ ਅਮਲ ਨਾਲ ਜਵਾਬ ਦਿੱਤਾ। ਉਹ ਉਨ੍ਹਾਂ ਲੋਕਾਂ ਲਈ ਢਾਲ ਬਣ ਕੇ ਖੜ੍ਹੇ ਹੋਏ ਜਿਨ੍ਹਾਂ ਨਾਲ ਉਨ੍ਹਾਂ ਦਾ ਕੋਈ ਖੂਨ ਦਾ ਰਿਸ਼ਤਾ ਨਹੀਂ ਸੀ, ਤਾਂ ਜੋ ਵੱਖਰੇ ਹੋਣ ਦੇ ਹੱਕ ਨੂੰ ਬਚਾਇਆ ਜਾ ਸਕੇ।'

'ਮਨੁਵਾਦ' ਅਤੇ ਕੇਂਦਰੀ ਸੱਤਾ 'ਤੇ ਹਮਲਾ ਸਿੰਘ ਨੇ ਭਾਰਤ ਵਿੱਚ ਮੌਜੂਦ ਸਮਾਜਿਕ ਦਰਜਾਬੰਦੀ 'ਤੇ ਤਿੱਖਾ ਹਮਲਾ ਕੀਤਾ, ਜਿਸ ਨੂੰ ਉਨ੍ਹਾਂ ਨੇ 'ਬ੍ਰਾਹਮਣਵਾਦੀ ਮਨੁਵਾਦ' ਕਿਹਾ। ਉਨ੍ਹਾਂ ਦਲੀਲ ਦਿੱਤੀ ਕਿ ਲਗਭਗ 3% ਦੀ 'ਬਹੁਤ ਘੱਟ ਗਿਣਤੀ' ਵਾਲੇ ਲੋਕ ਵਿਚਾਰਧਾਰਾ ਰਾਹੀਂ 85% ਬਹੁਜਨ ਬਹੁਗਿਣਤੀ 'ਤੇ ਰਾਜ ਕਰ ਰਹੇ ਹਨ। ਉਨ੍ਹਾਂ ਟਿੱਪਣੀ ਕੀਤੀ, 'ਅੰਗਰੇਜ਼ ਫੌਜ ਲੈ ਕੇ ਆਏ ਸਨ ਪਰ ਸਾਡੇ ਦਿਮਾਗ ਗੁਲਾਮ ਨਹੀਂ ਕਰ ਸਕੇ... ਪਰ ਮਨੁਵਾਦੀ ਸੋਚ ਬਿਨਾਂ ਫੌਜ ਤੋਂ ਆਈ ਅਤੇ ਇਸਨੇ ਸਾਡੇ ਦਿਮਾਗਾਂ 'ਤੇ ਕਬਜ਼ਾ ਕਰ ਲਿਆ।' ਉਨ੍ਹਾਂ ਨੇ ਤਾਮਿਲਨਾਡੂ ਅਤੇ ਸਮਾਜ ਸੁਧਾਰਕ ਪੇਰੀਯਾਰ ਈ.ਵੀ. ਰਾਮਾਸਾਮੀ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਸਾਨੂੰ ਇਸ ਗੁਲਾਮੀ ਤੋਂ ਆਜ਼ਾਦ ਹੋਣ ਦੀ ਲੋੜ ਹੈ।

'ਬੇਗਮਪੁਰਾ-ਖਾਲਸਾ' ਦਾ ਸੁਪਨਾ ਸਰਦਾਰ ਜੀਵਨ ਸਿੰਘ ਨੇ ਭਾਰਤ ਲਈ ਇੱਕ ਅਜਿਹਾ ਸਿਆਸੀ ਅਤੇ ਨੈਤਿਕ ਢਾਂਚਾ ਪੇਸ਼ ਕੀਤਾ ਜੋ ਭਗਤ ਰਵਿਦਾਸ ਜੀ ਦੇ 'ਬੇਗਮਪੁਰਾ' (ਗਮ-ਰਹਿਤ ਸ਼ਹਿਰ) ਅਤੇ ਖਾਲਸੇ ਦੀ ਭਾਵਨਾ ਨੂੰ ਜੋੜਦਾ ਹੈ। ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਦੱਬੇ-ਕੁਚਲੇ ਲੋਕਾਂ ਦਾ 'ਬੇਗਮਪੁਰਾ' ਇੱਕ ਹਕੀਕਤ ਬਣੇਗਾ।

ਸਿੱਖ ਭਾਈਚਾਰੇ ਨੂੰ ਸਵਾਲ ਆਪਣੇ ਭਾਈਚਾਰੇ ਵੱਲ ਝਾਤ ਮਾਰਦਿਆਂ, ਉਨ੍ਹਾਂ ਨੇ ਸਿੱਖਾਂ ਨੂੰ ਚੁਣੌਤੀ ਦਿੱਤੀ ਕਿ ਉਹ ਪੰਜਾਬ ਵਿੱਚ ਦਲਿਤਾਂ ਨਾਲ ਹੋ ਰਹੇ ਵਿਹਾਰ 'ਤੇ ਝਾਤ ਮਾਰਨ। ਉਨ੍ਹਾਂ ਕਿਹਾ ਕਿ ਪੰਜਾਬ ਦੀ 33% ਆਬਾਦੀ ਦੱਬੇ-ਕੁਚਲੇ ਵਰਗਾਂ ਨਾਲ ਸਬੰਧਤ ਹੈ—ਉਹੀ ਲੋਕ ਜੋ ਇਤਿਹਾਸਕ ਤੌਰ 'ਤੇ ਗੁਰੂਆਂ ਦੇ ਸਭ ਤੋਂ ਨੇੜੇ ਸਨ—ਪਰ ਅੱਜ ਉਹ ਹਾਸ਼ੀਏ 'ਤੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਸ ਬੇਰੁਖੀ ਕਾਰਨ ਹੀ ਲੋਕ ਦੂਜੇ ਧਰਮਾਂ ਵੱਲ ਜਾ ਰਹੇ ਹਨ। ਉਨ੍ਹਾਂ ਸਵਾਲ ਕੀਤਾ, 'ਸਾਡੇ ਵੱਲੋਂ ਉਨ੍ਹਾਂ ਲਈ ਪਿਆਰ ਕਿਉਂ ਨਹੀਂ ਸੀ? ਬਰਾਬਰਤਾ ਕਿਉਂ ਨਹੀਂ ਸੀ?' ਏਕਤਾ ਦਾ ਸੱਦਾ ਭਾਸ਼ਣ ਦੇ ਅੰਤ ਵਿੱਚ ਉਨ੍ਹਾਂ ਨੇ ਸਮਾਜਿਕ ਸੁਧਾਰ ਲਈ ਜ਼ੋਰਦਾਰ ਅਪੀਲ ਕੀਤੀ। ਸਿੰਘ ਨੇ ਕਿਹਾ ਕਿ ਪਿੰਡਾਂ ਵਿੱਚ ਜਾਓ, ਦੱਬੇ-ਕੁਚਲੇ ਭਾਈਚਾਰੇ ਨੂੰ ਗਲੇ ਲਗਾਓ ਅਤੇ ਜਾਤ-ਪਾਤ ਦੇ ਆਧਾਰ 'ਤੇ ਵੰਡੇ ਗੁਰਦੁਆਰਿਆਂ ਦੀ ਥਾਂ ਇੱਕ ਬਣੋ।

ਉਨ੍ਹਾਂ ਨੇ ਗਰਜਵੀਂ ਆਵਾਜ਼ ਵਿੱਚ ਕਿਹਾ, 'ਸਾਡੀ 'ਚਾਦਰ' (Shield) ਸਾਡੇ ਕੰਮਾਂ ਅਤੇ ਸਾਡੀ ਦਲੇਰੀ ਨਾਲ ਬਣੀ ਹੈ। ਕੀ ਸਾਡੀ ਚਾਦਰ ਮਜ਼ਲੂਮਾਂ ਦੀ ਰਾਖੀ ਕਰੇਗੀ ਜਾਂ ਫਿਰ ਉਨ੍ਹਾਂ ਦੀ ਜੋ ਡਰ ਨਾਲ ਰਾਜ ਕਰਦੇ ਹਨ? ਦਿੱਲੀ ਦੇ ਤਾਨਾਸ਼ਾਹਾਂ ਨਾਲ ਨਹੀਂ, ਮਜ਼ਲੂਮਾਂ ਨਾਲ ਖੜ੍ਹੋ।'

# ਬਈ ! ਤੈਨੂੰ ਸੱਤ ਸਲਾਮਾਂ..



ਚੰਡੀਗੜ੍ਹ : ਪੰਜਾਬ ਕਿੰਨਾ ਭਾਗਾਂ ਵਾਲੈ। ਜਿਨ੍ਹਾਂ ਰੰਗ ਭਾਗ ਲਾਏ, ਸੱਤ ਸਲਾਮਾਂ ਐਸੇ ਪ੍ਰਤਾਪੀ ਬੰਦਿਆਂ ਨੂੰ। ਹਰਿਆਣਾ ਦਾ 'ਖੱਟਰ ਯੁੱਗ', ਪੰਜਾਬ ਦਾ 'ਕੱਟੜ ਯੁੱਗ', ਰਹਿੰਦੀ ਦੁਨੀਆ ਤੱਕ ਯਾਦ ਰਹੇਗਾ। 'ਕੀ ਖੱਟਿਆ ਠੋਡੀ ਨੂੰ ਹੱਥ ਲਾ ਕੇ, ਲਾਲਾ-ਲਾਲਾ ਹੋਗੀ ਮਿੱਤਰਾ', ਹਰਿਆਣਾ ਦੀ ਲੀਲਾ ਛੱਡੋ, ਪੰਜਾਬ ਤਾਂ ਮਗੈਂਬੋ ਤੋਂ ਵੱਧ ਖ਼ੁਸ਼ ਹੈ। ਹੁਣ ਪੰਜਾਬ ਦੇ ਸ਼ਾਲੀਮਾਰ ਬਾਗ਼ 'ਚ ਇਮਾਨਦਾਰੀ ਦੀ ਕਾਟੋ ਫੁੱਲਾਂ 'ਤੇ ਖੇਡ ਰਹੀ ਹੈ। ਬਿੰਨੂ ਢਿੱਲੋਂ ਇੱਕ ਪੰਜਾਬੀ ਫ਼ਿਲਮ 'ਚ ਪੁੱਛਣੋਂ ਨੀ ਹਟਦਾ, 'ਕਾਟੋ ਕਾਹਤੋਂ'। ਬਈ! ਇਹ ਕਾਟੋ ਦੀ ਨਿੱਜਤੈ, ਉਹ ਫੁੱਲਾਂ 'ਤੇ ਖੇਡੇ, ਚਾਹੇ ਕੰਡਿਆਂ 'ਤੇ।

ਸਰਕਾਰੀ ਇਮਾਨ ਏਨਾ ਕੱਟੜ ਹੈ ਕਿ ਰਹੇ ਰੱਬ ਦਾ ਨਾਮ। ਚੌਵੀ ਕੈਰੇਟ ਸੋਨੇ ਵਰਗਾ,ਐਨ ਸ਼ੁੱਧ 'ਤੇ ਖਰਾ। ਕੋਈ ਸ਼ੱਕ ਹੋਵੇ ਤਾਂ ਚਾਹੇ ਡੀਆਈਜੀ ਹਰਚਰਨ ਸਿਓਂ ਨੂੰ ਪੁੱਛ ਕੇ ਦੇਖ ਲੈਣਾ। ਸੰਘੀ ਏਜੰਸੀ ਸੀਬੀਆਈ ਦਾ ਕੱਖ ਨਾ ਰਹੇ, ਜੀਹਨੇ ਇਮਾਨ ਨੂੰ ਮੇਕਅਪ ਵੀ ਨੀ ਕਰਨ ਦਿੱਤਾ। ਮੁੰਨੀ ਤੋਂ ਵੱਧ ਬਦਨਾਮ ਕਰ'ਤਾ, ਸਾਢੇ ਸੱਤ ਕਰੋੜ ਦੀ ਮਾਇਆ, ਨਾਲੇ ਢਾਈ ਕਿੱਲੋ ਸੋਨਾ ਅਬਦਾਲੀ ਵਾਂਗੂ ਚੁੱਕ ਕੇ ਅਹੁ ਗਏ। ਕੰਵਰ ਗਰੇਵਾਲ ਨਸੀਹਤਾਂ ਦੀ ਪੰਡ ਖੋਲ੍ਹੀ ਬੈਠਾ, 'ਮੈਂ ਉਹਦੀਆਂ ਗਠੜੀਆਂ ਬੰਨ੍ਹ ਬੈਠਾ, ਜਿਹੜਾ ਨਾਲ ਨਹੀਂ ਜਾਣਾ।' ਭਲਾ ਪੁਰਸ਼ ਕ੍ਰਿਸ਼ਨੂੰ ਪ੍ਰਸ਼ਾਦ, ਕੋਲਿਆਂ ਦੀ ਦਲਾਲੀ 'ਚ ਮੂੰਹ ਕਾਲਾ ਕਰਾ ਬੈਠਾ।

ਅਦਲਾ ਬਦਲੀ ਸਰਕਾਰਾਂ ਦੀ ਹੁੰਦੀ ਹੈ, ਦਲਾਲਾਂ ਦੀ ਨਹੀਂ, ਇਹ ਪ੍ਰਜਾਤੀ ਅਮਰ ਰਹਿੰਦੀ ਹੈ। ਦਲਾਲਪੁਰੀਏ ਨਾ ਹੋਣ ਤਾਂ ਦਫ਼ਤਰੀ ਫਾਈਲਾਂ ਨੂੰ ਸਿਉਂਕ ਛਕ'ਜੇ, ਖੱਜਲ ਜਣੋ! ਇਹੋ ਤਾਂ ਫਾਈਲਾਂ ਨੂੰ ਧੱਕਾ ਲਾਉਂਦੇ ਨੇ। ਇੰਜ ਲੱਗਦੈ ਜਿਵੇਂ ਕ੍ਰਿਸ਼ਨੂੰ ਪ੍ਰਸ਼ਾਦ ਦਲਾਲ ਨੀ, ਐਚਆਰ ਮੈਨੇਜਰ ਹੋਵੇ, ਉਹ ਵੀ ਸਦਾਬਹਾਰ। ਹੁਣ ਨੇਕ ਅਫ਼ਸਰਾਂ ਨੂੰ ਧੁੜਕੂ ਲੱਗਿਐ, ਜਿਨ੍ਹਾਂ ਦੇ ਰੈਣ ਬਸੇਰੇ 'ਚ ਕ੍ਰਿਸ਼ਨੂੰ ਪ੍ਰਸ਼ਾਦ ਜੀ ਦੇ ਚਰਨ ਪਏ ਨੇ। ਵਿਜੀਲੈਂਸ ਨੂੰ 'ਖ਼ੁਦਾਈ' ਮੌਕੇ ਇੱਕ ਆਈਏਐੱਸ ਅਫ਼ਸਰ ਦੇ ਘਰੋਂ ਸੋਨੇ ਦੀਆਂ ਨੌਂ ਇੱਟਾਂ ਮਿਲੀਆਂ। ਇਨ੍ਹਾਂ ਅਫ਼ਸਰਾਂ ਦੀ ਨਿਸ਼ਕਾਮ ਸੇਵਾ ਦਾ ਕਲਯੁਗੀ ਬੰਦਿਆਂ ਨੇ ਧੇਲਾ ਮੁੱਲ ਨੀ ਪਾਇਆ। 'ਇਵੇਂ ਹੋਣੀ ਸੀ ਕਿ ਦੋਸ਼ ਨਣਦ ਨੂੰ ਦੇਵਾਂ'। ਪਰਮੀਸ਼ ਵਰਮਾ ਗਾਰੰਟੀ ਦੇ ਰਿਹੈ, 'ਫ਼ਿਕਰ ਨਾ ਕਰੋ, ਸਭ ਫੜੇ ਜਾਣਗੇ।'

ਕੋਈ ਨਹੀਂ ਫੜੇਗਾ, ਜੇ ਹਰੀ ਸ਼ੰਕਰ ਪਰਸਾਈ ਦੀ ਗੱਲ ਮੰਨੋਗੇ, 'ਰਿਸ਼ਵਤ ਲੇਤਾ ਪਕੜਾ ਜਾਏ ਤੋ ਰਿਸ਼ਵਤ ਦੇ ਕੇ ਛੂਟ।' ਉੜੀਸਾ ਦੇ ਰੇਲਵੇ ਅਫ਼ਸਰ ਦੇ ਘਰੋਂ ਸੰਘੀ ਏਜੰਸੀ ਨੇ 17 ਕਿੱਲੋ ਸੋਨਾ ਵਸੂਲ ਪਾਇਆ ਸੀ। ਸੰਸਦ ਮੈਂਬਰ ਧੀਰਜ ਪ੍ਰਸ਼ਾਦ ਸਾਹ ਦੀ ਕੁਟੀਆ ਚੋਂ 60 ਕਿੱਲੋ ਸੋਨਾ ਮਿਲਿਆ ਸੀ। ਏਧਰ, ਪੰਜਾਬ ਨੂੰ ਰਾਮ ਰਾਜ ਲੱਭਿਐ। ਅਮਿਤਾਭ ਬਚਨ

ਚਰਨਜੀਤ ਭੁੱਲਰ



ਪੁੱਛਦਾ ਪਿਐ, ਕੌਣ ਬਣੇਗਾ ਕਰੋੜਪਤੀ। ਮਾਹਤੜਾਂ ਨਾਲ ਤਾਂ ਲੱਛਮੀ ਦੀ ਅਣਬਣ ਐ, ਇਕੱਲੀ ਸਾਹਾਂ ਦੀ ਪੂੰਜੀ ਬਚੀ ਹੈ। ਸ਼ੁੱਧ ਸੋਨੇ ਦੀ ਮਾਲਕੀ ਕ੍ਰਿਸ਼ਨੂੰ ਦੇ ਬੌਸਾਂ ਕੋਲ ਐ। ਕਾਮਰੇਡੀ ਪ੍ਰਵਚਨ ਐ, ਇੱਕ ਬੰਦੇ ਦੀ ਅਮੀਰੀ ਪਿੱਛੇ ਲੱਖਾਂ ਲੋਕਾਂ ਦੀ ਗ਼ਰੀਬੀ ਹੁੰਦੀ ਹੈ।

ਬਾਬਾ ਆਲਮ ਵੀ ਸੱਚ ਆਖਦੈ, 'ਸਾਨੂੰ ਆਟੇ ਦਾ ਵੀ ਘਾਟਾ, ਤੇਰੇ ਕੁੱਤਿਆਂ ਨੂੰ ਖੀਰ, ਤੇਰੇ ਰੇਸ਼ਮੀ ਦੁਸ਼ਾਲੇ, ਸਾਡੇ ਤਨ 'ਤੇ ਨਾ ਲੀਰ।' ਬਾਬਿਓ! ਚਿੰਤਾ ਛੱਡੋ, ਬੱਸ ਸਮਾਜਵਾਦ ਸ਼ੰਭੂ ਬਾਰਡਰ ਟੱਪ ਆਇਐ। ਤੁਸੀਂ ਸ਼ੁਕਰਾਨੇ ਕਰੋ ਕ੍ਰਾਂਤੀਵੀਰਾਂ ਦੇ। ਏਨੀ ਤਾਂ ਪੰਜਾਬੀ ਔਰਤ ਬਜਾਜੀ ਦੀ ਦੁਕਾਨ ਤੇ ਨਹੀਂ ਖਿੜਦੀ ਜਿਨ੍ਹਾਂ ਅੱਜ ਕੱਲ੍ਹ ਪੰਜਾਬ 'ਚ ਇਨਕਲਾਬੀ ਫੁੱਲ ਖਿੜਿਐ। ਥਾਮਸ ਐਡੀਸਨ ਨੇ ਬੱਲਬ ਦੀ ਖੋਜ ਕੀਤੀ, ਹਨੇਰਾ ਦੂਰ ਕੀਤਾ। ਇਵੇਂ ਕੇਜਰੀਵਾਲ ਬਦਲਾਅ ਆਲੀ ਕਰੇਨ ਨਾਲ ਕੁਰੱਪਸ਼ਨ ਨੂੰ ਜੜ੍ਹੋਂ ਪੁੱਟ ਰਿਹੈ। ਮਨੀਸ਼ ਸਿਸੋਦੀਆ ਪੰਜਾਬ ਖ਼ਾਤਰ ਘਰ ਬਾਰ ਛੱਡ ਆਇਆ। ਕਿੰਨੇ ਪਿਆਰ ਨਾਲ 'ਸਾਮ, ਦਾਮ ਤੇ ਦੰਡ' ਦੀ ਪਰਿਭਾਸ਼ਾ ਸਮਝਾ ਰਿਹੈ।

ਪੇਂਡੂ ਬਾਬਾ ਆਖਦੈ, ਭਾਈ! ਅਸੀਂ ਚਾਰ ਸਾਲ ਪਹਿਲਾਂ ਛੱਲੀਆਂ ਆਲੇ ਖੇਤ 'ਚ ਡਰਨਾ ਗੱਡਿਆ ਸੀ, ਡਰਨਾ ਹੀ ਛੱਲੀਆਂ ਲੈ ਕੇ ਭੱਜ ਗਿਆ, ਹੁਣ ਕੀ ਕਰੀਏ। ਕਰਨਾ ਕੀ ਐ, ਸ਼ਾਹਰੁਖ਼ ਖ਼ਾਨ ਨੂੰ ਸੁਣੋ, 'ਬੜੇ ਬੜੇ ਦੇਸ਼ੋਂ ਮੇ ਛੋਟੀ ਛੋਟੀ ਬਾਤੇਂ ਹੋਤੀ ਰਹਿਤੀ ਹੈਂ।' ਜੇ ਫਿਰ ਵੀ ਦਿਲ ਨਾ ਟਿਕੇ, ਸਤਿੰਦਰ ਸਰਤਾਜ ਨੂੰ ਧਿਆ ਲੈਣਾ, 'ਛੱਡ ਮਾਲਕ 'ਤੇ ਡੋਰਾਂ, ਬਹੁਤਾ ਸੋਚੀਂ ਨਾ'। ਸੰਧਵਾਂ ਆਲਾ ਕੁਲਤਾਰ ਸੋਚੀ ਜਾਂਦੈ, ਨਾਲੇ 'ਕਾਲੀਆਂ ਭੇਡਾਂ' ਆਲੀ ਸੂਚੀ ਉਡੀਕੀ ਜਾਂਦੈ।

ਵੱਡੇ ਬਾਦਲ ਨੇ ਫ਼ਰਮਾਨ ਕੀਤਾ, ਕਾਲੀਆਂ ਭੇਡਾਂ ਦੀ ਲਿਸਟ ਬਣਾਓ। ਸਿਆਣੇ ਅਫ਼ਸਰਾਂ ਨੇ ਜੁਆਬੀ ਮਸ਼ਵਰਾ ਦਿੱਤਾ, 'ਚਿੱਟੀਆਂ ਦੀ ਬਣਾ ਲੈਂਦੇ ਹਾਂ, ਨਾਲੇ ਜਲਦੀ ਬਣਜੂ।' ਕੱਟੜ ਇਮਾਨੀ ਅਫ਼ਸਰਾਂ ਦਾ ਕੀ ਕਸੂਰ, ਰੱਬ ਦਾ ਦਿੱਤਾ ਛਕ ਰਹੇ ਨੇ, ਇਕੱਲੇ ਨਹੀਂ, ਵੰਡ ਕੇ। ਸੱਤਿਆ ਫ਼ਿਲਮ ਦਾ ਡਾਇਲਾਗ ਢੁਕਵੈਂ, 'ਇਸ ਸ਼ਹਿਰ ਮੇ ਪੁਲੀਸ ਕੇ ਬਿਨਾਂ ਪੱਤਾ ਨਹੀਂ ਹਿਲਤਾ, ਸਭ ਕੀ ਹਿੱਸੇਦਾਰੀ ਤੈਅ ਹੈ।' ਜਿਨ੍ਹਾਂ ਦਾ ਕਿਤੇ ਹੱਥ ਨੀ ਪੈਂਦਾ, ਉਹ 'ਅੱਜ ਦੇ ਰਾਂਝੇ' ਫਿਲਮ ਦੇ ਸਿਪਾਹੀ ਵਾਂਗੂ ਬੀਵੀ ਨੂੰ ਪੈ ਨਿਕਲਦੇ ਨੇ 'ਕਿਥੋਂ ਲਿਆ ਦਿਆਂ ਰਾਣੀ ਹਾਰ, ਮੈਂ ਸਿਪਾਹੀ ਹਾਂ, ਕੋਈ ਡੀਆਈਜੀ ਨਹੀਂ।' ਡੀਆਈਜੀ ਹਰਚਰਨ ਸਿਓਂ ਦੇ ਘਰ ਰੱਬ ਦਾ ਦਿੱਤਾ ਸਭ ਕੁੱਝ ਸੀ। ਸੰਘੀ ਏਜੰਸੀ ਨੇ ਸਿੱਧਾ ਰੱਬ ਦੇ ਕੰਮ 'ਚ ਦਖਲ ਦੇਤਾ। 'ਚੱਲ ਉੱਡ ਜਾ ਰੇ ਪੰਛੀ, ਅਬ ਯੇ ਦੇਸ਼ ਹੂਆ ਬਿਗਾਨਾ'। ਜਿੰਨੇ ਵੀ ਸੋਨਮੁਖੀ ਨੇ, ਜਦੋਂ ਭੀੜ ਪਈ, ਫਿਰ ਦੇਸ਼ ਚੇਤੇ ਕਰੇਗਾ। ਖ਼ੁਦਾ ਨਖਾਸਤਾ, ਕਦੇ ਜੰਗ ਲੱਗ ਜਾਏ। ਚੀਨ ਦੀ ਜੰਗ ਤਾਂ ਯਾਦ ਹੋਊ, ਜਦੋਂ ਲੋਕਾਂ ਨੇ ਦੇਸ਼ ਖ਼ਾਤਰ ਸੋਨਾ ਦਾਨ ਕੀਤਾ ਸੀ। ਮੂਰਖ ਦਾਸੋ! ਅੱਜ ਦੇ ਦੇਸ਼ ਭਗਤਾਂ ਨੇ ਕੌਮੀ ਸੁਰੱਖਿਆ ਵਾਸਤੇ ਹੀ ਤਾਂ ਘਰਾਂ 'ਚ ਸੋਨਾ ਰੱਖਿਐ। ਭਾਰਤ ਮਾਂ ਦੇ ਇਹ ਸਪੂਤ ਜੇਲ੍ਹਾਂ ਤੋਂ ਕਿੱਥੇ ਡਰਨ ਵਾਲੇ ਨੇ। ਸੰਘੀ ਏਜੰਸੀ ਨੇ ਐਵੇਂ ਬਾਤ ਦਾ ਬਤੰਗੜ ਬਣਾ'ਤਾ। ਰਾਂਝਾ ਜੀ ਠੀਕ ਆਖਦੇ ਸਨ, 'ਜੋ ਰੰਨਾਂ ਤੋਂ ਵਰਜਦੇ ਚੇਲਿਆਂ ਨੂੰ, ਉਹ ਗੁਰੂ ਕੀ ਬੰਨ੍ਹ ਕੇ ਚੋਵਣੇਂ ਨੇ।'

ਪੰਜਾਬ ਪੁਲੀਸ ਕੋਲ ਪੰਜ ਸੱਤ ਅਨਮੋਲ ਰਤਨ ਨੇ ਜਿਨ੍ਹਾਂ ਦੀ ਤੂਤੀ ਹਮੇਸ਼ਾ ਬੋਲਦੀ ਐ। ਬੱਸ ਇੱਕੋ ਅਸੂਲ 'ਹਾਂਜੀ ਹਾਂਜੀ ਕਹਿਣਾ, ਸਦਾ ਸੁਖੀ ਰਹਿਣਾ।' ਜਿਉਂ ਹੀ ਨਵੀਂ ਸਰਕਾਰ ਸਹੁੰ ਚੁੱਕਦੀ ਹੈ, ਇਹ ਐਨੂਅਲ ਪੈਕ ਲੈਂਦੇ ਨੇ, ਫਿਰ ਹਰ ਵਰ੍ਹੇ ਰਿਨਿਊ ਕਰਾਉਂਦੇ ਰਹਿੰਦੇ ਨੇ। ਅੱਜ ਕੱਲ੍ਹ ਤਾਂ ਬਿਜਲੀ ਮਹਿਕਮੇ ਦੇ ਵਿਹੜੇ ਵੀ ਬਸੰਤ-ਬਹਾਰ ਹੈ। ਪਹਿਲਾਂ ਆਨੰਦ ਫਿਲਮ ਦਾ ਡਾਇਲਾਗ ਸੁਣੋ, 'ਲੋਗ ਕਹਿਤੇ ਹੈਂ ਇਮਾਨਦਾਰੀ ਮੇ ਕਿਆ ਮਿਲਤਾ ਹੈ,ਮੈਨੇ ਕਹਾ ਸਕੂਨ। 'ਪਾਵਰਕੌਮ ਦੇ ਡਾਇਰੈਕਟਰ ਹਰਜੀਤ ਸਿਓਂ ਵੀ ਇਸੇ ਸਕੂਨ ਦੇ ਆਸ਼ਕ ਨੇ। ਨਵੇਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਪਹਿਲੇ ਝਟਕੇ ਹਰਜੀਤ ਨੂੰ ਘਰੇ ਤੋਰ'ਤਾ। ਅਖੇ ਆਸ਼ਕਾਂ ਦਾ ਏਥੇ ਕੀ ਕੰਮ।

ਪੰਜਾਬ ਜਣੋ! ਰਾਹਾਂ ਚੋਂ ਰੋੜੇ ਹਟਾਉਣੇ, ਕੋਈ ਅਰੋੜਾ ਸਾਹਿਬ ਤੋਂ ਸਿੱਖੇ। ਬਦਲਾਅ ਨੂੰ ਹੁਣ ਅੰਮ੍ਰਿਤਸਰ (ਦਿਹਾਤੀ) ਆਲੇ ਐੱਸਐੱਸਪੀ ਮਨਿੰਦਰ ਤੋਂ ਐਲਰਜੀ ਹੋ ਗਈ। ਮਨਿੰਦਰ ਅਖੀਰ ਤੱਕ ਗੈਂਗਸਟਰਾਂ ਨਾਲ ਭਿੜਿਆ। ਉਪ ਚੋਣ ਵੇਲੇ ਸਿਆਸਤ ਨਾਲ ਭਿੜ ਬੈਠਾ। ਮਨਿੰਦਰ ਹੁਣ ਉਸ ਬੈਂਚ ਤੇ ਬੈਠੇਗਾ ਜਿੱਥੇ ਪਹਿਲਾਂ ਗੁਰਕੀਰਤ ਕਿਰਪਾਲ ਹੋਰੀਂ ਬੈਠੇ ਨੇ। ਇਹ ਸਾਰੇ ਇਮਾਨਦਾਰੀ ਦਾ ਟੈਂਡਰ ਚੁੱਕਣਾ ਚਾਹੁੰਦੇ ਸੀ। ਗੋਨਿਆਣੇ ਆਲਾ ਹੇਮ ਰਾਜ ਮਿੱਤਲ, ਗਿਆਨੀ ਜ਼ੈਲ ਸਿੰਘ ਨੇ ਐੱਸਐੱਸਐੱਸ ਬੋਰਡ ਦਾ ਚੇਅਰਮੈਨ ਲਾ'ਤਾ। ਸਾਈਕਲ 'ਤੇ ਦਫ਼ਤਰ ਜਾਂਦਾ।

ਆਖ਼ਰੀ ਸਾਹ ਤੱਕ ਗੋਨਿਆਣੇ ਆਪਣੀ ਆਟਾ ਚੱਕੀ 'ਤੇ ਬੈਠਿਆ। ਕਿਸੇ ਨੇ ਪੁੱਛਿਆ, 'ਚਾਰ ਛਿੱਲੜ ਕਮਾ ਲੈਂਦਾ, ਅੱਜ ਇੱਥੇ ਨਾ ਬੈਠਣਾ ਪੈਂਦਾ।' ਅੱਗਿਓ ਜੁਆਬ ਮਿਲਿਆ, 'ਜੇਬਾਂ ਭਰਦਾ ਤਾਂ ਅੱਜ ਜੇਲ੍ਹ ਦੀ ਚੱਕੀ 'ਤੇ ਬੈਠਾ ਹੋਣਾ ਸੀ।' ਪੈਪਸੂ ਸਰਕਾਰ 'ਚ ਜੈਤੋ ਦਾ ਸੇਠ ਰਾਮ ਨਾਥ ਮੰਤਰੀ ਬਣਿਆ। ਬੱਸ ਤੇ ਬੈਠ ਸਹੁੰ ਚੁੱਕਣ ਪਹੁੰਚ ਗਿਆ ਪਟਿਆਲੇ। ਪਟਿਆਲੇ ਆਲਾ ਰਾਜਾ ਕਹਿੰਦਾ, ਸਹੁੰ ਚੁੱਕਣੀ ਹੈ ਤਾਂ ਅਚਕਨ ਪਹਿਨ ਕੇ ਆਵੋ, ਧੋਤੀ ਨਹੀਂ ਚੱਲੇਗੀ। 'ਮੈਨੂੰ ਨੀ ਚਾਹੀਦੀ ਇਹੋ ਜੇਹੀ ਵਜ਼ੀਰੀ', ਆਖ ਸੇਠ ਜੀ ਤੁਰ ਪਏ। ਮਗਰੋਂ ਮਸਾਂ ਮੋੜ ਕੇ ਲਿਆਏ।

ਸਾਦਗੀ ਤੇ ਇਮਾਨਦਾਰੀ ਦੇ ਵੇਲੇ ਹੁਣ ਕਿਥੇ ਰਹੇ ਨੇ। ਪੰਜਾਬ ਦਾ ਸਿਰ ਉੱਚਾ ਹੁਣ ਇਨਕਲਾਬੀ ਵੀਰਾਂ ਨੇ ਕੀਤੈ। ਤਰੱਕੀ ਦੇ ਰਾਹ 'ਚ ਜਿੰਨੇ ਵੀ ਅੜਿੱਕਾ ਸਿੰਘ ਰੋੜਾ ਬਣੇ, ਉਨ੍ਹਾਂ ਨੂੰ 'ਪਰਚਾ ਸਿੰਘ' ਨਾਲ ਸਾਈਕਲ 'ਤੇ ਬਿਠਾ ਜੇਲ੍ਹ ਨਾਥ ਦੇ ਡੇਰੇ ਛੱਡ ਆਏ। ਸਦੀਆਂ ਬਾਅਦ ਜਦ ਕੋਈ ਬ੍ਰਹਿਮੰਡ ਦਾ ਖ਼ੋਜੀ ਪੰਜਾਬ ਆਏਗਾ, ਬੌਂਦਲ ਜਾਏਗਾ ਜਦ ਜਾਣ ਜਾਏਗਾ ਕਿ 'ਕੱਟੜ ਘਾਟੀ ਦੀ ਸਭਿਅਤਾ' ਦੇ ਬਾਸ਼ਿੰਦੇ ਪੰਜਾਬੀ ਸਨ। ਜਦ ਘੱਗਰ ਤੋਂ ਰਾਵੀ ਤੱਕ ਥੇਹਾਂ ਦੀ ਖ਼ੁਦਾਈ ਹੋਵੇਗੀ ਤਾਂ 'ਕ੍ਰਾਂਤੀ ਯੋਜਨਾ' ਦੇ ਨਮੂਨੇ ਖੰਡਰਾਤਾਂ ਚੋਂ ਮਿਲਣਗੇ। ਇਮਾਨ ਦੀ ਤੜਾਗੀ ਦੇ ਚਿੰਨ੍ਹ ਲੱਭਣਗੇ।

ਅਖੀਰ 'ਚ ਚਾਨਣ ਸਿੰਘ ਹਨੇਰਾ ਲਤੀਫ਼ਾ ਲੈ ਕੇ ਹਾਜ਼ਰ ਹੈ। ਪ੍ਰਤਾਪ ਸਿੰਘ ਕੈਰੋਂ ਦੀ ਜਾਂਚ ਲਈ ਕੇਂਦਰ ਨੇ 'ਦਾਸ ਕਮਿਸ਼ਨ' ਬਿਠਾ'ਤਾ। ਕੈਰੋਂ ਨੂੰ ਅਸਤੀਫ਼ਾ ਦੇਣਾ ਪਿਆ। ਜਦੋਂ ਹਲਕੇ 'ਚ ਗਏ ਤਾਂ ਕੋਈ ਪੁਰਾਣਾ ਚੇਲਾ ਗੋਡੀਂ ਹੱਥ ਲਾ ਆਖਣ ਲੱਗਿਆ, 'ਜੀ! ਮੈਂ ਥੋਡਾ ਦਾਸ ਹਾਂ'। ਕੈਰੋਂ ਸਾਹਿਬ ਭੜਕ ਉੱਠੇ, 'ਪਹਿਲੇ ਦਾਸ ਦਾ ਪੱਟਿਆ ਤਾਬ ਨੀ ਆਇਆ, ਹੁਣ ਤੂੰ ਕਿਹੜਾ ਦਾਸ ਆ ਗਿਆ।'

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ

ਦੇ 350ਵੇਂ ਸਹੀਦੀ ਦਿਹਾੜੇ ਨੂੰ ਸਮਰਪਿਤ

# ੧੫ਵਾਂ ਰਾਗ ਦਰਬਾਰ

## 22 ਨਵੰਬਰ 2025

ਸ਼ਾਮ 4.00 ਤੋਂ ਰਾਤ 11.45 ਵਜੇ ਤੱਕ

## ਗੁਰਦੁਆਰਾ ਸੀਸ ਗੰਜ ਸਾਹਿਬ



4.00 ਤੋਂ 4.50
ਭਾਈ ਸਤਨਿੰਦਰ ਸਿੰਘ ਜੀ
ਬੋਦਲ



4.50 ਤੋਂ 5.45
ਭਾਈ ਗੁਰਦੇਵ ਸਿੰਘ ਜੀ
ਆਸਟ੍ਰੇਲੀਆ



8.00 ਤੋਂ 8.45
ਭਾਈ ਹਰਜੋਤ ਸਿੰਘ ਜੀ
ਜ਼ਖ਼ਮੀ



8.45 ਤੋਂ 9.30
ਪ੍ਰਿੰ. ਸੁਖਵੰਤ ਸਿੰਘ ਜੀ

ਪਾਠ
ਸੋ ਦਰੁ

5.45 ਤੋਂ 6.30
ਪਾਠ ਸ੍ਰੀ ਰਹਰਾਸ ਸਾਹਿਬ



6.30 ਤੋਂ 7.15
ਭਾਈ ਕੁਲਤਾਰ ਸਿੰਘ ਜੀ
ਹਜ਼ੂਰੀ ਕੀਰਤਨੀਏ ਗੁ. ਸੀਸ ਗੰਜ ਸਾਹਿਬ



9.30 ਤੋਂ 10.15
ਸਿੰਘ ਸਾਹਿਬ ਗਿ. ਰਣਜੀਤ ਸਿੰਘ
ਹੈਡ ਗ੍ਰੰਥੀ ਗ. ਬੰਗਲਾ ਸਾਹਿਬ



10.15 ਤੋਂ 11.00
ਭਾਈ ਗੁਰਮੀਤ ਸਿੰਘ ਜੀ ਸ਼ਾਂਤ
ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ



7.15 ਤੋਂ 8.00
ਭਾਈ ਗੁਰਿੰਦਰ ਸਿੰਘ
ਬਟਾਲਾ



11.00 ਤੋਂ 11.45
ਭਾਈ ਮਨਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ

ਗੁਰੂ ਪੰਥ ਦੇ ਦਾਸ

**ਸ੍ਰ. ਹਰਮੀਤ ਸਿੰਘ ਕਾਲਕਾ**
**ਪ੍ਰਧਾਨ**

**ਸ੍ਰ. ਜਗਦੀਪ ਸਿੰਘ ਕਾਹਲੋਂ**
**ਜਨਰਲ ਸਕੱਤਰ**

ਸ੍ਰ. ਹਰਵਿੰਦਰ ਸਿੰਘ ਕੇ.ਪੀ.
ਸੀਨੀਅਰ ਮੀਤ ਪ੍ਰਧਾਨ

ਸ੍ਰ. ਆਤਮਾ ਸਿੰਘ ਲੁਬਾਣਾ
ਮੀਤ ਪ੍ਰਧਾਨ

ਸ੍ਰ. ਜਸਮੇਨ ਸਿੰਘ ਨੋਨੀ
ਜੁਆਇੰਟ ਸਕੱਤਰ

ਸ੍ਰ. ਜਸਪ੍ਰੀਤ ਸਿੰਘ ਕਰਮਸਰ ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਵਿਸ਼ੇਸ਼ ਸਹਿਯੋਗ : ਸ੍ਰ. ਅਵਤਾਰ ਸਿੰਘ ਅਤੇ ਹਰਕੀਰਤ ਸਿੰਘ (ਵੁੱਡਲੈਂਡ)**

# ਵੱਡੀ ਖ਼ਬਰ: 1 ਕਰੋੜ ਦਾ ਇਨਾਮੀ ਮਾਓਵਾਦੀ ਕਮਾਂਡਰ ਮਡਵੀ ਹਿਡਮਾ ਢੇਰ, ਭਾਰਤੀ ਸੁਰੱਖਿਆ ਬਲਾਂ ਨੂੰ ਮਿਲੀ ਵੱਡੀ ਕਾਮਯਾਬੀ

ਹੈਦਰਾਬਾਦ/ਅਮਰਾਵਤੀ: ਦੇਸ਼ ਦੇ ਸਭ ਤੋਂ ਖਤਰਨਾਕ ਅਤੇ 'ਮੋਸਟ ਵਾਂਟਿਡ' ਮਾਓਵਾਦੀ ਕਮਾਂਡਰ ਮਡਵੀ ਹਿਡਮਾ (Madvi Hidma) ਨੂੰ ਸੁਰੱਖਿਆ ਬਲਾਂ ਨੇ ਆਂਧਰਾ ਪ੍ਰਦੇਸ਼ ਵਿੱਚ ਇੱਕ ਮੁਕਾਬਲੇ ਦੌਰਾਨ ਮਾਰ ਮੁਕਾਇਆ ਹੈ। ਹਿਡਮਾ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ (PLGA) ਦੀ ਬਟਾਲੀਅਨ ਨੰਬਰ 1 ਦਾ ਮੁਖੀ ਸੀ ਅਤੇ ਉਸ ਦੇ ਸਿਰ 'ਤੇ 1 ਕਰੋੜ ਰੁਪਏ ਦਾ ਇਨਾਮ ਸੀ।

**ਘਟਨਾ ਦਾ ਵੇਰਵਾ:** ਇਹ ਮੁਕਾਬਲਾ ਆਂਧਰਾ ਪ੍ਰਦੇਸ਼ ਦੇ ਅਲੂਰੀ ਸੀਤਾਰਾਮ ਰਾਜੂ ਜ਼ਿਲ੍ਹੇ (ASR District) ਦੇ ਜੰਗਲਾਂ ਵਿੱਚ ਹੋਇਆ। ਪੁਲਿਸ ਦੀ ਵਿਸ਼ੇਸ਼ ਟੁਕੜੀ 'ਗ੍ਰੇਹਾਊਂਡਸ' (Greyhounds) ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਮਾਓਵਾਦੀ ਇਸ ਇਲਾਕੇ ਵਿੱਚ ਲੁਕੇ ਹੋਏ ਹਨ। ਜਦੋਂ ਸੁਰੱਖਿਆ ਬਲਾਂ ਨੇ ਇਲਾਕੇ ਦੀ ਘੇਰਾਬੰਦੀ ਕੀਤੀ ਤਾਂ ਮਾਓਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਹਿਡਮਾ ਸਮੇਤ 6 ਮਾਓਵਾਦੀ ਮਾਰੇ ਗਏ। ਮਰਨ ਵਾਲਿਆਂ ਵਿੱਚ ਹਿਡਮਾ ਦੀ ਪਤਨੀ ਰਾਜੇ (Raje) ਵੀ ਸ਼ਾਮਲ ਹੈ, ਜੋ ਖੁਦ ਇੱਕ ਸੀਨੀਅਰ ਮਾਓਵਾਦੀ ਆਗੂ ਸੀ।





**ਕੌਣ ਸੀ ਮਡਵੀ ਹਿਡਮਾ ?**

**ਅਹੁਦਾ:** ਉਹ ਪਾਬੰਦੀਸ਼ੁਦਾ ਸੀ.ਪੀ.ਆਈ (ਮਾਓਵਾਦੀ) ਦੀ ਕੇਂਦਰੀ ਕਮੇਟੀ ਦਾ ਸਭ ਤੋਂ ਘੱਟ ਉਮਰ ਦਾ ਮੈਂਬਰ ਸੀ ਅਤੇ ਮਾਓਵਾਦੀਆਂ ਦੀ ਸਭ ਤੋਂ ਖਤਰਨਾਕ ਲੜਾਕੂ ਯੂਨਿਟ (PLGA-A) ਦਾ ਕਮਾਂਡਰ ਸੀ।

**ਇਨਾਮ:** ਵੱਖ-ਵੱਖ ਰਾਜਾਂ ਦੀ ਪੁਲਿਸ ਵੱਲੋਂ ਉਸ 'ਤੇ ਕੁੱਲ ਮਿਲਾ ਕੇ 1 ਕਰੋੜ ਰੁਪਏ ਤੋਂ ਵੱਧ ਦਾ ਇਨਾਮ ਰੱਖਿਆ ਗਿਆ ਸੀ।

**ਅਪਰਾਧ:** ਹਿਡਮਾ ਪਿਛਲੇ ਦੋ ਦਹਾਕਿਆਂ ਵਿੱਚ ਸੁਰੱਖਿਆ ਬਲਾਂ 'ਤੇ ਹੋਏ ਕਈ ਘਾਤਕ ਹਮਲਿਆਂ ਦਾ ਮਾਸਟਰਮਾਈਂਡ ਸੀ। ਉਹ 26 ਤੋਂ ਵੱਧ ਵੱਡੇ ਹਮਲਿਆਂ ਵਿੱਚ ਸ਼ਾਮਲ ਸੀ।

ਪ੍ਰਮੁੱਖ ਹਮਲੇ ਜਿਨ੍ਹਾਂ ਦਾ ਉਹ ਦੋਸ਼ੀ ਸੀ:

1. **ਦੰਤੇਵਾੜਾ ਹਮਲਾ** (2010): ਇਸ ਭਿਆਨਕ ਹਮਲੇ ਵਿੱਚ ਸੀ.ਆਰ.ਪੀ.ਐਫ (CRPF) ਦੇ 76 ਜਵਾਨ ਸ਼ਹੀਦ ਹੋਏ ਸਨ।
2. **ਝੀਰਮ ਘਾਟੀ ਹਮਲਾ** (2013): ਇਸ ਵਿੱਚ ਕਾਂਗਰਸ ਦੇ ਸੀਨੀਅਰ ਲੀਡਰਾਂ ਸਮੇਤ ਕਈ ਲੋਕ ਮਾਰੇ ਗਏ ਸਨ।
3. **ਬੀਜਾਪੁਰ ਮੁਕਾਬਲਾ** (2021): ਇਸ ਹਮਲੇ 'ਚ 22 ਸੁਰੱਖਿਆ ਕਰਮਚਾਰੀ ਸ਼ਹੀਦ ਹੋਏ ਸਨ।

**ਸਰਕਾਰ ਲਈ ਵੱਡੀ ਜਿੱਤ:** ਹਿਡਮਾ ਦਾ ਮਾਰਿਆ ਜਾਣਾ ਸੁਰੱਖਿਆ ਬਲਾਂ ਲਈ ਇੱਕ ਇਤਿਹਾਸਕ ਜਿੱਤ ਮੰਨੀ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਮਾਰਚ 2026 ਤੱਕ ਨਕਸਲਵਾਦ ਨੂੰ ਖਤਮ ਕਰਨ ਦਾ ਟੀਚਾ ਰੱਖਿਆ ਹੈ, ਅਤੇ ਹਿਡਮਾ ਦਾ ਖਾਤਮਾ ਇਸ ਦਿਸ਼ਾ ਵਿੱਚ ਸਭ ਤੋਂ ਵੱਡਾ ਕਦਮ ਹੈ। ਅਧਿਕਾਰੀਆਂ ਮੁਤਾਬਕ, ਹਿਡਮਾ ਦੀ ਮੌਤ ਨਾਲ ਮਾਓਵਾਦੀ ਸੰਗਠਨ ਦੀ ਕਮਰ ਟੁੱਟ ਗਈ ਹੈ।

# ਆਉ ਦਹਾਕਿਆਂ ਤੋਂ ਲੜ ਰਹੇ ਮਾਂਉਵਾਦੀਆਂ ਦੀਆਂ ਮੰਗਾ ਉਹਨਾ ਦੇ ਹੱਕਾਂ, ਲੋਕਾਂ, ਜ਼ਮੀਨ ਅਤੇ ਮਾਣ ਸਤਿਕਾਰ ਲਈ ਕੀਤੇ ਲੰਬੇ ਸਘੰਰਸ਼ ਵਾਰੇ ਜਾਣੀਏ

ਭਾਰਤੀ ਮਾਓਵਾਦੀਆਂ (ਜਿਨ੍ਹਾਂ ਨੂੰ ਨਕਸਲਵਾਦੀ ਵੀ ਕਿਹਾ ਜਾਂਦਾ ਹੈ) ਦੀ ਲੜਾਈ ਮੁੱਖ ਤੌਰ 'ਤੇ ਮੌਜੂਦਾ ਸਰਕਾਰੀ ਢਾਂਚੇ ਦੇ ਖਿਲਾਫ ਹੈ। ਉਨ੍ਹਾਂ ਦਾ ਮੁੱਖ ਨਾਅਰਾ 'ਜਲ, ਜੰਗਲ, ਜ਼ਮੀਨ' ਹੈ।

ਭਾਰਤ ਵਿੱਚ ਮਾਓਵਾਦੀ ਲਹਿਰ ਦੀ ਸ਼ੁਰੂਆਤ ਪੱਛਮੀ ਬੰਗਾਲ ਦੇ ਇੱਕ ਛੋਟੇ ਜਿਹੇ ਪਿੰਡ 'ਨਕਸਲਬਾੜੀ' (Naxalbari) ਤੋਂ ਹੋਈ ਸੀ। ਇਸੇ ਪਿੰਡ ਦੇ ਨਾਮ ਕਾਰਨ ਇਸ ਲਹਿਰ ਨੂੰ 'ਨਕਸਲਵਾਦ' ਕਿਹਾ ਜਾਣ ਲੱਗਾ।

ਇੱਥੇ ਇਸ ਲਹਿਰ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਹੈ:

ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ?

ਇਹ ਘਟਨਾ 1967 ਦੀ ਹੈ। ਨਕਸਲਬਾੜੀ ਪਿੰਡ (ਜ਼ਿਲ੍ਹਾ ਦਾਰਜੀਲਿੰਗ) ਵਿੱਚ ਕਿਸਾਨਾਂ ਅਤੇ ਜ਼ਮੀਨਦਾਰਾਂ ਵਿਚਕਾਰ ਤਣਾਅ ਚੱਲ ਰਿਹਾ ਸੀ।

**ਅਸਲ ਘਟਨਾ:** ਮਈ 1967 ਵਿੱਚ, ਇੱਕ ਗਰੀਬ ਆਦਿਵਾਸੀ ਕਿਸਾਨ ਨੂੰ ਜ਼ਮੀਨਦਾਰ ਦੇ ਬੰਦਿਆਂ ਨੇ ਕੁੱਟਿਆ। ਇਸਦੇ ਵਿਰੋਧ ਵਿੱਚ ਕਿਸਾਨ ਇਕੱਠੇ ਹੋ ਗਏ। ਜਦੋਂ ਪੁਲਿਸ ਉੱਥੇ ਪਹੁੰਚੀ, ਤਾਂ ਹਿੰਸਾ ਭੜਕ ਗਈ। 25 ਮਈ 1967 ਨੂੰ ਪੁਲਿਸ ਦੀ ਗੋਲੀਬਾਰੀ ਵਿੱਚ 11 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ।

**ਬਗਾਵਤ ਦਾ ਐਲਾਨ:** ਇਸ ਘਟਨਾ ਨੇ ਚੰਗਿਆੜੀ ਦਾ ਕੰਮ ਕੀਤਾ। ਕਿਸਾਨਾਂ ਨੇ ਤੀਰ-ਕਮਾਨ ਅਤੇ ਦੇਸੀ ਹਥਿਆਰਾਂ ਨਾਲ ਜ਼ਮੀਨਦਾਰਾਂ ਅਤੇ ਪ੍ਰਸ਼ਾਸਨ ਦੇ ਖਿਲਾਫ ਹਥਿਆਰਬੰਦ ਬਗਾਵਤ ਸ਼ੁਰੂ ਕਰ ਦਿੱਤੀ।

ਮੁੱਖ ਆਗੂ (Leaders)

ਇਸ ਅੰਦੋਲਨ ਦੀ ਅਗਵਾਈ ਕਮਿਊਨਿਸਟ ਪਾਰਟੀ (ਸੀ.ਪੀ.ਐਮ) ਦੇ ਕੁਝ ਕ੍ਰਾਂਤੀਕਾਰੀ ਨੇਤਾਵਾਂ ਨੇ ਕੀਤੀ ਸੀ, ਜੋ ਬਾਅਦ ਵਿੱਚ ਪਾਰਟੀ ਤੋਂ ਵੱਖ ਹੋ ਗਏ। ਮੁੱਖ ਨਾਮ ਸਨ:

1. **ਚਾਰੂ ਮਜੂਮਦਾਰ (Charu Majumdar)**: ਇਨ੍ਹਾਂ ਨੂੰ ਨਕਸਲਵਾਦ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਹੀ ਇਸ ਹਿੰਸਕ ਅੰਦੋਲਨ ਦੀ ਵਿਚਾਰਧਾਰਾ ਤਿਆਰ ਕੀਤੀ ਸੀ।
2. **ਕਾਨੂ ਸਾਨਿਆਲ (Kanu Sanyal)**: ਇਹ ਜ਼ਮੀਨੀ ਪੱਧਰ 'ਤੇ ਅੰਦੋਲਨ ਦੀ ਅਗਵਾਈ ਕਰ ਰਹੇ ਸਨ।
3. **ਜੰਗਲ ਸੰਥਾਲ (Jangal Santhal)**: ਆਦਿਵਾਸੀਆਂ ਦੇ ਪ੍ਰਮੁੱਖ ਨੇਤਾ।

**ਵਿਚਾਰਧਾਰਾ**

ਚਾਰੂ ਮਜੂਮਦਾਰ ਚੀਨ ਦੇ ਨੇਤਾ ਮਾਓ-ਜ਼ੇ-ਤੁੰਗ (Mao Zedong) ਤੋਂ ਬਹੁਤ ਪ੍ਰਭਾਵਿਤ ਸਨ। ਮਾਓ ਦਾ ਕਹਿਣਾ ਸੀ ਕਿ 'ਸੱਤਾ ਬੰਦੂਕ ਦੀ ਨੋਕ ਤੋਂ ਨਿਕਲਦੀ ਹੈ।' ਇਸੇ ਸੋਚ ਨੂੰ ਲੈ ਕੇ ਚਾਰੂ ਮਜੂਮਦਾਰ ਨੇ ਕਿਹਾ ਕਿ ਭਾਰਤ ਦੇ ਕਿਸਾਨਾਂ ਨੂੰ ਵੀ ਚੀਨ ਵਾਂਗ ਹਥਿਆਰ ਚੁੱਕ ਕੇ ਸਰਕਾਰ ਅਤੇ ਜ਼ਮੀਨਦਾਰਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

**ਅੱਜ ਦੇ ਹਾਲਾਤ**

1967 ਵਿੱਚ ਸ਼ੁਰੂ ਹੋਈ ਇਹ ਲਹਿਰ ਕੁਝ ਹੀ ਸਾਲਾਂ ਵਿੱਚ ਦੇਸ਼ ਦੇ ਕਈ ਹਿੱਸਿਆਂ (ਬਿਹਾਰ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਉੜੀਸਾ) ਵਿੱਚ ਫੈਲ ਗਈ। ਹਾਲਾਂਕਿ ਅਸਲ ਲੀਡਰਾਂ ਦੀ ਮੌਤ ਤੋਂ ਬਾਅਦ ਇਹ ਲਹਿਰ ਕਈ ਧੜਿਆਂ ਵਿੱਚ ਵੰਡੀ ਗਈ, ਪਰ 'ਮਾਓਵਾਦੀ' ਅੱਜ ਵੀ ਉਸੇ ਵਿਚਾਰਧਾਰਾ 'ਤੇ ਚੱਲਦੇ ਹੋਏ ਸਰਕਾਰ ਵਿਰੁੱਧ ਲੜ ਰਹੇ ਹਨ।

ਭਾਰਤੀ ਮਾਓਵਾਦੀਆਂ ਦੀਆਂ ਮੁੱਖ ਮੰਗਾਂ ਅਤੇ ਉਦੇਸ਼ ਹੇਠ ਲਿਖੇ ਅਨੁਸਾਰ ਹਨ:

1. ਜਲ, ਜੰਗਲ ਅਤੇ ਜ਼ਮੀਨ 'ਤੇ ਹੱਕ ਇਹ ਮਾਓਵਾਦੀਆਂ ਦੀ ਸਭ ਤੋਂ ਵੱਡੀ ਮੰਗ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੰਗਲਾਂ ਅਤੇ ਕੁਦਰਤੀ ਸਰੋਤਾਂ (Natural Resources) 'ਤੇ ਸਿਰਫ਼ ਉੱਥੇ ਰਹਿਣ ਵਾਲੇ ਆਦਿਵਾਸੀਆਂ ਅਤੇ ਗਰੀਬ ਕਿਸਾਨਾਂ ਦਾ ਹੱਕ ਹੋਣਾ ਚਾਹੀਦਾ ਹੈ, ਨਾ ਕਿ ਸਰਕਾਰ ਜਾਂ ਵੱਡੀਆਂ ਕੰਪਨੀਆਂ ਦਾ।
2. ਕਾਰਪੋਰੇਟ ਪ੍ਰੋਜੈਕਟਾਂ ਦਾ ਵਿਰੋਧ ਉਹ ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ ਅਤੇ ਮਾਈਨਿੰਗ (Mining) ਪ੍ਰੋਜੈਕਟਾਂ ਦਾ ਸਖ਼ਤ ਵਿਰੋਧ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰੋਜੈਕਟ ਆਦਿਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਉਜਾੜਦੇ ਹਨ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਕਰਦੇ ਹਨ।
3. ਜ਼ਮੀਨੀ ਸੁਧਾਰ (Land Reforms) ਉਹ ਚਾਹੁੰਦੇ ਹਨ ਕਿ ਜ਼ਮੀਨਦਾਰਾਂ ਤੋਂ ਵਾਧੂ ਜ਼ਮੀਨ ਖੋਹ ਕੇ ਬੇਜ਼ਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਬਰਾਬਰ ਵੰਡੀ ਜਾਵੇ। ਉਹ 'ਵਾਹੁਣ ਵਾਲੇ ਦੀ ਜ਼ਮੀਨ' (Land to the tiller) ਦੇ ਅਸੂਲ 'ਤੇ ਚੱਲਦੇ ਹਨ।
4. ਮੌਜੂਦਾ ਸੱਤਾ ਦਾ ਤਾਪਾ ਪਲਟਣਾ ਇਹ ਉਨ੍ਹਾਂ ਦਾ ਸਿਆਸੀ ਉਦੇਸ਼ ਹੈ। ਮਾਓਵਾਦੀ ਭਾਰਤ ਦੇ ਸੰਵਿਧਾਨ ਅਤੇ ਸੰਸਦੀ ਲੋਕਤੰਤਰ ਨੂੰ ਨਹੀਂ ਮੰਨਦੇ। ਉਹ ਇਸਨੂੰ ਅਮੀਰਾਂ ਅਤੇ ਜਗੀਰਦਾਰਾਂ ਦਾ ਰਾਜ ਮੰਨਦੇ ਹਨ। ਉਹ ਹਥਿਆਰਬੰਦ ਕ੍ਰਾਂਤੀ (Armed Revolution) ਰਾਹੀਂ ਮੌਜੂਦਾ ਸਰਕਾਰ ਨੂੰ ਡਿਗ੍ਹਾ ਕੇ ਆਪਣੀ ਕਮਿਊਨਿਸਟ ਸਰਕਾਰ (ਜਿਸਨੂੰ ਉਹ 'ਜਨਤਾਨਾ ਸਰਕਾਰ' ਕਹਿੰਦੇ ਹਨ) ਸਥਾਪਿਤ ਕਰਨਾ ਚਾਹੁੰਦੇ ਹਨ।
5. ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਹਟਾਉਣਾ ਉਹ ਮੰਗ ਕਰਦੇ ਹਨ ਕਿ ਆਦਿਵਾਸੀ ਖੇਤਰਾਂ (ਜਿਵੇਂ ਬਸਤਰ, ਛੱਤੀਸਗੜ੍ਹ ਆਦਿ) ਵਿੱਚੋਂ ਸੁਰੱਖਿਆ ਬਲਾਂ ਅਤੇ ਪੈਰਾ-ਮਿਲਟਰੀ ਫੋਰਸਾਂ ਨੂੰ ਵਾਪਸ ਬੁਲਾਇਆ ਜਾਵੇ।

ਸੰਖੇਪ ਵਿੱਚ, ਉਹ ਗਰੀਬਾਂ ਅਤੇ ਆਦਿਵਾਸੀਆਂ ਦੇ ਹੱਕਾਂ ਦੀ ਗੱਲ ਕਰਕੇ ਸਮਰਥਨ ਹਾਸਲ ਕਰਦੇ ਹਨ, ਪਰ ਉਨ੍ਹਾਂ ਦਾ ਤਰੀਕਾ ਹਿੰਸਕ ਹੈ ਅਤੇ ਉਹ ਲੋਕਤੰਤਰੀ ਪ੍ਰਕਿਰਿਆ ਵਿੱਚ ਵਿਸ਼ਵਾਸ ਨਹੀਂ ਰੱਖਦੇ।

ਕੀ ਤੁਸੀਂ ਮਾਓਵਾਦੀ ਲਹਿਰ ਦੀ ਸ਼ੁਰੂਆਤ (ਨਕਸਲਬਾੜੀ ਪਿੰਡ) ਬਾਰੇ ਜਾਣਨਾ ਚਾਹੋਗੇ ?

# ਅਮਰੀਕਾ ਵੱਲੋਂ ਭਾਰਤ ਨੂੰ 93 ਮਿਲੀਅਨ ਡਾਲਰ ਦੇ ਜੈਵਲਿਨ ਐਂਟੀ-ਟੈਂਕ ਸਿਸਟਮ ਅਤੇ ਐਕਸਕੈਲੀਬਰ ਗੋਲਾ ਬਾਰੂਦ ਵੇਚਣ ਨੂੰ ਹਰੀ ਝੰਡੀ

ਨਵੀਂ ਦਿੱਲੀ: ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਨੂੰ ਅਤਿ-ਆਧੁਨਿਕ ਫੌਜੀ ਸਾਜ਼ੋ-ਸਾਮਾਨ ਵੇਚਣ ਦੀ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕਾ ਦੀ ਰੱਖਿਆ ਸੁਰੱਖਿਆ ਸਹਿਯੋਗ ਏਜੰਸੀ (DSCA) ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਇਸ ਸੌਦੇ ਤਹਿਤ ਭਾਰਤ ਨੂੰ 'ਜੈਵਲਿਨ ਐਂਟੀ-ਟੈਂਕ ਮਿਜ਼ਾਈਲ ਸਿਸਟਮ' ਅਤੇ 'ਐਕਸਕੈਲੀਬਰ ਗਾਈਡਡ ਆਰਟਿਲਰੀ ਗੋਲਾ ਬਾਰੂਦ' ਮੁਹੱਈਆ ਕਰਵਾਇਆ ਜਾਵੇਗਾ। ਇਸ ਸੌਦੇ ਦੀ ਕੁੱਲ ਕੀਮਤ 93 ਮਿਲੀਅਨ ਡਾਲਰ (ਲਗਭਗ 785 ਕਰੋੜ ਭਾਰਤੀ ਰੁਪਏ) ਹੈ।

ਖਬਰ ਦੇ ਮੁੱਖ ਅੰਸ਼:

**ਕੀ ਮਿਲੇਗਾ ਭਾਰਤ ਨੂੰ ?:**

- **ਜੈਵਲਿਨ ਮਿਜ਼ਾਈਲ ਸਿਸਟਮ (Javelin Anti-tank System)**: ਇਹ ਦੁਨੀਆ ਦੇ ਸਭ ਤੋਂ ਘਾਤਕ ਐਂਟੀ-ਟੈਂਕ ਹਥਿਆਰਾਂ ਵਿੱਚੋਂ ਇੱਕ ਹੈ, ਜਿਸ ਨੂੰ ਫੌਜੀ ਮੋਢੇ 'ਤੇ ਰੱਖ ਕੇ ਚਲਾ ਸਕਦੇ ਹਨ। ਇਹ ਦੁਸ਼ਮਣ ਦੇ ਟੈਂਕਾਂ ਅਤੇ ਬੰਕਰਾਂ ਨੂੰ ਤਬਾਹ ਕਰਨ ਵਿੱਚ ਬੇਹੱਦ ਕਾਰਗਰ ਹੈ।



- **ਐਕਸਕੈਲੀਬਰ ਪ੍ਰੋਜੈਕਟਾਈਲਜ਼ (Excalibur Projectiles)**: ਇਹ ਤੋਪਖਾਨੇ ਲਈ ਵਰਤੇ ਜਾਣ ਵਾਲੇ ਗਾਈਡਡ ਗੋਲੇ ਹਨ, ਜੋ ਲੰਬੀ ਦੂਰੀ 'ਤੇ ਬੈਠੇ ਦੁਸ਼ਮਣ ਨੂੰ ਪੂਰੀ ਸਟੀਕਤਾ (Pin-point accuracy) ਨਾਲ ਨਿਸ਼ਾਨਾ ਬਣਾ ਸਕਦੇ ਹਨ।
- **ਕੂਟਨੀਤਕ ਮਹੱਤਤਾ (Diplomatic Significance)**: ਇਹ ਸੌਦਾ ਇਸ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਅਗਸਤ ਮਹੀਨੇ ਤੋਂ ਬਾਅਦ ਇਹ ਵਾਸ਼ਿੰਗਟਨ ਦੇ 'ਫੌਰਨ ਮਿਲਟਰੀ ਸੇਲਜ਼' (FMS) ਪ੍ਰੋਗਰਾਮ ਤਹਿਤ ਭਾਰਤ ਦੀ ਪਹਿਲੀ ਵੱਡੀ ਖਰੀਦ ਹੈ। ਜ਼ਿਕਰਯੋਗ ਹੈ ਕਿ ਅਗਸਤ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਵਿਚਾਲੇ ਰਿਸ਼ਤਿਆਂ ਵਿੱਚ ਖਟਾਸ ਆ ਗਈ ਸੀ।
- **ਪਿਛੋਕੜ (Background)**: ਭਾਰਤ ਵੱਲੋਂ ਲਗਾਤਾਰ ਰੂਸੀ ਤੇਲ ਖਰੀਦਣ ਦੇ ਵਿਰੋਧ ਵਿੱਚ, ਰਾਸ਼ਟਰਪਤੀ ਟਰੰਪ ਨੇ ਸਜ਼ਾ ਵਜੋਂ ਭਾਰਤੀ ਵਸਤਾਂ 'ਤੇ ਦਰਾਮਦ ਟੈਕਸ (Tariffs) ਦੁੱਗਣਾ ਕਰਕੇ 50% ਕਰ ਦਿੱਤਾ ਸੀ। ਇਸ ਤਣਾਅਪੂਰਨ ਮਾਹੌਲ ਦੇ ਬਾਵਜੂਦ, ਇਸ ਰੱਖਿਆ ਸੌਦੇ ਦੀ ਮਨਜ਼ੂਰੀ ਇਹ ਦਰਸਾਉਂਦੀ ਹੈ ਕਿ ਅਮਰੀਕਾ ਭਾਰਤ ਨਾਲ ਆਪਣੇ ਰਣਨੀਤਕ ਅਤੇ ਫੌਜੀ ਸਬੰਧਾਂ ਨੂੰ ਵਪਾਰਕ ਝਗੜਿਆਂ ਤੋਂ ਵੱਖ ਰੱਖਣਾ ਚਾਹੁੰਦਾ ਹੈ।

# ਮੁੱਖ ਮੰਤਰੀ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਲਈ 45.84 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦਾ ਐਲਾਨ

ਪੱਖੋਵਾਲ-ਸਰਾਭਾ/ਜੋਧਾਂ : ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਸਰਾਭਾ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੇ ਮਹਾਨ ਨਾਇਕ, ਆਜ਼ਾਦੀ ਘੁਲਾਟੀਏ ਅਤੇ ਪੱਤਰਕਾਰਿਤਾ ਦੇ ਰਾਹ ਦਸੇਰਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਪਹੁੰਚ ਕੇ ਸ਼ਹੀਦ ਸਰਾਭਾ ਦੇ ਬੁੱਤ ’ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮੁੱਖ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਭਗਤਾਂ ਵਲੋਂ ਆਪਣੀਆਂ ਕੀਮਤੀ ਜਾਨਾਂ ਵਾਰਕੇ ਲਈ ਆਜ਼ਾਦੀ ਸਦਕਾ ਹੀ ਅੱਜ ਦੇਸ਼ ਵਾਸੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ, ਇਸ ਲਈ ਸਾਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕੇ ਅਤੇ ਉਹ ਦੇਸ਼ ਦੀ ਸੇਵਾ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਹੀਦ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਗ਼ਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਸ਼ਹੀਦ ਸਰਾਭਾ ਨੇ ਪਹਿਲਾਂ ਵਿਦੇਸ਼ਾਂ ’ਚ ਅਤੇ ਫਿਰ ਦੇਸ਼ ਦੀ ਆਜ਼ਾਦੀ ਲਈ ਅਣਥੱਕ ਘਾਲਣਾ ਘਾਲੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਸਪੋਰਟਸ ਕਲੱਬ ਸਰਾਭਾ ਵਲੋਂ ਕਰਵਾਏ ਜਾ ਰਹੇ ਗੋਲਡ ਕੱਪ ਖੇਡ ਮੇਲੇ ’ਚ ਸ਼ਿਰਕਤ ਕੀਤੀ। ਉਨ੍ਹਾਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਖੇਡਾਂ ’ਚ ਮੋਹਰੀ ਬਣਾਉਣ ਲਈ ਖੇਡਾਂ ਵਤਨ ਪੰਜਾਬ ਦੀਆਂ ਜਿਹੇ ਵੱਡੇ ਉਪਰਾਲੇ ਕਰ ਰਹੀ ਹੈ, ਉੱਥੇ ਹੀ ਪਿੰਡ-ਪਿੰਡ ਵਧੀਆ ਖੇਡ ਮੈਦਾਨ ਵੀ ਤਿਆਰ ਕਰਵਾਕੇ ਕੋਚ ਵੀ ਮੁਹੱਈਆ ਕਰਵਾਉਣ ਜਾ ਰਹੀ ਹੈ ਤਾਂ ਜੋ ਪਿੰਡਾਂ ’ਚੋਂ ਨਵੇਂ ਅੰਤਰਰਾਸ਼ਟਰੀ ਖਿਡਾਰੀ ਪੈਦਾ ਕੀਤੇ ਜਾ ਸਕਣ। ਇਸ ਮੌਕੇ ਉਨ੍ਹਾਂ ਫੁੱਟਬਾਲ ਦੇ ਫਾਈਨਲ ਮੈਚ ਦਾ ਆਨੰਦ ਵੀ ਮਾਣਿਆ। ਇਸ ਮੌਕੇ ਉਨ੍ਹਾਂ ਸ਼ਹੀਦ ਦੇ ਜੱਦੀ ਪਿੰਡ ਸਰਾਭਾ ਲਈ 45.84 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮਹਾਨ ਸ਼ਹੀਦ ਦੇ ਜੱਦੀ ਪਿੰਡ ਨੂੰ ਮਾਡਲ ਪਿੰਡ ਵਜੋਂ ਵਿਕਸਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਮੁੱਖ ਮੰਤਰੀ ਵਲੋਂ ਐਲਾਨੇ ਗਏ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ’ਚ ਪਿੰਡ ਲਲਤੋਂ ਕਲਾਂ ਤੋਂ ਸਰਾਭਾ ਰਾਹੀਂ ਰਾਏਕੋਟ ਅਤੇ ਹਲਵਾਰਾ ਤੱਕ ਮੌਜੂਦਾ ਦੋ-ਮਾਰਗੀ ਤੋਂ ਚਾਰ-ਮਾਰਗੀ ਸੜਕ ਨੂੰ ਚੌੜਾ ਕਰਨ ਲਈ 40 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਸੜਕ ਹਲਵਾਰਾ ਹਵਾਈ ਅੱਡੇ ਤੱਕ ਜਾਏਗੀ। ਇਸੇ ਤਰ੍ਹਾਂ 5 ਕਰੋੜ 84 ਲੱਖ ਰੁਪਏ ਦੀ ਲਾਗਤ ਨਾਲ ਪਿੰਡ ’ਚ ਵੱਖ-ਵੱਖ ਪ੍ਰਾਜੈਕਟਾਂ ਦਾ ਐਲਾਨ ਕੀਤਾ। ਅੰਤ ’ਚ ਮੁੱਖ ਮੰਤਰੀ ਨੂੰ ਸਨਮਾਨ ਚਿੰਨ੍ਹ ਚੇਅਰਮੈਨ ਰਾਜਵੀਰ ਸਿੰਘ ਗਰੇਵਾਲ, ਪ੍ਰਧਾਨ ਸੁਖਵਿੰਦਰ ਸਿੰਘ ਗਰੇਵਾਲ, ਦਵਿੰਦਰ ਸਿੰਘ ਨੇ ਭੇਟ ਕੀਤਾ। ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ, ਹਲਕਾ ਇੰਚਾਰਜ ਕੇ.ਐੱਨ.ਐੱਸ. ਕੰਗ, ਇਕਬਾਲ ਸਿੰਘ ਘੋਲਾ, ਚੇਅਰਮੈਨ ਜਤਿੰਦਰ ਸਿੰਘ, ਕਰਮਜੀਤ ਸਿੰਘ ਪਿੰਕੀ, ਜਸਵਿੰਦਰ ਸਿੰਘ ਰਾਣਾ, ਕੁਲਦੀਪ ਸਿੰਘ ਗਰੇਵਾਲ, ਹਰਪ੍ਰੀਤ ਸਿੰਘ, ਕੁਲਵੰਤ ਸਿਘ ਧਾਲੀਵਾਲ, ਅਮਰ ਸਿੰਘ ਆਦਿ ਹਾਜ਼ਰ ਸਨ।



# ਬਿਲਡਰਾਂ ਦੀ ਲੁੱਟ-ਖਸੁੱਟ ਅਤੇ ਧੱਕੇਸ਼ਾਹੀ ਵਿਰੁੱਧ ਘਰ ਖਰੀਦਦਾਰਾਂ ਨੇ ਦਿੱਲੀ ਵਿਖੇ ਖੋਲ੍ਹਿਆ ਮੋਰਚਾ, ਪ੍ਰੈੱਸ ਕਲੱਬ ’ਚ ਕੀਤੀ ਕਾਨਫਰੰਸ

ਨਵੀਂ ਦਿੱਲੀ : ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਸਥਿਤ ‘ਪ੍ਰੈੱਸ ਕਲੱਬ ਆਫ ਇੰਡੀਆ’ (Press Club of India) ਵਿਖੇ ਅੱਜ ਘਰ ਖਰੀਦਦਾਰਾਂ (Homeowners) ਵੱਲੋਂ ਇੱਕ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਦਾ ਮੁੱਖ ਮਕਸਦ ਰੀਅਲ ਅਸਟੇਟ ਬਿਲਡਰਾਂ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਅਤੇ ਸ਼ੋਸ਼ਣ ਦੇ ਖਿਲਾਫ਼ ਆਵਾਜ਼ ਬੁਲੰਦ ਕਰਨਾ ਸੀ।





**ਪ੍ਰੇਸ਼ਾਨੀ ਦਾ ਕਾਰਨ:** ਪੀੜਤ ਖਰੀਦਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਜਮ੍ਹਾਂ ਪੂੰਜੀ ਲਗਾ ਕੇ ਘਰ ਬੁੱਕ ਕਰਵਾਏ ਸਨ, ਪਰ ਬਿਲਡਰਾਂ ਵੱਲੋਂ ਸਮੇਂ ਸਿਰ ਕਬਜ਼ਾ (Possession) ਨਹੀਂ ਦਿੱਤਾ ਜਾ ਰਿਹਾ। ਕਈ ਪ੍ਰੋਜੈਕਟ ਸਾਲਾਂ ਤੋਂ ਅਧੂਰੇ ਪਏ ਹਨ।

**ਵਾਅਦਾਖਿਲਾਫ਼ੀ:** ਪ੍ਰੈੱਸ ਕਾਨਫਰੰਸ ਦੌਰਾਨ ਲੋਕਾਂ ਨੇ ਦੋਸ਼ ਲਾਇਆ ਕਿ ਬਿਲਡਰਾਂ ਨੇ ਜੋ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਸੀ, ਉਹ ਪੂਰੀਆਂ ਨਹੀਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਗੈਰ-ਕਾਨੂੰਨੀ ਤਰੀਕੇ ਨਾਲ ਵਾਧੂ ਖਰਚੇ (Hidden charges) ਮੰਗੇ ਜਾ ਰਹੇ ਹਨ।

**ਰਜਿਸਟਰੀ ਦਾ ਮਸਲਾ:** ਦਿੱਲੀ-ਐਨ.ਸੀ.ਆਰ. (Delhi-NCR) ਖੇਤਰ ਵਿੱਚ ਹਜ਼ਾਰਾਂ ਫਲੈਟ ਮਾਲਕ ਅਜਿਹੇ ਹਨ ਜਿਨ੍ਹਾਂ ਨੂੰ ਘਰ ਮਿਲਣ ਦੇ ਬਾਵਜੂਦ ਮਾਲਕਾਨਾ ਹੱਕ ਜਾਂ ਰਜਿਸਟਰੀ ਨਹੀਂ ਮਿਲ ਰਹੀ, ਜਿਸ ਕਾਰਨ ਉਹ ਮਾਨਸਿਕ ਤਣਾਅ ਵਿੱਚ ਹਨ।

**ਸਰਕਾਰ ਤੋਂ ਮੰਗ:** ਪੀੜਤ ਪਰਿਵਾਰਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਬਿਲਡਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਰੇਰਾ (RERA) ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਆਮ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਬਰਬਾਦ ਨਾ ਹੋਵੇ। ਇਸ ਮੌਕੇ ਵੱਡੀ ਗਿਣਤੀ ਵਿੱਚ ਪੀੜਤ ਲੋਕਾਂ ਨੇ ਹੱਥਾਂ ਵਿੱਚ ਬੈਨਰ ਲੈ ਕੇ ਰੋਸ ਪ੍ਰਗਟਾਇਆ ਅਤੇ ਇਨਸਾਫ਼ ਦੀ ਗੁਹਾਰ ਲਗਾਈ।

# ਭਾਰਤੀ ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ ਅਮਰੀਕੀ ਦੌਰੇ ’ਤੇ, ਵਾਸ਼ਿੰਗਟਨ ’ਚ ਨੈਸ਼ਨਲ ਡਿਫੈਂਸ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਕੀਤੀ ਅਹਿਮ ਮੁਲਾਕਾਤ

ਵਾਸ਼ਿੰਗਟਨ ਡੀ.ਸੀ. : ਭਾਰਤੀ ਜਲ ਸੈਨਾ ਦੇ ਮੁਖੀ (Chief of Naval Staff) ਐਡਮਿਰਲ ਦਿਨੇਸ਼ ਕੇ. ਤ੍ਰਿਪਾਠੀ ਇਨ੍ਹੀਂ ਦਿਨੀਂ ਅਮਰੀਕਾ ਦੇ ਸਰਕਾਰੀ ਦੌਰੇ ’ਤੇ ਹਨ। ਇਸ ਦੌਰਾਨ ਉਨ੍ਹਾਂ ਨੇ ਵਾਸ਼ਿੰਗਟਨ ਡੀ.ਸੀ. ਵਿੱਚ ਸਥਿਤ ਵੱਕਾਰੀ ‘ਨੈਸ਼ਨਲ ਡਿਫੈਂਸ ਯੂਨੀਵਰਸਿਟੀ’ (NDU) ਦਾ ਦੌਰਾ ਕੀਤਾ।

**ਕਿੱਥੇ ਹੋਈ ਮੁਲਾਕਾਤ:** ਇਹ ਮੁਲਾਕਾਤ ਵਾਸ਼ਿੰਗਟਨ ਡੀ.ਸੀ. ਵਿੱਚ ਫੋਰਟ ਲੈਸਲੀ ਜੇ. ਮੈਕਨੇਅਰ (Fort Lesley J. McNair) ਦੇ ਨੇੜੇ ਸਥਿਤ ਨੈਸ਼ਨਲ ਡਿਫੈਂਸ ਯੂਨੀਵਰਸਿਟੀ ਦੇ ਕੈਂਪਸ ਵਿੱਚ ਹੋਈ।





**ਕਿਨ੍ਹਾਂ ਨਾਲ ਮਿਲੇ:** ਐਡਮਿਰਲ ਤ੍ਰਿਪਾਠੀ ਨੇ ਯੂਨੀਵਰਸਿਟੀ ਦੇ ਪ੍ਰਧਾਨ ਵਾਈਸ ਐਡਮਿਰਲ ਪੀਟਰ ਏ. ਗਾਰਵਿਨ (VAdm Peter A. Garvin) ਅਤੇ ਸੰਸਥਾ ਦੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਜਾਰੀ ਕੀਤੀ ਗਈ ਤਸਵੀਰ ਵਿੱਚ ਭਾਰਤੀ ਅਤੇ ਅਮਰੀਕੀ ਅਧਿਕਾਰੀ ਇੱਕ ਗਰੁੱਪ ਵਿੱਚ ਖੜ੍ਹੇ ਦਿਖਾਈ ਦੇ ਰਹੇ ਹਨ।

**ਦੌਰੇ ਦਾ ਮਕਸਦ:** ਐਡਮਿਰਲ ਤ੍ਰਿਪਾਠੀ ਦੇ ਇਸ ਚਾਰ ਰੋਜ਼ਾ ਦੌਰੇ ਦਾ ਮੁੱਖ ਉਦੇਸ਼ ਭਾਰਤ ਅਤੇ ਅਮਰੀਕਾ ਵਿਚਾਲੇ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਹੈ। ਉਹ ਅਮਰੀਕੀ ਜਲ ਸੈਨਾ ਦੇ ਉੱਚ ਅਧਿਕਾਰੀਆਂ ਨਾਲ ਸਮੁੰਦਰੀ ਸੁਰੱਖਿਆ, ਆਪਸੀ ਸਿਖਲਾਈ ਅਤੇ ਤਕਨੀਕੀ ਸਾਂਝੇਦਾਰੀ ਬਾਰੇ ਚਰਚਾ ਕਰ ਰਹੇ ਹਨ।

# 16 ਸਾਲਾ ਵਿਦਿਆਰਥੀ ਦੀ ਖੁਦਕੁਸ਼ੀ ਦਾ ਮਾਮਲਾ ਭਖਿਆ: ਸੇਂਟ ਕੋਲੰਬਾ ਸਕੂਲ ਦੇ ਬਾਹਰ ਵਿਦਿਆਰਥੀਆਂ ਅਤੇ ਮਾਪਿਆਂ ਨੇ ਕੀਤਾ ਜ਼ਬਰਦਸਤ ਪ੍ਰਦਰਸ਼ਨ

ਨਵੀਂ ਦਿੱਲੀ : ਵੀਰਵਾਰ ਨੂੰ ਨਵੀਂ ਦਿੱਲੀ ਦੇ ਅਸ਼ੋਕ ਪਲੇਸ (Ashok Place) ਸਥਿਤ ਮਸ਼ਹੂਰ ‘ਸੇਂਟ ਕੋਲੰਬਾ ਸਕੂਲ’ (St. ColumbaÓs School) ਦੇ ਬਾਹਰ ਮਾਹੌਲ ਉਸ ਵੇਲੇ ਤਣਾਅਪੂਰਨ ਹੋ ਗਿਆ, ਜਦੋਂ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ।

**ਘਟਨਾ ਦਾ ਪਿਛੋਕੜ:** ਇਹ ਪ੍ਰਦਰਸ਼ਨ ਸਕੂਲ ਦੇ ਇੱਕ 16 ਸਾਲਾ ਵਿਦਿਆਰਥੀ ਦੀ ਦਰਦਨਾਕ ਮੌਤ ਦੇ ਸਬੰਧ ਵਿੱਚ ਕੀਤਾ ਗਿਆ। ਰਿਪੋਰਟਾਂ ਮੁਤਾਬਕ, ਉਕਤ ਵਿਦਿਆਰਥੀ ਨੇ 18 ਨਵੰਬਰ (ਮੰਗਲਵਾਰ) ਨੂੰ ਦਿੱਲੀ ਦੇ ਰਾਜਿੰਦਰ ਪਲੇਸ ਮੈਟਰੋ ਸਟੇਸ਼ਨ (Rajendra Place Metro Station) ’ਤੇ ਕਥਿਤ ਤੌਰ ’ਤੇ ਖੁਦਕੁਸ਼ੀ ਕਰ ਲਈ ਸੀ।

**ਪ੍ਰਦਰਸ਼ਨ ਦਾ ਕਾਰਨ:** ਵਿਦਿਆਰਥੀ ਦੀ ਮੌਤ ਤੋਂ ਬਾਅਦ ਮਾਪਿਆਂ ਅਤੇ ਸਹਿਪਾਠੀਆਂ ਵਿੱਚ ਭਾਰੀ ਰੋਸ ਹੈ। ਪ੍ਰਦਰਸ਼ਨਕਾਰੀਆਂ ਨੇ ਸਕੂਲ ਦੇ ਗੇਟ ਦੇ ਬਾਹਰ ਇਕੱਠੇ ਹੋ ਕੇ ਨਾਅਰੇਬਾਜ਼ੀ ਕੀਤੀ ਅਤੇ ਇਸ ਘਟਨਾ ਲਈ ਜਵਾਬਦੇਹੀ ਦੀ ਮੰਗ ਕੀਤੀ।

**ਇਨਸਾਫ਼ ਦੀ ਮੰਗ:** ਪ੍ਰਦਰਸ਼ਨ ਕਰ ਰਹੇ ਮਾਪਿਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਵਿਦਿਆਰਥੀ ਨੇ ਇੰਨਾ ਵੱਡਾ ਕਦਮ ਕਿਉਂ ਚੁੱਕਿਆ। ਉਨ੍ਹਾਂ ਨੇ ਸਕੂਲ ਪ੍ਰਸ਼ਾਸਨ ਤੋਂ ਵੀ ਸਵਾਲ ਪੁੱਛੇ ਹਨ।

ਇਸ ਮੌਕੇ ਪੁਲਿਸ ਪ੍ਰਸ਼ਾਸਨ ਵੀ ਮੌਕੇ ’ਤੇ ਮੌਜੂਦ ਰਿਹਾ ਤਾਂ ਜੋ ਕਾਨੂੰਨ ਵਿਵਸਥਾ ਬਣੀ ਰਹੇ।



# ਪਟਨਾ ਦਾ ਗਾਂਧੀ ਮੈਦਾਨ ਸਹੁੰ ਚੁੱਕ ਸਮਾਗਮ ਲਈ ਤਿਆਰ: ਪ੍ਰਧਾਨ ਮੰਤਰੀ ਮੋਦੀ, ਨਿਤੀਸ਼ ਕੁਮਾਰ ਅਤੇ ਐਨ.ਡੀ.ਏ. ਦਿੱਗਜਾਂ ਦੇ ਵਿਸ਼ਾਲ ਕੱਟ-ਆਊਟਾਂ ਨਾਲ ਸਜਿਆ ਪੰਡਾਲ



ਪਟਨਾ : ਬਿਹਾਰ ਵਿੱਚ ਨਵੀਂ ਸਰਕਾਰ ਦੇ ਗਠਨ ਅਤੇ ਸਹੁੰ ਚੁੱਕ ਸਮਾਗਮ (Oath-taking ceremony) ਲਈ ਰਾਜਧਾਨੀ ਪਟਨਾ ਦੇ ਇਤਿਹਾਸਕ 'ਗਾਂਧੀ ਮੈਦਾਨ' ਨੂੰ ਪੂਰੀ ਤਰ੍ਹਾਂ ਸਜਾਇਆ ਗਿਆ ਹੈ। ਵੀਰਵਾਰ ਨੂੰ ਹੋਣ ਵਾਲੇ ਇਸ ਸਮਾਗਮ ਤੋਂ ਪਹਿਲਾਂ ਮੈਦਾਨ ਵਿੱਚ ਐਨ.ਡੀ.ਏ. (NDA) ਗਠਜੋੜ ਦੇ ਵੱਡੇ ਆਗੂਆਂ ਦੇ ਵਿਸ਼ਾਲ ਕੱਟ-ਆਊਟ (Cut-outs) ਅਤੇ ਪੋਸਟਰ ਲਗਾਏ ਗਏ ਹਨ, ਜੋ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

**ਪ੍ਰਮੁੱਖ ਚਿਹਰੇ:** ਗਾਂਧੀ ਮੈਦਾਨ ਵਿੱਚ ਲਗਾਏ ਗਏ ਇਨ੍ਹਾਂ ਕੱਟ-ਆਊਟਾਂ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਵਾਲੇ ਜੇਡੀ(ਯੂ) ਮੁਖੀ ਨਿਤੀਸ਼ ਕੁਮਾਰ ਦੀਆਂ ਤਸਵੀਰਾਂ ਸਭ ਤੋਂ ਪ੍ਰਮੁੱਖ ਹਨ।

**ਕੇਂਦਰੀ ਲੀਡਰਸ਼ਿਪ:** ਇਨ੍ਹਾਂ ਤੋਂ ਇਲਾਵਾ ਕੇਂਦਰੀ ਲੀਡਰਸ਼ਿਪ ਦੇ ਹੋਰ ਦਿੱਗਜਾਂ ਦੇ ਕੱਟ-ਆਊਟ ਵੀ ਲਗਾਏ ਗਏ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਡਾ (JP Nadda)
- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ (Amit Shah)
- ਰੱਖਿਆ ਮੰਤਰੀ ਰਾਜਨਾਥ ਸਿੰਘ (Rajnath Singh)
- ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ (Nitin Gadkari)
- **ਸਹਿਯੋਗੀ ਦਲ:** ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੇ ਕੌਮੀ ਪ੍ਰਧਾਨ ਚਿਰਾਗ ਪਾਸਵਾਨ (Chirag Paswan) ਦੇ ਕੱਟ-ਆਊਟ ਵੀ ਐਨ.ਡੀ.ਏ. ਦੀ ਏਕਤਾ ਨੂੰ ਦਰਸਾਉਣ ਲਈ ਪ੍ਰਮੁੱਖਤਾ ਨਾਲ ਲਗਾਏ ਗਏ ਹਨ।

**ਮਾਹੌਲ:** ਇਹ ਸਜਾਵਟ ਦਰਸਾਉਂਦੀ ਹੈ ਕਿ ਬਿਹਾਰ ਵਿੱਚ ਐਨ.ਡੀ.ਏ. ਗਠਜੋੜ ਇਸ ਸਮਾਗਮ ਨੂੰ ਸ਼ਕਤੀ ਪ੍ਰਦਰਸ਼ਨ ਵਜੋਂ ਲੈ ਰਿਹਾ ਹੈ। ਸੁਰੱਖਿਆ ਦੇ ਸਖ਼ਤ ਪ੍ਰਬੰਧਾਂ ਦੇ ਨਾਲ-ਨਾਲ ਪੂਰਾ ਮੈਦਾਨ ਸਿਆਸੀ ਰੰਗ ਵਿੱਚ ਰੰਗਿਆ ਹੋਇਆ ਹੈ।

# ਨਿਤੀਸ਼ ਕੁਮਾਰ ਨੇ ਮੁੜ ਸੰਭਾਲੀ ਬਿਹਾਰ ਦੀ ਕਮਾਨ, ਮੁੱਖ ਮੰਤਰੀ ਵਜੋਂ ਚੁੱਕੀ ਸਹੁੰ; ਪ੍ਰਧਾਨ ਮੰਤਰੀ ਮੋਦੀ ਬਣੇ ਗਵਾਹ











ਪਟਨਾ : ਬਿਹਾਰ ਦੀ ਰਾਜਨੀਤੀ ਵਿੱਚ ਇੱਕ ਅਹਿਮ ਘਟਨਾਕ੍ਰਮ ਤਹਿਤ ਜਨਤਾ ਦਲ (ਯੂਨਾਈਟਿਡ) ਦੇ ਮੁਖੀ ਨਿਤੀਸ਼ ਕੁਮਾਰ ਨੇ ਵੀਰਵਾਰ ਨੂੰ ਮੁੜ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਪਟਨਾ ਵਿੱਚ ਆਯੋਜਿਤ ਇੱਕ ਭਵਿਖ ਹਲਫ਼-ਬਰਦਾਰੀ ਸਮਾਗਮ (Swearing-in ceremony) ਦੌਰਾਨ ਉਨ੍ਹਾਂ ਨੇ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਖਾਧੀ।

**ਪ੍ਰਧਾਨ ਮੰਤਰੀ ਦੀ ਮੌਜੂਦਗੀ:** ਇਸ ਸਮਾਗਮ ਦੀ ਸਭ ਤੋਂ ਖਾਸ ਗੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਰਹੀ। ਪ੍ਰਧਾਨ ਮੰਤਰੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਟਨਾ ਪਹੁੰਚੇ ਸਨ, ਜੋ ਐਨ.ਡੀ.ਏ. (NDA) ਗਠਜੋੜ ਦੀ ਮਜ਼ਬੂਤੀ ਅਤੇ ਕੇਂਦਰ ਸਰਕਾਰ ਦੇ ਸਮਰਥਨ ਨੂੰ ਦਰਸਾਉਂਦਾ ਹੈ।

**ਹੋਰ ਪ੍ਰਮੁੱਖ ਆਗੂ:** ਮੰਚ 'ਤੇ ਭਾਰਤੀ ਜਨਤਾ ਪਾਰਟੀ (BJP) ਦੇ ਸੀਨੀਅਰ ਵਿਧਾਇਕ ਅਤੇ ਆਗੂ ਵਿਜੇ ਕੁਮਾਰ ਸਿਨਹਾ ਵੀ ਮੌਜੂਦ ਸਨ। ਉਨ੍ਹਾਂ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਨਵੀਂ ਸਰਕਾਰ ਵਿੱਚ ਭਾਜਪਾ ਦੀ ਅਹਿਮ ਭੂਮਿਕਾ ਰਹੇਗੀ।

**ਸਿਆਸੀ ਮਾਹੌਲ:** ਨਿਤੀਸ਼ ਕੁਮਾਰ ਦਾ ਮੁੜ ਮੁੱਖ ਮੰਤਰੀ ਬਣਨਾ ਬਿਹਾਰ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਪਕੜ ਨੂੰ ਸਾਬਤ ਕਰਦਾ ਹੈ। ਸਹੁੰ ਚੁੱਕਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਨਿਤੀਸ਼ ਕੁਮਾਰ ਨੂੰ ਵਧਾਈ ਦਿੱਤੀ ਅਤੇ ਸੂਬੇ ਦੇ ਵਿਕਾਸ ਲਈ ਮਿਲ ਕੇ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹੋਰ ਸਿਆਸੀ ਆਗੂਆਂ ਅਤੇ ਸਮਰਥਕਾਂ ਨੇ ਵੀ ਸ਼ਮੂਲੀਅਤ ਕੀਤੀ।

# ਅੰਮ੍ਰਿਤਸਰ 'ਚ ਪੁਲਿਸ ਅਤੇ ਬਦਮਾਸ਼ਾਂ ਵਿਚਾਲੇ ਹੋਈ ਮੁੱਠਭੇੜ, ਭਾਰੀ ਪੁਲਿਸ ਫੋਰਸ ਵੱਲੋਂ ਮੌਕੇ 'ਤੇ ਜਾਂਚ ਸ਼ੁਰੂ





ਅੰਮ੍ਰਿਤਸਰ : ਗੁਰੂ ਨਗਰੀ ਅੰਮ੍ਰਿਤਸਰ ਵਿਖੇ ਵੀਰਵਾਰ ਨੂੰ ਪੰਜਾਬ ਪੁਲਿਸ ਅਤੇ ਸਮਾਜ ਵਿਰੋਧੀ ਅਨਸਰਾਂ (Miscreants) ਵਿਚਾਲੇ ਇੱਕ ਮੁਕਾਬਲਾ ਹੋਣ ਦੀ ਖਬਰ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਿਆ ਹੈ।

**ਘਟਨਾ ਸਥਾਨ:** ਮੁੱਠਭੇੜ ਵਾਲੀ ਥਾਂ 'ਤੇ ਇਸ ਸਮੇਂ ਤਣਾਅਪੂਰਨ ਸ਼ਾਂਤੀ ਬਣੀ ਹੋਈ ਹੈ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਅਤੇ ਭਾਰੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਮੌਕੇ 'ਤੇ ਮੌਜੂਦ ਹਨ।

**ਜਾਂਚ ਪ੍ਰਕਿਰਿਆ:** ਪੁਲਿਸ ਟੀਮਾਂ ਵੱਲੋਂ ਘਟਨਾ ਸਥਾਨ ਦਾ ਬਾਰੀਕੀ ਨਾਲ ਮੁਆਇਨਾ (Investigate) ਕੀਤਾ ਜਾ ਰਿਹਾ ਹੈ। ਫੋਰੈਂਸਿਕ ਮਾਹਿਰਾਂ ਦੀ ਮਦਦ ਨਾਲ ਮੌਕੇ ਤੋਂ ਗੋਲੀਆਂ ਦੇ ਖੋਲ ਅਤੇ ਹੋਰ ਅਹਿਮ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਤਾਂ ਜੋ ਬਦਮਾਸ਼ਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਕਾਨੂੰਨੀ ਕਾਰਵਾਈ ਨੂੰ ਅੱਗੇ ਵਧਾਇਆ ਜਾ ਸਕੇ।

**ਸੁਰੱਖਿਆ ਵਧਾਈ:** ਮੁਕਾਬਲੇ ਤੋਂ ਬਾਅਦ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ। ਪੁਲਿਸ ਵੱਲੋਂ ਆਸ-ਪਾਸ ਦੇ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ (Search operation) ਚਲਾਈ ਜਾ ਸਕਦੀ ਹੈ ਤਾਂ ਜੋ ਜੇਕਰ ਕੋਈ ਸਾਥੀ ਮੁਲਜ਼ਮ ਲੁਕਿਆ ਹੋਵੇ ਤਾਂ ਉਸਨੂੰ ਕਾਬੂ ਕੀਤਾ ਜਾ ਸਕੇ।

ਫਿਲਹਾਲ ਪੁਲਿਸ ਵੱਲੋਂ ਇਸ ਬਾਰੇ ਵਿਸਤ੍ਰਿਤ ਜਾਣਕਾਰੀ ਜਲਦੀ ਹੀ ਸਾਂਝੀ ਕਰਨ ਦੀ ਉਮੀਦ ਹੈ ਕਿ ਇਸ ਮੁਕਾਬਲੇ ਵਿੱਚ ਕਿੰਨੇ ਬਦਮਾਸ਼ ਸ਼ਾਮਲ ਸਨ ਅਤੇ ਕੀ ਕੋਈ ਜਾਨੀ ਨੁਕਸਾਨ ਹੋਇਆ ਹੈ ਜਾਂ ਨਹੀਂ।

# ਸ੍ਰਿਸ਼ਟੀ ਦੀ ਚਾਦਰ - ਸਾਧਾਰਨ ਦਿਲਾਂ ਨੂੰ ਮੋਹ ਲੈਣ ਵਾਲੀ ਗਾਥਾ - ਗੁਰੂ ਤੇਗ ਬਹਾਦਰ: ਮਨੁੱਖੀ ਗੌਰਵ ਦੇ ਰਾਖੇ



ਸਤਿਕਾਰਯੋਗ ਬਜ਼ੁਰਗੋ, ਪਿਆਰੇ ਦੋਸਤੋ ਅਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਸਾਥੀਓ,

ਆਪਣੇ ਸੰਬੋਧਨ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਮੈਂ ਭਾਈ ਸਾਹਿਬ ਸਿੰਘ ਜੀ ਨੂੰ ਯਾਦ ਕਰਨਾ ਚਾਹੁੰਦਾ ਹਾਂ, ਜੋ 1699 ਵਿੱਚ ਇਸ ਖੇਤਰ ਵਿੱਚ ਆਏ ਸਨ। ਉਹ ਇੱਕ ਦੱਬੇ-ਕੁਚਲੇ ਸਮਾਜ ਵਿੱਚ ਪੈਦਾ ਹੋਏ ਸਨ, ਫਿਰ ਵੀ ਉਹਨਾਂ ਨੇ ਮਨੁੱਖੀ ਗੌਰਵ ਦੀ ਰਾਖੀ ਅਤੇ ਆਜ਼ਾਦੀ ਲਈ 'ਪ੍ਰੇਮ ਖੇਲਣ ਕਾ ਚਾਉ' ਮਨ ਵਿੱਚ ਧਾਰ ਕੇ ਆਪਣਾ ਸੀਸ ਭੇਟ ਕਰ ਦਿੱਤਾ। ਅਜਿਹੀ ਕੁਰਬਾਨੀ ਵਾਲੀ ਧਰਤੀ 'ਤੇ ਖੜ੍ਹੇ ਹੋ ਕੇ ਬੋਲਣਾ ਮੇਰੇ ਲਈ ਬਹੁਤ ਹੀ ਹੈਰਾਨੀਜਨਕ ਅਤੇ ਮਾਣ ਵਾਲੀ ਗੱਲ ਹੈ।

ਅੱਜ ਤੁਹਾਡੇ ਸਾਹਮਣੇ ਖੜ੍ਹੇ ਹੋ ਕੇ ਇੱਕ ਅਜਿਹੇ ਰਹਿਬਰ ਬਾਰੇ ਗੱਲ ਕਰਨਾ ਮੇਰੇ ਲਈ ਸਿਰਫ਼ ਇੱਕ ਸਨਮਾਨ ਹੀ ਨਹੀਂ, ਜਿਨ੍ਹਾਂ ਦੀ ਦਲੇਰੀ ਧਰਮ, ਖੇਤਰ ਅਤੇ ਸਮੇਂ ਤੋਂ ਉੱਪਰ ਸੀ—ਸਗੋਂ ਉਸ ਗੌਰਵ ਬਾਰੇ ਬੋਲਣਾ ਵੀ ਇੱਕ ਸਨਮਾਨ ਹੈ ਜੋ ਸਾਨੂੰ ਅੱਜ ਵੀ ਪ੍ਰੇਰਿਤ ਕਰਦਾ ਹੈ। ਉਹ ਰਹਿਬਰ ਹਨ, ਸਿੱਖਾਂ ਦੇ ਨੌਵੇਂ ਪਾਤਸ਼ਾਹ, ਗੁਰੂ ਤੇਗ ਬਹਾਦਰ ਜੀ।

ਉਨ੍ਹਾਂ ਦੇ ਜੀਵਨ ਅਤੇ ਕੁਰਬਾਨੀ ਨੂੰ ਕਦੇ ਵੀ ਸਿਰਫ਼ ਸਿੱਖ ਇਤਿਹਾਸ ਤੱਕ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ। ਉਹ ਮਨੁੱਖੀ ਸਨਮਾਨ, ਜ਼ਮੀਰ ਦੀ ਆਜ਼ਾਦੀ ਅਤੇ ਹਰ ਵਿਅਕਤੀ ਦੇ ਬਿਨਾਂ ਡਰ ਦੇ ਆਪਣੇ ਵਿਸ਼ਵਾਸ ਨੂੰ ਮੰਨਣ ਦੇ ਅਧਿਕਾਰ ਦਾ ਇੱਕ ਵਿਸ਼ਵਵਿਆਪੀ ਐਲਾਨਨਾਮਾ ਹਨ।

ਆਓ ਅੱਜ ਇਸ ਸਿਰਲੇਖ 'ਤੇ ਵਿਚਾਰ ਕਰੀਏ... 'ਸ੍ਰਿਸ਼ਟੀ ਦੀ ਚਾਦਰ - ਸਾਧਾਰਨ ਦਿਲਾਂ ਨੂੰ ਮੋਹ ਲੈਣ ਵਾਲੀ ਗਾਥਾ - ਗੁਰੂ ਤੇਗ ਬਹਾਦਰ: ਮਨੁੱਖੀ ਅਧਿਕਾਰਾਂ ਦੇ ਰਾਖੇ।'

ਮੈਂ ਸਿੱਖੀ ਦਾ ਇੱਕ ਵਿਦਿਆਰਥੀ ਹਾਂ—ਇੱਕ ਖੋਜੀ, ਜੋ ਅਜੇ ਵੀ ਸਿੱਖ ਰਿਹਾ ਹੈ, ਅਜੇ ਵੀ ਵਧ ਰਿਹਾ ਹੈ, ਅਤੇ ਉਦੋਂ ਤੱਕ ਰਹਾਂਗਾ ਜਦੋਂ ਤੱਕ ਇੱਥੇ ਮੇਰਾ ਸਫ਼ਰ ਪੂਰਾ ਨਹੀਂ ਹੋ ਜਾਂਦਾ। ਸਿੱਖੀ ਮੇਰੇ ਨਾਲ ਅਣਗਿਣਤ ਤਰੀਕਿਆਂ ਨਾਲ ਗੱਲ ਕਰਦੀ ਹੈ। ਪਰ ਇੱਕ ਸੱਚ ਜੋ ਮੈਨੂੰ ਮੇਰੇ ਗੁਰੂ ਅੱਗੇ ਸੀਸ ਝੁਕਾਉਣ ਲਈ ਮਜਬੂਰ ਕਰਦਾ ਹੈ... ਉਹ ਇਹ ਹੈ: ਗੁਰੂ ਦਾ ਰਾਹ ਅਤੇ ਤਰੀਕਾ ਸਭ ਤੋਂ ਨੀਵੇਂ ਅਤੇ ਲਿਤਾੜੇ ਹੋਏ ਲੋਕਾਂ 'ਤੇ ਕੇਂਦ੍ਰਿਤ ਹੁੰਦਾ ਹੈ, ਉਹਨਾਂ ਨੂੰ ਗਲ ਨਾਲ ਲਾਉਂਦਾ ਹੈ—ਅਤੇ ਉਹਨਾਂ ਨੂੰ ਸਮਾਜ ਦੀ ਸੇਵਾ ਕਰਨ ਲਈ ਤਿਆਰ ਰਾਜੇ ਬਣਾ ਦਿੰਦਾ ਹੈ। 'ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥'

ਮੇਰੀਆਂ ਦੋ ਹਜ਼ਾਰ ਸਾਲ ਪੁਰਾਣੀਆਂ ਗੁਲਾਮੀ ਦੀਆਂ ਜ਼ੰਜੀਰਾਂ ਟੁੱਟ ਗਈਆਂ ਹਨ। ਅਤੇ ਉਹਨਾਂ ਦੀ ਥਾਂ 'ਤੇ, ਮੈਨੂੰ ਪ੍ਰਭੂਸੱਤਾ—ਸਵੈਮਾਣ—ਅਤੇ ਆਜ਼ਾਦੀ ਮਿਲੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂਆਂ ਦਾ ਇਤਿਹਾਸ ਮੇਰੇ ਵਰਗੇ ਛੋਟੇ ਇਨਸਾਨਾਂ ਵਿੱਚ ਵੀ ਹਿੰਮਤ ਭਰਦਾ ਹੈ।

ਹੁਣ, ਅਸੀਂ ਉਸ ਸੰਸਾਰ 'ਤੇ ਝਾਤ ਮਾਰਾਂਗੇ ਜਿਸ ਵਿੱਚ ਉਹ ਰਹਿੰਦੇ ਸਨ, ਉਹ ਕਦਰਾਂ-ਕੀਮਤਾਂ ਜੋ ਉਹਨਾਂ ਨੇ ਸਿਖਾਈਆਂ, ਉਹ ਬਾਣੀ ਜਿਸ ਨੇ ਉਹਨਾਂ ਦੇ ਅੰਦਰੂਨੀ ਫਲਸਫੇ ਨੂੰ ਪ੍ਰਗਟ ਕੀਤਾ, ਉਹਨਾਂ ਦੀ ਮਹਾਨ ਕੁਰਬਾਨੀ ਦੀ ਕਹਾਣੀ, ਅਤੇ—ਸਭ ਤੋਂ ਮਹੱਤਵਪੂਰਨ—ਕਿ ਭਾਰਤ ਅਤੇ ਦੁਨੀਆ ਭਰ ਵਿੱਚ ਅੱਜ ਦੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ਾਂ ਲਈ ਉਸ ਕੁਰਬਾਨੀ ਦਾ ਕੀ ਅਰਥ ਹੈ।

ਮੈਨੂੰ ਇੱਕ ਸਧਾਰਨ ਤਸਵੀਰ ਨਾਲ ਸ਼ੁਰੂਆਤ ਕਰਨ ਦਿਓ।

ਆਓ ਆਪਾਂ ਸਾਰੇ ਇੱਕ ਛੋਟੀ, ਇਮਾਨਦਾਰ, ਨਿਮਰ ਜਗ੍ਹਾ ਦੀ ਕਲਪਨਾ ਕਰੀਏ—ਇੱਕ ਦਿਆਲੂ ਅਤੇ ਸਵਾਗਤ ਕਰਨ ਵਾਲੀ ਜਗ ?ਹਾ—ਜਿੱਥੇ ਹਰ ਜਾਤ, ਧਰਮ ਅਤੇ ਪਿਛੋਕੜ ਦੇ ਲੋਕ ਸੁਤੰਤਰ ਰੂਪ ਵਿੱਚ ਆ ਸਕਦੇ ਹਨ। ਉਹ ਬੈਠ ਸਕਦੇ ਸਨ, ਸਿੱਖ ਸਕਦੇ ਸਨ, ਖਾ ਸਕਦੇ ਸਨ, ਗੱਲ ਕਰ ਸਕਦੇ ਸਨ ਅਤੇ ਉਹਨਾਂ ਨਾਲ ਬਰਾਬਰ ਦਾ ਵਿਹਾਰ ਕੀਤਾ ਜਾਂਦਾ ਸੀ। ਇਹ ਸਥਾਨ ਸਾਧਾਰਨ ਦਿਲਾਂ ਵਾਲਿਆਂ ਲਈ ਪਨਾਹਗਾਹ ਬਣ ਗਿਆ: ਗਰੀਬਾਂ, ਦੱਬੇ-ਕੁਚਲੇ ਲੋਕਾਂ ਅਤੇ ਇੱਜ਼ਤ ਅਤੇ ਸਵੈ-ਮਾਣ ਦੀ ਤਲਾਸ਼ ਕਰਨ ਵਾਲਿਆਂ ਲਈ। ਲੋਕ ਗੁਰੂ ਜੀ ਨੂੰ 'ਸੱਚਾ ਪਾਤਸ਼ਾਹ' ਕਹਿੰਦੇ ਸਨ—ਇਸ ਲਈ ਨਹੀਂ ਕਿ ਉਹ ਰਾਜਾਂ 'ਤੇ ਰਾਜ ਕਰਦੇ ਸਨ, ਬਲਕਿ ਇਸ ਲਈ ਕਿਉਂਕਿ ਉਨ੍ਹਾਂ ਨੇ ਅਣਗਿਣਤ ਲੋਕਾਂ ਦਾ ਸਵੈ-ਮਾਣ ਬਹਾਲ ਕੀਤਾ ਜੋ ਉਨ੍ਹਾਂ ਦੀ ਹਜ਼ੂਰੀ ਵਿੱਚ ਆਏ ਸਨ।

ਇਸ ਛੋਟੀ ਜਿਹੀ ਜਗ੍ਹਾ ਤੋਂ ਇੱਕ ਸ਼ਾਂਤ ਪਰ ਸ਼ਕਤੀਸ਼ਾਲੀ ਇਨਕਲਾਬ ਸ਼ੁਰੂ ਹੋਇਆ—ਨੈਤਿਕ ਹਿੰਮਤ, ਜ਼ਮੀਰ ਅਤੇ ਮਨੁੱਖੀ ਬਰਾਬਰੀ ਦਾ ਇਨਕਲਾਬ। ਉਹਨਾਂ ਦੀ ਮਹਾਨਤਾ ਨੂੰ ਸੱਚਮੁੱਚ ਸਮਝਣ ਲਈ, ਸਾਨੂੰ ਪਹਿਲਾਂ ਉਹਨਾਂ ਸਮਿਆਂ ਨੂੰ ਸਮਝਣਾ ਪਵੇਗਾ ਜਿਨ੍ਹਾਂ ਵਿੱਚ ਉਹ ਰਹਿੰਦੇ ਸਨ।

17ਵੀਂ ਸਦੀ ਵਿੱਚ ਔਰੰਗਜ਼ੇਬ ਦੇ ਅਧੀਨ ਮੁਗਲ ਸਾਮਰਾਜ, ਗੰਭੀਰ ਰਾਜਨੀਤਿਕ ਅਤੇ ਧਾਰਮਿਕ ਦਬਾਅ ਦਾ ਦੌਰ ਸੀ। ਸੱਤਾ ਵਿਚਾਰਧਾਰਾ ਨਾਲ ਨੇੜਿਓਂ ਜੁੜੀ ਹੋਈ ਸੀ। ਜ਼ਬਰਦਸਤੀ ਧਰਮ ਪਰਿਵਰਤਨ ਅਤੇ ਫਿਰਕੂ ਡਰਾਵੇ ਕਈ ਭਾਈਚਾਰਿਆਂ ਨੂੰ ਪਾੜ ਰਹੇ ਸਨ। ਜਦੋਂ ਕਸ਼ਮੀਰੀ ਪੰਡਤਾਂ—ਵਿਦਵਾਨਾਂ, ਪੁਜਾਰੀਆਂ ਅਤੇ ਆਮ ਪਰਿਵਾਰਾਂ—ਨੇ ਸਾਰੀ ਸੁਰੱਖਿਆ ਗੁਆ ਦਿੱਤੀ ਅਤੇ ਧਰਮ ਬਦਲਣ ਲਈ ਹਿੰਸਕ ਦਬਾਅ ਦਾ ਸਾਹਮਣਾ ਕੀਤਾ, ਤਾਂ ਉਹ ਪਹਿਲਾਂ ਕਈ ਸ਼ੰਕਰਾਚਾਰੀਆਂ ਅਤੇ ਬ੍ਰਾਹਮਣ ਅਧਿਆਤਮਿਕ ਆਗੂਆਂ ਕੋਲ ਗਏ। ਪਰ ਆਪਣੀ ਡੂੰਘੀ ਨਿਰਾਸ਼ਾ ਵਿੱਚ, ਉਹ ਆਖਰਕਾਰ ਗੁਰੂ ਤੇਗ ਬਹਾਦਰ ਜੀ ਕੋਲ ਆਏ। ਉਹ ਉਹਨਾਂ ਕੋਲ ਇਸ ਲਈ ਨਹੀਂ ਆਏ ਕਿਉਂਕਿ ਉਹ ਉਹਨਾਂ ਦੀ ਜਾਤ ਜਾਂ ਧਰਮ ਨਾਲ ਸਬੰਧਤ ਸਨ। ਉਹ ਇਸ ਲਈ ਆਏ ਕਿਉਂਕਿ ਗੁਰੂ ਜੀ ਨੇ ਪਹਿਲਾਂ ਹੀ ਦਿਖਾ ਦਿੱਤਾ ਸੀ ਕਿ ਉਹ ਬੇਜ਼ੁਬਾਨਾਂ, ਦੱਬੇ-ਕੁਚਲੇ ਲੋਕਾਂ ਅਤੇ ਹਰ ਉਸ ਵਿਅਕਤੀ ਲਈ ਦ੍ਰਿੜਤਾ ਨਾਲ ਖੜੇ ਹਨ ਜਿਸਦੇ ਬੁਨਿਆਦੀ ਅਧਿਕਾਰਾਂ

ਜੀਵਨ ਸਿੰਘ
+91 9442608416



'ਤੇ ਹਮਲਾ ਹੋ ਰਿਹਾ ਹੈ। ਗੁਰੂ ਜੀ, ਗੁਰੂ ਗ੍ਰੰਥ ਸਾਹਿਬ ਦੇ ਘਰ, ਨਾਨਕ, ਕਬੀਰ ਅਤੇ ਰਵਿਦਾਸ ਦੇ ਘਰ ਦੀ ਨੁਮਾਇੰਦਗੀ ਕਰਦੇ ਸਨ। ਉਹ ਘਰ ਜਿਸਦੀ ਨੀਂਹ ਗੁਰੂ ਅਰਜਨ ਦੇਵ ਜੀ ਦੀ ਹਿੰਮਤ ਅਤੇ ਸਮਾਜ ਦੇ ਸ਼ਕਤੀਸ਼ਾਲੀ ਹਾਕਮਾਂ ਵਿਰੁੱਧ ਉਹਨਾਂ ਦੀ ਦਲੇਰੀ 'ਤੇ ਰੱਖੀ ਗਈ ਸੀ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੇ ਦੁਨੀਆ ਦੇ ਸਾਹਮਣੇ ਇੱਕ ਸ਼ਕਤੀਸ਼ਾਲੀ ਨੈਤਿਕ ਸਵਾਲ ਰੱਖਿਆ:

ਜਦੋਂ ਰਾਜ ਇਹ ਮੰਗ ਕਰਦਾ ਹੈ ਕਿ ਇੱਕ ਵਿਅਕਤੀ ਆਪਣੀ ਜ਼ਮੀਰ ਨੂੰ ਸਮਰਪਣ ਕਰ ਦੇਵੇ— ਜਦੋਂ ਕਿਸੇ ਕੌਮ ਨੂੰ ਆਪਣੀ ਪਛਾਣ, ਵਿਸ਼ਵਾਸ ਜਾਂ ਸਵੈਮਾਣ ਛੱਡਣ ਦਾ ਹੁਕਮ ਦਿੱਤਾ ਜਾਂਦਾ ਹੈ— ਤਾਂ ਕੌਣ ਖੜ੍ਹਾ ਹੋਵੇਗਾ ਅਤੇ 'ਨਹੀਂ' ਕਵੇਗਾ? ਕੌਣ ਇੱਕ ਵਿਅਕਤੀ ਦੀ ਅੰਦਰੂਨੀ ਆਜ਼ਾਦੀ ਦੀ ਰੱਖਿਆ ਕਰੇਗਾ—ਉਹ ਆਜ਼ਾਦੀ ਜਿਸ ਨੂੰ ਖੋਹਣ ਦਾ ਹੱਕ ਕਿਸੇ ਰਾਜੇ, ਕਿਸੇ ਫੌਜ ਅਤੇ ਕਿਸੇ ਸਰਕਾਰ ਕੋਲ ਨਹੀਂ ਹੈ?

ਗੁਰੂ ਤੇਗ ਬਹਾਦਰ ਜੀ ਨੇ ਇਸ ਸਵਾਲ ਦਾ ਜਵਾਬ ਸਿਧਾਂਤ ਨਾਲ ਨਹੀਂ, ਸਗੋਂ ਆਪਣੇ ਕਰਮਾਂ ਨਾਲ ਦਿੱਤਾ। ਉਹ ਉਨ੍ਹਾਂ ਲੋਕਾਂ ਲਈ ਢਾਲ ਬਣ ਕੇ ਉੱਠੇ ਜਿਨ੍ਹਾਂ ਨਾਲ ਉਨ੍ਹਾਂ ਦਾ ਕੋਈ ਖੂਨ ਦਾ ਰਿਸ਼ਤਾ ਨਹੀਂ ਸੀ। ਉਨ੍ਹਾਂ ਨੇ ਆਪਣੀ ਜਾਨ ਦੇ ਦਿੱਤੀ ਤਾਂ ਜੋ ਲੋਕ ਕਿਸੇ ਵੀ ਅਜਿਹੀ ਵਿਚਾਰਧਾਰਾ ਪ੍ਰਤੀ ਸੁਚੇਤ ਰਹਿ ਸਕਣ ਜੋ ਉਨ੍ਹਾਂ ਦੀ ਆਜ਼ਾਦੀ ਲਈ ਖਤਰਾ ਬਣਦੀ ਹੈ, ਤਾਂ ਜੋ ਵੱਖਰੇ ਹੋਣ ਦੇ ਅਧਿਕਾਰ ਦੀ ਰੱਖਿਆ ਕੀਤੀ ਜਾ ਸਕੇ ਅਤੇ ਤਾਂ ਜੋ ਬਰਾਬਰੀ ਦੀ ਕਦਰ ਕਰਨ ਵਾਲਿਆਂ ਦਾ ਸਨਮਾਨ ਸੁਰੱਖਿਅਤ ਰਹੇ। ਉਨ੍ਹਾਂ ਦੀ ਕੁਰਬਾਨੀ ਸਿਰਫ਼ ਇੱਕ ਭਾਈਚਾਰੇ ਲਈ ਨਹੀਂ ਸੀ। ਦੁਨੀਆ ਵੱਲੋਂ 'ਮਨੁੱਖੀ ਅਧਿਕਾਰ' ਸ਼ਬਦ ਦੀ ਵਰਤੋਂ ਕਰਨ ਤੋਂ ਸਦੀਆਂ ਪਹਿਲਾਂ, ਉਨ੍ਹਾਂ ਦਾ ਜੀਵਨ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਵਜੋਂ ਖੜ੍ਹਾ ਸੀ।

ਅੱਜ, ਜਦੋਂ ਅਸੀਂ ਇੱਥੇ ਇਕੱਠੇ ਹੋਏ ਹਾਂ—ਇੱਕ ਅਜਿਹੇ ਸਮੇਂ ਵਿੱਚ ਜਦੋਂ ਭਾਰਤ ਅਤੇ ਦੁਨੀਆ ਭਰ ਵਿੱਚ ਬਹੁਤ ਸਾਰੇ ਭਾਈਚਾਰੇ ਅਜੇ ਵੀ ਵਿਤਕਰਾ, ਡਰ, ਧਮਕੀਆਂ ਅਤੇ ਜ਼ੁਲਮ ਦਾ ਸਾਹਮਣਾ ਕਰ ਰਹੇ ਹਨ—ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਰਾਜਨੀਤਿਕ ਤੌਰ 'ਤੇ ਜ਼ਰੂਰੀ, ਸਮਾਜਿਕ ਤੌਰ 'ਤੇ ਢੁਕਵਾਂ ਅਤੇ ਡੂੰਘੀ ਪ੍ਰੇਰਨਾ ਦੇਣ ਵਾਲਾ ਹੈ।

ਉਨ੍ਹਾਂ ਦੀ ਕੁਰਬਾਨੀ ਸਾਨੂੰ ਕੀ ਯਾਦ ਦਿਵਾਉਂਦੀ ਹੈ?

- ਇੱਕ ਕੌਮ ਉਦੋਂ ਹੀ ਮਜ਼ਬੂਤ ਹੁੰਦੀ ਹੈ ਜਦੋਂ ਉਸਦੀਆਂ ਘੱਟ ਗਿਣਤੀਆਂ ਸੁਰੱਖਿਅਤ ਮਹਿਸੂਸ ਕਰਦੀਆਂ ਹਨ।
- ਰਾਜ ਨੂੰ ਆਪਣੇ ਨਾਗਰਿਕਾਂ ਦੀ ਜ਼ਮੀਰ ਨੂੰ ਕੰਟਰੋਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ।
- ਮਨੁੱਖੀ ਅਧਿਕਾਰ ਸਰਕਾਰਾਂ ਦੁਆਰਾ ਦਿੱਤੇ ਗਏ ਵਿਸ਼ੇਸ਼ ਅਧਿਕਾਰ ਨਹੀਂ ਹਨ; ਇਹ ਬੁਨਿਆਦੀ ਹਨ ਅਤੇ ਇਹਨਾਂ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ।
- ਸੱਚੀ ਅਗਵਾਈ ਉਦੋਂ ਹੁੰਦੀ ਹੈ ਜਦੋਂ ਤੁਸੀਂ ਦੂਜਿਆਂ ਲਈ ਖੜ੍ਹੇ ਹੁੰਦੇ ਹੋ ਭਾਵੇਂ ਇਹ ਖਤਰਨਾਕ ਹੀ ਕਿਉਂ ਨਾ ਹੋਵੇ।

ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਸਪਸ਼ਟ ਹੈ ਮਨੁੱਖੀ ਸਨਮਾਨ ਸਰਵਉੱਚ ਹੈ। ਜ਼ਮੀਰ ਅਤੇ ਚੇਤਨਾ ਪਵਿੱਤਰ ਹਨ। ਵਿਸ਼ਵਾਸ ਦੀ ਆਜ਼ਾਦੀ ਇੱਕ ਵਿਸ਼ਵਵਿਆਪੀ ਅਧਿਕਾਰ ਹੈ। ਇਹ ਇਨਸਾਫ਼ ਦੀ ਸਿਆਸੀ ਭਾਸ਼ਾ ਹੈ। ਇਹ ਮਨੁੱਖਤਾ ਦੀ ਨੈਤਿਕ ਭਾਸ਼ਾ ਹੈ। ਇਹ ਉਹ ਵਿਰਾਸਤ ਹੈ ਜਿਸ ਨੂੰ ਸਾਨੂੰ ਅੱਜ ਹਰ ਮਨੁੱਖੀ ਅਧਿਕਾਰ ਸੰਘਰਸ਼ ਵਿੱਚ ਅੱਗੇ ਲੈ ਕੇ ਜਾਣਾ ਚਾਹੀਦਾ ਹੈ।

ਗੁਰੂ ਤੇਗ ਬਹਾਦਰ ਜੀ ਆਪਣੇ ਜੀਵਨ ਰਾਹੀਂ ਮਨੁੱਖੀ ਅਧਿਕਾਰਾਂ ਦੇ ਕਈ ਸਵਾਲਾਂ ਦੇ ਜਵਾਬ ਦਿੰਦੇ ਹਨ। ਪਰ ਉਨ੍ਹਾਂ ਦੇ ਜਵਾਬ ਦੀ ਤਾਕਤ ਨੂੰ ਸਮਝਣ ਲਈ, ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ—ਉਨ੍ਹਾਂ ਦੀ ਬਾਣੀ ਜੋ ਉਨ੍ਹਾਂ ਦੀ ਨੈਤਿਕ ਅਤੇ ਅਧਿਆਤਮਿਕ ਸਪਸ਼ਟਤਾ ਨੂੰ ਦਰਸਾਉਂਦੀ ਹੈ। ਇਹ ਤੁਕਾਂ ਸਿਰਫ਼ ਭਗਤੀ ਦੀਆਂ ਸਤਰਾਂ ਨਹੀਂ ਹਨ। ਇਹ ਜ਼ੁਲਮ ਵਿਰੁੱਧ ਖੜ੍ਹੇ ਕਿਸੇ ਵੀ ਵਿਅਕਤੀ ਲਈ ਰਾਜਨੀਤਿਕ ਹਦਾਇਤਾਂ, ਨੈਤਿਕ ਸਿਧਾਂਤ ਅਤੇ ਜੀਵਤ ਮਾਰਗਦਰਸ਼ਨ ਹਨ। ਉਨ੍ਹਾਂ ਵਿੱਚੋਂ, ਖਾਸ ਤੌਰ 'ਤੇ ਚਾਰ ਸ਼ਲੋਕ ਉਸ ਨੀਂਹ ਨੂੰ ਪ੍ਰਗਟ ਕਰਦੇ ਹਨ ਜਿਸ 'ਤੇ ਉਨ੍ਹਾਂ ਦੀ ਮਹਾਨ ਕੁਰਬਾਨੀ ਦੀ ਉਸਾਰੀ ਹੋਈ ਸੀ।

ਪਹਿਲਾ ਹੈ... ਗੁਰੂ ਗ੍ਰੰਥ ਸਾਹਿਬ, ਸਲੋਕ 16 (ਮਹਲਾ 9), ਅੰਗ 1427 ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

'ਜੋ ਮਨੁੱਖ ਨਾ ਕਿਸੇ ਨੂੰ ਡਰਦਾ-ਧਮਕਾਉਂਦਾ ਹੈ, ਅਤੇ ਨਾ ਹੀ ਕਿਸੇ ਹੋਰ ਤੋਂ ਧਮਕੀਆਂ ਕਬੂਲ ਕਰਦਾ ਹੈ (ਡਰਦਾ ਹੈ); ਹੇ ਨਾਨਕ! ਆਖ—ਹੇ ਮਨ! ਸੁਣ, ਉਸ ਮਨੁੱਖ ਨੂੰ ਹੀ ਗਿਆਨੀ ਆਖ।'

ਗੁਰੂ ਜੀ ਸਿਖਾਉਂਦੇ ਹਨ ਕਿ ਸੱਚੀ ਸਿਆਣਪ ਬਿਨਾਂ ਹਮਲਾਵਰ ਹੋਏ ਨਿਡਰ ਹੋਣਾ ਹੈ। ਇੱਕ ਸਿਆਣਾ ਵਿਅਕਤੀ ਨਾ ਤਾਂ ਦੂਜਿਆਂ ਨੂੰ ਡਰਾਉਂਦਾ ਹੈ ਅਤੇ ਨਾ ਹੀ ਧੱਕੇਸ਼ਾਹੀ ਅੱਗੇ ਝੁਕਦਾ ਹੈ। ਇਹ ਕਮਜ਼ੋਰੀ ਨਹੀਂ ਹੈ—ਇਹ ਆਜ਼ਾਦ ਸਵੈਮਾਣ ਹੈ, ਇੱਕ ਆਜ਼ਾਦ ਇਨਸਾਨ ਦੀ ਮਾਨਸਿਕਤਾ ਹੈ। ਇਹ ਤਾਨਾਸ਼ਾਹ ਸ਼ਾਸਕਾਂ ਦੁਆਰਾ ਵਰਤੀ ਜਾਂਦੀ ਡਰ ਦੀ ਰਾਜਨੀਤੀ ਦੇ ਸਿੱਧਾ ਵਿਰੁੱਧ ਖੜ੍ਹਾ ਹੈ। ਅਜਿਹੀਆਂ ਸਿੱਖਿਆਵਾਂ ਦੁਆਰਾ ਘੜਿਆ ਗਿਆ ਸਮਾਜ ਕਮਜ਼ੋਰਾਂ 'ਤੇ ਜ਼ੁਲਮ ਨਹੀਂ ਕਰਦਾ, ਆਪਣੀ ਜ਼ਮੀਰ ਨੂੰ ਸੱਤਾ ਦੇ ਹਵਾਲੇ ਨਹੀਂ ਕਰਦਾ ਅਤੇ ਆਪਣੀਆਂ ਕਦਰਾਂ-ਕੀਮਤਾਂ ਨਾਲ ਸਮਝੌਤਾ ਨਹੀਂ ਕਰਦਾ। ਇਸ ਤਰ੍ਹਾਂ ਦੀ ਨਿਡਰਤਾ ਇੱਕ ਕੌਮ ਨੂੰ ਬਿਨਾਂ ਗੁੱਸੇ ਜਾਂ ਨਫ਼ਰਤ ਦੇ ਬੇਇਨਸਾਫ਼ੀ ਦਾ ਸਾਹਮਣਾ ਕਰਨ ਲਈ ਤਿਆਰ ਕਰਦੀ ਹੈ।

**ਦੂਜਾ ਹੈ:** ਗੁਰੂ ਗ੍ਰੰਥ ਸਾਹਿਬ, ਸਲੋਕ 51 (ਮਹਲਾ 9), ਅੰਗ 1428 ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

ਗੁਰੂ ਜੀ ਸਾਨੂੰ ਯਾਦ ਦਿਵਾਉਂਦੇ ਹਨ ਕਿ ਜੀਵਨ ਅਸਥਾਈ ਹੈ। ਜੇ ਕੁਝ ਵੀ ਹਮੇਸ਼ਾ ਲਈ ਨਹੀਂ ਰਹਿੰਦਾ, ਤਾਂ ਸੱਚ ਲਈ ਖੜ੍ਹੇ ਹੋਣਾ ਨਿੱਜੀ ਸੁਰੱਖਿਆ ਨਾਲੋਂ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ। ਇਹ ਸਤਰਾਂ ਮਨ ਨੂੰ ਨੈਤਿਕ ਹਿੰਮਤ ਲਈ ਤਿਆਰ ਕਰਦੀਆਂ ਹਨ। ਉਹ ਸਾਨੂੰ ਦੱਸਦੇ ਹਨ: ਮੌਤ ਤੋਂ ਨਾ ਡਰੋ; ਇਨਸਾਫ਼ ਦਾ ਸਾਥ ਛੱਡਣ ਤੋਂ ਡਰੋ। ਅਮਰੀਕਾ ਵਿੱਚ ਨਾਗਰਿਕ ਅਧਿਕਾਰਾਂ ਦੀ ਲਹਿਰ ਤੋਂ ਲੈ ਕੇ ਭਾਰਤ ਵਿੱਚ ਜਾਤੀ ਵਿਰੋਧੀ ਅੰਦੋਲਨ ਤੱਕ, ਇਸ ਮਾਨਸਿਕ ਅਨੁਸ਼ਾਸਨ ਨੇ ਮਨੁੱਖੀ ਅਧਿਕਾਰਾਂ ਦੇ ਹਰ ਸਫਲ ਸੰਘਰਸ਼ ਦੀ ਅਗਵਾਈ ਕੀਤੀ ਹੈ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥ — ਗੁਰੂ ਗ੍ਰੰਥ ਸਾਹਿਬ, ਅੰਗ 1429

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥ — ਗੁਰੂ ਗ੍ਰੰਥ ਸਾਹਿਬ, ਅੰਗ 1429

ਮਨੁੱਖੀ ਯਤਨ + ਬ੍ਰਹਮ ਸਹਾਇਤਾ = ਨੈਤਿਕ ਕਾਰਵਾਈ (Moral Action) ਇਹ ਦੋ ਸਿੱਖਿਆਵਾਂ ਇੱਕ ਚੱਕਰ ਬਣਾਉਂਦੀਆਂ ਹਨ:

- ਜਦੋਂ ਮਨੁੱਖੀ ਤਾਕਤ ਜਵਾਬ ਦੇ ਜਾਂਦੀ ਹੈ, ਤਾਂ ਅਧਿਆਤਮਿਕ ਅਧਾਰ ਲੱਭੋ।
- ਜਦੋਂ ਤਾਕਤ ਵਾਪਸ ਆਉਂਦੀ ਹੈ, ਕਾਰਵਾਈ ਕਰੋ।
- ਨਤੀਜਾ ਪੂਰੀ ਤਰ੍ਹਾਂ ਸਾਡੇ ਕੰਟਰੋਲ ਵਿੱਚ ਨਹੀਂ ਹੈ—ਪਰ ਕੋਸ਼ਿਸ਼ ਕਰਨਾ ਸਾਡੀ ਜ਼ਿੰਮੇਵਾਰੀ ਹੈ। ਇਹ ਵਿਹਾਰਕ ਰਾਜਨੀਤਿਕ ਸਿਆਣਪ ਹੈ: ਸਿਧਾਂਤਾਂ 'ਤੇ ਕਾਇਮ ਰਹੋ, ਕੰਮ ਕਰੋ, ਅਤੇ ਵੱਡੇ ਨੈਤਿਕ ਆਦੇਸ਼ 'ਤੇ ਭਰੋਸਾ ਕਰੋ। ਇਹ ਅਕਿਰਿਆਸ਼ੀਲਤਾ ਨਹੀਂ ਹੈ। ਇਹ ਅਨੁਸ਼ਾਸਿਤ ਕਾਰਵਾਈ ਹੈ—ਉਹ ਸਥਿਰ ਕੋਸ਼ਿਸ਼ ਜੋ ਅੰਦੋਲਨਾਂ ਨੂੰ ਹਫ਼ਤਿਆਂ ਲਈ ਨਹੀਂ ਬਲਕਿ ਸਾਲਾਂ ਤੱਕ ਕਾਇਮ ਰੱਖਦੀ ਹੈ। ਇਕੱਠੇ ਮਿਲ ਕੇ, ਇਹ ਵਿਚਾਰ ਖਾਲਸੇ ਦਾ ਨੈਤਿਕ ਡੀ.ਐਨ.ਏ. (DNA) ਬਣਾਉਂਦੇ ਹਨ: ਨਿਡਰਤਾ, ਸਪੱਸ਼ਟਤਾ, ਹਿੰਮਤ, ਫਰਜ਼ ਅਤੇ ਸੇਵਾ।

ਇਤਿਹਾਸ ਵੱਲ ਮੁੜਦੇ ਹਾਂ—ਪ੍ਰੀਖਿਆ ਦੀ ਘੜੀ

ਗੁਰੂ ਤੇਗ ਬਹਾਦਰ ਜੀ ਨੂੰ ਇੱਕ ਸਿੱਧੀ ਨੈਤਿਕ ਪ੍ਰੀਖਿਆ ਦਾ ਸਾਹਮਣਾ ਕਰਨਾ ਪਿਆ ਜਦੋਂ ਕਸ਼ਮੀਰੀ ਪੰਡਤਾਂ ਦਾ ਇੱਕ ਛੋਟਾ ਜਿਹਾ ਸਮੂਹ, ਜਿਨ੍ਹਾਂ ਨੂੰ ਜ਼ਬਰਦਸਤੀ ਧਰਮ

ਪਰਿਵਰਤਨ ਦੀ ਧਮਕੀ ਦਿੱਤੀ ਗਈ ਸੀ, ਆਨੰਦਪੁਰ ਸਾਹਿਬ ਪਹੁੰਚਿਆ।

ਉਹ ਸਥਿਤੀ ਤੋਂ ਬਚ ਸਕਦੇ ਸਨ। ਉਹ ਗੱਲਬਾਤ ਕਰ ਸਕਦੇ ਸਨ। ਉਹ ਚੁੱਪ ਰਹਿ ਸਕਦੇ ਸਨ। ਇਸ ਦੀ ਬਜਾਏ, ਉਨ੍ਹਾਂ ਨੇ ਅਸੂਲਨ ਵਿਰੋਧ ਦਾ ਰਸਤਾ ਚੁਣਿਆ। ਉਹ ਦਿੱਲੀ ਗਏ—ਹਥਿਆਰਾਂ ਨਾਲ ਸਾਮਰਾਜ ਨਾਲ ਲੜਨ ਲਈ ਨਹੀਂ, ਸਗੋਂ ਇਸਦੀ ਜ਼ਮੀਰ ਨੂੰ ਜਗਾਉਣ ਲਈ। ਉਹ ਬਾਗੀ ਬਣ ਕੇ ਨਹੀਂ, ਰੱਖਿਅਕ ਬਣ ਕੇ ਗਏ ਸਨ। ਔਰੰਗਜ਼ੇਬ ਅਤੇ ਉਸਦੇ ਆਲੇ ਦੁਆਲੇ ਦੀਆਂ ਕੱਟੜਵਾਦੀ ਤਾਕਤਾਂ ਨੇ ਗੁਰੂ ਜੀ ਨੂੰ ਇੱਕ ਜ਼ਾਲਮ ਵਿਕਲਪ ਦਿੱਤਾ: 'ਆਪਣਾ ਵਿਸ਼ਵਾਸ ਛੱਡ ਕੇ ਜੀਉ, ਜਾਂ ਸਿਧਾਂਤ ਲਈ ਦ੍ਰਿੜ ਰਹੋ ਅਤੇ ਮਰੋ।' ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਸਾਥੀਆਂ—ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ—ਨੇ ਹਿੰਮਤ ਨੂੰ ਚੁਣਿਆ। ਉਨ੍ਹਾਂ ਨੇ ਜ਼ਮੀਰ ਦੀ ਆਜ਼ਾਦੀ ਨਾਲ ਵਿਸ਼ਵਾਸਘਾਤ ਕਰਨ ਦੀ ਬਜਾਏ ਅਸਹਿਣਯੋਗ ਤਸ਼ੱਦਦ ਨੂੰ ਸਵੀਕਾਰ ਕੀਤਾ। 11 ਨਵੰਬਰ, 1675 ਨੂੰ ਦਿੱਲੀ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਸ਼ਰੇਆਮ ਸੀਸ ਧੜ ਤੋਂ ਵੱਖ ਕਰ ਦਿੱਤਾ ਗਿਆ। ਉਨ੍ਹਾਂ ਦੇ ਸਰੀਰ ਦਾ ਨਿਰਾਦਰ ਕੀਤਾ ਗਿਆ—ਪਰ ਉਨ੍ਹਾਂ ਦੀ ਨੈਤਿਕ ਜਿੱਤ ਨੇ ਜ਼ੁਲਮ ਦੀਆਂ ਨੀਹਾਂ ਹਿਲਾ ਦਿੱਤੀਆਂ।

ਇਹ ਅੱਜ ਮਾਇਨੇ ਕਿਉਂ ਰੱਖਦਾ ਹੈ?

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸਿੱਖ ਇਤਿਹਾਸ ਤੋਂ ਬਹੁਤ ਅੱਗੇ ਦੀ ਗੱਲ ਹੈ। ਇਹ ਸਮੇਂ ਤੋਂ ਬਹੁਤ ਪਹਿਲਾਂ ਦਾ ਮਨੁੱਖੀ ਅਧਿਕਾਰਾਂ ਦਾ ਐਲਾਨਨਾਮਾ ਸੀ। ਉਨ੍ਹਾਂ ਨੇ ਉਨ੍ਹਾਂ ਲੋਕਾਂ ਲਈ ਆਪਣੀ ਜਾਨ ਦੇ ਦਿੱਤੀ ਜੋ ਉਨ੍ਹਾਂ ਦੇ ਆਪਣੇ ਭਾਈਚਾਰੇ ਦੇ ਨਹੀਂ ਸਨ—ਜਿਸ ਨਾਲ ਉਹ ਵਿਸ਼ਵਵਿਆਪੀ ਜ਼ਮੀਰ ਦੀ ਆਜ਼ਾਦੀ ਦੇ ਸਭ ਤੋਂ ਪਹਿਲੇ ਰਾਖਿਆਂ ਵਿੱਚੋਂ ਇੱਕ ਬਣ ਗਏ। ਸਾਨੂੰ ਉਨ੍ਹਾਂ ਨੂੰ ਤੰਗ ਸਿਰਲੇਖਾਂ ਜਾਂ ਸੀਮਤ ਪਛਾਣਾਂ ਤੱਕ ਘਟਾ ਕੇ ਨਹੀਂ ਦੇਖਣਾ ਚਾਹੀਦਾ। ਉਨ੍ਹਾਂ ਦਾ ਦ੍ਰਿਸ਼ਟੀਕੋਣ ਕਿਸੇ ਇੱਕ ਕੌਮ ਜਾਂ ਧਰਮ ਤੋਂ ਵੱਡਾ ਸੀ। ਉਹ ਸਾਰੇ ਲੋਕਾਂ ਦੇ ਸਨਮਾਨ ਲਈ ਖੜ੍ਹੇ ਸਨ। ਬਹੁਤ ਸਾਰੇ ਵਿਦਵਾਨ ਨੋਟ ਕਰਦੇ ਹਨ ਕਿ ਮੁਗਲ ਦਰਬਾਰ ਵੀ ਉਨ੍ਹਾਂ ਨੂੰ ਰਾਜਨੀਤਿਕ ਖਤਰੇ ਵਜੋਂ ਦੇਖਦਾ ਸੀ। ਉਨ੍ਹਾਂ ਦੇ ਵਧਦੇ ਸਮਾਜਿਕ ਪ੍ਰਭਾਵ, ਸੁਤੰਤਰ ਸੰਸਥਾਵਾਂ ਅਤੇ ਨੈਤਿਕ ਅਧਿਕਾਰ ਨੇ ਸ਼ਾਹੀ ਕੰਟਰੋਲ ਨੂੰ ਚੁਣੌਤੀ ਦਿੱਤੀ ਸੀ।

**ਪਰ ਇਹ ਗੱਲ ਉਨ੍ਹਾਂ ਦੀ ਕੁਰਬਾਨੀ ਨੂੰ ਅਸਾਧਾਰਨ ਬਣਾਉਂਦੀ ਹੈ:** ਉਨ੍ਹਾਂ ਨੇ ਰਾਜ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਦੀ ਨੈਤਿਕ ਰੇਖਾ ਨੂੰ ਪਾਰ ਨਹੀਂ ਕਰਨ ਦਿੱਤਾ। ਉਨ੍ਹਾਂ ਨੇ ਹਰ ਮਨੁੱਖ ਦੀ ਅੰਦਰੂਨੀ ਆਜ਼ਾਦੀ ਦੀ ਰੱਖਿਆ ਕੀਤੀ—ਜੋ ਆਧੁਨਿਕ ਮਨੁੱਖੀ ਅਧਿਕਾਰਾਂ ਦਾ ਮੁੱਖ ਵਿਚਾਰ ਹੈ। ਪੱਛਮੀ ਚਿੰਤਕਾਂ ਦੁਆਰਾ ਆਜ਼ਾਦੀ, ਨਿਆਂ ਅਤੇ ਵਿਸ਼ਵਾਸ ਦੀ ਆਜ਼ਾਦੀ ਬਾਰੇ ਲਿਖਣ ਤੋਂ ਬਹੁਤ ਪਹਿਲਾਂ, ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਸਿਧਾਂਤਾਂ ਨੂੰ ਜੀਵਿਆ ਅਤੇ ਆਪਣੇ ਕੰਮਾਂ ਰਾਹੀਂ ਸਾਬਤ ਕੀਤਾ।

ਸਾਡੇ ਮਨੁੱਖੀ ਅਧਿਕਾਰ ਕਾਰਕੁਨਾਂ ਲਈ ਉਨ੍ਹਾਂ ਦਾ ਸੰਦੇਸ਼ ਮਹੱਤਵਪੂਰਨ ਕਿਉਂ ਹੈ?

- ਉਨ੍ਹਾਂ ਨੇ ਆਪਣੇ ਭਾਈਚਾਰੇ ਤੋਂ ਬਾਹਰਲੇ ਲੋਕਾਂ ਦੀ ਰੱਖਿਆ ਕੀਤੀ। ਸਾਡੇ ਮਨੁੱਖੀ ਅਧਿਕਾਰਾਂ ਦੇ ਕੰਮ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ।
- ਉਨ੍ਹਾਂ ਦੀਆਂ ਸਿੱਖਿਆਵਾਂ ਜ਼ਮੀਰ ਨੂੰ ਕਾਰਵਾਈ ਨਾਲ ਜੋੜਦੀਆਂ ਹਨ। ਸਾਡੀਆਂ ਲਹਿਰਾਂ ਕਦਰਾਂ-ਕੀਮਤਾਂ 'ਤੇ ਅਧਾਰਤ ਹੋਣੀਆਂ ਚਾਹੀਦੀਆਂ ਹਨ ਅਤੇ ਅਸਲ ਕਾਰਵਾਈ ਦੁਆਰਾ ਸਮਰਥਿਤ ਹੋਣੀਆਂ ਚਾਹੀਦੀਆਂ ਹਨ।
- ਤਾਨਾਸ਼ਾਹ ਸ਼ਾਸਕ ਡਰ ਰਾਹੀਂ ਸਮਾਜ ਨੂੰ ਕੰਟਰੋਲ ਕਰਦੇ ਹਨ। ਗੁਰੂ ਦਾ ਸੰਦੇਸ਼ ਇਸ ਕੰਟਰੋਲ ਦੀ ਜੜ੍ਹ ਵਿੱਚ ਬੈਠੇ ਡਰ ਨੂੰ ਨਸ਼ਟ ਕਰਦਾ ਹੈ।
- ਜਦੋਂ ਹਾਕਮ ਧਰਮ ਦੀ ਦੁਰਵਰਤੋਂ ਕਰਦੇ ਹਨ ਤਾਂ ਗਰੀਬ ਅਤੇ ਬੇਵੱਸ ਲੋਕ ਦੁਖੀ ਹੁੰਦੇ ਹਨ। ਸੱਚਾ ਧਰਮ ਹਮੇਸ਼ਾ ਮਜ਼ਲੂਮਾਂ ਨਾਲ ਖੜ੍ਹਾ ਹੁੰਦਾ ਹੈ।
- ਮਨੁੱਖੀ ਅਧਿਕਾਰ ਸਿਰਫ਼ ਦਸਤਾਵੇਜ਼ਾਂ ਵਿੱਚ ਨਹੀਂ ਲਿਖੇ ਜਾਂਦੇ; ਉਹ ਬਚੇ ਰਹਿੰਦੇ ਹਨ ਕਿਉਂਕਿ ਦਲੇਰ ਲੋਕ ਉਨ੍ਹਾਂ ਦੀ ਰੱਖਿਆ ਕਰਦੇ ਹਨ।

**ਵੱਡਾ ਸੰਘਰਸ਼:** ਬੇਗਮਪੁਰਾ ਅਤੇ ਖਾਲਸਾ ਰਾਜ ਬ੍ਰਾਹਮਣਵਾਦੀ ਮਨੂ ਧਰਮ ਦੇ ਪੀੜਤ ਹਮੇਸ਼ਾ ਸ਼ੂਦਰ ਰਹੇ ਹਨ—ਬਹੁਜਨ ਬਹੁਗਿਣਤੀ। ਦੁਨੀਆ ਵਿੱਚ ਹੋਰ ਕਿਤੇ ਵੀ ਇੱਕ ਛੋਟੀ ਜਿਹੀ ਘੱਟ-ਗਿਣਤੀ, ਬਹੁਗਿਣਤੀ ਨੂੰ ਗੁਲਾਮ ਬਣਾਉਣ ਲਈ ਤਿਆਰ ਕੀਤੀ ਗਈ ਧਾਰਮਿਕ ਨੀਤੀ ਦੁਆਰਾ ਰਾਜ ਨਹੀਂ ਕਰਦੀ।

**ਸੱਚ ਸਰਲ ਹੈ:** ਭਾਰਤ ਦੇ ਦੱਬੇ-ਕੁਚਲੇ ਲੋਕ ਕਿਸੇ ਬਾਹਰੀ ਦੁਸ਼ਮਣ ਤੋਂ ਨਹੀਂ ਸਗੋਂ ਆਪਣੀ ਵਿਰਾਸਤ ਵਿੱਚ ਮਿਲੀ ਸਮਾਜਿਕ ਵਿਵਸਥਾ ਤੋਂ ਪੀੜਤ ਹਨ।

ਭਗਤ ਰਵਿਦਾਸ ਜੀ ਦਾ ਬੇਗਮਪੁਰਾ ਦਾ ਸੁਪਨਾ—ਬਿਨਾਂ ਗਮ ਵਾਲਾ ਸ਼ਹਿਰ—ਤਦ ਹੀ ਉਭਰ ਸਕਦਾ ਹੈ ਜਦੋਂ ਬਹੁਜਨ ਬਹੁਗਿਣਤੀ ਸਨਮਾਨ ਨਾਲ ਉੱਠੇਗੀ।

ਜਿਵੇਂ ਆਨੰਦਪੁਰ ਪੂਰੀ ਤਰ੍ਹਾਂ ਉਦੋਂ ਹੀ ਉਭਰਦਾ ਹੈ ਜਦੋਂ ਖਾਲਸਾ ਚੇਤਨਾ ਜਾਗਦੀ ਹੈ। ਇਹ ਸਾਹਿਬ ਕਾਂਸ਼ੀਰਾਮ ਦਾ ਦ੍ਰਿਸ਼ਟੀਕੋਣ ਸੀ, ਜਿਨ੍ਹਾਂ ਨੇ ਪ੍ਰਾਚੀਨ ਬੋਧੀ ਨਾਅਰਾ ਬੁਲੰਦ ਕੀਤਾ ਸੀ: 'ਬਹੁਜਨ ਹਿਤਾਏ, ਬਹੁਜਨ ਸੁਖਾਏ' — ਬਹੁਤਿਆਂ ਦੀ ਭਲਾਈ ਲਈ।

ਉਨ੍ਹਾਂ ਨੇ ਮਨੂਵਾਦੀ ਵਿਚਾਰਧਾਰਾ ਨੂੰ 85% ਆਬਾਦੀ ਨੂੰ ਗੁਲਾਮ ਬਣਾਉਣ ਦੇ ਖ਼ਤਰੇ ਨੂੰ ਦੇਖਿਆ ਸੀ। ਅੰਗਰੇਜ਼ ਫੌਜਾਂ ਲੈ ਕੇ ਆਏ ਪਰ ਸਾਡੇ ਦਿਮਾਗਾਂ ਨੂੰ ਗੁਲਾਮ ਨਹੀਂ ਬਣਾ ਸਕੇ। ਮੁਗਲਾਂ ਨੇ ਰਾਜ ਤਾਂ ਬਣਾਏ ਪਰ ਸਾਡੀ ਜ਼ਮੀਰ 'ਤੇ ਰਾਜ ਨਹੀਂ ਕਰ ਸਕੇ।

ਪਰ ਬ੍ਰਾਹਮਣਵਾਦੀ ਵਿਵਸਥਾ ਬਿਨਾਂ ਫੌਜ ਦੇ ਆਈ—ਅਤੇ ਦਿਮਾਗ ਨੂੰ, ਆਜ਼ਾਦੀ ਦੇ ਕੇਂਦਰ ਨੂੰ ਹੀ ਗੁਲਾਮ ਬਣਾ ਲਿਆ। ਅੱਜ ਵੀ ਭਾਵੇਂ ਅਸੀਂ ਹੱਕਾਂ ਦੀ ਗੱਲ ਕਰਦੇ ਹਾਂ ਪਰ ਦੱਬੇ-ਕੁਚਲੇ ਲੋਕਾਂ ਦੀਆਂ ਸਿਆਸੀ ਚਾਬੀਆਂ ਦਿੱਲੀ ਦੀਆਂ ਮਨੂਵਾਦੀ ਤਾਕਤਾਂ ਦੀਆਂ ਜੇਬਾਂ ਵਿੱਚ ਹੀ ਰਹਿੰਦੀਆਂ ਹਨ। ਇਸੇ ਲਈ ਮੈਂ 'ਬੇਗਮਪੁਰਾ ਖਾਲਸਾ ਰਾਜ' ਦੇ ਬੈਨਰ ਹੇਠ ਪੂਰੇ ਭਾਰਤ ਦਾ ਦੌਰਾ ਕਰਦਾ ਹਾਂ। ਜਦੋਂ ਬੇਗਮਪੁਰਾ ਹਕੀਕਤ ਬਣ ਜਾਵੇਗਾ, ਕੇਵਲ ਤਦ ਹੀ ਖਾਲਸਾ—ਨਿਡਰ, ਖੁਦਮੁਖਤਿਆਰ, ਨਿਆਂਪੂਰਨ—ਸੱਚਮੁੱਚ ਖਿੜ ਸਕਦਾ ਹੈ। ਕੇਵਲ ਤਦ ਹੀ ਲੋਕ ਆਨੰਦਪੁਰ ਦੀ ਭਾਵਨਾ ਨੂੰ ਚੱਖਣਗੇ—ਇੱਕ ਅਜਿਹੀ ਕੌਮ ਜੋ ਬਰਾਬਰੀ ਅਤੇ ਨਿਆਂ 'ਤੇ ਅਧਾਰਤ ਹੋਵੇਗੀ।

**ਇਤਿਹਾਸ ਗਵਾਹ ਹੈ:**

- ਗੁਰੂ ਨਾਨਕ ਦੇਵ ਜੀ ਨੂੰ ਹੰਕਾਰੀ ਹਾਕਮਾਂ ਨੇ ਕੈਦ ਕੀਤਾ ਸੀ।
- ਗੁਰੂ ਅਰਜਨ ਦੇਵ ਜੀ ਨੂੰ ਰਾਜ ਦੀ ਅਸਹਿਣਸ਼ੀਲਤਾ ਦੁਆਰਾ ਸ਼ਹੀਦ ਕੀਤਾ ਗਿਆ ਸੀ।
- ਗੁਰੂ ਤੇਗ ਬਹਾਦਰ ਜੀ ਦਾ ਸਿਰ ਤਾਨਾਸ਼ਾਹੀ ਨੇ ਕਲਮ ਕੀਤਾ ਸੀ।
- ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਅੰਨ੍ਹੇ ਜ਼ੁਲਮ ਨੇ ਤਬਾਹ ਕਰ ਦਿੱਤਾ ਸੀ।

ਅਤੇ ਅੱਜ ਵੀ ਲੋਕਤੰਤਰੀ ਭਾਰਤ ਵਿੱਚ ਸੱਚ ਬੋਲਣ ਵਾਲੇ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਜਦੋਂ ਕਿ ਝੂਠੇ ਤਖਤਾਂ 'ਤੇ ਬਿਰਾਜਮਾਨ ਹਨ।

**ਗੁਰੂ ਜੀ ਨੇ ਐਲਾਨ ਕੀਤਾ ਸੀ:** 'ਰਾਜ ਕਰੇਗਾ ਖਾਲਸਾ' — ਇਨਸਾਫ਼ ਕਰਨ ਵਾਲਾ ਹੀ ਰਾਜ ਕਰੇਗਾ।

ਜੇ ਬੇਗਮਪੁਰਾ ਖਾਲਸਾ ਰਾਜ ਨਹੀਂ ਉੱਠਦਾ, ਤਾਂ ਸਿਰਫ਼ ਗਰੀਬ ਹੀ ਨਹੀਂ ਸਗੋਂ ਜੱਜ, ਵਿਦਵਾਨ ਅਤੇ ਰਾਸ਼ਟਰਪਤੀ ਵੀ ਇਸ ਗੈਰ-ਬਰਾਬਰ ਵਿਵਸਥਾ ਦਾ ਸ਼ਿਕਾਰ ਹੋਣਗੇ।

ਅਸੀਂ ਗੁਰੂਆਂ ਦੇ ਬਚਨਾਂ 'ਤੇ ਪਲੇ ਹਾਂ। ਹੁਣ ਸਾਨੂੰ ਉਹਨਾਂ 'ਤੇ ਅਮਲ ਕਰਨਾ ਪਵੇਗਾ।

ਸਾਡਾ ਫਰਜ਼ ਸਪੱਸ਼ਟ ਹੈ: ਬੇਗਮਪੁਰਾ ਖਾਲਸਾ ਰਾਜ ਨੂੰ ਭਾਰਤ ਲਈ ਵਿਕਲਪਕ ਰਾਜਨੀਤਿਕ, ਸਮਾਜਿਕ ਅਤੇ ਨੈਤਿਕ ਦ੍ਰਿਸ਼ਟੀਕੋਣ ਵਜੋਂ ਸਥਾਪਿਤ ਕਰੋ। ਇਸ ਸੰਦੇਸ਼ ਨੂੰ ਗਲੀ-ਗਲੀ, ਪਿੰਡ-ਪਿੰਡ, ਯੂਨੀਵਰਸਿਟੀ-ਯੂਨੀਵਰਸਿਟੀ ਲੈ ਕੇ ਜਾਓ, ਜਦੋਂ ਤੱਕ ਹਰ ਬਹੁਜਨ ਦਾ ਦਿਲ ਜਾਗ ਨਹੀਂ ਜਾਂਦਾ।

ਇਹ—ਅਤੇ ਸਿਰਫ਼ ਇਹੀ—ਮਨੁੱਖੀ ਜ਼ਮੀਰ ਦੇ ਸ਼ਹੀਦ ਗੁਰੂ ਤੇਗ ਬਹਾਦਰ ਜੀ ਨੂੰ ਸੱਚੀ ਸ਼ਰਧਾਂਜਲੀ ਹੈ।

ਜੇ ਸਿੱਖ ਆਪਣੇ ਮੁੱਖ ਸਿਧਾਂਤਾਂ—ਬਰਾਬਰੀ, ਹਿੰਮਤ ਅਤੇ ਸੇਵਾ—ਨੂੰ ਭੁੱਲ ਜਾਂਦੇ ਹਨ— ਤਾਂ ਅਸੀਂ ਫਿਰ ਉਸੇ ਜਾਤੀ ਵੰਡ ਵਿੱਚ ਫਸ ਜਾਵਾਂਗੇ ਜਿਸ ਨੂੰ ਤੋੜਨ ਲਈ ਗੁਰੂ ਸਾਹਿਬ ਆਏ ਸਨ।

ਉਹ ਨਾ ਬਣੋ ਜਿਸ ਨੂੰ ਗੁਰੂ ਜੀ ਨਸ਼ਟ ਕਰਨ ਆਏ ਸਨ।

ਮੈਂ ਤੁਹਾਨੂੰ ਇੱਕ ਸਧਾਰਨ ਪਰ ਗੰਭੀਰ ਸਵਾਲ ਪੁੱਛਣਾ ਚਾਹੁੰਦਾ ਹਾਂ:

ਤੁਸੀਂ 33%—ਪੰਜਾਬ ਦੇ ਅਖੌਤੀ ਦਲਿਤਾਂ ਨੂੰ ਕਿਉਂ ਨਹੀਂ ਅਪਣਾਇਆ?

**ਹਾਂ, ਅੰਕੜਿਆਂ ਵੱਲ ਦੇਖੋ:** ਹਰ ਤਿੰਨਾਂ ਵਿੱਚੋਂ ਇੱਕ ਪੰਜਾਬੀ ਦੱਬੀ-ਕੁਚਲੀ ਜਾਤੀ ਨਾਲ ਸਬੰਧਤ ਹੈ—ਉਹੀ ਲੋਕ ਜਿਨ੍ਹਾਂ ਨੂੰ ਗੁਰੂ ਜੀ ਪਿਆਰ ਕਰਦੇ ਸਨ, ਉਹੀ ਲੋਕ ਜਿਨ੍ਹਾਂ ਨੇ ਸਿੱਖੀ ਦੀ ਰਾਖੀ ਕੀਤੀ ਜਦੋਂ ਦੂਜੇ ਨਹੀਂ ਕਰ ਸਕਦੇ ਸਨ।

ਅਸੀਂ—ਜੋ ਸਿੱਖੀ ਦੇ ਭਵਿੱਖ ਬਾਰੇ ਇੰਨੀਆਂ ਗੱਲਾਂ ਕਰਦੇ ਹਾਂ—ਉਨ੍ਹਾਂ ਨੂੰ ਆਪਣੇ ਹਾਲ 'ਤੇ ਕਿਉਂ ਛੱਡ ਦਿੱਤਾ ਹੈ... ਜਦੋਂ ਕਿ ਈਸਾਈ ਮਿਸ਼ਨਰੀ ਉਨ੍ਹਾਂ ਦੀਆਂ ਗਲੀਆਂ ਅਤੇ ਘਰਾਂ ਵਿੱਚ ਜਾ ਕੇ ਉਨ੍ਹਾਂ ਲੋਕਾਂ ਨੂੰ ਲੈ ਜਾਂਦੇ ਹਨ ਜਿਨ੍ਹਾਂ ਨਾਲ ਸਾਨੂੰ ਖੜ੍ਹਨਾ ਚਾਹੀਦਾ ਸੀ?

ਸਾਡੇ ਵੱਲੋਂ ਕੋਈ ਪਿਆਰ ਕਿਉਂ ਨਹੀਂ ਸੀ?

ਸਾਡੇ ਵੱਲੋਂ ਕੋਈ ਬਰਾਬਰੀ ਕਿਉਂ ਨਹੀਂ ਸੀ?

ਹੁਣ ਕੁਝ ਸਧਾਰਨ ਕਲਪਨਾ ਕਰੋ:

ਕੀ ਹੋਵੇਗਾ ਜੇ ਤੁਸੀਂ ਆਪਣੇ ਪਿੰਡਾਂ ਨੂੰ ਵਾਪਸ ਜਾਓ, ਉਨ੍ਹਾਂ ਭੈਣਾਂ-ਭਰਾਵਾਂ ਨੂੰ ਮਿਲੋ, ਅਤੇ ਉਨ੍ਹਾਂ ਨੂੰ ਉਹ ਸਤਿਕਾਰ ਅਤੇ ਪਿਆਰ ਦਿਓ ਜਿਸਦੀ ਉਹ ਉਡੀਕ ਕਰ ਰਹੇ ਹਨ?

ਜਿਸ ਦਿਨ ਅਸੀਂ ਆਪਣੇ ਵਿੱਚੋਂ ਸਭ ਤੋਂ ਨੀਵੇਂ ਨੂੰ ਉੱਚਾ ਚੁੱਕਾਂਗੇ, ਉਸ ਦਿਨ ਖਾਲਸਾ ਦੁਬਾਰਾ ਮਜ਼ਬੂਤ, ਰੋਸ਼ਨ ਅਤੇ ਅਡੋਲ ਹੋ ਕੇ ਉੱਠੇਗਾ।

ਗੁਰੂ ਤੇਗ ਬਹਾਦਰ, 'ਸ੍ਰਿਸ਼ਟੀ ਦੀ ਚਾਦਰ', ਨੂੰ 'ਰਚਨਾ ਦੇ ਰੱਖਿਅਕ' ਵਜੋਂ ਜਾਣਿਆ ਜਾਂਦਾ ਹੈ। ਮੇਰੇ ਵਿਚਾਰ ਵਿੱਚ, ਉਹ ਸਾਧਾਰਨ ਦਿਲਾਂ ਦੇ ਰਾਖੇ ਹਨ—ਮਜ਼ਲੂਮਾਂ ਦੇ ਰਾਖੇ ਹਨ।

ਇੱਕ ਚਾਦਰ ਵਿੱਚ ਹਰ ਕੋਈ ਸ਼ਾਮਲ ਹੁੰਦਾ ਹੈ। ਇਹ ਤੁਹਾਡੀ ਪਛਾਣ ਨਹੀਂ ਪੁੱਛਦੀ; ਇਹ ਸਿਰਫ ਇਹ ਪੁੱਛਦੀ ਹੈ ਕਿ ਕੀ ਤੁਹਾਨੂੰ ਸੁਰੱਖਿਆ ਦੀ ਲੋੜ ਹੈ।

ਜਿਵੇਂ ਹੀ ਅਸੀਂ ਇਸ ਸੈਮੀਨਾਰ ਹਾਲ ਤੋਂ ਬਾਹਰ ਨਿਕਲਦੇ ਹਾਂ, ਸਾਡੇ ਵਿੱਚੋਂ ਹਰ ਕੋਈ ਆਪਣੇ ਅੰਦਰ ਇੱਕ ਛੋਟੀ ਚਾਦਰ ਲੈ ਕੇ ਜਾਂਦਾ ਹੈ। ਸਾਡੀ ਚਾਦਰ ਸਾਡੇ ਕਰਮਾਂ, ਸਾਡੀਆਂ ਚੋਣਾਂ ਅਤੇ ਸਾਡੀ ਹਿੰਮਤ ਦੀ ਬਣੀ ਹੋਈ ਹੈ।

**ਤਾਂ ਆਪਣੇ ਆਪ ਨੂੰ ਪੁੱਛੋ:**

- ਕੀ ਸਾਡੀ ਚਾਦਰ ਮਜ਼ਲੂਮਾਂ ਦੀ ਰੱਖਿਆ ਕਰੇਗੀ? ਜਾਂ ਕੀ ਇਹ ਡਰ ਨਾਲ ਰਾਜ ਕਰਨ ਵਾਲਿਆਂ ਅਤੇ ਦਿੱਲੀ ਮਨੂਵਾਦ ਦੇ ਤਾਨਾਸ਼ਾਹਾਂ ਦੀ ਰੱਖਿਆ ਕਰੇਗੀ?
- ਕੀ ਸਾਡੀ ਚਾਦਰ ਪ੍ਰੇਮ ਦੀ ਖੇਡ ਦੇ ਹੱਕ ਵਿੱਚ ਹੈ ਜਾਂ ਨਫ਼ਰਤ ਦੀ ਖੇਡ ਦੇ?
- ਕੀ ਸਾਡੀ ਚਾਦਰ ਬ੍ਰਾਹਮਣਵਾਦੀ ਵਿਤਕਰੇ ਦਾ ਵਿਰੋਧ ਕਰ ਰਹੀ ਹੈ, ਜਾਂ ਇਸਨੂੰ ਵਧਣ ਵਿੱਚ ਮਦਦ ਕਰ ਰਹੀ ਹੈ?

ਜੇਕਰ ਅਸੀਂ ਸੱਚਮੁੱਚ ਗੁਰੂ ਤੇਗ ਬਹਾਦਰ ਜੀ ਦਾ ਸਤਿਕਾਰ ਅਤੇ ਪਿਆਰ ਕਰਦੇ ਹਾਂ, ਤਾਂ ਸਾਡੇ ਕੰਮਾਂ ਵਿੱਚ ਇਹ ਝਲਕਣਾ ਚਾਹੀਦਾ ਹੈ।

ਜਾਓ ਅਤੇ ਉਨ੍ਹਾਂ ਲੋਕਾਂ ਨੂੰ ਮਿਲੋ ਜੋ ਜਾਤ ਦੇ ਨਾਮ 'ਤੇ ਦੁਖੀ ਹਨ। ਉਹ ਤੁਹਾਡੇ ਪਿਆਰ ਲਈ ਤਰਸ ਰਹੇ ਹਨ। ਉਹ ਤੁਹਾਡੀ ਗਲਵੱਕੜੀ ਦੀ ਉਡੀਕ ਕਰ ਰਹੇ ਹਨ।

ਜਾਤਾਂ ਦੇ ਨਾਂ 'ਤੇ ਵੰਡੇ ਗੁਰਦੁਆਰਿਆਂ ਨੂੰ ਇੱਕ ਸਾਂਝੀ ਥਾਂ ਬਣਾਓ। ਜਾਤ-ਪਾਤ ਦੇ ਆਧਾਰ 'ਤੇ ਵੱਖ ਕੀਤੇ ਸ਼ਮਸ਼ਾਨਘਾਟਾਂ ਨੂੰ ਇੱਕ ਕਰੋ।

ਸਾਡੀਆਂ ਸੰਸਥਾਵਾਂ ਵਿੱਚ—ਐਸ.ਜੀ.ਪੀ.ਸੀ. (SGPC) ਸਮੇਤ—ਜਿੱਥੇ ਜਾਤੀ ਦਾ ਦਬਦਬਾ ਅਜੇ ਵੀ ਮੌਜੂਦ ਹੈ, ਬਰਾਬਰ ਦੀ ਸ਼ਕਤੀ-ਵੰਡ ਬਣਾਓ। ਦੱਬੇ-ਕੁਚਲੇ ਲੋਕਾਂ ਨੂੰ ਹਰ ਪੱਧਰ 'ਤੇ ਪਹਿਲ ਦਿਓ।

ਮੇਰਾ ਪੱਕਾ ਵਿਸ਼ਵਾਸ ਹੈ ਕਿ ਕੇਵਲ ਇਹਨਾਂ ਕਾਰਵਾਈਆਂ ਦੁਆਰਾ ਹੀ ਅਸੀਂ ਗੁਰੂ ਤੇਗ ਬਹਾਦਰ ਜੀ ਲਈ ਸੱਚਾ ਸਤਿਕਾਰ ਅਤੇ ਪਿਆਰ ਪ੍ਰਗਟ ਕਰ ਸਕਦੇ ਹਾਂ। ਗੁਰੂ ਜੀ ਦਾ ਸਤਿਕਾਰ ਕੇਵਲ ਰਸਮਾਂ ਰਾਹੀਂ ਕਰਨ ਦੀ ਬਜਾਏ, ਆਓ ਦਲੇਰਾਨਾ ਕਾਰਵਾਈ ਰਾਹੀਂ ਉਹਨਾਂ ਦਾ ਸਤਿਕਾਰ ਕਰੀਏ।

ਸਾਰ ਰੂਪ ਵਿੱਚ, ਗੁਰੂ ਜੀ ਸਾਨੂੰ ਸਿਖਾਉਂਦੇ ਹਨ:

- 'ਉਹ ਜੋ ਧਮਕੀਆਂ ਤੋਂ ਨਹੀਂ ਡਰਦਾ, ਸੱਚਮੁੱਚ ਸਿਆਣਾ ਹੈ।'
- 'ਜ਼ਿੰਦਗੀ ਅਸਥਾਈ ਹੈ; ਇਸ ਲਈ ਜਦੋਂ ਤੱਕ ਤੁਸੀਂ ਕਰ ਸਕਦੇ ਹੋ ਨਿਆਂ ਲਈ ਕੰਮ ਕਰੋ।'
- 'ਜਦੋਂ ਤਾਕਤ ਖਤਮ ਹੋ ਜਾਂਦੀ ਹੈ, ਆਪਣੇ ਅਸੂਲਾਂ 'ਤੇ ਵਾਪਸ ਜਾਓ; ਜਦੋਂ ਤਾਕਤ ਵਾਪਸ ਆਉਂਦੀ ਹੈ, ਕੰਮ ਕਰਨਾ ਸ਼ੁਰੂ ਕਰੋ।'
- 'ਸਭ ਕੁਝ ਪ੍ਰਮਾਤਮਾ ਦੇ ਹੱਥ ਵਿੱਚ ਹੈ, ਪਰ ਕੋਸ਼ਿਸ਼ ਹਮੇਸ਼ਾ ਸਾਡੀ ਹੈ।'

ਇਹਨਾਂ ਨੂੰ ਕਵਿਤਾ ਦੀਆਂ ਸਧਾਰਨ ਸਤਰਾਂ ਵਜੋਂ ਨਹੀਂ ਪੜ੍ਹਿਆ ਜਾਣਾ ਚਾਹੀਦਾ। ਇਹ ਹਿੰਮਤ, ਜ਼ਮੀਰ ਅਤੇ ਜ਼ਿੰਮੇਵਾਰੀ ਦਾ ਸਿਆਸੀ ਐਲਾਨਨਾਮਾ ਹਨ।

ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ—ਜੋ ਮਨੁੱਖਤਾ ਦੀ ਢਾਲ ਹਨ—ਆਓ ਅਸੀਂ ਆਪਣੀ ਸੋਚ ਨੂੰ ਵਿਸ਼ਾਲ ਕਰੀਏ ਅਤੇ ਹਰ ਮਨੁੱਖ ਦੇ ਸਨਮਾਨ ਦੀ ਰੱਖਿਆ ਕਰੀਏ।

ਇਸ ਆਸ ਨਾਲ ਕਿ ਅਸੀਂ ਹਰ ਰੂਹ ਦੀ ਆਜ਼ਾਦੀ ਲਈ ਖੜ੍ਹੇ ਹੋਵਾਂਗੇ, ਮੈਂ ਆਪਣਾ ਭਾਸ਼ਣ ਸਮਾਪਤ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ...

**ਜੀਵਨ ਸਿੰਘ**
**ਤਾਮਿਲ ਰਾਸ਼ਟਰੀ ਪ੍ਰਧਾਨ ਬਹੁਜਨ ਦ੍ਰਾਵਿੜ ਪਾਰਟੀ ਨਵੀਂ ਦਿੱਲੀ**

# ਅੱਲ੍ਹਾ ਦੀ ਮਿਹਰਬਾਨੀ ਨਾਲ ਅਸੀਂ ਕਰਾਇਆ ਲਾਲ ਕਿਲ੍ਹੇ ਤੋਂ ਲੈਕੇ ਕਸ਼ਮੀਰ ਤੱਕ ਹਮਲਾ', ਪਾਕਿਸਤਾਨੀ ਆਗੂ ਨੇ ਚੌਧਰੀ ਅਨਵਰ ਕੀਤਾ ਕਬੂਲ

Delhi Red Fort Blast : ਇੱਕ ਪਾਕਿਸਤਾਨੀ ਨੇਤਾ ਨੇ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਵਿੱਚ ਇਸਲਾਮਾਬਾਦ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਹੈ। ਉਸ ਨੇ ਕਿਹਾ ਕਿਹਾ ਕਿ ਭਾਰਤ ਅਜੇ ਵੀ ਲਾਸ਼ਾਂ ਦੀ ਗਿਣਤੀ ਨਹੀਂ ਕਰ ਪਾ ਰਿਹਾ ਹੈ।

Delhi Red Fort Blast: ਪਾਕਿਸਤਾਨੀ ਨੇਤਾ ਅਤੇ POK ਦੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਅਨਵਰ ਹੱਕ ਨੇ ਭਾਰਤ ਵਿੱਚ ਕਈ ਅੱਤਵਾਦੀ ਹਮਲੇ ਕਰਨ ਦੀ ਗੱਲ ਕਬੂਲ ਕੀਤੀ ਹੈ, ਜਿਸ ਵਿੱਚ ਲਾਲ ਕਿਲ੍ਹਾ ਧਮਾਕਾ ਵੀ ਸ਼ਾਮਲ ਹੈ। ਚੌਧਰੀ ਅਨਵਰੁਲ ਹੱਕ ਦੇ ਅਨੁਸਾਰ, ਪਾਕਿਸਤਾਨ ਵਿੱਚ ਸਥਿਤ ਅੱਤਵਾਦੀਆਂ ਨੇ ਲਾਲ ਕਿਲ੍ਹੇ ਤੋਂ ਕਸ਼ਮੀਰ ਦੇ ਜੰਗਲਾਂ ਤੱਕ ਭਾਰਤ 'ਤੇ ਹਮਲਾ ਕੀਤਾ ਹੈ। ਪਾਕਿਸਤਾਨੀ ਨੇਤਾ ਦੇ ਇਕਬਾਲੀਆ ਬਿਆਨ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜੋ ਸ਼ਾਹਬਾਜ਼ ਸਰਕਾਰ ਦੇ ਅੱਤਵਾਦ ਨਾਲ ਨਜਿੱਠਣ ਦੇ ਤਰੀਕੇ ਨੂੰ ਬੇਨਕਾਬ ਕਰਦਾ ਹੈ। ਇੱਕ ਵਾਇਰਲ ਵੀਡੀਓ ਵਿੱਚ ਚੌਧਰੀ ਅਨਵਰੁਲ ਹੱਕ ਨੇ ਕਿਹਾ, 'ਮੈਂ ਪਹਿਲਾਂ ਕਿਹਾ ਸੀ ਕਿ ਜੇਕਰ ਤੁਸੀਂ ਬਲੋਚਿਸਤਾਨ ਨੂੰ ਖੂਨ ਨਾਲ ਲਥਪਥ ਕਰਦੇ ਰਹੋਗੇ, ਤਾਂ ਅਸੀਂ ਲਾਲ ਕਿਲ੍ਹੇ ਤੋਂ ਕਸ਼ਮੀਰ ਦੇ ਜੰਗਲਾਂ ਤੱਕ ਭਾਰਤ 'ਤੇ ਹਮਲਾ ਕਰਾਂਗੇ। ਅੱਲ੍ਹਾ ਦੀ ਕਿਰਪਾ ਨਾਲ, ਅਸੀਂ ਇਹ ਕਰ ਦਿੱਤਾ ਅਤੇ ਉਹ ਅਜੇ ਵੀ ਲਾਸ਼ਾਂ ਦੀ ਗਿਣਤੀ ਨਹੀਂ ਕਰ ਸਕੇ ਹਨ। ਕੁਝ ਦਿਨਾਂ ਬਾਅਦ, ਹਥਿਆਰਬੰਦ ਆਦਮੀ ਦਿੱਲੀ ਵਿੱਚ ਦਾਖਲ ਹੋਏ ਅਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੇ ਸ਼ਾਇਦ ਅਜੇ ਤੱਕ ਸਾਰੀਆਂ ਲਾਸ਼ਾਂ ਦੀ ਗਿਣਤੀ ਨਹੀਂ ਕੀਤੀ ਹੈ।' ਪਾਕਿਸਤਾਨੀ ਨੇਤਾ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ 10 ਨਵੰਬਰ ਨੂੰ ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਹੋਏ ਬੰਬ ਧਮਾਕੇ ਵਿੱਚ 15 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਚੌਧਰੀ ਅਨਵਰੁਲ ਹੱਕ ਨੇ ਕਿਹਾ ਕਿ ਅਹੁਦੇ 'ਤੇ ਰਹਿੰਦਿਆਂ, ਉਨ੍ਹਾਂ ਨੇ ਭਾਰਤ ਵਿੱਚ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਵੀ ਚੁਣੌਤੀ ਦਿੱਤੀ ਸੀ। ਪਾਕਿਸਤਾਨੀ ਨੇਤਾ ਨੇ ਕਸ਼ਮੀਰ ਦੇ ਜੰਗਲ ਵਿੱਚ ਹੋਏ ਹਮਲੇ ਦਾ ਹਵਾਲਾ ਦਿੱਤਾ, ਜਿਸ ਦਾ ਮਤਲਬ ਪਹਿਲਗਾਮ ਅੱਤਵਾਦੀ ਹਮਲਾ ਸੀ।



ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਿਸੇ ਪਾਕਿਸਤਾਨੀ ਨੇਤਾ ਨੇ ਸਰਹੱਦ ਪਾਰ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਿੱਚ ਇਸਲਾਮਾਬਾਦ ਦੀ ਭੂਮਿਕਾ ਦਾ ਪਰਦਾਫਾਸ਼ ਕੀਤਾ ਹੈ। ਹਾਲ ਹੀ ਵਿੱਚ, ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੇ ਪਾਕਿਸਤਾਨੀ ਸਰਕਾਰ ਦੀ ਅੱਤਵਾਦ ਵਿਰੋਧੀ ਨੀਤੀ ਦਾ ਪਰਦਾਫਾਸ਼ ਕੀਤਾ, ਜਿਸ ਬਾਰੇ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅੱਤਵਾਦੀ ਹਮਲੇ ਕਰਨ ਨਾਲ ਸਰਕਾਰ ਨੂੰ ਫਾਇਦਾ ਹੁੰਦਾ ਹੈ।

ਅਫਗਾਨਿਸਤਾਨ ਦੇ ਟੋਲੋ ਨਿਊਜ਼ ਦੇ ਅਨੁਸਾਰ, ਅਫਰੀਦੀ ਨੇ ਇਸਲਾਮਾਬਾਦ 'ਤੇ ਅਸ਼ਾਂਤ ਖੈਬਰ ਖੇਤਰ ਵਿੱਚ ਸ਼ਾਂਤੀ ਯਤਨਾਂ ਵਿੱਚ ਰੁਕਾਵਟ ਪਾਉਂਦੇ ਹੋਏ ਅੱਤਵਾਦੀ ਹਮਲਿਆਂ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਪਾਕਿਸਤਾਨ 'ਤੇ ਆਪਣੇ ਰਾਜਨੀਤਿਕ ਏਜੰਡੇ ਲਈ ਅੱਤਵਾਦ ਨੂੰ ਪੋਸ਼ਣ ਦੇਣ ਦਾ ਦੋਸ਼ ਲਗਾਇਆ।

# ਨੌਜਵਾਨਾਂ ਨੂੰ ਮਿਲੇ ਆਪਣਾ ਹੱਕ ! ਬੀਬੀਐਮਬੀ ਵਿੱਚ ਹੁਣ ਸਿਰਫ਼ ਪੰਜਾਬ ਲਈ 3,000+ ਸਰਕਾਰੀ ਨੌਕਰੀਆਂ

## ਮਾਨ ਸਰਕਾਰ ਨੇ ਇੱਕ ਵੱਖਰਾ ਕੇਡਰ ਬਣਾ ਕੇ ਪੰਜਾਬ ਦਾ ਗੁਆਚਿਆ ਹਿੱਸਾ ਕੀਤਾ ਬਹਾਲ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਇੱਕ ਇਤਿਹਾਸਕ ਫੈਸਲਾ ਲਿਆ ਹੈ ਜੋ ਨਾ ਸਿਰਫ਼ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮਹੱਤਵਪੂਰਨ ਮੌਕੇ ਖੋਲ੍ਹਦਾ ਹੈ ਬਲਕਿ ਪੰਜਾਬ ਦੇ ਅਧਿਕਾਰਾਂ ਨੂੰ ਵੀ ਮਜ਼ਬੂਤੀ ਨਾਲ ਸਥਾਪਿਤ ਕਰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਲਈ ਇੱਕ ਵੱਖਰਾ ਕੇਡਰ ਬਣਾਉਣ ਨੂੰ ਰਸਮੀ ਤੌਰ 'ਤੇ ਮਨਜ਼ੂਰੀ ਦੇ ਦਿੱਤੀ। ਇਹ ਕਦਮ ਅਜਿਹੇ ਸਮੇਂ ਆਇਆ ਹੈ ਜਦੋਂ ਬੀਬੀਐਮਬੀ ਵਿੱਚ ਪੰਜਾਬ ਦੇ ਹਿੱਸੇ ਦੀਆਂ ਸੀਟਾਂ ਲੰਬੇ ਸਮੇਂ ਤੋਂ ਖਾਲੀ ਹਨ ਅਤੇ ਦੂਜੇ ਰਾਜਾਂ ਦੇ ਕਰਮਚਾਰੀ ਉਨ੍ਹਾਂ ਵਿੱਚ ਨਿਯੁਕਤ ਕੀਤੇ ਗਏ ਹਨ, ਜਿਸ ਕਾਰਨ ਪੰਜਾਬ ਦੇ ਨੌਜਵਾਨਾਂ ਵਿੱਚ ਵਿਆਪਕ ਨਿਰਾਸ਼ਾ ਅਤੇ ਨਾਰਾਜ਼ਗੀ ਹੈ।

ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਡੀਆ ਨੂੰ ਦੱਸਿਆ ਕਿ ਹੁਣ ਤੱਕ ਪੰਜਾਬ ਦੇ ਕਰਮਚਾਰੀਆਂ ਨੂੰ ਬੀਬੀਐਮਬੀ ਵਿੱਚ ਡੈਪੂਟੇਸ਼ਨ 'ਤੇ ਭੇਜਿਆ ਜਾਂਦਾ ਸੀ, ਪਰ ਉਨ੍ਹਾਂ ਦੇ ਆਰਡਰ ਅਕਸਰ ਰੱਦ ਕਰ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਦੀ ਥਾਂ ਬਾਹਰੀ ਕਰਮਚਾਰੀ ਲੈ ਲਏ ਜਾਂਦੇ ਸਨ। ਇਸ ਨਾਲ ਨਾ ਸਿਰਫ਼ ਪੰਜਾਬ ਦੇ ਅਧਿਕਾਰ ਪ੍ਰਭਾਵਿਤ ਹੋਏ ਸਗੋਂ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਵਿੱਚ ਵੀ ਲਗਾਤਾਰ ਗਿਰਾਵਟ ਆਈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੁਣ ਜਦੋਂ ਇੱਕ ਵੱਖਰਾ ਕੇਡਰ ਬਣਾਇਆ ਜਾ ਰਿਹਾ ਹੈ, ਤਾਂ ਬੀਬੀਐਮਬੀ ਵਿੱਚ ਸਾਰੀਆਂ ਸੀਟਾਂ ਸਿਰਫ਼ ਪੰਜਾਬ ਦੇ ਨੌਜਵਾਨਾਂ ਦੁਆਰਾ ਭਰੀਆਂ ਜਾਣਗੀਆਂ, ਇਹ ਯਕੀਨੀ ਬਣਾਉਂਦੇ ਹੋਏ ਕਿ 3,000 ਤੋਂ ਵੱਧ ਸਰਕਾਰੀ ਨੌਕਰੀਆਂ ਸਿਰਫ਼ ਪੰਜਾਬ ਦੇ ਪੁੱਤਰਾਂ ਅਤੇ ਧੀਆਂ ਦੁਆਰਾ ਭਰੀਆਂ ਜਾਣਗੀਆਂ।

ਸਰਕਾਰ ਦੇ ਅਨੁਸਾਰ, ਬੀਬੀਐਮਬੀ ਵਿੱਚ ਕੁੱਲ 3,165 ਪੰਜਾਬ ਦੀ ਮਲਕੀਅਤ ਵਾਲੇ ਅਹੁਦੇ ਸਾਲਾਂ ਤੋਂ ਖਾਲੀ ਹਨ। ਇਨ੍ਹਾਂ ਵਿੱਚ ਪੀਐਸਪੀਸੀਐਲ, ਜਲ ਸਰੋਤ ਅਤੇ ਸਿਹਤ ਵਿਭਾਗਾਂ ਵਿੱਚ ਵੱਡੀ ਗਿਣਤੀ ਵਿੱਚ ਅਹੁਦੇ ਸ਼ਾਮਲ ਹਨ। ਪੰਜਾਬ ਸਰਕਾਰ ਹੁਣ ਇਨ੍ਹਾਂ ਅਹੁਦਿਆਂ ਨੂੰ ਖੁਦ ਭਰੇਗੀ, ਜਿਸ ਨਾਲ ਹਜ਼ਾਰਾਂ ਨੌਜਵਾਨਾਂ ਨੂੰ ਸਥਾਈ ਸਰਕਾਰੀ ਰੁਜ਼ਗਾਰ ਮਿਲੇਗਾ। ਮੰਤਰੀ ਮੰਡਲ ਨੇ ਬੀਬੀਐਮਬੀ ਵਿੱਚ 2,458 ਨਵੀਆਂ ਅਸਾਮੀਆਂ ਦੀ ਸਿਰਜਣਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜੋ ਕਿ ਵੱਖ-ਵੱਖ ਪ੍ਰੋਜੈਕਟਾਂ, ਪਾਵਰ ਪਲਾਂਟਾਂ ਅਤੇ ਵਿਭਾਗਾਂ ਲਈ ਹੋਣਗੀਆਂ। ਇਸ ਫੈਸਲੇ ਨਾਲ ਪੰਜਾਬ ਵਿੱਚ ਰੁਜ਼ਗਾਰ ਅਤੇ ਪ੍ਰਸ਼ਾਸਨਿਕ ਤਾਕਤ ਦੋਵਾਂ ਪੱਖੋਂ ਇੱਕ ਵੱਡਾ ਬਦਲਾਅ ਆਉਣ ਦੀ ਉਮੀਦ ਹੈ।


ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਪੰਜਾਬ ਸਰਕਾਰ ਅਤੇ ਬੀਬੀਐਮਬੀ ਦੇ ਅਧਿਕਾਰੀ ਲੰਬੇ ਸਮੇਂ ਤੋਂ ਕਈ ਮੁੱਦਿਆਂ 'ਤੇ ਆਪਸ ਵਿੱਚ ਟਕਰਾਅ ਵਿੱਚ ਹਨ। ਇਨ੍ਹਾਂ ਟਕਰਾਵਾਂ ਵਿੱਚ ਹਰਿਆਣਾ ਨਾਲ ਪਾਣੀ ਦੀ ਵੰਡ ਦਾ ਮੁੱਦਾ, ਬੀਬੀਐਮਬੀ ਕਲਾਸ-1 ਕਰਮਚਾਰੀਆਂ ਦੇ ਡੇਟਾ ਦਾ ਸਾਂਝਾਕਰਨ, ਭਾਖੜਾ ਅਤੇ ਨੰਗਲ ਡੈਮਾਂ ਲਈ ਸੀਆਈਐਸਐਫ ਕਰਮਚਾਰੀਆਂ ਦੀ ਨਿਯੁਕਤੀ 'ਤੇ ਵਿਵਾਦ ਅਤੇ ਹਾਲ ਹੀ ਵਿੱਚ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਨੂੰ ਸਥਾਈ ਮੈਂਬਰਸ਼ਿਪ ਦੇਣ ਦਾ ਮੁੱਦਾ ਸ਼ਾਮਲ ਹੈ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਹ ਫੈਸਲੇ 1966 ਦੇ ਪੰਜਾਬ ਪੁਨਰਗਠਨ ਐਕਟ ਦੀ ਉਲੰਘਣਾ ਕਰਦੇ ਹਨ।

ਕੇਂਦਰ ਸਰਕਾਰ ਨੇ ਸੂਬਾ ਸਰਕਾਰ ਨੂੰ ਖਾਲੀ ਅਸਾਮੀਆਂ ਭਰਨ ਲਈ ਲਿਖਿਆ ਸੀ, ਪਰ ਪੰਜਾਬ ਸਰਕਾਰ ਨੇ ਦਲੀਲ ਦਿੱਤੀ ਸੀ ਕਿ ਬੀਬੀਐਮਬੀ ਦੀ ਵੱਖਰੀ ਭਰਤੀ ਪ੍ਰਣਾਲੀ ਕਾਰਨ ਪੰਜਾਬ ਵਿੱਤੀ ਕੇਡਰ ਦੇ ਅੰਦਰ ਇਨ੍ਹਾਂ ਅਸਾਮੀਆਂ ਨੂੰ ਭਰਨਾ ਸੰਭਵ ਨਹੀਂ ਹੈ।

ਅਜਿਹੀ ਸਥਿਤੀ ਵਿੱਚ, ਇੱਕ ਵੱਖਰਾ ਕੇਡਰ ਬਣਾ ਕੇ, ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਇੱਕ ਸਖ਼ਤ ਸੰਦੇਸ਼ ਦਿੱਤਾ ਹੈ ਕਿ ਉਹ ਆਪਣੇ ਅਧਿਕਾਰਾਂ ਦੇ ਮੁੱਦੇ 'ਤੇ ਝੁਕੇਗੀ ਜਾਂ ਪਿੱਛੇ ਨਹੀਂ ਹਟੇਗੀ। ਇਹ ਫੈਸਲਾ ਸਪੱਸ਼ਟ ਤੌਰ 'ਤੇ ਭਰੋਸਾ ਦਿਵਾਉਂਦਾ ਹੈ ਕਿ ਭਗਵੰਤ ਮਾਨ ਦੀ ਸਰਕਾਰ ਹੀ ÷ਪੰਜਾਬ ਦੇ ਪਾਣੀ ਅਤੇ ਪੰਜਾਬ ਦੀਆਂ ਨੌਕਰੀਆਂ÷ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਮਜ਼ਬੂਤੀ ਨਾਲ ਲੜ ਰਹੀ ਇੱਕੋ ਇੱਕ ਸ਼ਕਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਫੈਸਲੇ ਨੂੰ ਪੰਜਾਬ ਦੇ ਮਾਣ ਅਤੇ ਆਪਣੇ ਨੌਜਵਾਨਾਂ ਦੇ ਭਵਿੱਖ ਨਾਲ ਸਬੰਧਤ ਫੈਸਲਾ ਦੱਸਦਿਆਂ ਕਿਹਾ ਕਿ ਇਹ ਸਰਕਾਰ ਪੰਜਾਬੀਆਂ ਦੇ ਹੱਕਾਂ ਲਈ ਲੜਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਬੀਬੀਐਮਬੀ ਵਿੱਚ ਪੰਜਾਬ ਦੇ ਹਿੱਸੇ ਵਿੱਚੋਂ ਇੱਕ ਵੀ ਸੀਟ ਹੁਣ ਦੂਜੇ ਰਾਜਾਂ ਨੂੰ ਨਹੀਂ ਦਿੱਤੀ ਜਾਵੇਗੀ। ਪੰਜਾਬ ਦੇ ਨੌਜਵਾਨਾਂ ਨੂੰ ਹੁਣ ਉਹ ਮੌਕੇ ਮਿਲਣਗੇ ਜਿਨ੍ਹਾਂ ਦੇ ਉਹ ਹੱਕਦਾਰ ਹਨ।

ਇਹ ਕਦਮ ਨਾ ਸਿਰਫ਼ ਰੁਜ਼ਗਾਰ ਪੈਦਾ ਕਰੇਗਾ ਸਗੋਂ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਵਿੱਚ ਉਮੀਦ ਵੀ ਜਗਾਏਗਾ ਜੋ ਸਾਲਾਂ ਤੋਂ ਸਰਕਾਰੀ ਨੌਕਰੀਆਂ ਦੀ ਉਡੀਕ ਕਰ ਰਹੇ ਹਨ। ਪੰਜਾਬ ਸਰਕਾਰ ਦਾ ਇਹ ਫੈਸਲਾ ਇੱਕ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਮੌਜੂਦਾ ਸਰਕਾਰ ਨਾ ਸਿਰਫ਼ ਵਾਅਦੇ ਕਰਦੀ ਹੈ ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਵੀ ਕਰਦੀ ਹੈ। ਬੀਬੀਐਮਬੀ ਵਿੱਚ ਇੱਕ ਵੱਖਰਾ ਕੇਡਰ ਬਣਾਉਣਾ ਪੰਜਾਬ ਦੇ ਅਧਿਕਾਰਾਂ ਦੀ ਰਾਖੀ ਅਤੇ ਇਸਦੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਵੱਡਾ ਕਦਮ ਮੰਨਿਆ ਜਾਂਦਾ ਹੈ।

# ਕੈਟੂਸਾ ਨੇੜੇ 9-44 'ਤੇ ਤੜਕੇ ਵਾਪਰੇ ਸੈਮੀ-ਟਰੱਕ ਹਾਦਸੇ 'ਚ ਦੋ ਮੌਤਾਂ



ਕੈਟੂਸਾ (ਓਕਲਾਹੋਮਾ): ਬੁੱਧਵਾਰ ਤੜਕੇ ਕੈਟੂਸਾ ਨੇੜੇ ਇੰਟਰਸਟੇਟ 44 (9-44) 'ਤੇ ਵਾਪਰੇ ਇੱਕ ਸੈਮੀ-ਟਰੱਕ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਓਕਲਾਹੋਮਾ ਹਾਈਵੇ ਪੈਟਰੋਲ (OHP) ਨੇ ਰਿਪੋਰਟ ਦਿੱਤੀ ਕਿ ਇੱਕ UPS ਦਾ ਸੈਮੀ-ਟਰੱਕ, ਜੋ ਤਿੰਨ ਟਰੇਲਰਾਂ ਨੂੰ ਖਿੱਚ ਰਿਹਾ ਸੀ, 9-44 'ਤੇ 177ਵੀਂ ਈਸਟ ਐਵੇਨਿਊ ਕੋਲ ਵਿਚਕਾਰਲੀ ਲੇਨ ਵਿੱਚ ਖੜ੍ਹਾ ਹੋ ਗਿਆ ਸੀ।

ਇੱਕ ਦੂਜੇ ਸੈਮੀ-ਟਰੱਕ ਨੇ ਉਸਨੂੰ ਪਿੱਛਿਓਂ ਟੱਕਰ ਮਾਰ ਦਿੱਤੀ, ਜੋ ਟੱਕਰ ਤੋਂ ਬਾਅਦ ਇੱਕ ਪਾਸੇ ਨੂੰ ਮੁੜ ਗਿਆ ਅਤੇ ਉਸਨੂੰ ਅੱਗ ਲੱਗ ਗਈ।

ਦੂਜੇ ਸੈਮੀ-ਟਰੱਕ ਦੇ ਡਰਾਈਵਰ ਅਤੇ ਉਸ ਵਿੱਚ ਸਵਾਰ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ।

OHP ਨੇ UPS ਟਰੱਕ ਡਰਾਈਵਰ ਦੀ ਪਛਾਣ 53 ਸਾਲਾ ਥਾਮਸ ਹਾਕਿੰਸ ਵਜੋਂ ਕੀਤੀ ਹੈ, ਜੋ ਮੂਰ ਦਾ ਰਹਿਣ ਵਾਲਾ ਹੈ। ਉਹ ਸਵੇਰੇ 3:30 ਵਜੇ ਹੋਏ ਇਸ ਹਾਦਸੇ ਵਿੱਚ ਜ਼ਖਮੀ ਨਹੀਂ ਹੋਇਆ।

OHP ਦੇ ਲੈਫਟੀਨੈਂਟ ਮਾਰਕ ਸਾਊਥਾਲ ਨੇ ਕਿਹਾ ਕਿ UPS ਟਰੱਕ ਡਰਾਈਵਰ ਨੇ ਦੱਸਿਆ ਕਿ ਉਸਦੀਆਂ ਏਅਰ ਬ੍ਰੇਕਾਂ ਲਾਕ ਹੋ ਗਈਆਂ ਸਨ ਅਤੇ ਉਹ ਟਰੱਕ ਨੂੰ ਹਿਲਾ ਨਹੀਂ ਸਕਿਆ। ਨੇੜੇ ਦੇ ਇੱਕ ਕਾਰੋਬਾਰੀ ਅਦਾਰੇ ਦੀ ਸਰਵੇਲੈਂਸ ਫੁਟੇਜ (CCTV) ਵਿੱਚ ਇਹ ਟੱਕਰ ਅਤੇ ਉਸ ਤੋਂ ਬਾਅਦ ਲੱਗੀ ਅੱਗ ਕੈਦ ਹੋ ਗਈ ਹੈ।

ਤੁਲਸਾ ਫਾਇਰ ਡਿਪਾਰਟਮੈਂਟ ਮੌਕੇ 'ਤੇ ਪਹੁੰਚਿਆ, ਪਰ ਹਾਦਸੇ ਵਾਲੀ ਥਾਂ ਦੇ ਨੇੜੇ ਪਾਣੀ ਦਾ ਕੋਈ ਹਾਈਡ?ਰੈਂਟ ਨਾ ਹੋਣ ਕਾਰਨ, ਅੱਗ ਬੁਝਾਉਣ ਲਈ ਉਨ੍ਹਾਂ ਨੂੰ ਇੱਕ ਲੈਡਰ ਟਰੱਕ (ਪੌੜੀ ਵਾਲੇ ਟਰੱਕ) ਦੀ ਵਰਤੋਂ ਕਰਨੀ ਪਈ। ਇਸ ਹਾਦਸੇ ਕਾਰਨ 9-44 ਦੀਆਂ ਪੂਰਬ ਵੱਲ ਜਾਣ ਵਾਲੀਆਂ ਸਾਰੀਆਂ ਲੇਨਾਂ ਲਗਭਗ 8 ਘੰਟਿਆਂ ਤੱਕ ਬੰਦ ਰਹੀਆਂ। ਲੈਫਟੀਨੈਂਟ ਸਾਊਥਾਲ ਨੇ ਕਿਹਾ, 'ਜਦੋਂ ਕੋਈ ਹਾਦਸਾ 9-44 ਦੀਆਂ ਸਾਰੀਆਂ ਲੇਨਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ, ਜੋ ਕਿ ਸਾਡਾ ਸਭ ਤੋਂ ਚੌੜਾ ਇੰਟਰਸਟੇਟ (ਅੰਤਰਰਾਜੀ ਮਾਰਗ) ਹੈ, ਤਾਂ ਇਹ ਇੱਕ ਬਹੁਤ ਵੱਡਾ ਹਾਦਸਾ ਸਥਾਨ ਹੁੰਦਾ ਹੈ। ਇੱਥੇ ਬਹੁਤ ਸਾਰਾ ਜਾਂਚ-ਕਾਰਜ ਕੀਤਾ ਜਾਣਾ ਬਾਕੀ ਹੈ।'

OHP ਦੇ ਅਨੁਸਾਰ, ਜਿਸ ਟਰੱਕ ਨੂੰ ਅੱਗ ਲੱਗੀ, ਉਹ ਗੈਰਾਜ ਦੇ ਦਰਵਾਜ਼ਿਆਂ ਦੇ ਪੈਨਲ ਢੋਅ ਰਿਹਾ ਸੀ, ਅਤੇ UPS ਟਰੱਕ ਪੈਕੇਜਾਂ ਨਾਲ ਭਰਿਆ ਹੋਇਆ ਸੀ।

Photo social media

# ਅਨਮੋਲ ਬਿਸ਼ਨੋਈ ਨੂੰ ਦਿੱਲੀ ਅਦਾਲਤ ਨੇ 11 ਦਿਨਾਂ ਦੇ ਰਿਮਾਂਡ 'ਤੇ ਭੇਜਿਆ

### ਅਮਰੀਕਾ ਨੇ ਕੀਤਾ ਸੀ ਡਿਪੋਰਟ; 29 ਨਵੰਬਰ ਨੂੰ ਪਟਿਆਲਾ ਹਾਊਸ ਅਦਾਲਤ ਵਿੱਚ ਦੁਬਾਰਾ ਕੀਤਾ ਜਾਵੇਗਾ ਪੇਸ਼



ਨਵੀਂ ਦਿਲੀ : ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਐਨਸੀਪੀ (NCP) ਆਗੂ ਬਾਬਾ ਸਿੱਦੀਕੀ ਦੇ ਕਤਲ ਦੇ ਮੁਲਜ਼ਮ ਅਨਮੋਲ ਬਿਸ਼ਨੋਈ ਨੂੰ 11 ਦਿਨਾਂ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (NIA) ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ।

NIA ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਤੇ ਕਰੀਬੀ ਸਾਥੀ ਅਨਮੋਲ ਨੂੰ, ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰਕੇ, ਸ਼ਾਮ ਕਰੀਬ 5 ਵਜੇ ਸਖ਼ਤ ਸੁਰੱਖਿਆ ਹੇਠ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ।

ਵਿਸ਼ੇਸ਼ ਜੱਜ ਪ੍ਰਸ਼ਾਂਤ ਸ਼ਰਮਾ ਨੇ ਏਜੰਸੀ ਦੀ 15 ਦਿਨਾਂ ਦੇ ਰਿਮਾਂਡ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਅਨਮੋਲ ਨੂੰ 11 ਦਿਨਾਂ ਦੀ ©91 ਹਿਰਾਸਤ ਵਿੱਚ ਭੇਜ ਦਿੱਤਾ। ਹੁਣ ਉਸਨੂੰ 29 ਨਵੰਬਰ ਨੂੰ ਅਦਾਲਤ ਵਿੱਚ ਦੁਬਾਰਾ ਪੇਸ਼ ਕੀਤਾ ਜਾਵੇਗਾ।

ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲ ਕਰਦਿਆਂ SPP ਰਾਹੁਲ ਤਿਆਗੀ ਨੇ ਕਿਹਾ, "ਉਹ ਅਤਿਵਾਦੀ-ਗੈਂਗਸਟਰ ਸਿੰਡੀਕੇਟ ਦਾ ਬਹੁਤ ਮਹੱਤਵਪੂਰਨ ਮੈਂਬਰ ਹੈ। ਉਸ ਕੋਲ ਕੁਝ ਬਹੁਤ ਜ਼ਰੂਰੀ ਜਾਣਕਾਰੀ ਹੈ। ਉਹ ਸਿੰਡੀਕੇਟ ਨੂੰ ਚਲਾ ਰਿਹਾ ਸੀ ਅਤੇ ਇੱਕ ਮੁੱਖ ਮੈਂਬਰ ਸੀ। NIA ਨੇ ਉਸਦੇ ਕੰਮ ਕਰਨ ਦੇ ਢੰਗ (modus operandi), ਫੰਡਾਂ ਦੇ ਸਰੋਤ, ਹੋਰ ਲੋਕਾਂ ਦੀ ਸ਼ਮੂਲੀਅਤ ਅਤੇ ਸਿੰਡੀਕੇਟ ਦੇ ਸੰਚਾਲਨ ਦਾ ਪਤਾ ਲਗਾਉਣ ਲਈ ਉਸਦਾ ਰਿਮਾਂਡ ਮੰਗਿਆ ਸੀ। ਉਨ੍ਹਾਂ ਕਿਹਾ, "ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਭਾਰਤ ਤੋਂ ਕਿਵੇਂ ਭੱਜਿਆ ਸੀ। ਅਦਾਲਤ ਦੇ ਆਲੇ-ਦੁਆਲੇ ਭਾਰੀ ਸੁਰੱਖਿਆ ਤਾਇਨਾਤ ਸੀ, ਜਿਸ ਵਿੱਚ RAF (ਰੈਪਿਡ ਐਕਸ਼ਨ ਫੋਰਸ) ਵੀ ਸ਼ਾਮਲ ਸੀ। ਮੀਡੀਆ ਕਰਮਚਾਰੀਆਂ ਨੂੰ ਅਦਾਲਤੀ ਕਾਰਵਾਈ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਇਸ ਤੋਂ ਪਹਿਲਾਂ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਤੇ ਕਰੀਬੀ ਸਾਥੀ ਅਨਮੋਲ ਬਿਸ਼ਨੋਈ ਨੂੰ ਅਮਰੀਕਾ ਤੋਂ ਡਿਪੋਰਟ ਹੁੰਦੇ ਹੀ ਗ੍ਰਿਫ਼ਤਾਰ ਕਰ ਲਿਆ ਸੀ। ਐਨਆਈਏ ਨੇ ਇੱਕ ਤਸਵੀਰ ਜਾਰੀ ਕਰਕੇ ਇਸਦੀ ਪੁਸ਼ਟੀ ਕੀਤੀ ਸੀ।

ਗੈਂਗਸਟਰ ਅਨਮੋਲ ਬਿਸ਼ਨੋਈ ਨੂੰ ਲੈ ਕੇ ਜਾਣ ਵਾਲੀ ਉਡਾਣ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ (ਆਈਜੀਆਈ) 'ਤੇ ਉਤਰੀ।

ਦੱਸ ਦਈਏ ਕਿ ਅਨਮੋਲ ਬਿਸ਼ਨੋਈ 2022 ਤੋਂ ਫਰਾਰ ਸੀ ਅਤੇ ਐਨਆਈਏ ਦੀ ਚੱਲ ਰਹੀ ਜਾਂਚ ਵਿੱਚ ਗ੍ਰਿਫ਼ਤਾਰ ਕੀਤਾ ਗਿਆ 19ਵਾਂ ਮੁਲਜ਼ਮ ਹੈ। ਮਾਰਚ 2023 ਵਿੱਚ, ਐਨਆਈਏ ਨੇ ਇਸ ਮਾਮਲੇ ਵਿੱਚ ਇੱਕ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਅਨਮੋਲ ਨੇ 2020 ਅਤੇ 2023 ਦੇ ਵਿਚਕਾਰ ਦੇਸ਼ ਭਰ ਵਿੱਚ ਕਈ ਵੱਡੇ ਅਪਰਾਧਾਂ ਵਿੱਚ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਦੀ ਸਹਾਇਤਾ ਕੀਤੀ ਸੀ।

ਜਾਂਚ ਦੇ ਅਨੁਸਾਰ, ਅਨਮੋਲ ਅਮਰੀਕਾ ਤੋਂ ਲਾਰੈਂਸ ਬਿਸ਼ਨੋਈ ਗੈਂਗ ਲਈ ਇੱਕ ਅਤਿਵਾਦੀ ਸਿੰਡੀਕੇਟ ਚਲਾਉਂਦਾ ਸੀ। ਉਸਨੇ ਗੈਂਗ ਦੇ ਮੈਂਬਰਾਂ ਨੂੰ ਪਨਾਹ, ਪੈਸਾ ਅਤੇ ਲੌਜਿਸਟਿਕਲ ਸਹਾਇਤਾ ਪ੍ਰਦਾਨ ਕੀਤੀ। ਉਹ ਵਿਦੇਸ਼ੀ ਧਰਤੀ ਤੋਂ ਭਾਰਤ ਵਿੱਚ ਧਮਕੀਆਂ ਅਤੇ ਜਬਰੀ ਵਸੂਲੀ ਵਿੱਚ ਵੀ ਸ਼ਾਮਲ ਸੀ।

ਅਨਮੋਲ ਬਿਸ਼ਨੋਈ ਕਈ ਹਾਈ-ਪ੍ਰੋਫਾਈਲ ਮਾਮਲਿਆਂ ਵਿੱਚ ਦੋਸ਼ੀ ਹੈ, ਜਿਸ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ, ਮੁੰਬਈ ਵਿੱਚ ਬਾਬਾ ਸਿੱਦੀਕੀ ਕਤਲ ਕੇਸ ਦੀ ਸਾਜ਼ਿਸ਼ ਅਤੇ ਸਲਮਾਨ ਖਾਨ ਦੇ ਗਲੈਕਸੀ ਅਪਾਰਟਮੈਂਟਸ ਵਿੱਚ ਗੋਲੀਬਾਰੀ ਸ਼ਾਮਲ ਹੈ। ਉਸਦੇ ਖਿਲਾਫ ਰਾਜਸਥਾਨ ਦੇ ਜੈਪੁਰ, ਜੋਧਪੁਰ, ਹਨੂੰਮਾਨਗੜ੍ਹ ਅਤੇ ਸ਼੍ਰੀਗੰਗਾਨਗਰ ਜ਼ਿਲ੍ਹਿਆਂ ਵਿੱਚ ਜਬਰੀ ਵਸੂਲੀ ਅਤੇ ਕਤਲ ਦੀ ਕੋਸ਼ਿਸ਼ ਦੇ 21 ਤੋਂ ਵੱਧ ਮਾਮਲੇ ਦਰਜ ਹਨ। ਅਨਮੋਲ ਦੀ ਗ੍ਰਿਫਤਾਰੀ ਨੂੰ ਭਾਰਤ ਵਿੱਚ ਸੰਗਠਿਤ ਅਪਰਾਧ ਅਤੇ ਅਤਿਵਾਦੀ ਫੰਡਿੰਗ ਦੇ ਗਲੋਬਲ ਨੈੱਟਵਰਕ ਨੂੰ ਖਤਮ ਕਰਨ ਵਿੱਚ ਇੱਕ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।

## ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮ ਨੂੰ ਸਮਰਪਿਤ ਜੰਮੂ ਕਸ਼ਮੀਰ ਦੇ ਮਟਨ ਤੋਂ ਰਵਾਨਾ ਨਗਰ ਕੀਰਤਨ ਪੁੰਹਚਿਆ ਟਾਂਡਾ



**ਹੁਸ਼ਿਆਰਪੁਰ ਤੋਂ ਰਵਿੰਦਰ ਸਿੰਘ ਦੀ ਰਿਪੋਰਟ**

ਜੰਮੂ ਕਸ਼ਮੀਰ ਦੇ ਮਟਨ ਤੋਂ ਰਵਾਨਾ ਹੋਏ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮ ਨੂੰ ਸਮਰਪਿਤ ਜੰਮੂ ਕਸ਼ਮੀਰ ਦੇ ਮਟਨ ਤੋਂ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਰਵਾਨਾ ਹੋਇਆ ਨਗਰ ਕੀਰਤਨ ਅੱਜ ਦੂਸਰੇ ਪੜਾ ਡੇਰਾ ਬਾਬਾ ਬਲਵੰਤ ਸਿੰਘ ਪੁੱਜਣ ਉਪਰੰਤ ਅੰਮ੍ਰਿਤ ਵੇਲੇ ਅਗਲੇ ਪੜਾ ਲਈ ਰਵਾਨਾ ਹੋ ਗਿਆ ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸੰਤ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲਿਆਂ ਦੀ ਰਹਿਨੁਮਾਈ ਹੇਠ ਅਰਦਾਸ ਉਪਰੰਤ ਨਗਰ ਕੀਰਤਨ ਆਨੰਦਪੁਰ ਸਾਹਿਬ ਲਈ ਅਗਲੇ ਪੜਾਅ ਲਈ ਰਵਾਨਾ ਹੋਇਆ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਇਸ 350 ਸਾਲਾ ਸ਼ਹੀਦੀ ਸਮਾਗਮ ਨਗਰ ਕੀਰਤਨ ਨੂੰ ਬਹੁਤ ਇਤਿਹਾਸਿਕ ਨਗਰ ਕੀਰਤਨ ਦੱਸਿਆ ਇਸ ਨਗਰ ਕੀਰਤਨ ਵਿੱਚ ਸਾਨੂੰ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ। ਜਿੱਥੇ ਪੂਰੇ ਭਾਰਤ ਵਿੱਚ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਗਰ ਕੀਰਤਨ ਕੀਰਤਨ ਦਰਬਾਰ ਅਤੇ ਹੋਰ ਸਮਾਗਮ ਉਲੀਕੇ ਜਾ ਰਹੇ ਹਨ। ਉਹ ਇੱਕ ਬਹੁਤ ਹੀ ਸ਼ਲਾਘਾਯੋਗ ਸੇਵਾ ਦਾ ਕਾਰਜ ਹੈ। ਸਿੱਖ ਕੌਮ ਦੇ ਸ਼ਹੀਦੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਤੱਪ ਸਥਾਨ ਬਾਬਾ ਬਲਵੰਤ ਸਿੰਘ ਜੀ ਹੋਰਾਂ ਨੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸਿਰ ਪਾਓ ਦੇਖ ਕੇ ਸਨਮਾਨਿਤ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਇਸ ਸ਼ਹੀਦੀ ਸਮਾਗਮ ਨੂੰ ਸਾਨੂੰ ਸਾਰਿਆਂ ਨੂੰ ਵੱਧ ਚੜ੍ਹ ਕੇ ਨਗਰ ਕੀਰਤਨ ਤੇ ਹੋਰਨਾ ਸਮਾਗਮਾਂ ਵਿੱਚ ਭਾਗ ਲੈਣਾ ਚਾਹੀਦਾ ਹੈ ਅਤੇ ਜੋ ਸ਼੍ਰੋਮਣੀ ਕਮੇਟੀ ਵੱਲੋਂ ਪ੍ਰੋਗਰਾਮ ਉਲੀਕੇ ਗਏ ਹਨ ਉਹਨਾਂ ਪ੍ਰੋਗਰਾਮਾਂ ਦੇ ਵਿੱਚ ਵੱਧ ਚੜ ਕੇ ਸੇਵਾ ਦਾ ਯੋਗਦਾਨ ਪਾਉਣ ਲਈ ਅੱਗੇ ਆਉਣ।

## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਤੋਂ ਗੁ: ਸੀਸ ਗੰਜ ਸਾਹਿਬ ਦਿੱਲੀ ਤੀਕ ਖਾਲਸਾਈ ਜਾਹੋ ਜਲਾਲ ਨਾਲ ਕੱਢਿਆ ਗਿਆ

ਸ੍ਰੀ ਅਨੰਦਪੁਰ ਸਾਹਿਬ : ਗੁਰਮਤਿ ਸਮਾਗਮ ਅਤੇ ਨਗਰ ਕੀਰਤਨਾਂ ਕੌਮ ਅੰਦਰ ਨਵੀਂ ਸ਼ਕਤੀ ਅਤੇ ਊਰਜਾ ਪੈਦਾ ਕਰਦੇ ਹਨ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਮਹਾਪੁਰਸ਼ਾਂ ਦੇ ਮੁਖੀ ਸਾਹਿਬਾਨ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਤੋਂ ਗੁ: ਸੀਸ ਗੰਜ ਸਾਹਿਬ ਦਿੱਲੀ ਤੀਕ ਅੱਜ ਪੂਰੇ ਖਾਲਸਾਈ ਸ਼ਾਨੋ ਸ਼ੌਕਤ, ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅਨੰਦਪੁਰ ਸਾਹਿਬ ਤੋਂ ਅਰੰਭ ਹੋ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕਿਲ੍ਹਾ ਅਨੰਦਗੜ ਸਾਹਿਬ, ਪੰਜ ਪਿਆਰਾ ਪਾਰਕ, ਕੀਰਤਪੁਰ ਸਾਹਿਬ, ਗੁ: ਪਰਿਵਾਰ ਵਿਛੋੜਾ, ਭਰਤਗੜ੍ਹ, ਘਨੌਲੀ, ਮਲਕਪੁਰ, ਗੁ. ਭੱਠਾ ਸਾਹਿਬ (ਰੋਪੜ), ਸੋਲਖੀਆ ਟੋਲ ਪਲਾਜਾ, ਕੁਰਾਲੀ, ਪਡਿਆਲਾ, ਖਰੜ, ਸੱਤੇਵਾਲ, ਲਾਂਡਰਾ, ਬਨੂੜ, ਸ਼ੰਭੂ ਬਾਰਡਰ ਤੋਂ ਹੁੰਦਾ ਹੋਇਆ ਰਾਤ ਗੁ. ਮੰਜੀ ਸਾਹਿਬ (ਅੰਬਾਲਾ) ਵਿਖੇ ਪੁੱਜਾ। 14 ਨਵੰਬਰ ਨੂੰ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਤੋਂ ਅੰਬਾਲਾ ਕੈਂਟ, ਸ਼ਾਹਬਾਦ, ਪਿਪਲੀ, ਕੁਰੂਕਸ਼ੇਤਰ, ਤਰਾਵੜੀ ਮੋੜ, ਕਰਨਾਲ, ਘਰੋਂਡਾ, ਪਾਣੀਪਤ ਟੋਲ ਪਲਾਜਾ, ਸਮਾਲਖਾ,



ਸੋਨੀਪਤ, ਕੁੰਡਲੀ, ਸਿੰਘੂ ਬਾਰਡਰ, ਬਾਈਪਾਸ, ਲਿਬਾਸਪੁਰ, ਗੁ. ਮਜਨੂੰ ਟਿੱਲਾ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ (ਦਿੱਲੀ) ਵਿਖੇ ਸੰਪੂਰਨ ਹੋਵੇਗਾ।

ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਸੰਘਰਸ਼, ਉਪਦੇਸ਼ ਦੇ ਸੰਦੇਸ਼ ਬਾਰੇ ਬਹੁਤ ਕੀਮਤੀ ਵਿਖਿਆਨ ਪੈਸ ਮੀਡੀਏ ਨਾਲ ਸਾਂਝੇ ਕੀਤੇ। ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਧਰਮ ਪ੍ਰਚਾਰ ਲਹਿਰ ਦਾ ਮਨੋਰਥ ਦਸਦਿਆਂ ਕਿਹਾ ਕਿ ਬੁੱਢਾ ਦਲ ਦਾ ਮੁੱਖ ਮਨੋਰਥ ਧਰਮ ਪ੍ਰਚਾਰ ਤੇ ਧਰਮ ਦੀ ਪ੍ਰਫੁਲਤਾ ਲਈ ਕਾਰਜ ਕਰਨਾ ਹੈ। ਇਹ ਦਾਤ ਬੁੱਢਾ ਦਲ ਨੂੰ ਗੁਰੂ ਸਾਹਿਬਾਨ ਵੱਲੋਂ ਅਸ਼ੀਸ ਤੇ ਵਿਸ਼ੇਸ਼ ਬਖਸ਼ਿਸ਼ ਵਜੋਂ ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਇਲਾਕੇ ਦੀ ਸੰਗਤਾਂ ਨੇ ਨਗਰ ਕੀਰਤਨ ਵਿਚ ਵਿਸ਼ਾਲ ਪੱਧਰ ਤੇ ਹਾਜ਼ਰੀ ਭਰ ਕੇ ਗੁਰੂ ਸਾਹਿਬ ਨਾਲ ਆਪਣੀ ਵਚਨਬੱਧਤਾ ਨਿਭਾਈ ਹੈ। ਉਨ੍ਹਾਂ ਦਸਿਆ ਕਿ ਵੱਖ-ਵੱਖ ਗੁਰੂ ਸਾਹਿਬਾਨ ਅਤੇ ਮਹਾਨ ਸਿੱਖ ਜਰਨੈਲਾਂ ਦੇ ਸ਼ਸਤਰ ਜੋ ਬੁੱਢਾ ਦਲ ਨੂੰ ਵਿਰਾਸਤ ਵਿਚ ਪ੍ਰਾਪਤ ਹੋਏ ਹਨ ਉਨ੍ਹਾਂ ਦੇ ਵੀ ਸਮੁੱਚੀ ਸੰਗਤ ਦਰਸ਼ਨ ਕਰ ਰਹੀ ਹੈ।

ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਤੋਂ ਇਲਾਵਾ ਜਥੇਦਾਰ ਬਾਬਾ ਜੋਗਾ ਸਿੰਘ ਸ਼ਹੀਦ ਮਿਸ਼ਲ ਬਾਬਾ ਦੀਪ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਜਥੇਦਾਰ ਦਲ ਪੰਥ ਬਾਬਾ ਬਿਧੀ ਚੰਦ ਸੁਰਸਿੰਘ, ਜਥੇਦਾਰ ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਵੱਲੋਂ ਤਰਨਾ ਦਲ ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਸ. ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਕਮੇਟੀ, ਸ. ਇੰਦਰਪਾਲ ਸਿੰਘ ਫੌਜੀ, ਬਾਬਾ ਗੁਰਮੁਖ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਗੁਰਸ਼ੇਰ ਸਿੰਘ ਆਦਿ ਹਾਜ਼ਰ ਸਨ।

## ਤਹਿਸੀਲ ਕੰਪਲੈਕਸ ਟਾਂਡਾ ਵਿਖੇ ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਤੇ ਭਾਈ ਮਸੀਤੀ ਨੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾਇਆ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅੱਜ ਤਹਿਸੀਲ ਕੰਪਲੈਕਸ ਟਾਂਡਾ ਵਿਖੇ ਇੱਕ ਜਾਗਰੂਕਤਾ ਅਭਿਆਨ ਚਲਾਇਆ ਗਿਆ। ਜਿਸ ਵਿੱਚ ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਤੇ ਆਈ ਡੋਨਰ ਇੰਚਾਰਜ ਟਾਂਡਾ ਭਾਈ ਵਰਿੰਦਰ ਸਿੰਘ ਮਸੀਤੀ ਨੇ ਲੋਕਾਂ ਨੂੰ ਨਸ਼ਿਆਂ ਦੇ ਇਨਸਾਨੀ ਸਰੀਰ ਤੇ ਪੈਣ ਵਾਲੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾਇਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਨਾਇਬ ਤਹਿਸੀਲਦਾਰ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਨਸ਼ਾ ਇੱਕ ਗੰਭੀਰ ਸਮੱਸਿਆ ਬਣਿਆ ਹੋਇਆ ਹੈ ਜਿਸ ਨੂੰ ਖ਼ਤਮ ਕਰਨ ਲਈ ਸਰਕਾਰ ਹਰ ਤਰ੍ਹਾਂ ਦੇ ਪ੍ਰਿਆਸ ਕਰ ਰਹੀ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਇਸ ਤੋਂ ਬਚਾਇਆ ਜਾ ਸਕੇ। ਇਸ ਮੌਕੇ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਨਸ਼ੇ ਦੀ ਆਦਤ ਪੈ ਗਈ ਹੈ ਤਾਂ ਉਹ ਪੰਜਾਬ ਦੇ ਕਿਸੇ ਵੀ ਸਰਕਾਰੀ ਹਸਪਤਾਲ ਵਿੱਚ ਜਾ ਕੇ ਆਪਣਾ ਇਲਾਜ ਕਰਵਾ ਸਕਦਾ ਹੈ ਜਿਸ ਦੀ ਪਹਿਚਾਣ ਵੀ ਗੁਪਤ ਰੱਖੀ ਜਾਵੇਗੀ ਤੇ ਇਹ ਸਾਰਾ ਕੁਝ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਵਿੱਚ ਹੁੰਦਾ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੇ ਆਦੀ ਵਿਅਕਤੀਆਂ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦੇਣ ਤਾਂ ਜੋ ਉਹਨਾਂ ਦਾ ਸਹੀ ਸਮੇਂ ਤੇ ਇਲਾਜ ਕੀਤਾ ਜਾ ਸਕੇ ਤੇ ਉਹਨਾਂ ਦੀ ਜਾਨ ਬਚਾਈ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਿੰਦਰ ਸਿੰਘ, ਗੁਰਦੀਪ ਸਿੰਘ, ਕੁਲਦੀਪ ਸਿੰਘ, ਹਰਪਾਲ ਸਿੰਘ ਬੀ ਉਹਨਾਂ ਦੇ ਨਾਲ ਇਸ ਅਭਿਆਨ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ।

## ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਸਮੇਤ ਸਿੱਖ ਜਥੇਬੰਦੀਆਂ ਨੇ ਸਾਈਕਲ ਯਾਤਰਾ ਦਾ ਸ਼ੰਭੂ ਬਾਰਡਰ ਤੇ ਕੀਤਾ ਨਿੱਘਾ ਸਵਾਗਤ

### ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਸਾਈਕਲ ਯਾਤਰਾ ਦਿੱਲੀ ਤੋਂ ਪੰਜਾਬ 'ਚ ਹੋਈ ਦਾਖਲ

ਅੰਮ੍ਰਿਤਸਰ : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਗੁਰਦੁਆਰਾ ਗੁਰੂ ਕਾ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੱਲੀ ਸਾਈਕਲ ਯਾਤਰਾ ਦਾ ਅੱਜ ਪੰਜਾਬ 'ਚ ਦਾਖਲ ਹੋਣ ਸਮੇਂ ਸ਼ੰਭੂ ਬਾਰਡਰ ਵਿਖੇ ਪੁਜੀ ਅਤੇ ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਸਿੱਖ ਜਥੇਬੰਦੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਅੱਜ ਸਮੁੱਚਾ ਜਗਤ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਪੁਰਬ ਜਿੱਥੇ ਪੂਰੇ ਜਾਹੋ ਜਲਾਲ ਦੇ ਨਾਲ ਮਨਾ ਰਿਹਾ ਹੈ ਉੱਥੇ ਹੀ ਸੰਗਤਾਂ ਵਿੱਚ ਵੀ ਵੱਡਾ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਇਸੇ ਦਰਮਿਆਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਨਗਰ ਕੀਰਤਨ ਸਜਾਏ ਜਾ ਰਹੇ ਹਨ ਉੱਥੇ ਹੀ ਸਿੱਖ ਕੌਮ ਦੀਆਂ ਮਹਾਨ ਸੰਸਥਾਵਾਂ ਸਿੱਖ ਜਥੇਬੰਦੀਆਂ ਸਿੱਖ ਸਭਾਵਾਂ ਵੱਲੋਂ ਵੀ ਅਜਿਹੇ ਪ੍ਰੋਗਰਾਮ ਉਲੀਕੇ ਗਏ ਹਨ ਤਾਂ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਰਚਿਤ ਗੁਰਬਾਣੀ ਦਾ ਉਦੇਸ਼ ਜੀਵਨ ਵਿਚਾਰਧਾਰਾ ਨੂੰ ਸੰਗਤਾਂ ਤੱਕ ਪਹੁੰਚਾਇਆ ਜਾ ਸਕੇ।

ਇਸ ਮੌਕੇ ਸਾਬਕਾ ਪ੍ਰਧਾਨ ਮਨਜੀਤ ਸਿੰਘ



ਸ਼ੰਭੂ ਬਾਰਡਰ ਪੰਜਾਬ ਵਿਖੇ ਮਨਜੀਤ ਸਿੰਘ ਜੀਕੇ ਦੀ ਅਗਵਾਈ ਵਿੱਚ ਪੁੱਜੀ ਸਾਈਕਲ ਯਾਤਰਾ ਦਾ ਸਵਾਗਤ ਕਰਦੇ ਹੋਏ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਅੰਤਰਿਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਹੋਰ।

ਜੀਕੇ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੂਜੇ ਧਰਮ ਲਈ ਆਪਣਾ ਆਪ ਕੁਰਬਾਨ ਕੀਤਾ ਅਤੇ ਉਹਨਾਂ ਦੀ ਸ਼ਹਾਦਤ ਸਦਕਾ ਹੀ ਸਮੁੱਚੀ ਸਿੱਖ ਕੌਮ ਤੇ ਲਕਾਈ ਦੇ ਲੋਕ ਗੌਰਵਮਈ ਹੁਣ ਦਾ ਮਾਣ ਮਹਿਸੂਸ ਕਰ ਰਹੀ। ਉਹਨਾਂ ਨੇ ਕਿਹਾ ਕਿ ਨੌਜਵਾਨ ਇਸ ਮਹਿਮ ਵਿੱਚ ਸ਼ਾਮਿਲ ਹੋਣ ਅਤੇ ਗੁਰੂ ਸਾਹਿਬ ਵਲੋਂ ਦਰਸਾਏ ਮਾਰਗ ਤੇ ਚੱਲਣ ਅੱਜ ਅਜਿਹੀਆਂ ਤਾਕਤਾਂ ਵੱਲੋਂ ਸਾਡੇ ਕੰਕਾਰਾਂ ਤੇ ਸਾਡੀਆਂ ਮਹਾਨ ਸਿੱਖ ਸੰਸਥਾਵਾਂ ਤੇ ਹਮਲੇ ਕੀਤੇ ਜਾ ਰਹੇ ਹਨ ਅਤੇ ਜਿਸ ਕੌਮ ਨੇ ਦੇਸ਼ ਦੀ ਆਜ਼ਾਦੀ ਵਿੱਚ ਮਹਾਨ ਯੋਗਦਾਨ ਪਾਇਆ ਹੋਵੇ ਅੱਜ ਉਸ ਕੌਮ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ,

ਇਸ ਮੌਕੇ ਹੋਰਨਾਂ ਤੋਂ ਸ. ਸੁਰਜੀਤ ਸਿੰਘ ਗੜ੍ਹੀ ਅੰਤ੍ਰਿਗ ਕਮੇਟੀ ਮੈਂਬਰ, ਸ. ਜਸਮੇਲ ਸਿੰਘ ਲਾਛੜੂ, ਤਰਲੋਕ ਸਿੰਘ ਤੋਰਾ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਗੁਰਮੁਖ ਸਿੰਘ, ਬਾਬਾ ਸੁਖਦੇਵ ਸਿੰਘ ਸੁਖਾ, ਬਾਬਾ ਕੁਲਦੀਪ ਸਿੰਘ, ਗਿਆਨੀ ਰਘਵੀਰ ਸਿੰਘ, ਬਲਵਿੰਦਰ ਸਿੰਘ ਨੇਪਰਾ, ਅਵਤਾਰ ਸਿੰਘ, ਇੰਦਰਪ੍ਰੀਤ ਸਿੰਘ ਰੌਲੀ, ਸਹਿਜਪ੍ਰੀਤ ਸਿੰਘ ਦੀਪਾ, ਸਾਬਕਾ ਵਧਾਇਕ ਬੀਬੀ ਹਰਪ੍ਰੀਤ ਕੌਰ ਮੁਖੈਲਪੁਰ, ਸ. ਸਰਜੀਤ ਸਿੰਘ ਝਿੱਝਰ, ਰਣਜੀਤ ਸਿੰਘ ਰਾਣਾ ਰਾਜਪੁਰਾ ਸਾਬਕਾ ਮੈਨੇਜਰ ਕਮਲਜੀਤ ਸਿੰਘ ਜੋਗੀਪੁਰ ਸੁਖਦੇਵ ਸਿੰਘ ਕਾਹਲਵਾਂ, ਮਨਜੀਤ ਸਿੰਘ ਪਵਾਰ, ਗਗਨਦੀਪ ਸਿੰਘ ਪੂਨੀਆ ਆਦਿ ਹਾਜ਼ਰ ਸਨ।

## ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਸ਼ਹੀਦੀ ਪੁਰਬ ਨੂੰ ਸਮਰਪਿਤ ਪਿੰਡ ਮੂਨਕਾਂ 'ਚ ਗੁਰਮਤਿ ਸਮਾਗਮ ਕਰਵਾਇਆ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਦੇ ਸਬੰਧ ਵਿਚ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਵਿਖੇ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ ਅੱਜ ਗੁਰਦੁਆਰਾ ਮੀਹਾਂ ਭਗਤ ਹਲਟੀ ਵਾਲਾ ਪਿੰਡ ਮੂਨਕਾਂ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਧਾਰਮਿਕ ਦੀਵਾਨ ਵਿਚ ਭਾਈ ਸੁਖਪ੍ਰੀਤ ਸਿੰਘ ਗੜ੍ਹੀ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਇਤਿਹਾਸ ਨਾਲ ਜੋੜਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਨੂੰ ਯਾਦ ਕਰਦਿਆਂ ਸੁਸਾਇਟੀ ਦੇ ਅਗਲੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੁਸਾਇਟੀ ਵਲੋਂ 25 ਨਵੰਬਰ ਨੂੰ ਪਿੰਡ ਢਡਿਆਲਾ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਰਵਿੰਦਰ ਸਿੰਘ ਰਵੀ ਨੇ ਪਿੰਡ ਦੇ ਨੌਜਵਾਨਾਂ ਨੂੰ ਸੁਸਾਇਟੀ ਵਿਚ ਸ਼ਾਮਲ ਕੀਤਾ। ਇਨ੍ਹਾਂ ਤੋਂ ਇਲਾਵਾ ਬਾਬਾ ਕੁਲਦੀਪ ਸਿੰਘ ਟਾਹਲੀ ਸਾਹਿਬ, ਸੁਸਾਇਟੀ ਦੇ ਸਰਪ੍ਰਸਤ ਸ਼ਰਧਾ ਸਿੰਘ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ, ਖ਼ਜ਼ਾਨਚੀ ਪਿਆਰਾ ਸਿੰਘ, ਤਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਸਾਬਕਾ ਸਰਪੰਚ ਗੁਰਮਿੰਦਰ ਸਿੰਘ ਗੋਲਡੀ, ਡਾ. ਸਤਵਿੰਦਰ ਸਿੰਘ, ਕੁਲਵਿੰਦਰ ਸਿੰਘ, ਕੈਪਟਨ ਬਖਸ਼ੀਸ਼ ਸਿੰਘ, ਗ੍ਰੰਥੀ ਕੁਲਵਿੰਦਰ ਸਿੰਘ, ਨੰਬਰਦਾਰ ਇਕਬਾਲ ਸਿੰਘ, ਬੂਟਾ ਸਿੰਘ, ਜਗਪ੍ਰੀਤ ਸਿੰਘ, ਬੀਬੀ ਜਸਵੰਤ ਕੌਰ, ਤਜਿੰਦਰ ਕੌਰ ਅਰਵਿੰਦਰ ਕੌਰ ਅਤੇ ਹੋਰ ਸੰਗਤਾਂ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਟਾਂਡਾ ਦੀ ਚੰਡੀਗੜ੍ਹ ਕਲੋਨੀ 'ਚ ਨਸ਼ਾ ਤਸਕਰ ਦੇ ਨਾਜਾਇਜ਼ ਨਿਰਮਾਣ 'ਤੇ ਚੱਲਿਆ ਪੀਲਾ ਪੰਜਾ

### ਸਥਾਨਕ ਲੋਕਾਂ ਨੇ ਪੰਜਾਬ ਸਰਕਾਰ ਦੀ ਨਸ਼ੇ ਖਿਲਾਫ਼ ਕਾਰਵਾਈ ਦੀ ਕੀਤੀ ਸ਼ਲਾਘਾ





ਟਾਂਡਾ/ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਖਾਤਮੇ ਅਤੇ ਨਸ਼ਾ ਤਸਕਰਾਂ ਵਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਹੁਸ਼ਿਆਰਪੁਰ ਅਤੇ ਟਾਂਡਾ ਪੁਲਿਸ ਨੇ ਸਾਂਝੇ ਅਭਿਆਨ ਤਹਿਤ ਟਾਂਡਾ ਦੀ ਚੰਡੀਗੜ੍ਹ ਕਲੋਨੀ ਵਿਚ ਇਕ ਅਣਅਧਿਕਾਰਤ ਨਿਰਮਾਣ ਨੂੰ ਅੱਜ ਢਾਹ ਦਿੱਤਾ। ਇਹ ਨਾਜਾਇਜ਼ ਨਿਰਮਾਣ ਕਮਲੇਸ਼ ਪਤਨੀ ਜੀਵਨ ਲਾਲਾ ਨਿਵਾਸੀ ਵਾਰਡ ਨੰਬਰ 11, ਚੰਡੀਗੜ੍ਹ ਕਲੋਨੀ ਵੱਲੋਂ ਕੀਤਾ ਗਿਆ ਸੀ।

ਇਸ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਐਸ.ਪੀ. (ਪੀ.ਬੀ.ਆਈ) ਮੇਜਰ ਸਿੰਘ ਨੇ ਦੱਸਿਆ ਕਿ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਦੇ ਨਿਰਦੇਸ਼ਾਂ ਹੇਠ ਸਿਵਲ ਪ੍ਰਸ਼ਾਸਨ ਦੀ ਮੌਜੂਦਗੀ ਵਿਚ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕਮਲੇਸ਼ ਰਾਣੀ ਵਿਰੁੱਧ ਐਨ.ਡੀ.ਪੀ.ਐਸ ਐਕਟ ਦੇ ਤਹਿਤ 16 ਵੱਖ-ਵੱਖ ਮਾਮਲੇ ਦਰਜ ਹਨ ਅਤੇ ਇਸ ਸਮੇਂ ਉਹ ਤਸਕਰ ਜੇਲ੍ਹ ਵਿਚ ਬੰਦ ਹੈ।

ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਹੁਸ਼ਿਆਰਪੁਰ ਪੁਲਿਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਕਬਜ਼ੇ ਵਿਰੁੱਧ ਆਪਣੀ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੀ ਰਿਪੋਰਟ ਪੁਲਿਸ ਨੂੰ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਜਲਦੀ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੱਤੀ ਕਿ ਜਾਂ ਤਾਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਛੱਡ ਦੇਣ ਜਾਂ ਫਿਰ ਸਖ਼ਤ ਤੋਂ ਸਖ਼ਤ ਕਾਰਵਾਈ ਲਈ ਤਿਆਰ ਰਹਿਣ।

ਉਨ੍ਹਾਂ ਦੱਸਿਆ ਕਿ ਸਥਾਨਕ ਲੋਕ ਇਨ੍ਹਾਂ ਤਸਕਰਾਂ ਤੋਂ ਬਹੁਤ ਪ੍ਰੇਸ਼ਾਨ ਸਨ ਅਤੇ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਕਾਰਵਾਈ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਸੂਬੇ ਵਿਚੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਸਵਾਗਤ ਕਰਦੇ ਹਨ।

## ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਹੜ੍ਹ ਪੀੜਤਾਂ ਨੂੰ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ 88 ਲੱਖ ਦੇ ਚੈੱਕ ਦੇ ਕੇ ਦਿੱਤੀ ਵੱਡੀ ਰਾਹਤ





ਬੇਟ ਖੇਤਰ ਦੇ ਪਿੰਡਾਂ ਲਈ ਚੈੱਕ ਭੇਂਟ ਕਰਦੇ ਹੋਏ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਅਗਸਤ ਸਤੰਬਰ ਮਹੀਨੇ 'ਚ ਪੰਜਾਬ 'ਚ ਹੜ ਨੇ ਲਗਭਗ 23 ਜਿਲਿਆਂ ਚ ਤਬਾਹੀ ਮਚਾਈ ਸੀ ਜਿਸ ਕਾਰਨ ਕਾਫੀ ਪਿੰਡਾਂ ਫਸਲਾਂ ਅਤੇ ਘਰਾਂ ਦਾ ਨੁਕਸਾਨ ਹੋ ਗਿਆ ਸੀ ਪੰਜਾਬ ਸਰਕਾਰ ਨੇ ਇਨ੍ਹਾਂ ਸਾਰੇ ਇਲਾਕਿਆਂ ਲਈ ਰਾਹਤ ਪੈਕਜ ਦਾ ਐਲਾਨ ਕੀਤਾ ਉਸ ਘੜੀ ਤਹਿਤ ਆਮ ਆਦਮੀ ਪਾਰਟੀ ਪੰਜਾਬ ਦੇ ਉਪ ਪ੍ਰਧਾਨ ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਬੇਟ ਏਰੀਏ ਦੇ ਇਲਾਕੇ ਲੋਕਾਂ ਨੂੰ 88 ਲੱਖ ਦੇ ਚੈੱਕ ਦਿੱਤੇ ਗਏ ਇਨ੍ਹਾਂ 'ਚ ਕੁਝ ਰਾਸ਼ੀ ਪਿੰਡਾਂ ਦੇ ਵਿਕਾਸ ਕਾਰਜਾਂ ਅਤੇ ਹੜ ਪੀੜਤ ਕਿਸਾਨਾਂ ਲਈ ਹੈ ਅਤੇ ਉਨ੍ਹਾਂ ਸਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਲੋਕਾਂ ਦੀ ਪਾਈ ਪਾਈ ਦਵੇਗੀ ਜਿਨ੍ਹਾਂ ਦਾ ਹੜ ਕਾਰਨ ਨੁਕਸਾਨ ਹੋ ਗਿਆ ਸੀ

ਉਨ੍ਹਾਂ ਦੱਸਿਆ ਕਿ ਵੇਟ ਖੇਤਰ ਦੀਆਂ 25 ਪੰਚਾਇਤਾਂ ਨੂੰ ਵਿਕਾਸ ਕਾਰਜਾਂ ਤੋਂ ਇਲਾਵਾ ਹੜਾਂ ਕਾਰਨ ਨੁਕਸਾਨ ਗਏ 15 ਘਰਾਂ ਦੇ ਲਈ ਮੁਆਵਜ਼ਾ ਰਾਸ਼ੀ ਦੇ ਚੈੱਕ ਭੇਂਟ ਕੀਤੇ ਉਸ ਮੌਕੇ ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਨੂੰ ਬਿਨਾ ਮਤਭੇਵ ਤੋਂ ਕਰ ਰਹੀ ਹੈ। ਇਹੋ ਜਿਹੇ ਵਿਕਾਸ ਕਾਰਜ ਪਹਿਲਾ ਦੀਆ ਸਰਕਾਰਾਂ ਆਪਣੇ ਕਾਰਜ ਕਾਲ ਦੌਰਾਨ ਕਰ ਨਹੀ ਸਕਿਆ ਵੱਸ ਲੋਕਾ ਨੂੰ ਮੂਰਖ ਹੀ ਬਣਾਇਆ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਹੋਰ ਕਿਹਾ ਕਿ ਟਾਂਡਾ ਹਲਕੇ ਦੀਆਂ ਸਾਰੀਆਂ ਟੁੱਟਿਆ ਹੋਇਆ ਸੜਕਾਂ ਦਾ ਕਾਰਜ ਵੱਡੀ ਪੱਧਰ ਤੇ ਚੱਲ ਰਿਹਾ ਹੈ ਜੋ ਕਿ ਆਉਣ ਵਾਲੇ ਥੋੜੇ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਸੰਗਠਨ ਇੰਚਾਰਜ ਕੇਸਵ ਸਿੰਘ ਸੈਣੀ, ਸਰਪੰਚ ਜਸਵੰਤ ਸਿੰਘ ਬਿੱਟੂ, ਸਰਬਜੀਤ ਸਿੰਘ ਵਿੱਕੀ, ਸਰਪੰਚ ਚਰਨਜੀਤ ਸਿੰਘ ਨਿੱਕੂ, ਡਾਇਰੈਕਟਰ ਰਣਵੀਰ ਸਿੰਘ ਨੱਥੂਪੁਰ, ਪੰਚ ਲਖਵਿੰਦਰ ਸਿੰਘ ਸੇਠੀ, ਗੁਰਦੀਪ ਸਿੰਘ ਹੈਪੀ, ਜਸਵੰਤ ਸਿੰਘ ਅੰਬੀ, ਕੁਲਦੀਪ ਸਿੰਘ, ਸਰਪੰਚ ਦੀਦਾਰ ਸਿੰਘ ਵੀ ਹਾਜ਼ਰ ਸਨ।

## ਅਮਰੀਕਾ ਰਹਿੰਦੇ ਸੀਨੀਅਰ ਪੱਤਰਕਾਰ ਸ੍ਰੀ ਹੁਸਨ ਲੜੋਆ ਦਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਨਮਾਨਿਤ



ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਵਿਖੇ ਸੀਨੀਅਰ ਪੱਤਰਕਾਰ ਸ੍ਰੀ ਹੁਸਨ ਲੜੋਆ ਅਤੇ ਉਹਨਾਂ ਦੇ ਪਰਿਵਾਰ ਸਨਮਾਨ ਕਰਦੇ ਹੋਏ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਅਤੇ ਹੋਰ ਪਤਵੰਤੇ

ਬੰਗਾ : ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਵਿਸ਼ੇਸ਼ ਤੌਰ ਪੁੱਜੇ ਅਮਰੀਕਾ ਵਾਸੀ ਸੀਨੀਅਰ ਪੱਤਰਕਾਰ ਸ੍ਰੀ ਹੁਸਨ ਲੜੋਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਨਮਾਨ ਦੀ ਇਹ ਰਸਮ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਅਦਾ ਕੀਤੀ । ਡਾ. ਢਾਹਾਂ ਨੇ ਉਹਨਾਂ ਦਾ ਢਾਹਾਂ ਕਲੇਰਾਂ ਵਿਖੇ ਪੁੱਜਣ ਤੇ ਨਿੱਘਾ ਸਵਾਗਤ ਕਰਦੇ ਹੋਏ ਕਿਹਾ ਕਿ ਸ੍ਰੀ ਹੁਸਨ ਲੜੋਆ ਪ੍ਰਸਿੱਧ ਕੌਮਾਂਤਰੀ ਪੱਤਰਕਾਰ ਹਨ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਵਿਸ਼ੇਸ਼ ਸਹਿਯੋਗੀ ਹਨ । ਆਪ ਜੀ ਅਮਰੀਕਾ ਵਿਚ ਰਹਿੰਦੇ ਹੋਏ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ, ਪਸਾਰ ਅਤੇ ਸਮਾਜ ਸੇਵਾ ਲਈ ਕਾਰਜੀਸ਼ਲ ਰਹਿੰਦੇ ਹਨ ।

ਇਸ ਮੌਕੇ ਸ੍ਰੀ ਹੁਸਨ ਲੜੋਆ ਨੇ ਉਹਨਾਂ ਦਾ ਅਤੇ ਉਹਨਾਂ ਦੇ ਪਰਿਵਾਰ ਦਾ ਸਨਮਾਨ ਕਰਨ ਲਈ ਹਾਰਦਿਕ ਧੰਨਵਾਦ ਕੀਤਾ ਅਤੇ ਮੌਜੂਦਾ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਦੀ ਅਗਵਾਈ ਹੇਠ ਚੱਲ ਰਹੀਆਂ ਵਿਦਿਅਕ ਅਤੇ ਮੈਡੀਕਲ ਸੇਵਾਵਾਂ ਦੀ ਭਾਰੀ ਸ਼ਲਾਘਾ ਕੀਤੀ । ਉਹਨਾਂ ਕਿਹਾ ਉਹ ਪਹਿਲਾਂ ਵਾਂਗ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਸੇਵਾਵਾਂ ਵਿਚ ਤਨ ਮਨ ਧੰਨ ਨਾਲ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿਣਗੇ। ਇਸ ਮੌਕੇ ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਸ. ਜਸਬੀਰ ਸਿੰਘ ਨੂਰਪੁਰ ਜ਼ਿਲ੍ਹਾ ਇੰਚਾਰਜ ਰੋਜ਼ਾਨਾ ਅਜੀਤ ਵੀ ਹਾਜ਼ਰ ਸਨ।

## 94 ਸਾਲਾ ਕਿਰਪਾਲ ਸਿੰਘ ਨੇ ਏਸ਼ੀਆਨ ਅਥਲੈਟਿਕ ਮੁਕਾਬਲਿਆਂ 'ਚ ਦੋ ਤਮਗ਼ੇ ਜਿੱਤੇ

### ਹੁਣ ਤਕ ਰਾਸ਼ਟਰੀ ਪੱਧਰ 'ਤੇ 12 ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਿੰਨ ਮੈਡਲ ਹਾਸਲ ਕਰ ਚੁੱਕੇ ਹਨ





ਚੰਡੀਗੜ੍ਹ : ਚੰਡੀਗੜ੍ਹ ਵਾਸੀ 94 ਸਾਲਾਂ ਕਿਰਪਾਲ ਸਿੰਘ ਨੇ ਏਸ਼ੀਆਈ ਮਾਸਟਰ ਅਥਲੈਟਿਕ ਚੈਂਪਿਅਨਸ਼ਿਪ 'ਚ ਜਿੱਤੇ ਦੋ ਤਮਗ਼ੇ ਚੇਨੱਈ 'ਚ ਹੋਈ ਮਾਸਟਰ ਏਸ਼ੀਅਨ ਚੈਂਪੀਅਨਸ਼ਿਪ-2025 ਵਿਚ ਚੰਡੀਗੜ੍ਹ ਦੇ 94 ਸਾਲਾਂ ਉਮਰ ਦੇ ਦੌੜਾਕ ਕਿਰਪਾਲ ਸਿੰਘ ਨੇ 90 ਸਾਲ ਤੋਂ ਵੱਧ ਉਮਰ ਦੇ ਵਰਗ ਵਿਚ 5000 ਮੀਟਰ ਪੈਦਲ ਚਾਲ ਵਿਚ ਸੋਨੇ ਦਾ ਅਤੇ 100 ਮੀਟਰ ਦੌੜ ਵਿਚ ਚਾਂਦੀ ਦਾ ਤਮਗ਼ਾ ਜਿੱਤਿਆ। 5 ਤੋਂ 9 ਨਵੰਬਰ ਤੱਕ ਹੋਏ ਇਹਨਾਂ ਮੁਕਾਬਲਿਆਂ ਵਿਚ ਕਿਰਪਾਲ ਸਿੰਘ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ।

ਉਹ ਹੁਣ ਤਕ ਰਾਸ਼ਟਰੀ ਪੱਧਰ 'ਤੇ 12 ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਿੰਨ ਮੈਡਲ ਹਾਸਲ ਕਰ ਚੁੱਕੇ ਹਨ । ਵਰਣਨ ਯੋਗ ਹੈ ਕਿ ਕਿਰਪਾਲ ਸਿੰਘ ਨੇ 92 ਸਾਲ ਦੀ ਉਮਰ ਵਿਚ ਇਹਨਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਦੀ ਸ਼ੁਰੂਆਤ ਕੀਤੀ ਸੀ । ਪਿਛਲੇ ਸਾਲ ਕੁਆਲਾਲਮਪੁਰ 'ਚ ਹੋਈ ਚੈਂਪੀਅਨਸ਼ਿਪ ਦੌਰਾਨ ਸੋਨੇ ਦਾ ਤਮਗ਼ਾ ਵੀ ਉਹ ਜਿੱਤ ਚੁੱਕੇ ਹਨ ।

# ਪ੍ਰਿੰਸੀਪਲ ਸ਼ਸ਼ੀ ਬਾਲਾ ਦੀ ਮਿਹਨਤ ਸਦਕਾ ਟਾਂਡਾ ਸਰਕਾਰੀ ਕਾਲਜ ਹੋਇਆ ਸ਼ੁਰੂ ਨਿਊਜ਼ ਬੁਲਿਟਨ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰਕਾਰੀ ਕਾਲਜ ਵਿਖੇ ਪ੍ਰਿੰਸੀਪਲ ਡਾਕਟਰ ਸ਼ਸ਼ੀ ਬਾਲਾ ਦੀ ਅਗਵਾਈ ਵਿੱਚ ਕਾਲਜ ਦਾ ਆਪਣਾ ਨਿਊਜ਼ ਬੁਲੇਟਿਨ ਸ਼ੁਰੂ ਕੀਤਾ ਗਿਆ, ਜਿਸ ਦਾ ਨਾਮ ਸੀਪ ਦੇ ਮੋਤੀ ਰੱਖਿਆ ਗਿਆ ਇਸ ਨਿਊਜ਼ ਬੁਲੇਟਿਨ ਲਈ ਕਾਲਜ ਵਿਦਿਆਰਥੀਆਂ ਨੂੰ ਇਹ ਨਿਊਜ਼ ਬੁਲੇਟਿਨ ਦੇ ਐਂਕਰਿੰਗ ਲਈ ਡਿਊਟੀ ਲਗਾਈ ਗਈ ਜੋ ਕਿ ਹਰ ਮਹੀਨੇ ਦੀ ਕਾਲਜ ਵਿੱਚ ਹੋਏ ਪ੍ਰੋਗਰਾਮ ਜਾ ਹੋਰ ਕੋਈ ਐਕਟਿਵਿਟੀ ਨੂੰ ਪੂਰਾ ਦਿਖਾਇਆ ਜਾ ਸਕਦਾ ਹੈ।
ਨਿਊਜ਼ ਬੁਲੇਟਿਨ ਸ਼ੁਰੂ ਕਰਨ ਸਮੇਂ ਡਾ ਕੇਵਲ ਸਿੰਘ ਕਾਜਲ, ਡਾ ਕਰਨ ਕੁਮਾਰ ਸੈਣੀ, ਪ੍ਰਿੰਸੀਪਲ ਸ਼ਸ਼ੀ ਬਾਲਾ ਅਤੇ ਵਿੱਦਿਆਰਥੀ ਮੌਜੂਦ ਸਨ। ਨਿਊਜ਼ ਬੁਲੇਟਿਨ ਨੂੰ ਸ਼ੁਰੂ ਕਰਨ ਲਈ ਰੱਖੇ ਗਏ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਕੇਵਲ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਹੈਲਥ ਪੰਜਾਬ, ਡਾਕਟਰ ਕਰਨ ਕੁਮਾਰ ਸੈਣੀ ਐਸ.ਐਮ.ਓ. ਟਾਂਡਾ ਸਿਵਿਲ ਹਸਪਤਾਲ ਅਤੇ ਡਾਕਟਰ ਸਮਾਈਲ (ਯੂ.ਐਸ.ਏ) ਵਿਸ਼ੇਸ਼ ਤੌਰ 'ਤੇ ਹਾਜ਼ਿਰ ਹੋਏ। ਇਸ ਮੌਕੇ ਪੁੱਜੇ ਮੁੱਖ ਮਹਿਮਾਨਾਂ ਨੇ ਕਾਲਜ ਨੂੰ ਆਪਣਾ ਨਿਊਜ਼ ਬੁਲੇਟਿਨ ਸ਼ੁਰੂ ਕਰਨ ਤੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਇਹਨਾਂ ਤੋਂ ਇਲਾਵਾ ਪ੍ਰੋਫੈਸਰ ਰਮਿੰਦਰਜੀਤ ਕੌਰ ਵਾਈਸ ਪ੍ਰਿੰਸੀਪਲ, ਅਸਿਸਟੈਂਟ ਪ੍ਰੋਫੈਸਰ ਪਰਵਿੰਦਰ ਕੌਰ, ਪ੍ਰੋਫੈਸਰ ਸ਼ੇਫਾਲੀ ਵਾਲੀਆ, ਪ੍ਰੋਫੈਸਰ ਦਕਸ਼ ਸੋਹਲ, ਪ੍ਰੋਫੈਸਰ ਕੁਲਵਿੰਦਰ ਕੌਰ, ਗੁਰਦੇਵ ਸਿੰਘ, ਹਰਮੇਸ਼ ਸਿੰਘ, ਵਿਨੈ ਕੁਮਾਰ, ਕਟਰ ਸੋਨੀਆ, ਪ੍ਰੋਫੈਸਰ ਜੈਸਮੀਨ, ਪ੍ਰੋਫੈਸਰ ਸ਼ਵੇਤਾ ਅਤੇ ਹੋਰ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ





ਟਾਂਡਾ ਉੜਮੁੜ. ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਵਿਖੇ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ ਅੱਜ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਬੀਬੀਆਂ ਟਾਂਡਾ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸਵਰਗਵਾਸੀ ਬਲਦੇਵ ਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਪਰਿਵਾਰ ਦੇ ਵਿਸ਼ੇਸ਼ ਸਹਿਯੋਗ ਸਦਕਾ ਕਰਵਾਏ ਇਸ ਸਮਾਗਮ ਵਿੱਚ ਭਾਈ ਬਲਵਿੰਦਰ ਸਿੰਘ ਅਤੇ ਰਣਵੀਰ ਸਿੰਘ ਦੇ ਰਾਗੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਨੂੰ ਯਾਦ ਕਰਦਿਆਂ ਇਤਿਹਾਸ ਤੇ ਚਾਨਣਾ ਪਾਇਆ ਅਤੇ ਸੁਸਾਇਟੀ ਦੇ ਅਗਲੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੁਸਾਇਟੀ ਵਲੋਂ 16 ਨਵੰਬਰ ਨੂੰ ਪਿੰਡ ਮੂਨਕਾਂ ਅਤੇ 25 ਨਵੰਬਰ ਨੂੰ ਪਿੰਡ ਢਡਿਆਲਾ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਸੁਸਾਇਟੀ ਦੇ ਸਰਪ੍ਰਸਤ ਸ਼ਰਧਾ ਸਿੰਘ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ, ਗੁਰਦੁਆਰਾ ਬੀਬੀਆਂ ਟਾਂਡਾ ਕਮੇਟੀ ਦੇ ਪ੍ਰਧਾਨ ਨਿਰਮਲ ਸਿੰਘ ਤੁੱਲੀ, ਸੰਤਾ ਸਿੰਘ, ਬਲਵੀਰ ਸਿੰਘ ਸੈਣੀ, ਬਲਵਿੰਦਰ ਸਿੰਘ, ਸੁਜਾਨ ਸਿੰਘ, ਸਾਹਿਬ ਸਿੰਘ ਤੁੱਲੀ, ਭੁਪਿੰਦਰ ਸਿੰਘ, ਉਂਕਾਰ ਸਿੰਘ, ਅਜੀਤ ਸਿੰਘ, ਅਮਰਜੀਤ ਸਿੰਘ, ਹਰਭਜਨ ਸਿੰਘ, ਹਰਮਿੰਦਰ ਕੌਰ, ਬਲਵੀਰ ਸਿੰਘ, ਰਣਜੀਤ ਕੌਰ, ਲਖਵੀਰ ਕੌਰ, ਕਮਲਦੀਪ ਕੌਰ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਸੈਣੀ ਕੰਪਲੈਕਸ ਟਾਂਡਾ ਵਿਖੇ ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਦੀ ਹੋਈ ਮੀਟਿੰਗ



**ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਮੀਟਿੰਗ ਦੌਰਾਨ ਪ੍ਰਧਾਨ ਲਵਲੀਨ ਸਿੰਘ ਸੈਣੀ, ਜਸਪ੍ਰੀਤ ਸੈਣੀ ਪ੍ਰਧਾਨ ਯੂਥ ਵਿੰਗ, ਚੇਅਰਮੈਨ ਤਰਲੋਚਨ ਸਿੰਘ, ਡਾ ਕੌਸ਼ਲ ਸਿੰਘ, ਅਹੁਦੇਦਾਰ ਅਤੇ ਮੈਂਬਰ**

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਇੱਕ ਵਿਸ਼ੇਸ਼ ਮੀਟਿੰਗ ਜਸਪ੍ਰੀਤ ਸਿੰਘ ਸੈਣੀ ਪ੍ਰਧਾਨ ਯੂਥ ਵਿੰਗ ਹੁਸ਼ਿਆਰਪੁਰ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਪੰਜਾਬ ਪ੍ਰਧਾਨ ਲਵਲੀਨ ਸੈਣੀ, ਵਾਇਸ ਪ੍ਰਧਾਨ ਹਰਬੰਸ ਸਿੰਘ, ਭਗਵਾਨ ਸਿੰਘ ਸੈਣੀ ਸਟੇਟ ਐਗਜੈਕਟਿਵ ਮੈਂਬਰ ਅਤੇ ਜਿਲਾ ਹੁਸ਼ਿਆਰਪੁਰ ਟਾਂਡਾ ਯੂਨਿਟ ਦੇ ਕੋਆਰਡੀਨੇਟਰ, ਗਿਆਨ ਸਿੰਘ ਐਡਵਾਈਜ਼ਰ ਪੰਜਾਬ ਸਟੇਟ, ਤਰਸੇਮ ਸੈਣੀ ਐਗਜੈਕਟਿਵ ਮੈਂਬਰ, ਨੰਬਰਦਾਰ ਜਸਵੀਰ ਸਿੰਘ, ਡਾਕਟਰ ਕਰਨ ਸੈਣੀ ਐਸ.ਐਮ.ਓ ਟਾਂਡਾ, ਕੌਸ਼ਲ ਸਿੰਘ ਸੈਣੀ ਸਾਬਕਾ ਸਿਵਿਲ ਸਰਜਨ ਅਤੇ ਚੇਅਰਮੈਨ ਤਰਲੋਚਨ ਸਿੰਘ ਬਿੱਟੂ, ਇੰਜਨੀਅਰ ਹਰਭਜਨ ਸਿੰਘ ਪ੍ਰੈਜੀਡੈਂਟ ਸਮਾਣਾ, ਲੈਕਚਰਾਰ ਰਾਜਾ ਸਿੰਘ ਮੂਨਕ ਵੱਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਗਈ।
ਇਸ ਮੌਕੇ ਆਲ ਇੰਡੀਆ ਸੈਣੀ ਸੇਵਾ ਸਮਾਜ ਦੇ ਸਮੁੱਚੇ ਅਹੁਦੇਦਾਰਾਂ ਵੱਲੋਂ ਸੈਣੀ ਸਮਾਜ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ।
ਇਸ ਮੌਕੇ ਸੈਣੀ ਸੁਧਾਰ ਸਭਾ ਟਾਂਡਾ ਦੇ ਸਮੂਹ ਅਹੁਦੇਦਾਰਾਂ ਵੱਲੋਂ ਜਿੱਥੇ ਆਲ ਇੰਡੀਆ ਸੈਣੀ ਸੇਵਾ ਦੀ ਟੀਮ ਨੂੰ ਸਨਮਾਨਿਤ ਕੀਤਾ ਗਿਆ ਉੱਥੇ ਟਾਂਡਾ ਖੇਤਰ ਦੇ ਲੋਕਾਂ ਨੂੰ ਸ਼ਾਨਦਾਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਡਾਕਟਰ ਕਰਨ ਸੈਣੀ, ਏ.ਐਸ.ਆਈ ਬਲਵੀਰ ਸਿੰਘ ਪੰਜਾਬ ਪੁਲਿਸ, ਚੇਅਰਮੈਨ ਤਰਲੋਚਨ ਸਿੰਘ ਬਿੱਟੂ, ਡਾਕਟਰ ਕੌਸ਼ਲ ਸਿੰਘ ਸੈਣੀ ਸਾਬਕਾ ਸਿਵਿਲ ਸਰਜਨ, ਜਸਪ੍ਰੀਤ ਸਿੰਘ ਸੈਣੀ ਯੂਥ ਪ੍ਰਧਾਨ ਹੁਸ਼ਿਆਰਪੁਰ, ਡਾ ਦਲਜੀਤ ਸਿੰਘ ਅਤੇ ਹੋਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਸਪ੍ਰੀਤ ਸਿੰਘ ਸੈਣੀ ਪ੍ਰਧਾਨ ਯੂਥ ਵਿੰਗ ਹੁਸ਼ਿਆਰਪੁਰ ਵਲੋਂ ਆਲ ਇੰਡੀਆ ਸੈਣੀ ਸੇਵਾ ਸਮਾਜ ਲਈ ਕੀਤੇ ਜਾ ਰਹੇ ਕਾਰਜਾਂ ਦੀ ਮੀਟਿੰਗ ਚ ਸ਼ਾਮਿਲ ਸਮੁੱਚੇ ਅਹੁਦੇਦਾਰ ਅਤੇ ਮੈਂਬਰਾਂ ਵੱਲੋਂ ਸ਼ਲਾਘਾ ਕੀਤੀ ਗਈ।
ਪ੍ਰਧਾਨ ਲਵਲੀਨ ਸੈਣੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਦੀ ਟੀਮ ਵੱਲੋਂ ਪੰਜਾਬ ਦੇ ਵੱਖ-ਵੱਖ ਜਿਲਿਆਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਲਦ ਹੀ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਸੈਣੀ ਸਮਾਜ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਨ ਲਈ ਸੈਣੀ ਸੰਮੇਲਨ ਕਰਵਾਏ ਜਾਣਗੇ। ਉਹਨਾਂ ਤੋਂ ਇਲਾਵਾ ਇਸ ਮੌਕੇ ਕਮਲ ਚੌਧਰੀ ਦਾਰਾਪੁਰ, ਪ੍ਰੋਫੈਸਰ ਨਵਦੀਪ ਸਿੰਘ ਐਮ.ਡੀ ਪ੍ਰੋਫੈਸਰ ਅਕੈਡਮੀ, ਹਰਬੰਸ ਸਿੰਘ ਮੂਨਕਾਂ, ਬਲਵੀਰ ਸਿੰਘ, ਕੋਚ ਰੁਪਿੰਦਰ ਸਿੰਘ ਸੈਣੀ, ਹਰਭਜਨ ਸਿੰਘ ਸਾਬਕਾ ਇੰਸਪੈਕਟਰ ਮੰਡੀ ਬੋਰਡ, ਗੁਰਮੀਤ ਸਿੰਘ ਮੂਨਕਾਂ, ਅਮਰੀਕ ਸਿੰਘ ਗਿੱਲਾਂ, ਤਰਲੋਚਨ ਸਿੰਘ ਰਾਹੀ, ਮਾਸਟਰ ਹਰਦੀਪ ਸਿੰਘ, ਗੁਰਮੁਖ ਸਿੰਘ, ਅਮਰੀਕ ਸਿੰਘ ਹਰਸੀ ਪਿੰਡ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੈਣੀ ਸਮਾਜ ਦੇ ਲੋਕ ਸ਼ਾਮਿਲ ਹੋਏ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਰਕਾਰੀ ਕਾਲਜ ਟਾਂਡਾ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ




**ਪ੍ਰਿੰਸੀਪਲ ਖੁਸ਼ੀ ਬਾਲਾ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਰੈਲੀ ਕੱਢਦੇ ਹੋਏ ਕਾਲਜ ਦੇ ਵਿਦਿਆਰਥੀ ਅਤੇ ਹੋਰ।**

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਲਾਈ ਗਈ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਵਿਖੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਅੱਜ ਦੇ ਸੈਮੀਨਾਰ ਦੀ ਅਗਵਾਈ ਕਰਦਿਆਂ ਡਾ. ਕੇਵਲ ਸਿੰਘ ਪ੍ਰਿੰਸੀਪਲ ਸ਼ਸ਼ੀ ਬਾਲਾ, ਡਾ. ਕਰਨ ਕੁਮਾਰ ਸੈਣੀ ਐਸ.ਐਮ.ਓ. ਟਾਂਡਾ ਅਤੇ ਡਾ. ਕੇਵਲ ਕਾਜਲ ਅਤੇ ਸਮਾਈਲ ਕਾਜਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਪ੍ਰਿੰਸੀਪਲ ਸ਼ਸ਼ੀ ਬਾਲਾ, ਸਟਾਫ ਅਤੇ ਵਿਦਿਆਰਥੀਆਂ ਵੱਲੋਂ ਉਹਨਾਂ ਦਾ ਕਾਲਜ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਡਾ ਕੇਵਲ ਸਿੰਘ, ਡਾ ਕਰਨ ਕੁਮਾਰ ਸੈਣੀ ਐਸ.ਐਮ.ਓ. ਨੇ ਵਿਦਿਆਰਥੀਆਂ ਨੂੰ ਇਨਸਾਨੀ ਸਰੀਰ ਤੇ ਪੈਣ ਵਾਲੇ ਨਸ਼ਿਆਂ ਦੇ ਮਾੜੇ ਪ੍ਰਭਾਵ ਦੀ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਇਨਸਾਨ ਹੌਲੀ-ਹੌਲੀ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣਾ ਤੇ ਆਪਣੇ ਪੂਰੇ ਪਰਿਵਾਰ ਦਾ ਨੁਕਸਾਨ ਕਰ ਲੈਂਦਾ ਹੈ। ਉਹਨਾਂ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਏ ਗਏ ਅਭਿਆਨ ਦੀ ਜੰਮ ਕੇ ਤਾਰੀਫ ਕੀਤੀ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ। ਇਸ ਮੌਕੇ ਪ੍ਰਿੰਸੀਪਲ ਸ਼ਸ਼ੀ ਬਾਲਾ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਵੱਲੋਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਇੱਕ ਰੈਲੀ ਵੀ ਕੱਢੀ ਗਈ। ਇਸ ਮੌਕੇ ਇਹਨਾਂ ਤੋਂ ਇਲਾਵਾ ਪ੍ਰੋਫੈਸਰ ਰਮਿੰਦਰਜੀਤ ਕੌਰ ਵਾਈਸ ਪ੍ਰਿੰਸੀਪਲ, ਅਸਿਸਟੈਂਟ ਪ੍ਰੋਫੈਸਰ ਪਰਵਿੰਦਰ ਕੌਰ, ਪ੍ਰੋਫੈਸਰ ਸ਼ੇਫਾਲੀ ਵਾਲੀਆ, ਪ੍ਰੋਫੈਸਰ ਦਕਸ਼ ਸੋਹਲ, ਪ੍ਰੋਫੈਸਰ ਕੁਲਵਿੰਦਰ ਕੌਰ, ਗੁਰਦੇਵ ਸਿੰਘ, ਹਰਮੇਸ਼ ਸਿੰਘ, ਵਿਨੈ ਕੁਮਾਰ, ਡਾਕਟਰ ਸੋਨੀਆ, ਪ੍ਰੋਫੈਸਰ ਜੈਸਮੀਨ, ਪ੍ਰੋਫੈਸਰ ਸ਼ਵੇਤਾ ਅਤੇ ਹੋਰ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਵਲੋਂ ਦਿੱਲੀ ਮੋਰਚੇ ਦੀ ਵਰ੍ਹੇਗੰਢ 'ਤੇ ਚੰਡੀਗੜ੍ਹ 'ਚ ਰੈਲੀ ਕਰਨ ਦਾ ਫ਼ੈਸਲਾ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ ਜਥੇਬੰਦੀਆਂ ਦੀ ਮੀਟਿੰਗ ਬੂਟਾ ਸਿੰਘ ਬੁਰਜ ਗਿੱਲ, ਜੰਗਵੀਰ ਸਿੰਘ ਚੌਹਾਨ, ਬੂਟਾ ਸਿੰਘ ਸ਼ਾਦੀਪੁਰ ਦੀ ਪ੍ਰਧਾਨਗੀ ਹੇਠ ਕਿਸਾਨ ਭਵਨ ਵਿਚ ਹੋਈ। ਜਿਸ ਵਿਚ 26 ਨਵੰਬਰ ਨੂੰ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਚੰਡੀਗੜ੍ਹ 'ਚ ਮਨਾਈ ਜਾਏਗੀ। ਇਸ ਸੰਬੰਧ ਇਕ ਰੈਲੀ 34 ਸੈਕਟਰ ਚੰਡੀਗੜ੍ਹ ਵਿਖੇ ਕੀਤੀ ਜਾਵੇਗੀ। ਇਸ ਤੋਂ ਇਲਾਵਾ ਮੀਟਿੰਗ 'ਚ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਛੇ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ 'ਚ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਰੁਲਦੂ ਸਿੰਘ ਮਾਨਸਾ, ਰਵਨੀਤ ਸਿੰਘ ਬਰਾੜ ਸ਼ਾਮਿਲ ਹਨ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੂਟਾ ਸਿੰਘ ਬੁਰਜਗਿਲ ਨੇ ਕਿਹਾ ਕਿ 21 ਨਵੰਬਰ ਨੂੰ ਜਲੰਧਰ ਵਿਖੇ ਜੋ ਗੰਨਾ ਬੈਲਟ ਨਾਲ ਸੰਬੰਧਿਤ ਜਥੇਬੰਦੀਆਂ ਵਲੋਂ ਅੰਦੋਲਨ ਕੀਤਾ ਜਾ ਰਿਹਾ ਹੈ ਸੰਯੁਕਤ ਕਿਸਾਨ ਮੋਰਚਾ ਉਸ ਦਾ ਸਮਰਥਨ ਕਰਦਾ ਹੈ। ਜੰਗਵੀਰ ਸਿੰਘ ਚੌਹਾਨ ਨੇ ਆਖਿਆ ਕਿ ਪਿਛਲੇ ਸਾਲ ਸਰਕਾਰ ਵਲੋਂ 6 ਨਵੰਬਰ 2024 ਨੂੰ ਖੰਡ ਮਿੱਲਾਂ ਚਲਾਉਣ ਵਾਸਤੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ ਪਰ ਇਸ ਸਾਲ 17 ਨਵੰਬਰ ਹੋਣ ਦੇ ਬਾਵਜੂਦ ਸਰਕਾਰ ਚੁੱਪ ਕਰਕੇ ਬੈਠੀ ਹੈ। ਬੂਟਾ ਸਿੰਘ ਸ਼ਾਦੀਪੁਰ ਨੇ ਕਿਹਾ ਕਿ ਮੌਸਮ ਦੀ ਮਾਰ ਹੇਠ ਪੂਰੇ ਪੰਜਾਬ 'ਚ ਝੋਨੇ ਦਾ ਝਾੜ 10 ਤੋਂ 12 ਕੁਇੰਟਲ ਘੱਟ ਨਿਕਲਿਆ। ਇਸ ਲਈ ਪੰਜਾਬ ਸਰਕਾਰ 500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਬੋਨਸ ਦੇਵੇ। ਇਸ ਮੌਕੇ ਬਲਵੀਰ ਸਿੰਘ ਰਾਜੇਵਾਲ, ਰੁਲਦੂ ਸਿੰਘ ਮਾਨਸਾ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ, ਬਲਵਿੰਦਰ ਸਿੰਘ ਮੱਲੀ ਨੰਗਲ, ਪਰਮਿੰਦਰ ਸਿੰਘ ਪਾਲਮਾਜਰਾ, ਰਵਨੀਤ ਸਿੰਘ ਬਰਾੜ, ਡਾਕਟਰ ਸਤਨਾਮ ਸਿੰਘ ਅਜਨਾਲਾ, ਪ੍ਰਦੀਪ ਸਿੰਘ, ਬਲਕਰਨ ਸਿੰਘ ਬਰਾੜ, ਗੁਰਮੀਤ ਸਿੰਘ ਮਹਿਮਾ, ਬਲਵਿੰਦਰ ਸਿੰਘ ਰਾਜੂ ਔਲਖ, ਹਰਜਿੰਦਰ ਸਿੰਘ ਟਾਂਡਾ, ਬੀਰ ਸਿੰਘ ਬੜਵਾ, ਜਸਵਿੰਦਰ ਸਿੰਘ ਢੇਰ, ਨਿਰਵੈਲ ਸਿੰਘ ਡਾਲੇਕੇ, ਜਸਕਰਨ ਸਿੰਘ, ਭੁਪਿੰਦਰ ਸਿੰਘ ਔਲਖ, ਅਵਤਾਰ ਸਿੰਘ ਮਹਿਮਾ ਹਾਜ਼ਰ ਸਨ।

# ਪੰਜਾਬ ਦੀ ਸਿਆਸਤ ਦਾ ਕਾਲਾ ਸੱਚ: ਗੈਂਗਸਟਰਾਂ ਦਾ ਰਾਜ, ਲੋਕਤੰਤਰ ਦਾ ਕਤਲ, ਸਰਕਾਰੀ ਸਿਸਟਮ ਵਿਕਾਊ, ਆਟਾ-ਦਾਲ ਸਕੀਮ ਤੋਂ ਲੈ ਕੇ ਜ਼ਮੀਨਾਂ ਤੱਕ-ਸਭ ਕੰਪਨੀਆਂ ਹਵਾਲੇ ਕਾਰਪੋਰੇਟੀਕਰਨ ਰਾਹੀ ਹੋ ਰਹੀ ਚਿੱਟੇ ਦਿਨ ਲੁੱਟ, ਗੁੰਡਾਗਰਦੀ, ਡਰ ਪੰਜਾਬ ਬਣ ਰਿਹਾ ਹੈ 'ਪੁਲਿਸ ਸਟੇਟ'

## ਪੰਜਾਬ ਦੇ ਹੱਕਾਂ ਦੀ ਅਵਾਜ਼ ਸਰਦਾਰ ਮਲਵਿੰਦਰ ਸਿੰਘ ਮਾਲੀ ਨੇ ਖੋਲ੍ਹੀ ਸੱਤਾ ਅਤੇ ਸਿਸਟਮ ਦੀ ਪੋਲ

ਸਿਆਸੀ ਵਿਸ਼ਲੇਸ਼ਕ ਸਰਦਾਰ ਮਲਵਿੰਦਰ ਸਿੰਘ ਮਾਲੀ ਨੇ ਪੰਜਾਬ ਦੀ ਰਾਜਨੀਤੀ ਦੇ ਮੌਜੂਦਾ ਹਾਲਾਤਾਂ 'ਤੇ ਤਿੱਖੀ ਟਿੱਪਣੀ ਕੀਤੀ। ਹਾਲ ਹੀ ਵਿੱਚ ਹੋਈਆਂ ਚੋਣਾਂ ਦੇ ਨਤੀਜਿਆਂ ਅਤੇ ਸੰਭਾਵਿਤ ਆਉਣ ਵਾਲੀਆਂ ਜ਼ਿਮਨੀ ਚੋਣਾਂ 'ਤੇ ਧਿਆਨ ਕੇਂਦਰਿਤ ਕਰਦਿਆਂ, ਮਾਲੀ ਨੇ ਸੱਤਾਧਾਰੀ ਆਮ ਆਦਮੀ ਪਾਰਟੀ (AAP) ਦੀਆਂ ਰਣਨੀਤੀਆਂ, ਅਕਾਲੀ ਦਲ ਵਰਗੀਆਂ ਵਿਰੋਧੀ ਪਾਰਟੀਆਂ ਦੀ ਭੂਮਿਕਾ ਅਤੇ ਸੂਬੇ ਦੇ ਸ਼ਾਸਨ ਵਿੱਚ ਮੌਜੂਦ ਡੂੰਘੀਆਂ ਢਾਂਚਾਗਤ ਸਮੱਸਿਆਵਾਂ ਦਾ ਵਿਸ਼ਲੇਸ਼ਣ ਕੀਤਾ।

**ਅਪਰਾਧਿਕ ਰਾਜਨੀਤੀ ਦਾ ਪਰਛਾਵਾਂ ਅਤੇ ਸੰਭਾਵਿਤ ਜ਼ਿਮਨੀ ਚੋਣਾਂ**

ਪੰਜਾਬ ਵਿੱਚ ਨਵੀਆਂ ਜ਼ਿਮਨੀ ਚੋਣਾਂ ਦੀ ਸੰਭਾਵਨਾ ਨਾਲ ਹੋਈ, ਖਾਸ ਤੌਰ 'ਤੇ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੀਆਂ ਕਾਨੂੰਨੀ ਮੁਸ਼ਕਲਾਂ ਦੇ ਸੰਦਰਭ ਵਿੱਚ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਾਲ ਹੀ ਵਿੱਚ ਉਨ੍ਹਾਂ ਦੀ ਸਜ਼ਾ 'ਤੇ ਰੋਕ ਲਗਾਉਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਦੀ ਮੈਂਬਰਸ਼ਿਪ ਰੱਦ ਹੋਣ 'ਤੇ ਸਵਾਲ ਖੜ੍ਹੇ ਹੋ ਗਏ ਹਨ।

ਸਰਦਾਰ ਮਲਵਿੰਦਰ ਸਿੰਘ ਮਾਲੀ ਨੇ ਸਪੀਕਰ ਅਤੇ ਸਰਕਾਰ ਦੀ 'ਉਡੀਕ ਕਰੋ ਅਤੇ ਦੇਖੋ' ਵਾਲੀ ਨੀਤੀ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸੰਸਥਾਵਾਂ ਦੀ ਵਰਤੋਂ ਸਿਆਸੀ ਤੌਰ 'ਤੇ ਅਣਸੁਖਾਵਾਂ ਨਤੀਜਿਆਂ ਨੂੰ ਟਾਲਣ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਹਾਲਾਂਕਿ ਸਿਆਸਤਦਾਨ ਅਕਸਰ ਆਪਣੀਆਂ ਸੀਟਾਂ ਬਚਾਉਣ ਲਈ ਉੱਚ ਅਦਾਲਤਾਂ ਵਿੱਚ ਅਪੀਲ ਕਰਦੇ ਹਨ, ਪਰ ਸਰਕਾਰ ਦਾ ਨੈਤਿਕ ਅਧਿਕਾਰ ਉਦੋਂ ਖਤਮ ਹੋ ਜਾਂਦਾ ਹੈ ਜਦੋਂ ਗੰਭੀਰ ਅਪਰਾਧਿਕ ਦੋਸ਼ਾਂ ਵਾਲੇ ਵਿਅਕਤੀ ਵਿਧਾਨ ਸਭਾ ਦੀਆਂ ਕੁਰਸੀਆਂ 'ਤੇ ਬਿਰਾਜਮਾਨ ਹੁੰਦੇ ਹਨ। ਉਨ੍ਹਾਂ ਅਫਸੋਸ ਜਤਾਇਆ ਕਿ ਰਾਜਨੀਤੀ ਵਿੱਚ 'ਅਪਰਾਧਿਕ ਤੱਤ' ਹੁਣ ਕੋਈ ਅਪਵਾਦ ਨਹੀਂ ਰਿਹਾ, ਸਗੋਂ ਪਾਰਟੀਆਂ ਲੋਕ ਸੇਵਾ ਦੇ ਰਿਕਾਰਡ ਦੀ ਬਜਾਏ ਡਰ ਅਤੇ ਪੈਸੇ ਦੇ ਜ਼ੋਰ 'ਤੇ 'ਜਿੱਤਣ ਦੀ ਸਮਰੱਥਾ' ਰੱਖਣ ਵਾਲੇ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰ ਰਹੀਆਂ ਹਨ।



ਸਰਦਾਰ ਮਲਵਿੰਦਰ ਸਿੰਘ ਮਾਲੀ ਨੇ 'ਆਪ' ਸਰਕਾਰ ਦੀ ਕਾਰਗੁਜ਼ਾਰੀ ਦਾ ਤਿੱਖਾ ਮੁਲਾਂਕਣ ਕੀਤਾ। ਉਨ੍ਹਾਂ ਚੋਣਾਂ ਤੋਂ ਪਹਿਲਾਂ ਕੀਤੇ 'ਇਨਕਲਾਬ' ਦੇ ਵਾਅਦਿਆਂ ਦੀ ਤੁਲਨਾ ਅਸਲ ਸ਼ਾਸਨ ਨਾਲ ਕੀਤੀ। ਉਨ੍ਹਾਂ ਦੱਸਿਆ ਕਿ ਸਿਸਟਮ ਵਿੱਚ ਬਦਲਾਅ ਲਿਆਉਣ ਦੀ ਬਜਾਏ, ਮੌਜੂਦਾ ਪ੍ਰਸ਼ਾਸਨ ਨੇ ਦੂਜੇ ਰਾਜਾਂ ਵਿੱਚ ਜ਼ਮਾਨਤਾਂ ਜ਼ਬਤ ਕਰਵਾਉਣ ਦੇ ਰਿਕਾਰਡ ਬਣਾਏ ਹਨ ਅਤੇ ਪੰਜਾਬ ਵਿੱਚ ਸਿੱਖਿਆ ਤੇ ਨਸ਼ਿਆਂ ਦੇ ਖਾਤਮੇ ਵਰਗੇ ਮੁੱਖ ਮੁੱਦਿਆਂ 'ਤੇ ਫੇਲ੍ਹ ਸਾਬਤ ਹੋਈ ਹੈ।

ਉਨ੍ਹਾਂ ਨੋਟ ਕੀਤਾ ਕਿ ਸਿਆਸੀ ਸੱਭਿਆਚਾਰ ਬਦਲਿਆ ਨਹੀਂ ਹੈ, ਸਗੋਂ ਤਾਨਾਸ਼ਾਹੀ ਅਤੇ ਮੌਕਾਪ੍ਰਸਤੀ ਵਿੱਚ ਬਦਲ ਗਿਆ ਹੈ। ਉਨ੍ਹਾਂ ਨੇ ਸਰਕਾਰ ਵੱਲੋਂ ਵਿੱਤੀ ਪ੍ਰਬੰਧਾਂ ਨੂੰ ਲੈ ਕੇ ਵੀ ਆਲੋਚਨਾ ਕੀਤੀ ਅਤੇ ਦੋਸ਼ ਲਾਇਆ ਕਿ ਸਰਕਾਰ ਸੂਬੇ ਦੀ ਭਲਾਈ ਦੀ ਬਜਾਏ ਪਾਰਟੀ ਲਈ ਮਾਲੀਆ ਇਕੱਠਾ ਕਰਨ ਵਾਸਤੇ ਸਰਕਾਰੀ ਜ਼ਮੀਨਾਂ ਵੇਚਣ ਨੂੰ ਪਹਿਲ ਦੇ ਰਹੀ ਹੈ।

**ਭਲਾਈ ਸਕੀਮਾਂ ਦਾ ਕਾਰਪੋਰੇਟੀਕਰਨ:** ਆਟਾ-ਦਾਲ ਸਕੀਮ 'ਤੇ ਚਰਚਾ ਸਰਦਾਰ ਮਲਵਿੰਦਰ ਸਿੰਘ ਮਾਲੀ ਦੀ ਆਲੋਚਨਾ ਦਾ ਇੱਕ ਅਹਿਮ ਹਿੱਸਾ ਸਰਕਾਰੀ ਸੇਵਾਵਾਂ ਦੇ ਕਾਰਪੋਰੇਟੀਕਰਨ 'ਤੇ ਕੇਂਦਰਿਤ ਹੈ। ਉਨ੍ਹਾਂ ਨੇ ਖਾਸ ਤੌਰ 'ਤੇ 'ਆਟਾ-ਦਾਲ' ਸਕੀਮ ਵਿੱਚ ਕੀਤੇ ਬਦਲਾਅ ਨੂੰ ਉਜਾਗਰ ਕੀਤਾ।

ਪਹਿਲਾਂ ਲਾਭਪਾਤਰੀ ਕਣਕ ਪ੍ਰਾਪਤ ਕਰਦੇ ਸਨ ਜਿਸ ਨੂੰ ਉਹ ਸਥਾਨਕ ਚੱਕੀਆਂ ਤੋਂ ਪਿਸਵਾ ਸਕਦੇ ਸਨ, ਜਿਸ ਨਾਲ ਗੁਣਵੱਤਾ ਯਕੀਨੀ ਹੁੰਦੀ ਸੀ ਅਤੇ ਸਥਾਨਕ ਛੋਟੇ ਕਾਰੋਬਾਰਾਂ ਨੂੰ ਸਹਾਰਾ ਮਿਲਦਾ ਸੀ। ਮਾਲੀ ਨੇ ਦਲੀਲ ਦਿੱਤੀ ਕਿ ਸਰਕਾਰ ਨੇ 'ਘਰ-ਘਰ ਰਾਸ਼ਨ' (doorstep delivery) ਦੇ ਨਾਂ 'ਤੇ ਇਹ ਕੰਮ ਵੱਡੀਆਂ ਕਾਰਪੋਰੇਸ਼ਨਾਂ ਅਤੇ ਉਦਯੋਗਿਕ ਫਲੋਰ ਮਿੱਲਾਂ ਨੂੰ ਸੌਂਪ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੈਕਿੰਗ ਅਤੇ ਵੰਡ ਸਮੇਤ ਠੇਕੇ ਬਾਹਰੀ ਕੰਪਨੀਆਂ (ਕੁਝ ਸ਼ੱਕੀ ਰਿਕਾਰਡ ਵਾਲੀਆਂ ਜਾਂ ਦਿੱਲੀ ਨਾਲ ਸਬੰਧਤ) ਨੂੰ ਦਿੱਤੇ ਜਾ ਰਹੇ ਹਨ ਅਤੇ ਮਾਰਕਫੈੱਡ (Markfed) ਵਰਗੀਆਂ ਰਾਜ ਸਹਿਕਾਰੀ ਸੰਸਥਾਵਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।

ਮਾਲੀ ਨੇ ਚਿੰਤਾ ਜ਼ਾਹਰ ਕੀਤੀ ਕਿ ਇਹ ਤਬਦੀਲੀ ਲੋਕਾਂ ਤੋਂ ਆਪਣੇ ਭੋਜਨ ਦੀ ਗੁਣਵੱਤਾ ਯਕੀਨੀ ਬਣਾਉਣ ਦਾ ਅਧਿਕਾਰ ਖੋਹ ਰਹੀ ਹੈ ਅਤੇ ਮੁਨਾਫਾ ਕੁਝ ਕੰਪਨੀਆਂ ਦੇ ਹੱਥਾਂ ਵਿੱਚ ਕੇਂਦਰਿਤ ਕਰ ਰਹੀ ਹੈ, ਜਿਸ ਨਾਲ ਸਥਾਨਕ ਆਰਥਿਕ ਚੱਕਰ ਟੁੱਟ ਰਹੇ ਹਨ।

ਚੋਣਾਂ ਵਿੱਚ 'ਡਰ' ਲੁੱਟ ਅਤੇ ਦਹਿਸ਼ਤ ਦਾ ਮਹੌਲ ਤਰਨ ਤਾਰਨ ਜ਼ਿਮਨੀ ਚੋਣ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਕਰਦਿਆਂ, ਮਾਲੀ ਨੇ ਕਿਸੇ ਵੀ ਪਾਰਟੀ ਲਈ ਸੱਚੇ ਲੋਕ ਫਤਵੇ ਦੇ ਬਿਰਤਾਂਤ ਨੂੰ ਰੱਦ ਕਰ ਦਿੱਤਾ। ਇਸ ਦੀ ਬਜਾਏ, ਉਨ੍ਹਾਂ ਨੇ ਚੋਣਾਂ ਨੂੰ 'ਡਰ' ਦੁਆਰਾ ਸੰਚਾਲਿਤ ਦੱਸਿਆ - ਖਾਸ ਤੌਰ 'ਤੇ ਪੁਲਿਸ, ਗੈਂਗਸਟਰਾਂ ਅਤੇ ਸਥਾਨਕ ਬਾਹੂਬਲੀਆਂ ਦਾ ਡਰ।

ਸਰਦਾਰ ਮਲਵਿੰਦਰ ਸਿੰਘ ਮਾਲੀ ਦੇਖਿਆ ਕਿ ਵੋਟਾਂ ਵਿਚਾਰਧਾਰਕ ਆਧਾਰ 'ਤੇ ਪੈਣ ਦੀ ਬਜਾਏ ਅਕਸਰ ਉਨ੍ਹਾਂ ਖੇਤਰਾਂ ਵਿੱਚ ਇਕੱਠੀਆਂ ਭੁਗਤੀਆਂ ਜਿੱਥੇ ਖਾਸ 'ਦਹਿਸ਼ਤ' ਵਾਲੇ ਤੱਤਾਂ ਜਾਂ ਤਾਕਤਵਰ ਲੋਕਾਂ ਦਾ ਦਬਦਬਾ ਸੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਹ ਰੁਝਾਨ 'ਪੁਲਿਸ ਰਾਜ' ਅਤੇ 'ਗੈਂਗਸਟਰ ਰਾਜ' ਵੱਲ ਇੱਕ ਖਤਰਨਾਕ ਤਬਦੀਲੀ ਦਾ ਸੰਕੇਤ ਹੈ, ਜਿੱਥੇ ਜਮਹੂਰੀ ਪ੍ਰਕਿਰਿਆਵਾਂ ਨੂੰ ਡਰ ਅਤੇ ਪ੍ਰਸ਼ਾਸਕੀ ਮਸ਼ੀਨਰੀ ਦੁਆਰਾ ਪ੍ਰਭਾਵਿਤ ਕੀਤਾ ਜਾਂਦਾ ਹੈ।

2027 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਸਰਦਾਰ ਮਾਲੀ ਦਾ ਨਜ਼ਰੀਆ ਗੰਭੀਰ ਹੈ ਉਨ੍ਹਾਂ ਦਾ ਸੁਝਾਅ ਹੈ ਕਿ ਪੰਜਾਬ ਦੀ ਰਾਜਨੀਤੀ ਹੋਰ ਨਿਘਾਰ ਵੱਲ ਵਧ ਰਹੀ ਹੈ, ਜਿਸ ਵਿੱਚ ਨੈਤਿਕ ਲੀਡਰਸ਼ਿਪ ਦੀ ਘਾਟ ਅਤੇ ਪੈਸੇ ਤੇ ਤਾਕਤ ਦਾ ਬੋਲਬਾਲਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ ਸੂਬੇ ਨੂੰ ਭਾਰੀ ਅਸਥਿਰਤਾ ਅਤੇ ਲੋਕਤੰਤਰੀ ਗਿਰਾਵਟ ਡਰ ਲੁੱਟ ਅਤੇ ਦਹਿਸ਼ਤ ਦੇ ਮਹੌਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦੇ ਦੂਜੇ ਪੜਾਅ ਦੀ ਕੀਤੀ ਸ਼ੁਰੂਆਤ, ਸ਼ਰਧਾਲੂਆਂ ਦੀ ਪਹਿਲੀ ਬੱਸ ਰਵਾਨਾ

ਸੰਗਰੂਰ/ਪਟਿਆਲਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਸੰਗਰੂਰ ਦੇ ਪਿੰਡ ਬੜਦਵਾਲ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸ਼ਰਧਾਲੂਆਂ ਦੇ ਪਹਿਲੇ ਜਥੇ ਵਾਲੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਦੂਜਾ ਪੜਾਅ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤਾ ਗਿਆ ਹੈ।





**ਖਬਰ ਦੇ ਮੁੱਖ ਅੰਸ਼:**

**ਸਕੀਮ ਦਾ ਉਦੇਸ਼:** ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਦਾ ਮਕਸਦ ਸੂਬੇ ਦੇ ਬਜ਼ੁਰਗਾਂ ਅਤੇ ਸ਼ਰਧਾਲੂਆਂ ਨੂੰ ਦੇਸ਼ ਭਰ ਦੇ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ, ਖਾਸਕਰ ਉਨ੍ਹਾਂ ਲੋਕਾਂ ਨੂੰ ਜੋ ਆਰਥਿਕ ਤੰਗੀ ਕਾਰਨ ਯਾਤਰਾ ਕਰਨ ਤੋਂ ਅਸਮਰੱਥ ਹਨ।

**ਸਹੂਲਤਾਂ:** ਇਸ ਸਕੀਮ ਤਹਿਤ ਸ਼ਰਧਾਲੂਆਂ ਲਈ ਸਫਰ, ਰਹਿਣ-ਸਹਿਣ (13 ਹੋਟਲ) ਅਤੇ ਖਾਣ-ਪੀਣ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਚੁੱਕਿਆ ਜਾਵੇਗਾ। ਯਾਤਰੀਆਂ ਦੀ ਸਿਹਤ ਸੁਰੱਖਿਆ ਲਈ ਬੱਸਾਂ ਦੇ ਨਾਲ ਇੱਕ ਮੈਡੀਕਲ ਟੀਮ ਵੀ ਤਾਇਨਾਤ ਰਹੇਗੀ।

**ਪਹਿਲਾ ਜਥਾ:** ਅੱਜ ਰਵਾਨਾ ਹੋਇਆ ਪਹਿਲਾ ਜਥਾ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ ਅਤੇ ਜਲ੍ਹਿਆਂਵਾਲਾ ਬਾਗ ਵਰਗੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰੇਗਾ।

**ਮੁੱਖ ਮੰਤਰੀ ਦਾ ਬਿਆਨ:** ਮੁੱਖ ਮੰਤਰੀ ਮਾਨ ਨੇ ਸ਼ਰਧਾਲੂਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਬਜ਼ੁਰਗਾਂ ਦੀ ਸੇਵਾ ਕਰਨ ਦਾ ਇਹ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ ਅਤੇ ਇਹ ਸਕੀਮ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਇੱਕ ਨਿਮਾਣਾ ਉਪਰਾਲਾ ਹੈ।

**ਚੋਣ ਪ੍ਰਕਿਰਿਆ:** ਇਸ ਯਾਤਰਾ ਲਈ ਸ਼ਰਧਾਲੂਆਂ ਦੀ ਚੋਣ ਪੂਰੀ ਪਾਰਦਰਸ਼ਤਾ ਨਾਲ ਕੀਤੀ ਗਈ ਹੈ। ਹਰ ਹਲਕੇ ਤੋਂ ਲੋੜਵੰਦ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਇਸ ਸਕੀਮ ਦਾ ਲਾਭ ਦਿੱਤਾ ਜਾ ਰਿਹਾ ਹੈ। ਇਸ ਮੌਕੇ ਮੁੱਖ ਮੰਤਰੀ ਨੇ ਬਜ਼ੁਰਗ ਸ਼ਰਧਾਲੂਆਂ ਨਾਲ ਤਸਵੀਰਾਂ ਵੀ ਖਿਚਵਾਈਆਂ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਪੀ.ਆਰ.ਟੀ.ਸੀ. (PRTC) ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਪੰਜਾਬ ਸਰਕਾਰ ਖਿਲਾਫ਼ ਹੜਤਾਲ, ਬੱਸਾਂ ਦਾ ਚੱਕਾ ਜਾਮ ਰਿਹਾ

ਪਟਿਆਲਾ : ਸੋਮਵਾਰ ਨੂੰ ਪਟਿਆਲਾ ਵਿਖੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ਼ ਕੀਤੀ ਗਈ ਹੜਤਾਲ ਦੌਰਾਨ ਬੱਸ ਅੱਡੇ 'ਤੇ ਬੱਸਾਂ ਖੜ੍ਹੀਆਂ ਦਿਖਾਈ ਦਿੱਤੀਆਂ। ਮੁਲਾਜ਼ਮਾਂ ਨੇ ਸਰਕਾਰ ਖਿਲਾਫ਼ ਰੋਸ ਪ੍ਰਗਟ ਕਰਦਿਆਂ ਬੱਸ ਸੇਵਾਵਾਂ ਠੱਪ ਰੱਖੀਆਂ।

ਤਾਜ਼ਾ ਜਾਣਕਾਰੀ ਅਨੁਸਾਰ ਇਸ ਹੜਤਾਲ ਤੋਂ ਬਾਅਦ ਯੂਨੀਅਨ ਆਗੂਆਂ ਦੀ ਟਰਾਂਸਪੋਰਟ ਮੰਤਰੀ ਨਾਲ ਮੀਟਿੰਗ ਤੈਅ ਹੋਣ ਅਤੇ ਮੰਗਾਂ 'ਤੇ ਵਿਚਾਰ ਕਰਨ ਦੇ ਭਰੋਸੇ ਮਗਰੋਂ ਹੜਤਾਲ ਵਾਪਸ ਲੈ ਲਈ ਗਈ ਸੀ।





# ਆਪਣੇ ਵਤਨ ਦਾ ਮੋਹ ਵਿਦੇਸ਼ ਦੀ ਧਰਤੀ ਤੇ ਰਹਿੰਦਿਆਂ ਵੀ ਹਮੇਸ਼ਾਂ ਬਰਕਰਾਰ ਰਹਿੰਦਾ ਹੈ : ਮੇਜਰ ਮੁਨੀਸ਼ ਚੌਹਾਨ

## ਸਰਬਜੀਤ ਸਿੰਘ ਤੇ ਸਿਮਰਜੀਤ ਸਿੰਘ ਮਾਨ ਭਾਰਤੀ ਮੂਲ ਦੇ ਪੰਜਾਬੀ ਹਨ ਤੇ ਇੰਗਲੈਂਡ ਦੀ ਆਰਮੀ ਵਿੱਚ ਬਤੌਰ ਅਫਸਰ ਸੇਵਾਵਾਂ ਦੇ ਰਹੇ ਹਨ



ਮੋਹਾਲੀ, (ਦਲਜੀਤ ਅਜਨੋਹਾ) : ਅਸੀ ਅਕਸਰ ਸੁਣਦੇ ਗੱਲ ਕਰਦੇ ਰਹਿੰਦੇ ਹਾਂ ਕੇ ਬਹੁਤ ਸਾਰੇ ਲੋਕ ਜੋ ਪੰਜਾਬ ਦੇ ਜੰਮ ਪਲ? ਹਨ ਤੇ ਵਿਦੇਸ਼ ਦੀ ਧਰਤੀ ਤੇ ਜਾ ਕੇ ਆਪਣੀ ਰੋਜ਼ੀ ਰੋਟੀ ਕਮਾਉਣ ਵਿੱਚ ਰੁੱਝ ਜਾਂਦੇ ਹਨ ਕੰਮ ਉਨ੍ਹਾਂ ਦਾ ਬੇਸ਼ੱਕ ਅਫਸਰ ਦਾ ਹੋਵੇ, ਬਿਜਨੈਸ ਦਾ ਹੋਵੇ, ਨੌਕਰੀ ਪ੍ਰਾਈਵੇਟ ਜਾ ਸਰਕਾਰੀ ਹੋਵੇ ਉਨ੍ਹਾਂ ਦੀ ਮਸਰੂਫੀਅਤ ਵੱਧ ਜਾਂਦੀ ਹੈ ਤੇ ਕਈ ਵਾਰ ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਹਨ ਕਿ ਉਹ ਆਪਣੇ ਘਰ ਬਾਰ ਤੱਕ ਭੁੱਲ ਜਾਂਦੇ ਹਨ ਪਰ ਦੂਸਰੇ ਪਾਸੇ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੇ ਵੀ ਹੁੰਦੇ ਹਨ ਜੋ ਜਿਨਾਂ ਮਰਜੀ ਮਸਰੂਫ਼ ਹੋਣ ਉਹ ਕੁਝ ਸਮਾਂ ਆਪਣੇ ਵਤਨ ਲਈ ਕੱਢ ਹੀ ਲੈਂਦੇ ਹਨ

ਸੋ ਗੱਲ ਕਰੀਏ ਇਸੇ ਤਰ੍ਹਾਂ ਦੇ ਲੋਕਾਂ ਦੀ ਜਿਨ੍ਹਾਂ ਨਾਲ ਮੈਨੂੰ ਮੋਹਾਲੀ ਚੰਡੀਗੜ ਵਿਖੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਮਿਲਣ ਦਾ ਮੌਕਾ ਮਿਲਿਆ ਸਮਾਂ ਬੇਸ਼ੱਕ ਘੱਟ ਸੀ ਫਿਰ ਵੀ ਜਿੰਨੀ ਉਨ੍ਹਾਂ ਨਾਲ ਗੱਲਬਾਤ ਹੋਈ ਸਭ ਸਾਰਥਕ ਰਹੀ ਜਿਸ ਨੂੰ ਮੈਂ ਸ਼ਬਦਾਂ ਦੇ ਰੂਪ ਵਿਚ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆਂ ਤੋਂ ਛਪਦੇ ਹਫਤਾਵਾਰੀ ਅਖ਼ਬਾਰ ਸਾਡੇ ਲੋਕ ਵਿੱਚ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ

ਜੀ ਹਾਂ ਦੋਸਤੋ ਪਿਛਲੇ ਦਿਨੀਂ ਇੰਗਲੈਂਡ ਦੀ ਆਰਮੀ ਦਾ ਇਕ ਵਫਦ ਇੰਡੀਆ ਹੈਰੀਟੇਜ ਵਿਜਿਟ 2025 ਅਫਸਰ ਮੇਜਰ ਡਾਕਟਰ ਮੁਨੀਸ਼ ਚੌਹਾਨ ਸਰਜਨ ਦੀ ਅਗਵਾਈ ਵਿੱਚ ਭਾਰਤ ਆਇਆ ਜਿਸ ਵਿੱਚ ਆਰਮੀ ਉੱਚ ਅਧਿਕਾਰੀ ਮੇਜਰ ਜਨਰਲ ਜੋਨ ਕੇਂਡਲ , ਲੈਫਟੀਨੈਂਟ ਕਰਨਲ ਐਲਿਸ ਅਰਚਰ, ਮੇਜਰ ਹਿਨਾ ਮਰਜਰੀਆ, ਕੈਪਟਨ ਕਮਲਜੀਤ ਸੰਧੂ, ਸੁਕੈਡਨ ਲੀਡਰ ਮਨਦੀਪ ਕੌਰ ਸਿਮਰਨਜੀਤ ਸਿੰਘ, ਸਰਵਜੀਤ ਸਿੰਘ, ਅਨਿਕੇਤ ਸ਼ਾਹ, ਰੰਜੀਵ ਸਾਂਗਵਾਨ ਜਸਪਿੰਦਰ ਸਿੰਘ ਸ਼ਾਮਿਲ ਸਨ ਇਸ ਵਫਦ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਅਮਰੀਕਾ ਨਿਵਾਸੀ ਡਾਕਟਰ ਗੁਰਿੰਦਰ ਪਾਲ ਸਿੰਘ ਜੋਸਨ ਜਿਹੜੇ ਸਾਰਾਗੜ੍ਹੀ ਫਾਊਂਡੇਸ਼ਨ ਦੇ ਫਾਊਂਡਰ ਪ੍ਰਧਾਨ ਹਨ ਤੇ ਹੁਣ ਤੱਕ ਵੱਖ ਵੱਖ ਭਾਸ਼ਾਵਾਂ ਵਿੱਚ 16 ਕਿਤਾਬਾਂ ਲਿਖੀਆਂ ਹਨ ਤੇ ਵੱਡੀ ਗੱਲ ਇਹ ਕੇ ਉਨ੍ਹਾਂ ਵਲੋਂ ਲਿਖੀ ਕਿਤਾਬ ਤੇ ਵੱਡੇ ਪਰਦੇ ਦੀ ਫਿਲਮ ਕੇਸਰੀ ਬਣੀ ਹੈ ਤੇ ਡਾਕਟਰ ਸਾਹਿਬ ਹਮੇਸ਼ਾ ਆਪਣੇ ਵਤਨ ਤੇ ਪੰਜਾਬ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਇਤਿਹਾਸ ਨੂੰ ਪੂਰੀ ਦੁਨੀਆਂ ਤੱਕ ਪਹੁੰਚਾਉਣ ਲਈ ਯਤਨ ਸ਼ੀਲ ਰਹਿੰਦੇ ਹਨ ਉਨ੍ਹਾਂ ਦੱਸਿਆ ਕੇ ਉਨ੍ਹਾਂ ਦੀ ਇਹ ਇੱਛਾ ਰਹਿੰਦੀ ਕੇ ਜਦੋਂ ਵੀ ਪੰਜਾਬ ਜਾਂ ਫਿਰ ਹੋਰ ਕਿਸੇ ਸੂਬੇ ਦੇਸ਼ ਵਿੱਚ ਕੋਈ ਇਸ ਤਰ੍ਹਾਂ ਦਾ ਕੰਮ ਹੋਵੇ ਉਹ ਇਸ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਣ ਇਸ ਮੌਕੇ ਉਨ੍ਹਾਂ ਨਾਲ ਹੋਈ ਤਕਰੀਬਨ 15 ਮਿੰਟ ਦੀ ਗੱਲਬਾਤ ਵਿਚ ਕਈ ਅਹਿਮ ਮੁੱਦਿਆਂ ਤੇ ਗੱਲਬਾਤ ਹੋਈ ਤੇ ਉਨ੍ਹਾਂ ਆਪਣੇ ਵਲੋਂ ਕੀਤੇ ਕਈ ਯਾਦਗਾਰ , ਤੇ ਇਤਿਹਾਸਕ ਕਾਰਜਾਂ ਵਾਰੇ ਵੀ ਜਾਣਕਾਰੀ ਦਿੱਤੀ

ਇਸ ਮੌਕੇ ਇੰਡੀਆ ਹੈਰੀਟੇਜ ਵਿਜਿਟ 2025 ਦੇ ਅਫਸਰ ਮੇਜਰ ਮੁਨੀਸ਼ ਚੌਹਾਨ ਹੋਰਾਂ ਨਾਲ ਕੀਤੀ ਵਿਸ਼ੇਸ਼ ਗੱਲਬਾਤ ਦੌਰਾਨ ਪਤਾ ਲੱਗਿਆ ਕਿ ਉਨ੍ਹਾਂ ਦੀ ਇਹ ਵਿਜਿਟ 4 ਫੇਜਾਂ ਵਿੱਚ ਸੀ ਜਿਸ ਦੇ ਤਹਿਤ ਉਹ ਪਹਿਲਾਂ ਪੰਜਾਬ ਆਏ ਉਨ੍ਹਾਂ ਦੱਸਿਆ ਕੇ ਇਹ ਵੱਖ ਵੱਖ ਧਾਰਮਿਕ ਸਥਾਨਾਂ ਤੇ ਗਏ ਜਿੱਥੇ ਉਨ੍ਹਾਂ ਨੂੰ ਪੂਰਾ ਸਤਿਕਾਰ ਮਿਲਿਆ ਤੇ ਨਾਲ ਨਾਲ ਕਈ ਅਹਿਮ ਜਾਣਕਾਰੀ ਵੀ ਮਿਲੀ ਨਾਲ ਹੀ ਉਹ ਕਈ ਇਤਿਹਾਸਕ ਥਾਵਾਂ ਤੇ ਗਏ ਜਿਨ੍ਹਾਂ ਦਾ ਇਤਿਹਾਸ ਜਾਣਿਆ ਉਨ੍ਹਾਂ ਵਿਸ਼ੇਸ਼ ਤੌਰ 'ਤੇ ਦੱਸਿਆ ਕੇ ਪੰਜਾਬ ਆਉਣ ਉਨ੍ਹਾਂ ਦੀ ਕਵਰੇਜ ਹੋਣ ਤੇ ਚੰਡੀਗੜ੍ਹ ਦੇ ਇਕ ਪਰਿਵਾਰ ਜੋ ਕੇ ਦੂਸਰੀ ਵਿਸ਼ਵ ਯੁੱਧ ਵਿਚ ਸ਼ਹੀਦ ਹੋਏ ਸ਼ਹੀਦਾਂ ਦੇ ਪਰਿਵਾਰਿਕ ਮੈਂਬਰ ਸਨ ਇਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਮੋਹਾਲੀ ਵਿਖੇ ਸਹਾਇਕ ਐਡਵੋਕੇਟ ਜਨਰਲ ਸੀ ਐਲ ਪਵਾਰ ਹੋਰਾਂ ਦੇ ਗ੍ਰਹਿ ਵਿਖੇ ਆਪਣੇ ਬਜੁਰਗਾਂ ਨੂੰ ਬਹਾਦਰੀ ਤੇ ਸ਼ਹੀਦੀ ਉਪਰੰਤ ਮਿਲੇ ਮੈਡਲ ਤੇ ਉਨ੍ਹਾਂ ਕਾਗਜਾਤ ਲੈਅ ਕੇ ਮਿਲਣ ਆਏ ਤੇ ਜਿਥੇ ਉਨ੍ਹਾਂ ਨੇ ਆਪਣੇ ਪਰਿਵਾਰਿਕ ਸ਼ਹੀਦਾਂ ਵਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਉਥੇ ਉਨ੍ਹਾਂ ਇੰਗਲੈਂਡ ਦੀ ਆਰਮੀ ਦੇ ਇਸ ਵਫਦ ਦੇ ਸਮੂਹ ਪ੍ਰਤੀਨਿਧਾਂ ਨੂੰ ਮਿਲ ਕੇ ਖੁਸ਼ੀ ਦਾ ਇਜ਼ਹਾਰ ਵੀ ਕੀਤਾ ਇਸ ਮੌਕੇ ਮੇਜਰ ਮੁਨੀਸ਼ ਚੌਹਾਨ ਹੋਰਾਂ ਵਲੋਂ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੇ ਪਰਿਵਾਰ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਸ਼ਹੀਦ ਹੀ ਕੌਮ ਦਾ ਸਰਮਾਇਆ ਹੁੰਦੇ ਹਨ ਇਸ ਮੌਕੇ ਉਨ੍ਹਾਂ ਨੂੰ ਬ੍ਰਿਟਿਸ਼ ਆਰਮੀ ਇੰਡੀਅਨ ਹੈਰੀਟੇਜ ਵਿਜਿਟ 2025 ਅੰਕਿਤ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਵਫਦ ਵਿੱਚ ਸਰਵਜੀਤ ਸਿੰਘ ਤੇ ਸਿਮਰਜੀਤ ਸਿੰਘ ਅਫਸਰ ਸ਼ਾਮਿਲ ਸਨ ਜਿਨ੍ਹਾਂ ਨਾਲ ਗੱਲਬਾਤ ਕੀਤੀ ਉਨ੍ਹਾਂ ਦੱਸਿਆ ਕੇ ਉਹ ਪੰਜਾਬ ਦੇ ਜੰਮ ਪਲ ਹਨ ਪਰ ਬਹੁਤ ਸਾਲ ਪਹਿਲਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਇੰਗਲੈਂਡ ਗਏ ਸਨ ਜਿੱਥੇ ਉਨ੍ਹਾਂ ਦੀ ਮੁੱਢਲੀ ਪੜ੍ਹਾਈ ਹੋਈ ਤੇ ਉੱਚ ਵਿੱਦਿਆ ਪ੍ਰਾਪਤ ਕਰਨ ਉਪਰੰਤ ਉਹ ਇੰਗਲੈਂਡ ਦੀ ਆਰਮੀ ਵਿੱਚ ਭਰਤੀ ਹੋ ਗਏ ਤੇ ਇਸੇ ਦੌਰਾਨ ਉਹ ਪਹਿਲੇ ਪੰਜਾਬੀ ਸਿੱਖ ਹਨ ਜਿਨ੍ਹਾਂ ਨੇ ਇੰਗਲੈਂਡ ਦੀ ਮਹਾਰਾਣੀ ਦੇ ਅੰਗ ਰੱਖਿਅਕ ਵਜੋਂ ਆਪਣੀਆ ਸੇਵਾਵਾਂ ਦਿੱਤੀਆਂ ਜਿਸ ਲਈ ਉਨ੍ਹਾਂ ਨੂੰ ਵਿਸ਼ੇਸ਼ ਸਿਖਲਾਈ ਵੀ ਲੈਣੀ ਪਈ ਸੀ ਉਨਾਂ ਦੱਸਿਆ ਕਿ ਜਦੋਂ ਦੇ ਓਹ ਪੰਜਾਬ ਆਏ ਹਨ ਜਿੱਥੇ ਵੀ ਉਹ ਜਾਂਦੇ ਹਨ ਉਥੇ ਉਨ੍ਹਾਂ ਨੂੰ ਬਹੁਤ ਸਤਿਕਾਰ ਮਿਲਦਾ ਹੈ ਉਨ੍ਹਾਂ ਦੱਸਿਆ ਕੇ ਪੰਜਾਬ ਦੀ ਅਵਾਮ ਦਾ ਇਹ ਪਿਆਰ ਉਨ੍ਹਾਂ ਲਈ ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਉਨ੍ਹਾ ਨੂੰ ਪੂਰੀ ਉਮਰ ਯਾਦ ਰਹੇਗੀ

ਇਸ ਵਫਦ ਦੇ ਸਮੂਹ ਪ੍ਰਤੀਨਿਧਾਂ ਨੂੰ ਸਹਾਇਕ ਐਡਵੋਕੇਟ ਜਨਰਲ ਸੀ ਐਲ ਪਵਾਰ ਹੋਰਾਂ ਦੇ ਪਰਿਵਾਰ ਵਲੋਂ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਵਿਸ਼ੇਸ਼ ਤੌਰ ਤੇ ਇਸ ਵਫਦ ਨੂੰ ਜੀ ਆਇਆਂ ਕਹਿਣ ਲਈ ਮੋਹਾਲੀ ਤੋਂ ਛਪਦੇ ਹਿੰਦੀ ਪੰਜਾਬੀ ਰੋਜ਼ਾਨਾ ਅਖਵਾਰ ਦੇ ਐਮ ਡੀ ਸੁਰਿੰਦਰ ਪਾਲ ਸਿੰਘ ਝੱਲ, ਦਵਿੰਦਰ ਸਿੰਘ ਐਡੀਟਰ ਇਨ ਚੀਫ ਸ਼ਾਮਿਲ ਹੋਏ ਵਫਦ ਦੇ ਅਧਿਕਾਰੀਆਂ ਵਲੋਂ ਇਨ੍ਹਾਂ ਦਾ ਵੀ ਸਨਮਾਨ ਕੀਤਾ ਗਿਆ

ਕੁੱਲ ਮਿਲਾ ਕੇ ਗੱਲ ਕਰੀਏ ਤਾਂ ਇਸ ਵਫਦ ਨਾਲ ਮਿਲ ਕੇ ਬਹੁਤ ਕੁਝ ਜਾਣਕਾਰੀ ਮਿਲੀ ਬੇਸ਼ਕ ਮੈਨੂੰ ਮੋਹਾਲੀ ਚੰਡੀਗੜ ਜਾਣਾ ਪਿਆ ਪਰ ਉਨ੍ਹਾਂ ਦਾ ਇੰਗਲੈਂਡ ਤੋਂ ਪਹਿਲਾਂ ਹੀ ਸਰਕਾਰੀ ਤੌਰ ਤੇ ਬਣੇ ਪ੍ਰੋਗਰਾਮ ਵਿੱਚ ਸਾਨੂੰ ਸਮਾਂ ਮਿਲਣਾ ਮਾਣ ਵਾਲੀ ਗੱਲ ਸੀ

# ਸਰਕਾਰੀ ਪ੍ਰਾਇਮਰੀ ਸਕੂਲ ਅਜਨੋਹਾ 'ਚ ਆਸਟ੍ਰੇਲੀਆ ਵਾਸੀ ਪੈਂਥੀ ਚੈਰੀ ਦਾ ਸਨਮਾਨ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਅਜਨੋਹਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਆਸਟ੍ਰੇਲੀਆ ਨਿਵਾਸੀ ਪੈਂਥੀ ਚੈਰੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਆਸਟ੍ਰੇਲੀਆ 'ਚ ਰਹਿੰਦੇ ਹਰਕੀਰਤ ਸਿੰਘ ਦੇ ਪਰਿਵਾਰ ਵੱਲੋਂ ਸਕੂਲ ਵਿੱਚ ਬਣ ਰਹੇ ਨਵੇਂ ਕਮਰੇ ਲਈ 40 ਬੋਰੀ ਸੀਮੈਂਟ ਦਾਨ ਦਿੱਤਾ ਗਿਆ। ਪੈਂਥੀ ਚੈਰੀ ਨੇ ਵਿਦਿਆਰਥੀਆਂ ਨਾਲ ਮਿਲਕੇ ਪ੍ਰਗਟਾਈ ਖੁਸ਼ੀ : ਆਸਟ੍ਰੇਲੀਆ ਦੀ ਰਹਿਣ ਵਾਲੀ ਪੈਂਥੀ ਚੈਰੀ, ਜੋ ਉਥੇ ਆਰਟ ਦੀ ਅਧਿਆਪਕਾ ਹੈ, ਨੇ ਸਕੂਲ ਦਾ ਦੌਰਾ ਕੀਤਾ ਅਤੇ ਬੱਚਿਆਂ ਨਾਲ ਸਮਾਂ ਬਿਤਾਇਆ। ਉਸਨੇ ਕਿਹਾ ਕਿ ਅਜਨੋਹਾ ਸਕੂਲ ਦੇ ਨੰਨੇ-ਮੁੰਨੇ ਵਿਦਿਆਰਥੀਆਂ ਨਾਲ ਮਿਲਣਾ ਉਸ ਲਈ ਬਹੁਤ ਖੁਸ਼ੀ ਦਾ ਮੌਕਾ ਹੈ। ਚੈਰੀ ਨੇ ਕਿਹਾ ਕਿ ਉਸ ਦੀਆਂ ਪੇਂਟਿੰਗਾਂ ਦੁਨੀਆ ਭਰ ਵਿੱਚ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ ਅਤੇ ਅਜਿਹੇ ਸਿੱਖਿਆ ਨਾਲ ਜੁੜੇ ਪਿੰਡਾਂ ਦੀ ਯਾਤਰਾ ਕਰਨਾ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਸਨੇ ਕਿਹਾ ਕਿ ਸਕੂਲ ਵੱਲੋਂ ਜੋ ਸਨਮਾਨ ਦਿੱਤਾ ਗਿਆ ਹੈ, ਉਸਦੀ ਉਹ ਸਦਾ ਆਭਾਰੀ ਰਹੇਗੀ ਅਤੇ ਭਵਿੱਖ ਵਿੱਚ ਜਦੋਂ ਵੀ ਭਾਰਤ ਆਵੇਗੀ, ਇੱਥੇ ਜ਼ਰੂਰ ਦੌਰਾ ਕਰੇਗੀ।






ਪਿੰਡ ਅਜਨੋਹਾ ਦੇ ਰਹਿਣ ਵਾਲੇ ਹਰਕੀਰਤ ਸਿੰਘ, ਜੋ ਪਹਿਲਾਂ ਆਸਟ੍ਰੇਲੀਆ ਵਿੱਚ ਜੇਲਰ ਦੇ ਅਹੁਦੇ 'ਤੇ ਕੰਮ ਕਰਦੇ ਸਨ, ਨੇ ਆਪਣੀ ਨੌਕਰੀ ਛੱਡ ਕੇ ਉੱਥੇ ਦੀ ਰਾਜਨੀਤੀ ਵਿੱਚ ਦਾਖਲਾ ਲੈ ਲਿਆ ਸੀ। ਉਨ੍ਹਾਂ ਨੇ ਉਥੇ ਆਪਣੀ ਮਿਹਨਤ ਨਾਲ ਵਧੀਆ ਮੁਕਾਮ ਹਾਸਲ ਕੀਤਾ ਅਤੇ ਹਾਲ ਹੀ ਦਿਨਾਂ 'ਚ ਇੱਕ ਆਸਟ੍ਰੇਲੀਆਈ ਵਫ਼ਦ ਨਾਲ ਕਿਸੇ ਅੰਤਰਰਾਸ਼ਟਰੀ ਮੀਟਿੰਗ ਵਿੱਚ ਸ਼ਿਰਕਤ ਕਰਨ ਲਈ ਭਾਰਤ ਆਏ। ਮੀਟਿੰਗ ਤੋਂ ਬਾਅਦ ਉਹ ਆਪਣੇ ਪਿੰਡ ਅਜਨੋਹਾ ਪਹੁੰਚੇ ਜਿੱਥੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਹਰਕੀਰਤ ਸਿੰਘ ਦੇ ਮਾਤਾ-ਪਿਤਾ ਮੈਡਮ ਜਸਵਿੰਦਰ ਕੌਰ ਅਤੇ ਸੇਵਾ ਮੁਕਤ ਐਸ.ਡੀ.ਓ. ਸੰਤੋਖ ਸਿੰਘ ਵੱਲੋਂ ਸਕੂਲ ਵਿੱਚ ਬਣ ਰਹੇ ਨਵੇਂ ਕਮਰੇ ਲਈ 40 ਬੋਰੀ ਸੀਮੈਂਟ ਦਾਨ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਅਗਲੇ ਸਮੇਂ ਵਿਚ ਵੀ ਉਹ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਯਤਨ ਕਰਦੇ ਰਹਿਣਗੇ। ਇਸ ਸਮਾਗਮ ਦੌਰਾਨ ਮੈਡਮ ਜਸਵਿੰਦਰ ਕੌਰ, ਸੇਵਾ ਮੁਕਤ ਐਸ.ਡੀ.ਓ. ਸੰਤੋਖ ਸਿੰਘ, ਮੈਡਮ ਦਰਸ਼ਨ ਕੌਰ, ਪ੍ਰਿੰਸੀਪਲ ਹਰਭਜਨ ਸਿੰਘ (ਪੈਨਸ਼ਨਰ ਨੇਤਾ), ਮੈਡਮ ਕੁਲਦੀਪ ਕੌਰ, ਨਰਿੰਦਰ ਸਿੰਘ, ਸੁਰਿੰਦਰ ਸਿੰਘ, ਕਮਲਜੀਤ ਸਿੰਘ, ਧਰਮਵੀਰ, ਲਕਸ਼ਮੀ ਦੇਵੀ, ਸੁਰਜੀਤ ਕੌਰ, ਪਰਮਜੀਤ ਕੌਰ, ਸ਼੍ਰੀਮਤੀ ਨੇਹਾ ਅਤੇ ਪਵਨ ਕੌਰ ਹਾਜ਼ਰ ਸਨ।

# ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਚੇਅਰਮੈਨ ਨੇ ਪੋਸ਼ਣ, ਖ਼ੁਰਾਕ ਸੁਰੱਖਿਆ ਅਤੇ ਭਲਾਈ ਸਕੀਮਾਂ ਦੀ ਕੀਤੀ ਸਮੀਖਿਆ

## ਵੱਖ-ਵੱਖ ਵਿਭਾਗਾਂ ਨਾਲ ਕੀਤੀ ਮੀਟਿੰਗ, ਸਕੀਮਾਂ ਦੀ ਗੁਣਵੱਤਾ ਅਤੇ ਨਿਗਰਾਨੀ 'ਤੇ ਦਿੱਤਾ ਵਿਸ਼ੇਸ਼ ਜ਼ੋਰ




ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਸਰਕਾਰ ਦੀਆਂ ਖ਼ੁਰਾਕ, ਪੋਸ਼ਣ ਅਤੇ ਸਮਾਜ ਭਲਾਈ ਸਕੀਮਾਂ ਨੂੰ ਲਾਗੂ ਕਰਨ ਨੂੰ ਮਜ਼ਬੂਤ ਕਰਨਾ ਸੀ। ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਅਤੇ ਐਨ.ਆਰ.ਆਈ ਅਤੇ ਸਮਾਜ ਸੇਵਕ ਭੁਪਿੰਦਰ ਸਿੰਘ ਹੁੰਦਲ ਵੀ ਮੌਜੂਦ ਸਨ।

ਮੀਟਿੰਗ ਵਿਚ ਸਮਾਜ ਭਲਾਈ ਸਕੀਮਾਂ, ਮਿਡ-ਡੇਅ-ਮੀਲ, ਪੋਸ਼ਣ ਬਾਗ, ਮੁੱਢਲੀ ਸਫਾਈ, ਸਕੂਲ ਸਿਹਤ ਪ੍ਰੋਗਰਾਮ, ਭੋਜਨ ਸੁਰੱਖਿਆ ਅਤੇ ਪੋਸ਼ਣ ਸੁਰੱਖਿਆ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ।

ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਸਕੀਮਾਂ ਦੇ ਅਸਲ ਲਾਭ ਵਿਭਾਗਾਂ ਵਿਚਕਾਰ ਮਜ਼ਬੂਤ ਤਾਲਮੇਲ ਅਤੇ ਨਿਗਰਾਨੀ ਰਾਹੀਂ ਹੀ ਸੰਭਵ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮਿਡ-ਡੇਅ-ਮੀਲ ਦੀ ਗੁਣਵੱਤਾ ਵਿਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਬੱਚਿਆਂ ਨੂੰ ਪੌਸ਼ਟਿਕ ਅਤੇ ਸਾਫ਼-ਸੁਥਰਾ ਭੋਜਨ ਮਿਲਣਾ ਯਕੀਨੀ ਬਣਾਉਣ ਲਈ ਅਨਾਜ ਦੀ ਉਪਲਬੱਧਤਾ, ਸਟੋਰੇਜ ਅਤੇ ਵੰਡ ਦੀ ਨਿਯਮਿਤ ਨਿਗਰਾਨੀ ਜ਼ਰੂਰੀ ਹੈ। ਉਨ੍ਹਾਂ ਨੇ ਸਥਾਨਕ ਤੌਰ 'ਤੇ ਉਗਾਈਆਂ ਗਈਆਂ ਤਾਜ਼ੀਆਂ ਸਬਜ਼ੀਆਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਅਤੇ ਆਂਗਨਵਾੜੀਆਂ ਵਿਚ ਪੋਸ਼ਣ ਬਾਗਾਂ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਜੰਗਲਾਤ ਵਿਭਾਗ ਅਤੇ ਬਾਗਬਾਨੀ ਵਿਭਾਗ ਨੂੰ ਸਕੂਲਾਂ ਵਿਚ ਫਲ ਅਤੇ ਔਸ਼ਧੀ ਪੌਦੇ ਲਗਾਉਣ ਲਈ ਵਿਭਾਗ ਨਾਲ ਸਹਿਯੋਗ ਕਰਨ ਦੇ ਨਿਰਦੇਸ਼ ਵੀ ਦਿੱਤੇ।

ਬਾਲ ਮੁਕੰਦ ਸ਼ਰਮਾ ਨੇ ਸਕੂਲ ਸਿਹਤ ਪ੍ਰੋਗਰਾਮਾਂ ਅਤੇ ਬੁਨਿਆਦੀ ਸਫ਼ਾਈ ਅਭਿਆਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਬੱਚਿਆਂ ਦੀ ਸਿਹਤ, ਸਫ਼ਾਈ ਅਤੇ ਪੋਸ਼ਣ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਵਿਭਾਗਾਂ ਨੂੰ ਸਕੂਲਾਂ ਵਿਚ ਸਾਫ਼ ਪੀਣ ਵਾਲੇ ਪਾਣੀ, ਸਾਫ਼ ਪਖ਼ਾਨੇ, ਨਿਯਮਿਤ ਸਿਹਤ ਜਾਂਚ ਅਤੇ ਪੋਸ਼ਣ ਜਾਗਰੂਕਤਾ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਪ੍ਰੋਗਰਾਮਾਂ ਦੀ ਅਸਲ ਸਥਿਤੀ ਦਾ ਮੁਲਾਂਕਣ ਕਰਨ ਅਤੇ ਲੋੜੀਂਦੇ ਸੁਧਾਰ ਕਰਨ ਲਈ ਭੋਜਨ ਸੁਰੱਖਿਆ ਅਤੇ ਪੋਸ਼ਣ ਸੁਰੱਖਿਆ ਨਾਲ ਸਬੰਧਤ ਡੈਟਾ ਦੇ ਸਹੀ ਅਤੇ ਸਮੇਂ ਸਿਰ ਅੱਪਡੇਟ ਜ਼ਰੂਰੀ ਹਨ।

ਬਾਲ ਮੁਕੰਦ ਸ਼ਰਮਾ ਨੇ ਸਾਰੇ ਵਿਭਾਗਾਂ ਨੂੰ ਇਕ ਮਜ਼ਬੂਤ ਕਾਰਜ ਯੋਜਨਾ ਵਿਕਸਿਤ ਕਰਨ ਲਈ ਮਿਲ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਸਰਕਾਰੀ ਯੋਜਨਾਵਾਂ ਦੇ ਲਾਭ ਹਰੇਕ ਯੋਗ ਵਿਅਕਤੀ ਤੱਕ ਪਹੁੰਚ ਸਕਣ। ਉਨ੍ਹਾਂ ਭਰੋਸਾ ਦਿੱਤਾ ਕਿ ਫੂਡ ਕਮਿਸ਼ਨ ਯੋਜਨਾਵਾਂ ਦੀ ਨਿਰੰਤਰ ਨਿਗਰਾਨੀ ਕਰੇਗਾ ਅਤੇ ਕਿਸੇ ਵੀ ਸ਼ਿਕਾਇਤ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ।

ਇਸ ਮੌਕੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੰਦੀਪ ਸਿੰਘ, ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਪ੍ਰੀਤ ਕਮਲ ਸੂਦ, ਸਕੱਤਰ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।



## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ ’ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)


ਨਾਵਲ ਵਿਚ ਪੇਸ਼ ਹਰਪਾਲ ਤੇ ਨੀਲੂ ਦਾ ਇਹ ਪ੍ਰਣ ਵਿਸ਼ੇਸ਼ ਰੂਪ ਵਿਚ ਇਹਨਾਂ ਨਾਵਲਾਂ ਨੂੰ ਨਕਸਲਵਾਦੀ ਲਹਿਰ ਨਾਲ ਜੁੜੇ ਨਾਵਲਾਂ ਤੋਂ ਵਿੱਥ ‘ਤੇ ਲਿਆਕੇ ਖੜ੍ਹਾ ਕਰ ਦਿੰਦਾ ਹੈ:

“ਦੁਨੀਆ ਭਰ ਦੇ ਕ੍ਰਾਂਤੀਕਾਰੀ ਸ਼ਹੀਦਾ ਦੀ ਕਸਮ ਖਾ ਕੇ ਅਸੀਂ ਪ੍ਰਣ ਕਰਦੇ ਹਾਂ ਕਿ ਅਸੀਂ ਉਮਰ ਭਰ ਕਰਾਂਤੀ ਦੀ ਮਿਸ਼ਾਲ ਜਲਾਈ ਰੱਖਾਂਗੇ.... ਅਸੀਂ ਜਿਸ ਵੀ ਜਗ੍ਹਾ, ਜਿਸ ਵੀ ਸਥਿਤੀ ਵਿਚ ਹੋਵਾਂਗੇ ਮਿਹਨਤਕਸ਼ ਲੋਕਾਂ ਦੀ ਮੁਕਤੀ ਦੇ ਲਈ ਚਲ ਰਹੇ ਅੰਦੋਲਨ ਵਿੱਚ ਆਪਣਾ ਹਿੱਸਾ ਪਾਉਂਦੇ ਰਹਾਂਗੇ।”

(ਪ੍ਰੋ. ਹਰਭਜਨ ਸਿੰਘ, ਜੋ ਹਾਰੇ ਨਹੀਂ, ਪੰਨਾ 447 )

ਇਸ ਤਰ੍ਹਾਂ, ਇਹਨਾਂ ਨਾਵਲਾਂ ਦਾ ਬਿਰਤਾਂਤ ਨਕਸਲਵਾੜੀ ਲਹਿਰ ਦੇ ਆਰ-ਪਾਰ ਫ਼ੈਲਦੇ ਹੋਏ, ਉਸਦੇ ਰਵਾਇਤੀ ਘੇਰਿਆਂ ਨੂੰ ਪਾਰ ਕਰਕੇ ਉਹਨਾਂ ਤੋਂ ਬਾਹਰ ਜਾਣ ਦੀ ਅਭਿਲਾਸ਼ਾ ਨੂੰ ਵੀ ਆਪਣਾ ਹਿੱਸਾ ਬਣਾਉਂਦਾ ਹੈ। ਭਾਵੇਂ ਨਾਵਲੀ ਬਿਰਤਾਂਤ ਵਿਚ ਉਪਰੋਕਤ ਪ੍ਰਣ ਦਾ ਸੱਚ ਸੰਕੇਤ ਰੂਪ ਵਿਚ ਪੇਸ਼ ਹੁੰਦਾ ਹੈ, ਪਰ ਇਸ ਸੰਕੇਤ ਦੇ ਅਰਥ ਵਡੇਰੇ ਹਨ ਜੋ ਪ੍ਰੋ. ਹਰਭਜਨ ਸਿੰਘ ਦੀਆਂ ਪਿਛਲੇਰੀਆਂ ਲਿਖਤਾਂ ਦਾ ਹਿੱਸਾ ਵੀ ਬਣਦੇ ਹਨ। ਹੁਣ ਜਦੋਂ ਅਸੀਂ ਉਸਦੀਆਂ ਕਵਿਤਾਵਾਂ ‘ਐ ਜੰਕੀ ਬੁੱਧੀਜੀਵ!’, ‘ਇਕ ਚਿੱਠੀ ਆਪਣੇ ਅਤੀਤ ਦੇ ਨਾਂ’ ਅਤੇ ‘ਮੈਂ ਮੁਖਾਤਿਬ ਹਾਂ’ ਅਤੇ ਕਹਾਣੀਆਂ ‘ਉਹ ਬੰਦਾ’, ‘ਕ੍ਰਾਂਤੀ ਗੀਤ’, ‘ਰੂਹ ‘ਤੇ ਉਕਰੇ ਚਿੱਤਰ’ ਅਤੇ ਕਾਲਾ ਨਾਚ’ ਆਦਿ ਨੂੰ ਪੜ੍ਹਦੇ ਹਾਂ ਤਾਂ ਉਪਰੋਕਤ ਸੰਕੇਤਕੀ ਸੱਚ ਦੇ ਅਰਥ ਹੋਰ ਸਪੱਸ਼ਟ ਰੂਪ ਵਿੱਚ ਉਜਾਗਰ ਹੋ ਜਾਂਦੇ ਹਨ।

ਉਸਦਾ ਚੌਥਾ ਨਾਵਲ ‘ਸਿਵਿਆਂ ਦੀ ਅੱਗ ਦਾ ਸੇਕ’ ਪੰਜਾਬੀ ਬੰਦੇ ਦੇ ਮੂਲਵਾਸੀ ਤੇ ਪਰਵਾਸੀ ਜੀਵਨ ਸੰਦਰਭ ਦੀ ਬਿਰਤਾਂਤਕ ਪੇਸ਼ਕਾਰੀ ਨਾਲ ਜੁੜਿਆ ਹੋਇਆ ਹੈ। ਇਸੇ ਕਰਕੇ, ਇਹ ਦੇਸ-ਕਾਲ ਦੀ ਰਵਾਇਤੀ ਹੱਦ-ਬੰਦੀ ਨੂੰ ਪਾਰ ਕਰਦਾ ਹੋਇਆ ਇਕੋ ਵੇਲੇ, ਮੂਲਵਾਸ ਤੇ ਪਰਵਾਸ, ਆਵਾਸ ਤੇ ਡਾਇਸਪੋਰਾ ਅਤੇ ਸਭਿਆਚਾਰ ਤੇ ਪਾਰ-ਸਭਿਆਚਾਰ ਆਦਿ ਵਰਤਾਰਿਆਂ ਦੀ ਮੁਸੱਲਸਲ ਗ਼ਰਦਸ਼ ਕਰਦਾ ਰਹਿੰਦਾ ਹੈ। ਜ਼ਾਹਿਰ ਹੈ ਕਿ ਇਹ ਪ੍ਰਵਿਰਤੀ ਪਰਵਾਸੀ ਪੰਜਾਬੀ ਨਾਵਲ ਦੀ ਸਰਵ ਪ੍ਰਵਾਨਿਤ ਪ੍ਰਵਿਰਤੀ ਨਹੀਂ ਹੈ। ਇਸੇ ਵਾਸਤੇ, ਇਹ ਨਾਵਲ ਆਪਣੇ ਬਿਰਤਾਂਤ ਨੂੰ ਦੇਸ-ਕਾਲ ਦੇ ਸੱਚਾਂ ਉਤੇ ਕੇਂਦਰਤ ਕਰਨ ਤੋਂ ਵੱਧ ਉਹਨਾਂ ਨੂੰ ਸਮੁੱਚੀਆਂ ਮਾਨਵੀ ਸਥਿਤੀਆਂ ਤੇ ਸਰੋਕਾਰਾਂ ਤੱਕ ਵਿਸਤਾਰਨ ਦੀ ਜੁਸਤਜੂ ਦੇ ਰਾਹੇ ਤੋਰਦਾ ਹੈ। ਇਸੇ ਵਾਸਤੇ, ਜਿਥੇ ਉਸਦੇ ਪਹਿਲੇ ਤਿੰਨ ਨਾਵਲ ਆਪਣੇ ਆਪ ਨੂੰ ਇਤਿਹਾਸਕ ਨਾਵਲ ਦੀਆਂ ਸੀਮਾਵਾਂ ਤੋਂ ਬਾਹਰ ਕੱਢਣ ਦੇ ਅਭਿਆਸ ਵਿੱਚ ਸਰਗਰਮ ਹਨ ਉਥੇ ਚੌਥਾ ਨਾਵਲ ਪਰਵਾਸੀ ਪੰਜਾਬੀ ਨਾਵਲ ਦੇ ਰੂਪਾਕਾਰਕ ਦਾਇਰੇ ਤੋਂ ਬਾਹਰ ਜਾਣ ਲਈ ਮੁਨਤਜ਼ਰ ਦਿਖਾਈ ਦਿੰਦਾ ਹੈ।



ਦੂਜੇ ਸ਼ਬਦਾਂ ਵਿਚ ਇਹ ਕੋਸ਼ਿਸ਼ ਕਿਸੇ ਇਕ ਵਿਧਾ ਦੀ ਖੜੋਤ ਤੋਂ ਮੁਕਤ ਹੋਣ ਅਤੇ ਹੋਰ ਵਿਧਾਵਾਂ ਦਾ ਸੰਗਮ ਵਿਚ ਪ੍ਰਵੇਸ਼ ਕਰਨ ਦੀ ਮੰਨੀ ਜਾ ਸਕਦੀ ਹੈ।

ਵਿਧਾਵਾਂ ਦੇ ਸੰਗਮ ਵਿਚ ਪ੍ਰਵੇਸ਼ਕਾਰੀ ਦੀ ਇਸੇ ਅਭਿਲਾਸ਼ਾ ਦਾ ਅਗਲਾ ਪ੍ਰਮਾਣ ਉਸਦਾ ਸੰਖਿਪਤ ਜੀਵਨ ਬਿਰਤਾਂਤ(ਡਾਇਰੀ ਦੇ ਪੰਨੇ) ‘ਸੁਰਖ਼ ਰਾਹਾਂ ਦੀਆਂ ਸਿਮਰਤੀਆਂ’ ਦੇ ਲਗਭਗ ਸਾਢੇ ਚੌਦਾਂ ਸਾਲਾਂ ਦੇ ਅਰਸੇ ਉਪਰ ਫ਼ੈਲੇ 124 ਨਿਬੰਧਾਂ/ਸਿਮਰਤੀਆਂ/ ਡਾਇਰੀ ਦੇ ਪੰਨਿਆਂ ਜਾਂ ‘ਕੁਝ ਹੋਰ’ ਬਣਦੇ ਹਨ। ਹਾਲਾਂਕਿ, ਉਸਨੇ ਜੀਵਨੀ, ਯਾਦ ਅਤੇ ਨਿਬੰਧ ਵੀ ਲਿਖੇ ਹਨ ਪਰ ਪੁਸਤਕ ‘ਸੁਰਖ਼ ਰਾਹਾਂ ਦੀਆਂ ਸਿਮਰਤੀਆਂ’ ਦੇ ਵਰਤਮਾਨ ਪ੍ਰਸੰਗ ਵਿੱਚ ਇਸ ਕਿਤਾਬ ਦੇ ਆਰੰਭ ਵਾਲੇ ‘ਦੋ ਸ਼ਬਦ’ ਵਿੱਚਲਾ ਇਹ ਕਥਨ ਵਿਸ਼ੇਸ਼ ਮਹੱਤਵ ਰੱਖਦਾ ਹੈ:

‘ਡਾਇਰੀ ਦੇ ਇਹ ਪੰਨੇ ਮੇਰੇ ਸਮਗਰਾਮੀ ਜੀਵਨ ਦੀਆਂ ਸਿਮਰਤੀਆਂ ਤੇ ਪਰਵਾਸੀ ਜੀਵਨ ਦੀਆਂ ਅਨੁਭੂਤੀਆਂ ਵਿਚੋਂ ਉਪਜੇ ਵਿਗਸੇ ਹਨ।

(ਚਲਦਾ)

# ਗੁਰੂ ਤੇਗ ਬਹਾਦਰ ਜੀ ਦਾ ਨਿਰਭਉ ਤੇ ਨਿਰਵੈਰ ਸਮਾਜ ਦਾ ਸੰਕਲਪ

ਡਾ. ਅਰਵਿੰਦਰ ਸਿੰਘ ਭੱਲਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਇਲਾਹੀ ਬਾਣੀ ਅਤੇ ਸਰਬਵਿਆਪੀ ਸਿੱਖਿਆਵਾਂ ਦਾ ਮੁਤਾਲਿਆ ਕਰਦੇ ਹੋਏ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖੀ ਏਕਤਾ, ਇਕ-ਦੂਜੇ ਦਾ ਸਤਿਕਾਰ, ਭਾਈਚਾਰਕ ਸਾਂਝ, ਆਪਸੀ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ ਅਤੇ ਪਰਸਪਰ ਸਹਿਯੋਗ ਨੂੰ ਵਧਾਉਣ ਦੇ ਮਨੋਰਥ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਆਦਰਸ਼ ਸਮਾਜ ਦੀ ਸਿਰਜਣਾ ਕੀਤੀ। ਅਜਿਹੇ ਆਦਰਸ਼ਕ ਸਮਾਜ ਨੂੰ ਸਿਰਜਣ ਲਈ, ਲੋਕਾਂ ਨੂੰ ਲਾਮਬੰਦ ਤੇ ਜਾਗਰੂਕ ਕਰਨ ਲਈ ਉਨ੍ਹਾਂ ਨੇ ਆਪਣਾ ਆਪ ਵਾਰ ਕੇ ਅਜਿਹੇ ਨਿਰਾਲੇ ਤੇ ਅਜ਼ੀਮੋਸ਼ਾਨ ਪੰਥ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਵਿਚ ਲਾਸਾਨੀ ਯੋਗਦਾਨ ਪਾਇਆ ਕਿ ਜਿਸ ਰਾਹੀਂ ਗਫ਼ਲਤ ਅਤੇ ਵਹਿਮਾਂ-ਭਰਮਾਂ ਵਿਚ ਭਟਕ ਰਹੇ ਲੋਕਾਂ ਨੂੰ ਜ਼ਹਾਲਤ, ਫਿਰਕਾਪ੍ਰਸਤੀ, ਤੰਗਦਿਲ ਸੋਚ ਅਤੇ ਨਿੱਜੀ ਮੁਫ਼ਾਦਾਂ ਦੀ ਦਲਦਲ ’ਚੋਂ ਬਾਹਰ ਕੱਢਿਆ ਜਾ ਸਕੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਅਤੇ ਸਰੋਕਾਰਾਂ ਵਿਚ ਦੱਬੇ-ਕੁਚਲੇ ਪੀੜਤ ਲੋਕਾਂ ਪ੍ਰਤੀ ਹਮਦਰਦੀ, ਜ਼ੁਲਮ ਦਾ ਟਾਕਰਾ, ਮਨੁੱਖੀ ਅਧਿਕਾਰਾਂ ਦੀ ਰਾਖੀ, ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਨਸਲੀ ਭਿੰਨਤਾਵਾਂ ਦਾ ਸਤਿਕਾਰ ਸ਼ਾਮਿਲ ਹੈ। ਗੁਰੂ ਜੀ ਨੇ ਲੋਕਾਈ ਨੂੰ ਇਕ ਅਜਿਹੀ ਨਿਵੇਕਲੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ, ਜਿਸ ਨੂੰ ਅਪਣਾਉਣ ਪਿੱਛੋਂ ਇਨਸਾਨ ਸਚਿਆਰਾ, ਨਿਮਰ, ਨਿਰਸਵਾਰਥ, ਨਿਰਛਲ, ਨਿਰਭੈ, ਨਿਰਵੈਰ ਅਤੇ ਰਹਿਮਦਿਲ ਰਹਿੰਦੇ ਹੋਏ ਇਸ ਕਾਇਨਾਤ ਦੇ ਜ਼ਰੇ-ਜ਼ਰੇ ’ਚੋਂ ਉਸ ਪਰਵਰਦਗਾਰ ਦੀ ਹੋਂਦ ਨੂੰ ਮਹਿਸੂਸ ਕਰ ਸਕੇ। ਸ਼ਾਂਤਮਈ ਸਹਿਹੋਂਦ ਦੇ ਸੰਕਲਪ ’ਤੇ ਆਧਾਰਿਤ ਨਿਆਂਪੂਰਨ ਬਹੁ-ਸੱਭਿਆਚਾਰਕ ਸਮਾਜ ਦੇ ਸੰਕਲਪ ਦੀ ਪੁਰਜ਼ੋਰ ਵਕਾਲਤ ਕਰਦੇ ਹੋਏ ਗੁਰੂ ਜੀ ਨੇ ਬਿਹਤਰ, ਸੁਰੱਖਿਅਤ, ਸਥਿਰ ਅਤੇ ਰੌਸ਼ਨ ਭਵਿੱਖ ਲਈ ਰਾਜਸੀ ਅੱਤਿਆਚਾਰ, ਮਜ਼?ਹਬੀ ਮੁਤੱਸਬੀਪੁਣੇ, ਨਾਬਰਾਬਰੀ, ਗੁਲਾਮੀ, ਸੱਭਿਆਚਾਰਕ ਤੇ ਨਸਲੀ ਟਕਰਾਅ ਦੀ ਸਥਿਤੀ ਨਾਲ ਨਜਿੱਠਣ ਲਈ ਸਰਬਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ।

ਗੁਰੂ ਜੀ ਨੇ ਨਜ਼ਰੀਆਤੀ, ਮਜ਼੍ਹਬੀ, ਨਸਲੀ, ਭਾਸ਼ਾਈ, ਜਾਤੀ, ਨਫ਼ਸੀਆਤੀ, ਸਕਾਫ਼ਤੀ ਅਤੇ ਇਲਾਕਾਈ ਆਧਾਰ ’ਤੇ ਮਿਲਦੀ ਕਸ਼ਮਕਸ਼ ਕਸ਼ੀਦਗੀ, ਇਖਤਲਾਫ਼ ਅਤੇ ਆਪਸੀ ਝਗੜਿਆਂ ਨੂੰ ਸਦੀਵੀ ਤੌਰ ’ਤੇ ਸੁਲਝਾਉਣ ਲਈ ਰਾਹ ਹਮਵਾਰ ਕਰਦੇ ਹੋਏ ਇਕ ਪੁਰਅਮਨ, ਪੁਰਸਕੂਨ, ਇਨਸਾਫ਼ ਪਸੰਦ, ਖੁਸ਼ਹਾਲ, ਮਾਨਵਤਾਵਾਦੀ ਅਤੇ ਬਹੁਲਵਾਦੀ ਸਮਾਜ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੁੱਚੀ ਮਾਨਵਤਾ ਨੂੰ ਆਪਣੀ ਇਲਾਹੀ ਬਾਣੀ ਰਾਹੀਂ ਨਵੀਂ ਸੇਧ ਦਿੱਤੀ। ਅਸਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਦਰਸ਼ ਸਮਾਜ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਆਦਰਸ਼ਾਂ ਨੂੰ ਸਮਰਪਿਤ ਜਾਤ ਰਹਿਤ, ਸ਼ੋਸ਼ਣ ਰਹਿਤ, ਜਬਰ ਰਹਿਤ, ਵਰਗ ਰਹਿਤ, ਭੇਦਭਾਵ ਰਹਿਤ ਅਤੇ ਨਿਆਂ ’ਤੇ ਆਧਾਰਿਤ ਇਕ ਅਜਿਹਾ ਆਦਰਸ਼ ਸਮਾਜ ਹੈ, ਜਿਸ ਵਿਚ ਹਰ ਧਰਮ, ਜਾਤ, ਫਿਰਕੇ, ਵਰਗ ਜਾਂ ਸ਼੍ਰੇਣੀ ਨਾਲ ਸੰਬੰਧਿਤ ਪੁਰਸ਼ਾਂ ਤੇ ਔਰਤਾਂ ਨੂੰ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਕਰਨ ਦੇ ਬਰਾਬਰ ਮੌਕੇ ਹਾਸਿਲ ਹੋਣ ਅਤੇ ਮਨੁੱਖ ਇਕ ਖੁਸ਼ਹਾਲ ਤੇ ਸਨਮਾਨਜਨਕ ਜੀਵਨ ਗੁਜ਼ਾਰਨ ਦੇ ਸਮਰੱਥ ਹੋ ਸਕੇ। ਵੱਖ-ਵੱਖ ਜਾਤਾਂ, ਵਰਗਾਂ, ਧਰਮਾਂ, ਭਾਸ਼ਾਵਾਂ, ਕਿੱਤਿਆਂ ਅਤੇ ਖਿੱਤਿਆਂ ਨਾਲ ਸੰਬੰਧਿਤ ਲੋਕਾਂ ਲਈ ਗੁਰੂ ਜੀ ਵਲੋਂ ਜਿਸ ਨਵੇਂ ਸਮਾਜ ਦੀ ਨੀਂਹ ਰੱਖੀ ਗਈ, ਉਹ ਅੱਜ ਦੇ ਸਮੇਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ’ਤੇ ਆਧਾਰਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਲੋਕਤੰਤਰੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੰਦੇਸ਼ ਵੀ ਦਿੱਤਾ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਦੋਂ ਤੱਕ ਲੋਕਾਂ ਦਾ ਵਾਸਤਵਿਕ ਨਜ਼ਰੀਆ ਅਤੇ ਵਿਵਹਾਰ ਨਹੀਂ ਬਦਲਿਆ ਜਾਵੇਗਾ, ਤਦ ਤੱਕ ਨਿਆਂਪੂਰਨ ਤੇ ਲੋਕਤੰਤਰੀ ਸਮਾਜ ਦੀ ਸਿਰਜਣਾ ਸੰਭਵ ਨਹੀਂ ਹੋ ਸਕੇਗੀ। ਉਨ੍ਹਾਂ ਨੇ ਸਮਾਜ ਵਿਚ ਮਿਲਦੀ ਕਾਣੀ ਵੰਡ, ਜਬਰ-ਜ਼ੁਲਮ, ਸਮਾਜਿਕ-ਸੱਭਿਆਚਾਰਕ ਭੇਦਭਾਵ ਅਤੇ ਆਰਥਿਕ ਸ਼ੋਸ਼ਣ ਦੇ ਖ਼ਿਲਾਫ਼ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ ’ਤੇ ਬੇਖ਼ੌਫ਼ ਤੁਰਦੇ ਹੋਏ ਕੇਵਲ ਜ਼ੋਰਦਾਰ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਇਤਿਹਾਸ ਵਿਚ ਇਕ ਮਿਸਾਲ ਪੈਦਾ ਕੀਤੀ ਹੈ।



ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਇਲਾਹੀ ਬਾਣੀ ਰਾਹੀਂ ਇਕ ਅਜਿਹੀ ਆਦਰਸ਼ਕ ਸਮਾਜਿਕ ਵਿਵਸਥਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਕਿ ਜਿਸ ਵਿਚ ਸਮਾਜ ਦੇ ਦੱਬੇ-ਕੁਚਲੇ, ਕਮਜ਼ੋਰ ਤੇ ਪੀੜਤ ਵਰਗਾਂ ਨੂੰ ਸਵੈਮਾਣ ਦੀ ਭਾਵਨਾ ਨਾਲ ਜਿਊਣ ਲਈ ਬਿਹਤਰ ਪ੍ਰਸਥਿਤੀਆਂ ਪ੍ਰਾਪਤ ਹੋ ਸਕਣ। ਨਿਰਭਉ ਦੇ ਭੈਅ ਵਿਚ ਰਹਿੰਦੇ ਹੋਏ ਬਿਨਾਂ ਕਿਸੇ ਵਿਤਕਰੇ ਦੇ ਅਦਲ ਪ੍ਰਦਾਨ ਕਰਨ ਵਾਲੇ ਸ਼ਾਸਕ ਦਾ ਸ਼ਾਸਨ ਹੋਵੇ। ਸੇਵਾ ਤੇ ਸਿਮਰਨ ਦੇ ਰਾਹ ’ਤੇ ਚਲਦਿਆਂ ਹੱਕ-ਸੱਚ ’ਤੇ ਪਹਿਰਾ ਦੇਣ ਵਾਲੇ ਲੋਕ ਸੱਚੀ ਕਿਰਤ ਕਮਾਉਣ। ਹੱਥੀਂ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਬਹਾਲ ਹੋਵੇ। ਇਨਸਾਫ਼ ਪਸੰਦ ਮੁਨਸਿਫ਼ (ਨਿਆਂ ਕਰਨ ਵਾਲਾ) ਸੱਚ ਤੇ ਝੂਠ ਦਾ ਨਿਤਾਰਾ ਕਰਨ। ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਤੇ ਪ੍ਰਤੀਬੱਧ ਲੋਕ ਆਪਣੇ ਫ਼ਰਜ਼ਾਂ ਦੀ ਅਦਾਇਗੀ ਇਮਾਨਦਾਰੀ ਨਾਲ ਕਰਨ। ਦੇਸ਼, ਕੌਮ ਤੇ ਧੀਆਂ-ਭੈਣਾਂ ਦੀ ਇੱਜ਼ਤ ਦੇ ਰਖਵਾਲੇ, ਆਪਣੇ ਦੇਸ਼, ਕੌਮ ਤੇ ਅਣਖ਼ ਲਈ ਮਰ ਮਿਟਣ ਵਾਲੇ ਜੁਝਾਰੂ ਅਤੇ ਆਪਣੇ ਰਿਜ਼ਕ ਲਈ ਆਪਣੇ ਰਾਜਕ ਨੂੰ ਸਦਾ ਰਾਜ਼ੀ ਰੱਖਣ ਵਾਲੇ ਲੋਕ ਸਾਨੂੰ ਚੁਫੇਰੇ ਵਿਚਰਦੇ ਹੋਏ ਦਿਖਾਈ ਦੇਣ। ਵਿਕਾਰਾਂ ਤੋਂ ਦੂਰ ਰਹਿਣ ਨੂੰ ਤਰਜੀਹ ਦਿੰਦੇ ਹੋਏ ਲੋਕ ਸਾਫ਼ਗੋਈ, ਸਦਾਕਤ, ਦਿਆਨਤਦਾਰੀ, ਸਬਰ, ਸ਼ੁਕਰ, ਸੰਜਮ, ਸਹਿਜ ਅਤੇ ਸੰਤੋਖ ਦੇ ਰਾਹ ਨੂੰ ਅਪਣਾਉਣ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਅਕਤੀਗਤ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕਾਤਲ, ਜਾਬਰ ਅਤੇ ਮਗਰੂਰ ਹਾਕਮ ਔਰੰਗਜ਼ੇਬ ਦੀ ਈਨ ਮੰਨਣ ਤੋਂ ਇਨਕਾਰ ਕਰਦਿਆਂ ਆਪਣੇ-ਆਪ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁਰਬਾਨ ਕਰ ਦਿੱਤਾ। ਉਨ੍ਹਾਂ ਵਲੋਂ ਦਰਸਾਏ ਗਏ ਮਾਰਗ ’ਤੇ ਚਲਦੇ ਹੋਏ ਸਾਹਿਬ-ਏ-ਕਮਾਲ, ਸਰਬੰਸਦਾਨੀ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਧੀਨ ਨਾ ਕੇਵਲ ਇਸ ਮੁਲਕ ਤੋਂ ਆਪਣਾ ਸਰਬੰਸ ਵਾਰਿਆ, ਸਗੋਂ ਆਦਰਸ਼ ਸਮਾਜ ਅਤੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਂਦੇ ਹੋਏ ਖ਼ਾਲਸਾ ਪੰਥ ਦੀ ਬੁਨਿਆਦ ਰੱਖੀ। ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਅਤੇ ਅਣਗਿਣਤ ਸਿੰਘਾਂ-ਸਿੰਘਣੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ ਨੂੰ ਹਕੀਕੀ ਰੂਪ ਦੇਣ ਲਈ ਸ਼ਹਾਦਤ ਦਾ ਜਾਮ ਪੀਤਾ। ਅਜੋਕੇ ਸਮੇਂ ਵਿਚ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਮੁੱਚੀ ਮਾਨਵ ਜਾਤੀ ਨੂੰ ਭੂਗੋਲਿਕ, ਨਸਲੀ, ਭਾਸ਼ਾਈ, ਧਾਰਮਿਕ, ਜਾਤੀ ਤੇ ਸੱਭਿਆਚਾਰਕ ਵਲਗਣਾਂ ਤੋਂ ਨਿਜਾਤ ਦਿਵਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਦੁੱਤੀ ਫ਼ਲਸਫ਼ੇ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਦੀ ਬੇਹੱਦ ਲੋੜ ਹੈ।

# ਆਤਮਿਕ ਵਿਗਾਸ ਦਾ ਸੋਮਾ ਸਲੋਕ ਮਹਲਾ ੯

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਸ ਇਲਾਹੀ ਦ੍ਰਿਸ਼ਟੀ ਦਾ ਅੰਗ ਸੀ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸੰਸਾਰ ਦੇ ਹਿਤ ਲਈ ਵਰਤਿਆ ਤੇ ਮਨੁੱਖੀ ਸਮਾਜ ਨੂੰ ਨਿਵੇਕਲੀ ਨੁਹਾਰ ਪ੍ਰਦਾਨ ਕੀਤੀ। ਜਦੋਂ ਕੋਈ ਨਵਾਂ ਸਮਾਜ ਸਿਰਜਿਆ ਜਾਂਦਾ ਹੈ, ਕੋਈ ਨਵਾਂ ਵਿਚਾਰ ਸਮਾਜ ਅੰਦਰ ਜਨਮ ਲੈਂਦਾ ਹੈ, ਉਸ ਪਿੱਛੇ ਆਸ ਹੁੰਦੀ ਹੈ ਭਲੇ ਦੀ, ਸੁਖ ਦੀ, ਸੰਤੋਖ ਦੀ। ਸਮਾਜ ਤਾਂ ਹੀ ਕਿਸੇ ਵਿਚਾਰਕ ਦ੍ਰਿਸ਼ਟੀ ਨੂੰ ਪ੍ਰਵਾਨ ਕਰਦਾ ਹੈ ਜੇ ਉਹ ਵਿਉਹਾਰਕ ਹੋਵੇ ਤੇ ਸਚ ਨਾਲ ਜੋੜੇ। ਭਰਮ, ਭੁਲੇਖੇ ਜ਼ਿਆਦਾ ਦੇਰ ਤੱਕ ਟਿੱਕਦੇ ਨਹੀਂ। ਗੁਰਬਾਣੀ ਨਿਰਾਸ਼, ਸਤਾਈ ਹੋਈ ਮਨੁੱਖਤਾ ਲਈ ਸੰਜੀਵਨੀ ਸਾਬਤ ਹੋਈ। ਗੁਰ ਸ਼ਬਦ ਦੇ ਅੰਮ੍ਰਿਤ ਨੇ ਜੀਵਨ ਜਿਉਣ ਦਾ ਚਾਅ ਪੈਦਾ ਕਰ ਦਿੱਤਾ। ਲੋਕਾਂ ਦੇ ਮਨ ਆਸ ਦੀ ਉੱਜਵਲ ਰੋਸ਼ਨੀ ਨਾਲ ਜਗਮਗ ਹੋ ਗਏ। ਮਨੁੱਖੀ ਕਦਰਾਂ-ਕੀਮਤਾਂ ਦੀ ਰੱਖਿਆ ਲਈ ਦਿੱਲੀ ਅੰਦਰ ਲਾਸਾਨੀ ਸ਼ਹੀਦੀ ਦੇਣ ਵਾਲੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਸ਼ਹੀਦੀ ਦੁਹਾਂ ਨੇ ਸਮਾਜ ਅੰਦਰ ਸੱਚ ਤੇ ਧਰਮ ਪ੍ਰਤੀ ਵਿਸ਼ਵਾਸ ਨੂੰ ਸ਼ਿਖਰ ਤੱਕ ਪੁਜਾਉਣ ਦਾ ਉਪਕਾਰ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਨੇ ਨਿਰਣਾਇਕ ਵਚਨ ਕੀਤੇ ਕਿ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ"। ਮਨ ਅੰਦਰ ਜਦੋਂ ਇਹ ਭਰੋਸਾ ਦ੍ਰਿੜ੍ਹ ਹੋ ਜਾਏ ਕਿ ਕੋਈ ਵਿਘਨ ਸੱਚ ਦੀ ਰਾਹ ਨਹੀਂ ਰੋਕ ਸੱਕਦਾ ਤਾਂ ਜੀਵਨ ਮਨੋਰਥ ਪ੍ਰਾਪਤ ਕਰਣਾ ਸਹਿਲਾ ਹੋ ਜਾਂਦਾ ਹੈ। ਧਰਮ ਧਾਰਨ ਕਰਨ ਦੀ ਸਮਰੱਥਾ ਆਪ ਹੀ ਪਰਿਪੱਕ ਹੋਣ ਲੱਗ ਪੈਂਦੀ ਹੈ। ਰਾਹ ਆਪ ਹੀ ਖੁੱਲਨੀ ਸ਼ੁਰੂ ਹੋ ਜਾਂਦੀ ਹੈ। ਇਹ ਅਚਰਜ ਤਾਂ ਵਰਤਦਾ ਹੈ ਜਦੋਂ ਮਨ ਅੰਦਰ "ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ" ਦਾ ਵਿਸ਼ਵਾਸ਼ ਦ੍ਰਿੜ੍ਹ ਹੋਵੇ। ਗੁਰੂ ਤੇਗ ਬਹਾਦਰ ਜੀ ਨੇ ਧਰਮ ਤੇ ਨਿਆਂ ਵਿੱਚ ਭਰੋਸਾ ਪੈਦਾ ਕਰਦਿਆਂ ਕਿਹਾ ਕਿ ਸਰਬ ਸਮਰੱਥ ਪਰਮਾਤਮਾ ਹੀ ਹਰ ਵਿਘਨ, ਹਰ ਆਪਦਾ ਤੋਂ ਉਬਾਰਨ ਵਾਲਾ ਹੈ ਤੇ ਸ਼ਰਣ ਆਏ ਦੀ ਵਿਨਤੀ ਪ੍ਰਵਾਨ ਕਰ ਮਿਹਰ ਕਰਨ ਵਾਲਾ ਹੈ। ਗੁਰੂ ਸਾਹਿਬ ਦੀ ਬਾਣੀ ਕਿਸੇ ਵੀ ਸ਼ੰਕਾ, ਦੁਵਿਧਾ ਦੀ ਗੁੰਜਾਇਸ਼ ਨਹੀਂ ਛੱਡਦੀ ਜੋ ਮਨ ਨੂੰ ਕਮਜ਼ੋਰ ਕਰਨ ਵਾਲੀ ਤੇ ਬਿਰਤੀ ਢਾਉਣ ਵਾਲੀ ਹੋਵੇ। ਗੁਰੂ ਸਾਹਿਬ ਦੇ ਵਚਨ "ਸਭੁ ਕਿਛੁ ਹੋਤ ਉਪਾਇ" ਦੀ ਕੋਈ ਹੱਦ ਨਹੀਂ ਬੰਨੀ ਜਾ ਸਕਦੀ। ਜੋ ਧਰਮ ਦੇ ਹਿਤ 'ਚ ਹੈ, ਮਨੁੱਖਤਾ ਦੇ ਹਿਤ ਲਈ ਹੈ, ਜੀਵਨ ਮਨੋਰਥ ਪ੍ਰਾਪਤ ਕਰਨ ਵਿੱਚ ਸਹਾਈ ਹੈ ਉਹ ਹਰ ਬਖਸ਼ਿਸ਼ ਪਰਮਾਤਮਾ ਕੋਲੋਂ ਮਿਲਦੀ ਹੈ। ਇਹ ਤਾਂ ਪ੍ਰਫੁੱਲਤਾ ਪੈਦਾ ਕਰਨ ਵਾਲੀ, ਉਮੰਗ ਨੂੰ ਜਨਮ ਦੇਣ ਵਾਲੀ, ਭਾਵਨਾ ਨਾਲ ਭਰਪੂਰ ਕਰ ਦੇਣ ਵਾਲੀ ਬਾਣੀ ਹੈ। ਕਈ ਵਾਰ ਭੁਲੇਖਾ ਹੁੰਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੈਰਾਗਮਈ ਹੈ। ਬਾਣੀ ਅੰਦਰ ਮਨ ਟਿਕਾਈਆਂ ਹੀ ਭੁਲੇਖਾ ਟੁੱਟਦਾ ਹੈ ਤੇ ਜੀਵਨ ਆਨੰਦ ਦੇ ਦਰਸ਼ਨ ਹੁੰਦੇ ਹਨ।

ਗੁਰੂ ਤੇਗ ਬਹਾਦਰ ਸਾਹਿਬ ਨੇ ਵਚਨ ਕੀਤੇ ਕਿ ਸੰਸਾਰ ਅੰਦਰ ਸੱਚ ਤੇ ਧਰਮ ਹੀ ਕਾਇਮ ਰਹਿਣ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਸੰਸਾਰ ਅੰਦਰ ਨਾਮ ਦਾ ਕੌਤਕ ਪ੍ਰਗਟ ਕੀਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ ਵਚਨ ਕੀਤੇ ਕਿ ਸੰਸਾਰ ਅੰਦਰ ਨਾਮ ਤੁਲ ਕੁਝ ਨਹੀਂ "ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ"। ਗੁਰੂ ਸਾਹਿਬ ਦੀ ਪੂਰੀ ਬਾਣੀ ਅੰਦਰ ਇਹੋ ਤੱਤ ਉਭਰ ਕੇ ਸਾਹਮਣੇ ਆਉਂਦਾ ਹੈ। ਨਾਮ ਨਾਲ ਜੋੜਨ ਲਈ ਗੁਰੂ ਸਾਹਿਬ ਨੇ ਨਿਰਾਲੀ ਸ਼ੈਲੀ ਅਪਣਾਈ। ਆਪ ਨੇ ਮਨੁੱਖੀ ਮਨ ਦੇ ਕੂੜ੍ਹ ਨੂੰ ਬਾਹਰ ਕੱਢਣ ਲਈ ਸੰਸਾਰ ਦੀ ਹਕੀਕਤ ਦਾ ਆਈਨਾ ਵਿਖਾਇਆ। ਮਨ ਅੰਦਰ ਕੂੜ੍ਹ ਸਾਫ਼ ਕਰ ਨਿਰਮਲ ਕਰਨ ਦਾ ਜਤਨ ਤੇ ਨਿਰਮਲ ਹੋਵੇ



*ਗੁਰੂ ਤੇਗ ਬਹਾਦਰ ਜੀ, ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜਾਦੇ ਸਨ। ਆਪ ਡੂੰਘੇ ਚਿੰਤਕ, ਸਹਿਜ ਸੁਭਾਅ ਦੇ ਸੁਆਮੀ ਸਨ ਤੇ ਉਤਨੇ ਹੀ ਅਡੋਲ, ਨਿਰਭੈ ਅਤੇ ਸੂਰਵੀਰ ਸਨ। ਧਰਮ ਲਈ ਆਪ ਦਾ ਸਮਰਪਣ ਇਤਨਾ ਗਹਿਰਾ ਸੀ ਕਿ ਪਟਨਾ ਸਾਹਿਬ ਅੰਦਰ ਪ੍ਰਕਾਸ਼ ਲੈਣ ਵਾਲੇ ਸਪੁੱਤਰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਮੁਖ ਵੇਖਣ ਦਾ ਅਉਸਰ ਬਣਨ 'ਚ ਪੰਜ ਸਾਲ ਲੱਗ ਗਏ। ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਸਹਿਜ ਤੇ ਸੰਜਮ ਦੀ ਸਭ ਤੋਂ ਸੁੰਦਰ ਪਰਿਭਾਸ਼ਾ ਸੀ। ਆਪ ਨੇ ਵਚਨ ਕੀਤੇ ਕਿ ਸੰਸਾਰ ਅੰਦਰ ਕੁਝ ਵੀ ਥਿਰ ਨਹੀਂ ਹੈ। ਇਕ ਭਗਤੀ ਹੀ ਸਦਾ ਸਹਾਇਕ ਰਹਿਣ ਵਾਲੀ ਹੈ। ਮਨੁੱਖ ਲਈ ਜੋਗ ਹੈ ਕਿ ਉਹ ਸੰਸਾਰਕ ਮਾਇਆ ਜਾਲ ਤੋਂ ਮੁਕਤ ਹੋ ਪਰਮਾਤਮਾ ਦੀ ਸ਼ਰਨ ਲਵੇ।*

ਮਨ ਨੂੰ ਨਾਮ ਨਾਲ ਜੋੜਨ ਦਾ ਉੱਦਮ ਨਾਲੋ ਨਾਲ ਚੱਲਿਆ। ਸੰਸਾਰ ਦੀ ਹਕੀਕਤ ਮਨ ਨੂੰ ਡਰਾਉਣ ਲਈ ਨਹੀਂ ਪ੍ਰੇਰਨ ਲਈ ਪ੍ਰਕਟ ਹੋਈ। ਗੁਰੂ ਨਾਨਕ ਸਾਹਿਬ ਦਾ ਮਨੋਰਥ ਮਨੁੱਖ ਨੂੰ ਸਦਾ ਅੰਗ ਸੰਗ, ਸਹਾਈ ਪਰਮਾਤਮਾ ਨਾਲ ਜੋੜਨਾ ਸੀ। ਇਸ ਲਈ ਉਸ ਝੂਠੇ ਭਰੋਸੇ ਤੋਂ ਉਬਰਨਾ ਜ਼ਰੂਰੀ ਸੀ ਜੋ ਉਸ ਨੇ ਆਪਨੇ ਪਰਿਵਾਰ, ਧਨ ਦੌਲਤ ਤੇ ਬਣਾਇਆ ਹੋਇਆ ਸੀ। ਗੁਰੂ ਸਾਹਿਬ ਨੇ ਪਹਿਲਾਂ ਇਸ ਭਰਮ ਤੇ ਚੋਟ ਕੀਤੀ "ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨ"। ਇਸ ਭਰਮ ਨੂੰ ਤੋੜਨ ਤੋਂ ਬਾਅਦ ਹੀ ਗੁਰੂ ਤੇਗ ਬਹਾਦਰ ਜੀ ਨੇ ਆਸ ਬੰਨੀ "ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ, ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ"। ਸੰਪੂਰਣ ਗੁਰਬਾਣੀ ਦਾ ਸੁਨੇਹਾ ਹੀ ਏਕਸ ਦਾ ਹੈ। ਦੋ ਭਰੋਸੇ ਨਾਲੋ-ਨਾਲ ਮਨ ਅੰਦਰ ਨਹੀਂ ਟਿੱਕ ਸਕਦੇ। ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਪੂਰਾ ਜੀਵਨ ਵਿਕਾਰਾਂ, ਮਾਇਆ ਮੋਹ ਅੰਦਰ ਬਤੀਤ ਕਰਨ ਵਾਲੀਆਂ ਲਈ ਵੀ ਆਸ ਕਾਇਮ ਰੱਖੀ ਹੈ ਤੇ ਮੁਕਤੀ ਦੀ ਆਸ ਟੁੱਟਣ ਨਹੀਂ ਦਿੱਤੀ। ਗੁਰੂ ਸਾਹਿਬ ਨੇ ਬਚੇ ਹੋਏ ਸਮੇਂ ਨੂੰ ਹੀ ਸੰਭਾਲ ਲੈਣ ਦੀ ਪ੍ਰੇਰਨਾ ਕੀਤੀ "ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ"। ਪੂਰਾ ਜੀਵਨ ਜਿਸ ਢੰਗ ਨਾਲ ਬਤੀਤ ਹੋਇਆ ਹੋਵੇ ਉਸ ਨੂੰ ਬਦਲਣਾ ਔਖਾ ਹੁੰਦਾ ਹੈ। ਭੁੱਲ ਦਾ ਅਹਿਸਾਸ ਕਰਾਉਣ ਦੀ ਲੋੜ ਹੁੰਦੀ ਹੈ "ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ"। ਭਰਮੇ ਹੋਏ, ਬੁਧਿ ਵਿਵੇਕ ਤੋਂ ਹੀਨ ਨੂੰ ਉਸ ਦੀ ਅਵਸਥਾ ਦਾ ਸਚ ਗਿਆਤ ਹੋਣ ਤੋਂ ਬਾਅਦ ਹੀ ਇਸ ਤੋਂ ਬਾਹਰ ਕੱਢਿਆ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਨੇ ਵਚਨ ਕੀਤੇ ਕਿ ਜਿਸ ਪਰਮਾਤਮਾ ਨੇ ਜੀਵ ਨੂੰ ਮਨੁੱਖ ਜੋਨੀ ਪ੍ਰਦਾਨ ਕੀਤੀ ਹੈ, ਸੰਸਾਰ ਦੇ ਸੁੱਖਾਂ ਨਾਲ ਨਿਵਾਜਿਆ ਹੈ, ਉਸ ਪਰਮਾਤਮਾ ਨੂੰ ਵਿਸਾਰ ਦੇਣਾ ਤੇ ਵਿਪਦਾ ਆਉਣ ਤੇ ਭੈ ਵਿੱਚ ਵਿਚਲਿਤ ਹੋ ਜਾਣਾ ਮਨੁੱਖ ਦੀ ਇਆਨਪ ਹੀ ਹੈ। ਮਨੁੱਖ ਤੋਂ ਸਿੱਧਾ ਸਵਾਲ ਹੈ ਕਿ ਉਹ ਸਰਬ ਸੁਖਾਂ ਦੇ ਦਾਤੇ ਦਾ ਸਿਮਰਨ ਕਿਉਂ ਨਹੀਂ ਕਰ ਰਿਹਾ "ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ"। ਸੱਚ ਸਾਹਮਣੇ ਰੱਖਣ ਤੋਂ ਇਲਾਵਾ



ਡਾ. ਸਤਿੰਦਰ ਪਾਲ ਸਿੰਘ
ਸਿਡਨੀ ਆਸਟ੍ਰੇਲੀਆ
akaalpurkh.7@gmail.com

ਪ੍ਰਸ਼ਨ ਕਰਨਾ ਵੀ ਅੰਤਰ ਚੇਤਨਾ ਨੂੰ ਜਾਗ੍ਰਤ ਕਰਨ ਦੀ ਅਸਰਦਾਰ ਜੁਗਤ ਸੀ ਜੋ ਗੁਰੂ ਤੇਗ ਬਹਾਦਰ ਸਾਹਿਬ ਨੇ ਸਲੋਕ ਮਹਲਾ ੯ ਸਿਰਲੇਖ ਅਧੀਨ ਆਪਣੀ ਬਾਣੀ ਵਿੱਚ ਵਰਤੀ।

ਆਪਣੀ ਬਾਣੀ ਅੰਦਰ ਗੁਰੂ ਸਾਹਿਬ ਨੇ ਧਰਮੀ ਮਨੁੱਖ ਦੇ ਲੱਖਣ ਗਿਨਾਏ। ਆਪ ਨੇ ਵਚਨ ਕੀਤੇ ਕਿ ਹਰ ਜੀਵ ਅੰਦਰ ਪਰਮਾਤਮਾ ਦਾ ਵਾਸ ਹੈ। ਧਰਮੀ ਮਨੁੱਖ ਹਰ ਪ੍ਰਾਨੀ ਅੰਦਰ ਪਰਮਾਤਮਾ ਦਾ ਜੋਤ ਵੇਖਦਾ ਹੈ ਤੇ ਨਿੰਦਾ-ਖੁਸ਼ਾਮਦ, ਵੈਰੀ-ਮਿਤਰ ਆਦਿਕ ਦੀ ਭਾਵਨਾ ਤੋਂ ਉਬਰ ਜਾਂਦਾ ਹੈ। ਉਹ ਸੁਖ-ਦੁਖ, ਮਾਣ-ਅਪਮਾਨ ਦਾ ਕੋਈ ਵੀਚਾਰ ਨਾ ਕਰਦਿਆਂ ਸਮ ਦ੍ਰਿਸ਼ਟੀ ਤੇ ਸਹਿਜ ਧਾਰਨ ਕਰ ਲੈਂਦਾ ਹੈ। ਮਨ ਸਾਰੇ ਵਿਕਾਰਾਂ, ਮਾਇਆ ਮੋਹ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਮਾਇਆ ਤੋਂ ਮੁਕਤ ਅੰਦਰ ਪਰਮਾਤਮਾ ਦਾ ਪਰਗਟ ਹੋਣਾ ਵੇਖਿਆ ਤੇ ਵਿਕਾਰਨਾ ਤੋਂ ਮੁਕਤ ਮਨ ਨੂੰ ਪਰਮਾਤਮਾ ਦੇ ਦਰਸ਼ਨ ਪਾਉਣ ਦੀ ਗਵਾਹੀ ਦਿੱਤੀ। ਮਾਇਆ ਤੇ ਵਿਕਾਰਾਂ ਤੋਂ ਮੁਕਤ ਹੋਣ ਵਾਲੇ ਧਰਮੀ ਪੁਰਖ ਆਪ ਵੀ ਭਵਜਲ ਤੋਂ ਪਾਰ ਹੁੰਦੇ ਹਨ ਤੇ ਸਮਾਜ ਦਾ ਵੀ ਕਲਿਆਨ ਕਰਦੇ ਹਨ "ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ"। ਇਕ ਧਰਮੀ ਦਾ ਇਸ ਤੋਂ ਵੱਡਾ ਮਾਣ ਹੋਰ ਕੀ ਹੋ ਸਕਦਾ ਹੈ। ਜੋ ਬਾਣੀ ਧਰਮੀ ਮਨੁੱਖ, ਗੁਰਸਿੱਖ ਲਈ ਇੰਨੀ ਸ੍ਰੇਸ਼ਟ ਤੇ ਸਨਮਾਨਯੋਗ ਭਾਵਨਾ ਪ੍ਰਗਟ ਕਰ ਰਹੀ ਹੈ ਉਹ ਤਾਂ ਸਵੈਮਾਣ ਨਾਲ ਭਰਪੂਰ ਕਰਨ ਵਾਲੀ ਹੈ, ਨਹੀਂ।

ਸੰਸਾਰ ਦਾ ਹਾਲ ਬਿਆਨ ਕਰਦਿਆਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਹਾ ਕਿ ਇਹ ਰਾਤ ਦ ਇੱਕ ਸੁਪਨਾ ਜਿਹਾ ਹੈ। ਅੱਖਾਂ ਖੁੱਲਦੀਆਂ ਹੀ ਸੁਪਨੇ ਦਾ ਝੂਠ ਸਾਹਮਣੇ ਆ ਜਾਂਦਾ ਹੈ। ਸੰਸਾਰ ਦਾ ਝੂਠ ਵੇਖਣ ਲਈ ਪਰਮਾਤਮਾ ਦੇ ਬਖਸ਼ੇ ਗਿਆਨ ਦੇ ਨੇਤਰ ਧਾਰਨ ਕਰਨ ਦੀ ਲੋੜ ਹੈ। ਗੁਰੂ ਸਾਹਿਬ ਨੇ ਸੰਸਾਰ ਨੂੰ ਪਾਨੀ ਦਾ ਬੁਲਬੁਲਾ ਵੀ ਕਿਹਾ ਜੋ ਬਣਦਾ, ਅਲੋਪ ਹੁੰਦਾ ਰਹਿੰਦਾ ਹੈ। ਗੁਰੂ ਸਾਹਿਬ ਦੀ ਪ੍ਰੇਰਨਾ ਨਾਸ਼ਵਾਨ ਸੰਸਾਰ ਦਾ ਮੋਹ ਤਿਆਗ ਕੇ ਅਵਿਨਾਸ਼ੀ ਪਰਮਾਤਮਾ ਵਿੱਚ ਲਿਵ ਲਾਉਣ ਦੀ ਹੈ "ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ"। ਜੀਵਨ ਸੁਖ ਅੰਦਰ ਜਿਉਣ ਲਈ ਹੈ। ਸੁਖ ਪਰਮਾਤਮਾ ਦੀ ਸ਼ਰਨ 'ਚ ਹੈ। ਜੋ ਪਰਮਾਤਮਾ ਤੋਂ ਦੂਰ ਤੇ ਮਾਇਆ ਦੇ ਪਸਾਰੇ 'ਚ ਫਸਿਆ ਹੋਇਆ ਹੈ ਉਹ ਤਾਂ ਦੁੱਖ ਹੀ ਦੁੱਖ ਸਹਿ ਰਿਹਾ ਹੈ "ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ"। ਮਾਇਆ, ਵਿਕਾਰਾਂ ਦੇ ਕੈਦੀ ਲੋਕਾਂ ਲਈ ਗੁਰੂ ਤੇਗ ਬਹਾਦਰ ਸਾਹਿਬ ਨੇ ਮੂਰਖ ਤੇ ਅਗਿਆਨੀ ਜਿਹੇ ਸ਼ਬਦ ਵਰਤੇ। ਪਰਮਾਤਮਾ ਦੀ ਭਗਤੀ 'ਚ ਰਮੇ ਹੋਏ ਮਨੁੱਖ ਨੂੰ ਬਿਨਾ ਕਿਸੇ ਦੁਵਿਧਾ ਪਰਮਾਤਮਾ ਦਾ ਰੂਪ ਕਿਹਾ "ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ"। ਪਰਮਾਤਮਾ ਦੇ ਸਿਮਰਨ 'ਚ ਲਾਇਆ ਸਮਾਂ ਹੀ ਸਫਲ ਹੁੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਦੋ ਦਹਾਕਿਆਂ ਤੋਂ ਜਿਆਦਾ ਦਾ ਸਮਾਂ ਬਕਾਲੇ ਅੰਦਰ ਨਿਰੋਲ ਸਿਮਰਨ ਤੇ ਭਗਤੀ 'ਚ ਲਾਇਆ। ਆਪ ਨੇ ਵਚਨ ਕੀਤੇ ਕਿ ਪਰਮਾਤਮਾ ਹੀ ਸੱਚਾ ਦਾਤਾ ਹੈ ਤੇ ਸਾਰਾ ਜਗਤ ਹੀ ਉਸ ਤੋਂ ਮੰਗ ਰਿਹਾ ਹੈ। ਪਰਮਾਤਮਾ ਭਗਤੀ ਲਈ ਮਨੁੱਖ ਸੁਆਨ ਦੀ ਬਿਰਤੀ ਧਾਰਨ ਕਰੇ। ਸੁਆਨ ਜਿਵੇਂ ਆਪਨੇ ਮਾਲਿਕ ਦੇ ਦਰ ਤੇ ਸਦਾ ਹੀ ਪਿਆ ਰਹਿੰਦਾ ਹੈ ਤੇ ਫਟਕਾਰਨ, ਦੁਤਕਾਰਨ ਤੇ ਵੀ ਨਹੀਂ ਟਲਦਾ। ਇਵੇਂ ਹੀ ਮਨੁੱਖ ਪਰਮਾਤਮਾ ਦੇ ਦਰ ਨਾਲ ਜੁੜ ਜਾਏ। ਗੁਰੂ ਸਾਹਿਬ ਨੇ ਸੁਚੇਤ ਵੀ ਕੀਤਾ ਕਿ ਮਨੁੱਖ ਕਦੇ ਵੀ ਆਪਣੀ ਭਗਤੀ ਤੇ ਮਾਨ ਨਾ ਕਰੇ। ਮਨ ਅੰਦਰ ਹੰਕਾਰ ਆਉਂਦੀਆਂ ਹੀ ਸਾਰੀ ਭਗਤੀ, ਸਿਮਰਨ ਵਿਅਰਥ ਚਲਾ ਜਾਂਦਾ ਹੈ "ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ, ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ"। ਹਾਥੀ ਦਾ ਸੁਭਾਅ ਹੈ ਕਿ ਉਹ ਨਦੀ ਅੰਦਰ ਇਸਨਾਨ ਕਰ ਕੇ ਬਾਹਰ ਨਿਕਲਦਾ ਹੈ ਤਾਂ ਚਿੱਕੜ ਵਿੱਚ ਜਾ ਬਹਿੰਦਾ ਹੈ। ਇਵੇਂ ਉਸ ਦਾ ਕੀਤਾ ਇਸਨਾਨ ਵਿਅਰਥ ਚਲਾ ਜਾਂਦਾ ਹੈ। ਪਰਮਾਤਮਾ ਦੀ ਭਗਤੀ ਕਰਦਿਆਂ ਮਨ ਅੰਦਰ ਪੈਦਾ ਹੋਇਆ ਹੰਕਾਰ, ਭਗਤੀ ਨਾਲ ਨਿਰਮਲ ਹੋਏ ਮਨ ਨੂੰ ਮੁੜ ਮੈਲਾ ਕਰ ਦਿੰਦਾ ਹੈ। ਭਗਤੀ ਦਾ ਕੋਈ ਫਲ ਨਹੀਂ ਮਿਲਦਾ।

ਗੁਰੂ ਤੇਗ ਬਹਾਦਰ ਜੀ, ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜਾਦੇ ਸਨ। ਆਪ ਡੂੰਘੇ ਚਿੰਤਕ, ਸਹਿਜ ਸੁਭਾਅ ਦੇ ਸੁਆਮੀ ਸਨ ਤੇ ਉਤਨੇ ਹੀ ਅਡੋਲ, ਨਿਰਭੈ ਅਤੇ ਸੂਰਵੀਰ ਸਨ। ਧਰਮ ਲਈ ਆਪ ਦਾ ਸਮਰਪਣ ਇਤਨਾ ਗਹਿਰਾ ਸੀ ਕਿ ਪਟਨਾ ਸਾਹਿਬ ਅੰਦਰ ਪ੍ਰਕਾਸ਼ ਲੈਣ ਵਾਲੇ ਸਪੁੱਤਰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਮੁਖ ਵੇਖਣ ਦਾ ਅਉਸਰ ਬਣਨ 'ਚ ਪੰਜ ਸਾਲ ਲੱਗ ਗਏ। ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਸਹਿਜ ਤੇ ਸੰਜਮ ਦੀ ਸਭ ਤੋਂ ਸੁੰਦਰ ਪਰਿਭਾਸ਼ਾ ਸੀ। ਆਪ ਨੇ ਵਚਨ ਕੀਤੇ ਕਿ ਸੰਸਾਰ ਅੰਦਰ ਕੁਝ ਵੀ ਥਿਰ ਨਹੀਂ ਹੈ। ਇਕ ਭਗਤੀ ਹੀ ਸਦਾ ਸਹਾਇਕ ਰਹਿਣ ਵਾਲੀ ਹੈ। ਮਨੁੱਖ ਲਈ ਜੋਗ ਹੈ ਕਿ ਉਹ ਸੰਸਾਰਕ ਮਾਇਆ ਜਾਲ ਤੋਂ ਮੁਕਤ ਹੋ ਪਰਮਾਤਮਾ ਦੀ ਸ਼ਰਨ ਲਵੇ। ਹਰ ਮਨੁੱਖ ਦੀ ਅਵਸਥਾ ਆਉਂਦੀ ਹੈ ਜਦੋਂ ਉਹ ਸ਼ਰੀਰ ਤੋਂ ਨਿਰਬਲ ਹੋ ਜਾਂਦਾ ਹੈ, ਸਿਰ ਕੰਬਦਾ ਹੈ, ਪੈਰ ਡਗਮਗ ਕਰਦੇ ਹਨ ਤੇ ਨਜ਼ਰ ਕਮਜ਼ੋਰ ਹੋ ਜਾਂਦੀ ਹੈ। ਅਜਿਹੀ ਅਵਸਥਾ ਆਉਂਦੀ ਵੇਖ ਵੀ ਪਰਮਾਤਮਾ ਦੀ ਭਗਤੀ ਨਾ ਕਰਨਾ ਕਿਵੇਂ ਸਿਆਣਪ ਹੈ। ਭਾਵ ਪਰਮਾਤਮਾ ਦਾ ਸਿਮਰਨ ਹੀ ਇੱਕੋ ਇੱਕ ਨਿਦਾਨ ਹੈ "ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ"।

ਗੁਰੂ ਤੇਗ ਬਹਾਦਰ ਜੀ ਦੀ ਇਹ ਪਾਵਨ ਬਾਣੀ ਮਨ ਅੰਦਰ ਭਰੋਸਾ ਪੈਦਾ ਕਰਨ ਵਾਲੀ, ਅਚਿੰਤ ਕਰਨ ਵਾਲੀ, ਪਰਮਾਤਮਾ ਨਾਲ ਅਟੁੱਟ ਸਬੰਧ ਕਾਇਮ ਕਰਨ ਵਾਲੀ ਤੇ ਰੱਬੀ ਮਿਹਰ ਦਾ ਪਾਤਰ ਬਣਾਉਣ ਵਾਲੀ ਹੈ। ਬਾਣੀ ਸਲੋਕ ਮਹਲਾ ੯ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦੀ ਬਾਣੀ ਹੈ ਤੇ ਅੰਤ 'ਚ ਦਰਜ ਕੀਤੀ ਗਈ ਹੈ ਤਾਂ ਜੋ ਮਨ ਪ੍ਰੇਰਕ ਆਤਮਿਕ ਵਿਗਾਸ ਨਾਲ ਭਰ ਜਾਏ ਤੇ ਗੁਰਸਿੱਖ ਇਸ ਅਵਸਥਾ ਨੂੰ ਸਦੀਵੀ ਜੀਵਨ ਅਵਸਥਾ ਬਣਾ ਲਵੇ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। – ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਸਰੂਪ ਨੂੰ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਹਮੇਸ਼ਾਂ ਆਪਣੇ ਨਾਲ ਰੱਖਦੇ ਸਨ ( ਜਦ ਵੀ ਦੇਹਰਾਦੂਨ, ਦਿੱਲੀ, ਪਟਨਾ ਸਾਹਿਬ ਆਦਿ ਜਾਂਦੇ ਸਨ) ਇਹ ਸਰੂਪ ਵੀ ਲੜੀਵਾਰ ਸਰੂਪ ਹੈ। ਨਾਨਕਸਰ ਸਾਹਮਣੇ ਪਾਲਕੀ ਵਿੱਚ ਬਿਰਾਜਮਾਨ ਹੁੰਦੇ ਹਨ। ਇਸ ਸਰੂਪ ਨੂੰ ਧੰਨ ਬਾਬਾ ਈਸ਼ਰ ਸਿੰਘ ਜੀ ਆਪ ਸੀਸ ਤੇ ਲੈ ਕੇ ਉੱਪਰ ਗੁੰਬਦ ਦੇ ਥੱਲੇ ਬਿਰਾਜਮਾਨ ਕਰਕੇ ਧੁੱਪ ਲਗਾਉਂਦੇ ਸਨ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਧੰਨ ਬਾਬਾ ਈਸ਼ਰ ਸਿੰਘ ਜੀ ਨੇ ਸਾਰੇ ਠਾਠ ਦੀ ਉਸਾਰੀ ਕਰਾਉਣ ਤੋਂ ਬਾਅਦ ਲਿਫ਼ਟ ਲਾਉਣ ਦੀ ਆਗਿਆ ਨਹੀਂ ਸੀ ਦਿੱਤੀ, ਬਾਬਾ ਜੀ ਬਚਨ ਕਰਦੇ ਸਨ ਕਿ ਲਿਫ਼ਟ ਲਾਉਣ ਨਾਲ ਅਸੀ ਗੁਰੂ ਸਾਹਿਬ ਨੂੰ ਸੀਸ ਉੱਪਰ ਚੁੱਕ ਕੇ ਲਿਜਾਣ ਦੀ ਸੇਵਾ ਤੋਂ ਬਾਂਝੇ ਹੋ ਜਾਵਾਂਗੇ। ਇਸ ਸੇਵਾ ਨੂੰ ਬਾਬਾ ਈਸ਼ਰ ਸਿੰਘ ਜੀ ਦੇ ਦਰਗਾਹ ਜਾਣ ਤੋਂ ਬਾਅਦ ਬਾਬਾ ਕੁੰਦਨ ਸਿੰਘ ਜੀ ਨਿਭਾਉਂਦੇ ਸਨ ਤੇ ਅੱਜ-ਕੱਲ੍ਹ ਵੀ ਬਾਬਾ ਸੇਵਾ ਸਿੰਘ ਜੀ, ਬਾਬਾ ਗੁਰਜੀਤ ਸਿੰਘ ਜੀ ਤੇ ਬਾਬਾ ਗੁਰਚਰਨ ਸਿੰਘ ਜੀ ਧੁੱਪ ਲਵਾਉਣ ਦੀ ਸੇਵਾ ਕਰਦੇ ਹਨ।

੨੪- ਜਿਸ ਤਰ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ੧੬੩੪ ਈਸਵੀ ਨੂੰ ਉਹਨਾਂ ਨੇ ਹਰਿਮੰਦਰ ਸਾਹਿਬ ਨੂੰ ਅਲਵਿਦਾ ਆਖੀ ਤੇ ੧੭੦੫ ਈਸਵੀ ਤੱਕ ਹਰਿਮੰਦਰ ਸਾਹਿਬ ਆਦਿ ਗੁਰੂ ਗ੍ਰੰਥ ਸਾਹਿਬ ਤੋਂ ਬਾਂਝਾ ਰਿਹਾ ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਜੀ ਬੀੜ ਦੀ ਸੁਰੱਖਿਅਤਾ ਲਈ ਆਪਣੇ ਨਾਲ ਲੈ ਗਏ ਸਨ ਤੇ ਫਿਰ ਸੰਗਤਾਂ ਆ ਕੇ ਅਨੰਦਪੁਰ ਸਾਹਿਬ ਵਿਖੇ ਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਦਰਬਾਰ ਸਾਹਿਬ ਦੀ ਮਰਿਆਦਾ ਭੰਗ ਹੋ ਚੁਕੀ ਹੈ ਤੇ ਤੁਸੀਂ ਆਪ ਕ੍ਰਿਪਾ ਕਰੋ। ਫਿਰ ਗੁਰੂ ਸਾਹਿਬ ਨੇ ਆਪ ਹੁਕਮਨਾਮਾ ਲੈ ਕੇ ਭਾਈ ਮਨੀ ਸਿੰਘ ਜੀ ਨਾਲ 5 ਸਿੰਘ ਭੇਜੇ ਕਿ ਜਾ ਕੇ ਮਰਿਆਦਾ ਨੂੰ ਬਹਾਲ ਕਰੋ।

ਨਾਨਕਸਰ ਵਿਖੇ ਵੀ ਜਦ ੧੯੪੩ ਵਿੱਚ ਬਾਬਾ ਨੰਦ ਸਿੰਘ ਜੀ ਨੇ ਭਾਣਾ ਵਰਤਾਇਆ ਤਾਂ ਕੁਝ ਲੋਕਾਂ ਨੇ ਬਾਬਾ ਈਸ਼ਰ ਸਿੰਘ ਜੀ ਦੇ ਵਿਰੁਧ ਕਾਫੀ ਸਾਜ਼ਿਸ਼ਾਂ ਰਚੀਆਂ..ਇੱਕ ਐਸ ਪੀ ਰੈਂਕ ਦਾ ਅਧਿਕਾਰੀ ਆਪ ਬਾਬਾ ਬਣਦਾ ਸੀ ਉਸ ਨੇ ਇਤਿਹਾਸ ਮੁਤਾਬਕ ਬਾਬਾ ਈਸ਼ਰ ਸਿੰਘ ਜੀ ਦੇ ਵਿਰੁੱਧ ਹਥਿਆਰ ਵੀ ਵੰਡੇ ਸਨ। ਫਿਰ ਬਾਬਾ ਈਸ਼ਰ ਸਿੰਘ ਜੀ ਨੇ ਨਾਨਕਸਰ ਤੋ ਜਾਣਾ ਹੀ ਬਿਹਤਰ ਸਮਝਿਆ ਤੇ ਜਾ ਕੇ ਦੇਹਰਾਦੂਨ ਜਾ ਕੇ ਕਠਿਨ ਤਪੱਸਿਆ ਕੀਤੀ ( ਉਸ ਵਕਤ ਬਾਬਾ ਈਸ਼ਰ ਸਿੰਘ ਜੀ ਨਾਲ ਬਾਬਾ ਕੁੰਦਨ ਸਿੰਘ ਜੀ, ਬਾਬਾ ਕਿਹਰ ਸਿੰਘ ਜੀ ਹਜ਼ੂਰੀ ਰਾਗੀ, ਬਾਬਾ ਇੰਦਰ ਸਿੰਘ ਜੀ ਮਹਾਰਾਜ ਤੇ ਭਾਈ ਜਸਵੰਤ ਸਿੰਘ ਲੰਮਾ ਜੀ ਗਏ ਸਨ )

ਹਰਿਮੰਦਰ ਸਾਹਿਬ ਦੀ ਤਰਜ਼ ਤੇ ਨਾਨਕਸਰ ਦੇ ਨੇੜੇ ਦੀਆਂ ਪੰਚਾਇਤਾਂ ਨੇ ਗਲਾਂ ਵਿਚ ਪੱਲੇ ਪਾ ਕੇ ਬਾਬਾ ਈਸ਼ਰ ਸਿੰਘ ਜੀ ਕੋਲ ਝੋਰੜਾਂ ਬੇਨਤੀ ਕੀਤੀ ਕਿ "ਬਾਬਾ ਜੀ ਨਾਨਕਸਰ ਵਿਖੇ ਮਰਿਆਦਾ ਭੰਗ ਹੋ ਗਈ ਹੈ ਤੁਸੀਂ ਸਾਡੀ ਬੇਨਤੀ ਤੇ ਆਪ ਜਾ ਕੇ ਸੇਵਾ ਸੰਭਾਲੋ ਤਾਂ ਬਾਬਾ ਈਸ਼ਰ ਸਿੰਘ ਜੀ ਨੇ ਉਨ੍ਹਾਂ ਦੀ ਬੇਨਤੀ ਤੇ ਹੁਕਮਨਾਮਾ ਲਿਆ ਜੋ ਪ੍ਰਸੰਨਤਾ ਦਾ ਆਇਆ ਤਾਂ ਬਾਬਾ ਜੀ ਨੇ ਨਾਨਕਸਰ ਵਿਖੇ ਆ ਕੇ ਸੇਵਾ ਸੰਭਾਲੀ ਤੇ ਉਸ ਵਕਤ ਬਾਬਾ ਈਸ਼ਰ ਸਿੰਘ ਜੀ ਨਾਲ ਵੀ 5 ਹੀ ਸੇਵਾਦਾਰ ਸਨ ਕ੍ਰਮਵਾਰ ਬਾਬਾ ਕੁੰਦਨ ਸਿੰਘ ਜੀ, ਬਾਬਾ ਕਿਹਰ ਸਿੰਘ ਜੀ ਹਜ਼ੂਰੀ ਰਾਗੀ, ਬਾਬਾ ਇੰਦਰ ਸਿੰਘ ਜੀ ਮਹਾਰਾਜ ਜੋੜੀ ਵਾਲੇ, ਜਸਵੰਤ ਸਿੰਘ ਲੰਮਾ ਤੇ ਭਾਈ ਪੂਰਨ ਸਿੰਘ ਜੀ ਗੀਟਾ ਸਨ। (ਯਾਦ ਰਹੇ ਬਾਬਾ ਈਸ਼ਰ ਸਿੰਘ ਜੀ ਨੇ ਕਿਸੇ ਨੂੰ ਕੱਢਿਆ ਨਹੀ, ਬਾਬਾ ਈਸ਼ਰ ਸਿੰਘ ਜੀ ਨੇ ਇੱਥੋਂ ਤੱਕ ਕਿਹਾ ਕਿ ਆਪਾਂ ਸਾਰੇ ਰਲ ਕੇ ਸੇਵਾ ਕਰਦੇ ਹਾਂ ਪਰ ਉਹ ਨਾ ਮੰਨੇ ਤੇ ਨਾਨਕਸਰ ਤੋ ਚਲੇ ਗਏ ) ਫਿਰ ਬਾਬਾ ਈਸ਼ਰ ਸਿੰਘ ਜੀ ਨੇ ੧੯੫੦ ਵਿੱਚ ਨਾਨਕਸਰ ਸਰੋਵਰ ਦੀ ਸੇਵਾ ਸ਼ੁਰੂ ਕੀਤੀ।

(ਚਲਦਾ)

# ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ

## ਮੱਘਰ ਸੁਦੀ ੫ ਬਨਾਮ ੧੧ ਮੱਘਰ



ਸਰਵਜੀਤ ਸਿੰਘ
ਸੈਕਰਾਮੈਂਟੋ
Isarbjits@gmail.com

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 350 ਸਾਲ ਪਹਿਲਾਂ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ਼ ੧੧ ਮੱਘਰ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ਼ ਮੱਘਰ ਸੁਦੀ ੫, ਚੰਦਰ-ਸੂਰਜੀ (Lunisolar) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚੋਂ ਇਕ ਤਾਰੀਖ਼ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ 'ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾਂ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨ੍ਹਿਆ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਭ ਤੋਂ ਪਹਿਲਾਂ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿੱਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਰੁੱਤਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿੱਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿੱਚ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ 'ਚ ਚੰਦਰ-ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ:ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿੱਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਆਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Tropical year) ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਸ ਦਾ ਇਕ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦਾ ਮਹੀਨਾ ਮੱਸਿਆ ਤੋਂ ਮੱਸਿਆ (ਅਮੰਤਾ) ਅਤੇ ਪੁਨਿਆ ਤੋਂ ਪੁਨਿਆ (ਪੂਰਨਮੰਤਾ) ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਸਾਲ, ਸੂਰਜੀ ਸਾਲ ਤੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜ਼ਰੀ ਕੈਲੰਡਰ ਵਾਂਗ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ। ਜਿਵੇਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮੱਘਰ ਸੁਦੀ ੫ ਸੰਮਤ ੨੦੮੧ ਬਿ: ਵਿੱਚ ੨੧ ਮੱਘਰ (6 ਦਸੰਬਰ 2024 ਈ:) ਨੂੰ ਆਇਆ ਸੀ। ਇਸ ਸਾਲ ਭਾਵ ਸੰਮਤ ੨੦੮੨ ਬਿ: ਵਿੱਚ ਇਹ ੧੦ ਮੱਘਰ (25 ਨਵੰਬਰ) ਨੂੰ ਆਇਆ ਹੈ। ਇਸ ਹਿਸਾਬ ਨਾਲ ਤਾਂ ਸੰਮਤ ੨੦੮੩ ਬਿ: ਵਿੱਚ ਇਹ ਦਿਹਾੜਾ ੨੯ ਕੱਤਕ (14 ਨਵੰਬਰ, 2026 ਈ:) ਨੂੰ ਆਉਣਾ ਚਾਹੀਦਾ ਹੈ। ਪਰ ਨਹੀਂ! ਹੁਣ ਇਹ ਦਿਹਾੜ 29 ਮੱਘਰ (14 ਦਸੰਬਰ 2026 ਈ:) ਨੂੰ ਆਵੇਗਾ। ਅਜੇਹਾ ਕਿਉਂ?

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿੱਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 13 ਮਹੀਨੇ ਕਰ ਦਿੱਤੇ ਜਾਂਦੇ ਹਨ। ਅਗਲੇ ਸਾਲ (ਸੰ: ੨੦੮੩ ਬਿ:) ਚੰਦ ਦੇ ਸਾਲ ਵਿੱਚ 13 ਮਹੀਨੇ ਹੋਣਗੇ। ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਹ ਤੇਰਵਾਂ ਮਹੀਨਾ ਜਿਸ ਨੂੰ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ। ਮਲ ਮਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਓਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਣ ਦੀ ਬਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾ ਦਿਹਾੜਾ ੨੯ ਕੱਤਕ (14 ਨਵੰਬਰ 2026ਈ:) ਨੂੰ ਆਉਣਾ ਚਾਹੀਦਾ ਸੀ, ਹੁਣ ਉਹ ੨੯ ਮੱਘਰ (14 ਦਸੰਬਰ, 2026) ਨੂੰ ਆਵੇਗਾ। ਹੁਣ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾਂ ਭਾਵ ੧੮ ਮੱਘਰ (3 ਦਸੰਬਰ 2027 ਈ:) ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਜੇ ਚੰਦ ਦੇ ਕੈਲੰਡਰ ਨੂੰ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਹੀ ਕਰਨਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਅਪਣਾ ਲਿਆ ਜਾਵੇ?

ਜਿਸ ਦਿਨ ਇਹ ਸ਼ਹੀਦੀ ਸਾਕਾ ਵਾਪਰਿਆ ਸੀ, ਉਸ ਦਿਨ ੧੧ ਮੱਘਰ, ਮੱਘਰ ਸੁਦੀ ੫ ਸੰਮਤ ੧੭੩੨ ਬਿਕ੍ਰਮੀ ਦਿਨ ਵੀਰਵਾਰ ਸੀ। ਸਰਕਾਰੀ ਰਿਕਾਰਡ ਵਿੱਚ ਇਹ 3 ਰਮਜ਼ਾਨ 1086 ਹਿਜ਼ਰੀ ਲਿਖੀ ਗਈ ਹੋਵੇਗੀ। ਅੰਗਰੇਜ਼ਾਂ ਦੇ ਆਉਣ ਤੋਂ ਪਿਛੋਂ, ਜਦੋਂ ਅੰਗਰੇਜ਼ੀ ਕੈਲੰਡਰ ਵਿੱਚ ਤਾਰੀਖ਼ਾਂ ਲਿਖਣ ਦਾ ਰਿਵਾਜ ਪਿਆ ਤਾਂ 11 ਨਵੰਬਰ 1675 ਈ: (ਜੂਲੀਅਨ) ਲਿਖੀ ਗਈ। ਜੇ ਇੰਗਲੈਂਡ ਨੇ ਵੀ ਜੂਲੀਅਨ ਕੈਲੰਡਰ ਦੀ ਸੋਧ ਨੂੰ ਅਕਤੂਬਰ 1582 ਈ: ਵਿੱਚ ਹੀ ਪ੍ਰਵਾਨ ਕਰ ਲਿਆ ਹੁੰਦਾ ਤਾਂ ਇਹ 21 ਨਵੰਬਰ 1675 ਈ: (ਗ੍ਰੈਗਗੋਰੀਅਨ) ਲਿਖੀ ਜਾਣੀ ਸੀ। ਹੁਣ ਜੇ ਇਹ ਦਿਹਾੜਾ ਹਿਜ਼ਰੀ ਕੈਲੰਡਰ (ਚੰਦ ਦਾ ਸ਼ੁਧ ਕੈਲੰਡਰ) ਮੁਤਾਬਕ ਮਨਾਇਆ ਜਾਵੇ ਤਾਂ 350 ਸਾਲਾਂ ਸ਼ਤਾਬਦੀ 3 ਰਮਜਾਨ 1436 ਹਿਜਰੀ ਭਾਵ 21 ਜੂਨ 2015 ਈ: ਬਣਦੀ ਸੀ। 21 ਜੂਨ 2015 ਈ: ਤੋਂ 25 ਨਵੰਬਰ 2025 ਤੱਕ ਲੈ ਕੇ ਆਉਣ ਲਈ, ਚੰਦ ਦੇ ਕੈਲੰਡਰ ਨੂੰ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਕਰਨ ਲਈ, ਚੰਦ ਦੇ ਕੈਲੰਡਰ ਨਾਲ ਖਿੱਚ-ਧੂਹ (ਮਲ ਮਾਸ ਅਤੇ ਕਸ਼ੈ ਮਾਸ) ਕੀਤੀ ਗਈ ਹੈ।

ਅੱਜ, ਸਿੱਖ ਕੌਮ ਸਾਰੀ ਦੁਨੀਆਂ ਦੇ ਕੋਨੇ-ਕੋਨੇ ਵਿੱਚ ਫੈਲ ਚੁੱਕੀ ਹੈ। ਵਿਦੇਸ਼ੀ ਸਰਕਾਰਾਂ ਸਾਰੇ ਧਰਮਾਂ ਦੇ ਇਤਿਹਾਸਕ ਦਿਹਾੜਿਆਂ ਨੂੰ ਆਪਣੀਆਂ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਿਲ ਕਰ ਰਹੀਆਂ ਹਨ। ਇਸ ਲਈ ਸਾਨੂੰ ਵੀ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ। 354 ਦਿਨਾਂ (ਤੀਜੇ-ਚੌਥੇ ਸਾਲ 384 ਦਿਨ) ਵਾਲੇ ਕੈਲੰਡਰੀ ਸਾਲ ਨੂੰ ਛੱਡ ਕੇ ਗੁਰਬਾਣੀ ਅਧਾਰਿਤ, (ਰਥੁ ਫਿਰੈ ਛਾਇਆ ਧਨ ਤਾਕੈ) ਰੁੱਤੀ ਸਾਲ (365.242196 ਦਿਨ) ਅਪਨਾਉਣਾ ਚਾਹੀਦੀ ਹੈ। ਹੁਣ ਜਦੋਂ ਅਸੀਂ ਇਹ ਦਿਹਾੜਾ ਮੱਘਰ ਸੁਦੀ ੫ ਦੀ ਬਜਾਏ, ਹਰ ਸਾਲ ੧੧ ਮੱਘਰ ਨੂੰ ਮਨਾਵਾਂਗੇ, ਤਾਂ ਹਰ ਸਾਲ ਇਹ ਦਿਹਾੜਾ 365 ਦਿਨਾਂ ਪਿਛੋਂ, 11 ਮੱਘਰ ਨੂੰ ਹੀ ਆਵੇਗਾ।

**ਅੱਜ ਦਾ ਸਵਾਲ:- ਜੇ ਅਸੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ, ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ ੧੧ ਮੱਘਰ (24 ਨਵੰਬਰ) ਨੂੰ ਮਨਾਉਂਦੇ ਹਾਂ ਤਾਂ ਗੁਰਮਿਤ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?**

| | ਧੁਮੱਕਸ਼ਾਹੀ ਕੇਲੰਡਰ | | ਨਾਨਕਸ਼ਾਹੀ ਕੇਲੰਡਰ | |
|---|---|---|---|---|
| ਨ: ਸ:/ ਈ: | ਪ੍ਰਵਿਸ਼ਟਾ | ਤਾਰੀਖ਼ | ਪ੍ਰਵਿਸ਼ਟਾ | ਤਾਰੀਖ਼ |
| ੫੫੩/21-22 | ੨੩ ਮੱਘਰ | 8 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੪/22-23 | ੧੩ ਮੱਘਰ | 28 ਨਵੰਬਰ | ੧੧ ਮੱਘਰ | 24 ਨਵੰਬਰ |
| ੫੫੫/23-24 | ੨ ਪੋਹ | 17 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੬/24-25 | ੨੧ ਮੱਘਰ | 6 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੭/25-26 | ੧੦ ਮੱਘਰ | 25ਨਵੰਬਰ | ੧੧ ਮੱਘਰ | 24 ਨਵੰਬਰ |
| ੫੫੮/26-27 | ੨੯ ਮੱਘਰ | 14 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੯/27-28 | ੧੮ ਮੱਘਰ | 3 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੦/28-29 | ੬ ਮੱਘਰ | **21** ਨਵੰਬਰ | ੧੧ ਮੱਘਰ | 24 ਨਵੰਬਰ |
| ੫੬੧/29-30 | ੨੫ ਮੱਘਰ | 10 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੨/30-31 | ੧੪ ਮੱਘਰ | 29 ਨਵੰਬਰ | ੧੧ ਮੱਘਰ | 24 ਨਵੰਬਰ |

# ਗੁਰੂ ਸਾਹਿਬ ਬਾਰੇ ਫ਼ਾਰਸੀ ਲਿਖਤਾਂ ਵਿਚ ਵਰਨਣ

ਡਾ. ਮੁਹੰਮਦ ਇਦਰੀਸ

ਇਸ ਲੇਖ ਦਾ ਮੰਤਵ ਨੌਂਵੇਂ ਸਿੱਖ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ, ਸਿੱਖਿਆਵਾਂ, ਯਾਤਰਾਵਾਂ ਅਤੇ ਸ਼ਹਾਦਤ ਆਦਿ ਮਹੱਤਵਪੂਰਨ ਘਟਨਾਵਾਂ ਦੇ ਵਰਨਣ ਨਾਲ ਸੰਬੰਧਤ ਸਮਕਾਲੀਨ, ਮੁਸਲਿਮ, ਗ਼ੈਰ-ਮੁਸਲਿਮ ਇਤਿਹਾਸਕਾਰਾਂ ਦੀਆਂ ਫ਼ਾਰਸੀ ਲਿਖਤਾਂ ਬਾਰੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕਰਨਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਨਾਲ ਸੰਬੰਧਤ ਅਤੇ ਸਿੱਖ ਇਤਿਹਾਸ ਨੂੰ ਜਾਨਣ ਲਈ ਪ੍ਰਮੁੱਖ ਰੂਪ ਵਿਚ ਚਾਰ ਪ੍ਰਕਾਰ ਦੇ ਸੋਮੇ ਮਿਲਦੇ ਹਨ। ਪਹਿਲੇ ਗੁਰਮੁਖੀ ਭਾਸ਼ਾ ਵਿਚ, ਦੂਸਰੇ ਅਸਾਮੀ ਭਾਸ਼ਾ ਵਿਚ ਲਿਖੀਆਂ 'ਪਾਤਸ਼ਾਹ ਜਾਂ ਅਸਮ ਬੁਰੰਜੀਆਂ', ਤੀਸਰੇ ਤੇ ਵਧੇਰੇ ਅਮੋਲਕ ਸ੍ਰੋਤ ਭੱਟ ਵਹੀਆਂ ਅਤੇ ਚੌਥੇ ਮੁਸਲਿਮ ਤੇ ਗ਼ੈਰ ਮੁਸਲਿਮ ਇਤਿਹਾਸਕਾਰਾਂ ਤੇ ਕੁਝ ਵਿਦਵਾਨਾਂ ਦੁਆਰਾ ਫ਼ਾਰਸੀ ਭਾਸ਼ਾ ਵਿਚ ਲਿਖੀਆਂ ਲਿਖਤਾਂ ਹਨ। ਫ਼ਾਰਸੀ ਭਾਸ਼ਾ ਵਿਚ ਵਿਸ਼ੇ ਨਾਲ ਸੰਬੰਧਤ ਅਨੇਕਾਂ ਲਿਖਤਾਂ ਮਿਲਦੀਆਂ ਹਨ, ਪਰੰਤੂ ਕੁਝ ਲਿਖਤਾਂ ਵਿਚ ਇਤਿਹਾਸਕ ਕਸਵੱਟੀ, ਪ੍ਰਮਾਣਿਕਤਾ, ਲੇਖਕਾਂ ਦੀ ਪੂਰਵ ਧਾਰਨਾ ਅਤੇ ਧਾਰਮਿਕ ਅਸਹਿਣਸ਼ੀਲਤਾ ਆਦਿ ਕਰਕੇ ਕੁਝ ਸਮੱਸਿਆਵਾਂ ਤੇ ਭਰਮ-ਭੁਲੇਖੇ ਪਾਏ ਜਾਂਦੇ ਹਨ।

ਪਿਆਰ ਸਿੰਘ ਨੇ ਆਪਣੀ ਕਿਤਾਬ 'ਸ੍ਰੀ ਗੁਰੂ ਤੇਗ਼ ਬਹਾਦਰ' (ਫ਼ਾਰਸੀ ਸਰੋਤ) ਵਿਚ ਪੰਦਰਾਂ ਮਹੱਤਵਪੂਰਨ ਇਤਿਹਾਸਕ ਫ਼ਾਰਸੀ ਸ੍ਰੋਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਲਿਖਤਾਂ ਵਿਚੋਂ ਸੱਤ ਮੁਸਲਿਮ ਇਤਿਹਾਸਕਾਰਾਂ, ਸੱਤ ਗ਼ੈਰ ਮੁਸਲਿਮ ਅਤੇ ਇਕ ਨਾ-ਮਾਲੂਮ ਲੇਖਕ ਦੀ ਰਚਨਾ ਹੈ। ਪਹਿਲੀ ਸਮਕਾਲੀ ਲਿਖਤ ਨੰਦ ਲਾਲ ਗੋਯਾ ਦੀ 'ਗੰਜਨਾਮਾ-ਏ-ਨੌਵੀਂ ਪਾਤਸ਼ਾਹੀ' ਹੈ। ਨੰਦ ਲਾਲ ਗੋਯਾ ਨੇ ਫ਼ਾਰਸੀ ਭਾਸ਼ਾ ਵਿਚ ਸੱਤ ਕਿਤਾਬਾਂ ਲਿਖੀਆਂ ਸਨ। ਅਰਬੀ, ਫ਼ਾਰਸੀ ਅਤੇ ਪੰਜਾਬੀ ਭਾਸ਼ਾ ਦੇ ਇਸ ਵਿਦਵਾਨ ਦਾ ਭਾਈ ਗੁਰਦਾਸ ਤੋਂ ਬਾਅਦ ਸਿੱਖ ਇਤਿਹਾਸ ਵਿਚ ਮਹੱਤਵਪੂਰਨ ਸਤਿਕਾਰ ਹੈ। ਭਾਈ ਨੰਦ ਲਾਲ ਨੂੰ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਗੰਜਨਾਮਾ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਮਤਲਬ ਖ਼ਜ਼ਾਨਾ ਹੈ। ਕਿਤਾਬ ਤੋਂ ਭਾਵ ਹੈ ਸਿੱਖ ਇਤਿਹਾਸ ਦਾ ਖਜ਼ਾਨਾ। ਇਸ ਕਿਤਾਬ ਵਿਚ ਭਾਈ ਨੰਦ ਲਾਲ ਗੋਯਾ ਨੇ ਇੱਕ ਸੌ ਸੱਠ ਆਇਤਾਂ ਵਿਚ ਸਿੱਖ ਗੁਰੂ ਸਾਹਿਬਾਨ ਦੀ ਮਹਾਨਤਾ, ਧਾਰਮਿਕ ਬਿਰਤੀ ਅਤੇ ਮਾਨਵਤਾ ਨੂੰ ਸੇਧ ਅਤੇ ਸਿੱਖਿਆਵਾਂ ਆਦਿ ਬਾਰੇ ਬਿਆਨ ਕੀਤਾ ਹੈ। ਗੰਜਨਾਮਾ ਦੇ ਨੌਂਵੇਂ ਭਾਗ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸੰਬੰਧਤ ਵਿਚ ਲਿਖਿਆ ਹੈ ਕਿ ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਬਜ਼ੁਰਗੀ ਦਾ ਪੁੰਜ ਹੈ, ਜਿਸ ਦੀ ਪਵਿੱਤਰ ਹਸਤੀ ਤੋਂ ਸੱਚ ਦੀਆਂ ਕਿਰਨਾਂ ਰੋਸ਼ਨ ਹਨ, ਜਿਸ ਨੂੰ ਰੱਬ ਨੇ ਚੋਣਵੇ ਬੰਦਿਆਂ ਵਿਚੋਂ ਸ੍ਰੇਸ਼ਟ ਬਣਾਇਆ ਹੈ, ਜਿਸ ਦੇ ਸੁਭਾਗ ਪੱਲੇ ਨੂੰ ਹਰੇਕ ਮਨੁੱਖ ਨੇ ਫੜਿਆ ਹੋਇਆ ਹੈ, ਜਿਸ ਦੀ ਬਾਣੀ ਬ੍ਰਹਮ ਵਿੱਦਿਆ ਦੀ ਉੱਚੀ ਛਟਾ ਹੈ। ਗੰਜਨਾਮਾ ਨੌਵੀਂ ਪਾਤਸ਼ਾਹੀ ਦਾ ਪੰਜਾਬੀ ਅਨੁਵਾਦ ਡਾ. ਗੰਡਾ ਸਿੰਘ ਦੁਆਰਾ ਕੀਤਾ ਗਿਆ ਹੈ।

ਫ਼ਾਰਸੀ ਭਾਸ਼ਾ ਦੀ ਦੂਸਰੀ ਮਹੱਤਵਪੂਰਨ ਸਮਕਾਲੀ ਲਿਖਤ ਸੁਜਾਨ ਰਾਏ ਭੰਡਾਰੀ ਦੀ ਖੁਲਾਸਤੁਤ ਤਵਾਰੀਖ਼ ਹੈ। 'ਖੁਲਾਸਤੁਤ' ਤੋਂ ਭਾਵ ਠੀਕ ਜਾਂ ਮੁਕੰਮਲ ਤਵਾਰੀਖ਼ੈ ਤੋਂ ਭਾਵ ਇਤਿਹਾਸ ਹੈ। ਸੋ ਲੇਖਕ ਅਨੁਸਾਰ ਇਹ ਮੁਕੰਮਲ ਇਤਿਹਾਸ ਹੈ। ਸੁਜਾਨ ਰਾਏ ਭੰਡਾਰੀ, ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਸ਼ਹਿਰ ਦਾ ਜੰਮਪਲ ਸੀ। ਇਹ ਕਿਤਾਬ 1695-96 ਈਸਵੀ ਵਿਚ ਉਸ ਦੁਆਰਾ ਲਿਖੀ ਗਈ ਸੀ। ਕਿਤਾਬ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਅਤੇ ਸ਼ਹਾਦਤ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਸੁਜਾਨ ਰਾਏ ਭੰਡਾਰੀ ਅਨੁਸਾਰ ਗੁਰੂ ਹਰ ਗੋਬਿੰਦ ਸਾਹਿਬ ਦੇ ਛੋਟੇ ਪੁੱਤਰ ਤੇਗ਼ ਬਹਾਦਰ ਗਿਆਰਾਂ ਸਾਲ ਗੁਰੂ ਰਹੇ ਅਤੇ ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ਾਹਜਹਾਨਬਾਦ ਵਿਖੇ ਸ਼ਹੀਦ ਹੋਏ, ਪਰੰਤੂ ਸ਼ਹਾਦਤ ਦੇ ਕਾਰਨਾਂ ਬਾਰੇ ਪੂਰੀ ਤਫ਼ਸੀਲ ਜਾਂ ਕੋਈ ਟਿੱਪਣੀ ਨਹੀਂ ਮਿਲਦੀ। ਇਸ ਕਿਤਾਬ ਨੂੰ 1918 ਈਸਵੀ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਪੰਜਾਬੀ ਭਾਸ਼ਾ ਵਿਚ ਅਨੁਵਾਦ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ।

ਫ਼ਾਰਸੀ ਭਾਸ਼ਾ ਵਿਚ ਲਿਖੇ ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ ਜੋ ਕਿ ਰਾਜਸਥਾਨ ਰਾਜ ਪੁਰਾਲੇਖ ਵਿਭਾਗ, ਜੈਪੁਰ ਵਿਖੇ ਉਪਲਬੱਧ ਹਨ, ਉਨ੍ਹਾਂ ਅਖ਼ਬਾਰਾਤ ਵਿਚ ਵੀ ਸੰਖੇਪ ਰੂਪ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਬਾਰੇ ਜਾਣਕਾਰੀ ਮਿਲਦੀ ਹੈ। ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕਰਨ ਹਿੱਤ ਮੁਗ਼ਲ ਰਾਜ ਦੇ ਵੱਖ-ਵੱਖ ਇਲਾਕਿਆਂ ਤੋਂ ਪੱਤਰਕਾਰ ਖ਼ਬਰਾਂ ਨੂੰ ਸ਼ਾਹੀ ਦਰਬਾਰ ਵਿਚ ਭੇਜਦੇ ਸਨ। ਉਨ੍ਹਾਂ ਅਖ਼ਬਾਰਾਤ ਤੋਂ ਦੋ ਮਹੱਤਵਪੂਰਨ ਸੂਚਨਾਵਾਂ ਪਹਿਲੀ ਗੁਰੂ ਸਾਹਿਬ ਦਾ ਨਾਮ 'ਤੇਗ਼ ਮੱਲ' ਅਤੇ ਦੂਜੀ ਆਸਾਮ ਦੀ ਮੁਹਿੰਮ 'ਤੇ ਕੁਝ ਚਿਰ ਲਈ ਰਾਜਾ ਰਾਮ ਸਿੰਘ ਦੇ ਨਾਲ ਵੀ ਗੁਰੂ ਸਾਹਿਬ ਰਹੇ ਸਨ।

ਬੁੱਧ ਸਿੰਘ ਅਰੋੜਾ ਦੀ ਫ਼ਾਰਸੀ ਲਿਖਤੀ, 'ਰਿਸਾਲਾ ਦਰ ਅਹਿਵਾਲ-ਏ-ਨਾਨਕ ਸ਼ਾਹ ਦਰਵੇਸ਼' ਇਕ ਹੋਰ ਮਹੱਤਵਪੂਰਨ ਲਿਖਤ ਹੈ। ਬੁੱਧ ਸਿੰਘ ਅਰੋੜਾ ਅਠਾਰਵੀਂ ਸਦੀ ਦਾ ਹਿੰਦੂ ਲੇਖਕ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਸਰੇ ਦੇ ਦਰਬਾਰ ਵਿਚ ਨੌਕਰ ਸੀ। ਉਸ ਨੇ ਇਹ ਲਿਖਤ ਈਸਟ ਇੰਡੀਆ ਕੰਪਨੀ ਦੇ ਰੈਜ਼ੀਡੈਂਟ ਜੇਮਜ਼ ਬਰਾਊਨ ਦੇ ਕਹਿਣ 'ਤੇ ਮਾਲੇਰਕੋਟਲਾ ਦੇ ਲਾਲਾ ਅਜਾਇਬ ਸਿੰਘ ਸੂਰੀ ਨਾਲ ਮਿਲ ਕੇ ਲਿਖੀ ਸੀ। ਇਸ ਲਿਖਤ ਅਨੁਸਾਰ ਸ਼ਹਿਰ ਦੀ ਦੱਖਣੀ ਬਾਹੀ ਵੱਲ, ਜਿਥੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ, ਇਕ ਵੱਡਾ ਸਾਰਾ ਮਕਾਨ ਬਣਾਇਆ ਗਿਆ, ਜਿਹੜਾ ਹਾਲੀ ਵੀ ਮੌਜੂਦ ਹੈ ਤੇ ਬਹੁਤ ਪ੍ਰਸਿੱਧ ਹੈ। ਲੋਕ ਉਸ ਥਾਂ 'ਤੇ ਪ੍ਰਸਤਿਸ਼ ਤੇ ਪੂਜਾ ਕਰਦੇ ਹਨ।

ਅਗਿਆਤ ਲੇਖਕ ਦੀ ਫ਼ਾਰਸੀ ਭਾਸ਼ਾ ਵਿਚ ਲਿਖਤ 'ਹਕੀਕਤ-ਏ-ਬਿਨਾਂ-ਉਰੂਜ਼-ਏ-ਫ਼ਿਰਕਾ-ਏ-ਸਿੱਖਾਂ' ਹੈ। ਇਸ ਕਿਤਾਬ ਦਾ ਰਚਨਾ ਕਾਲ ਈਸਟ ਇੰਡੀਆ ਕੰਪਨੀ ਦੇ ਸਮੇਂ 1783 ਤੋਂ 1785 ਈਸਵੀ ਦੇ ਆਸ-ਪਾਸ ਦਾ ਮੰਨਿਆ ਜਾਂਦਾ ਹੈ। ਇਸ ਦਾ ਲੇਖਕ ਮੁਗ਼ਲਸ਼ਾਹੀ ਦਰਬਾਰ ਨਾਲ ਜੁੜਿਆ ਹੋਇਆ ਮੁਨਸ਼ੀ ਜਾਪਦਾ ਹੈ, ਜਿਸ ਨੂੰ ਸਿੱਖਾਂ ਦੇ ਤਤਕਾਲੀਨ ਹਾਲਾਤ ਬਾਰੇ ਪੂਰਨ ਜਾਣਕਾਰੀ ਨਹੀਂ ਸੀ। ਕਿਤਾਬ ਵਿਚ ਇਤਿਹਾਸਕ ਤੱਥਾਂ ਦੀਆਂ ਗ਼ਲਤੀਆਂ ਕਾਰਨ ਅਤੇ ਲੇਖਕ ਦੇ ਅਗਿਆਤ ਹੋਣ ਕਾਰਨ ਇਸ ਦੀ ਜਾਣਕਾਰੀ ਅਧੂਰੀ ਤੇ ਉਸ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ।

ਗੁਲਾਮ ਹੁਸੈਨ ਖ਼ਾਨ ਦੀ ਲਿਖਤ ਸੀਅਰ ਮੁਤਾਖ਼ਿਰੀਨ 1706 ਤੋਂ 1782 ਈਸਵੀ ਤੱਕ ਹਿੰਦੁਸਤਾਨ ਦਾ ਇਤਿਹਾਸ ਹੈ। ਸੀਅਰੁਲ ਮੁਤਾਖਿਰੀਨ ਉਰਦੂ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲਬ ਨਵੇਂ ਜ਼ਮਾਨੇ ਦਾ ਮੁਲਾਂਕਣ ਹੈ। ਗੁਲਾਮ ਹੁਸੈਨ ਖ਼ਾਨ ਨੇ ਇਹ ਕਿਤਾਬ ਅੰਗਰੇਜ਼ ਅਫ਼ਸਰਾਂ ਦੀ ਪ੍ਰੇਰਨਾ ਸਦਕਾ ਲਿਖੀ ਸੀ। ਕਿਤਾਬ ਵਿਚ ਭਾਵੇਂ ਸਿੱਖ ਇਤਿਹਾਸ ਨਾਲ ਸੰਬੰਧਤ ਵਿਸਥਾਰ ਪੂਰਵਕ ਜਾਣਕਾਰੀ ਹੈ, ਪਰੰਤੂ ਇਹ ਜਾਣਕਾਰੀ ਅਧੂਰੀ ਤੇ ਵਿਰੋਧਾਭਾਸ਼ਕ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਦੋ ਹੁਕਮ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਅਤੇ ਸ਼ਹਾਦਤ ਨਾਲ ਸੰਬੰਧਤ ਠੀਕ ਜਾਪਦੇ ਹਨ।

ਬਖ਼ਤ ਮਲ ਦੀ ਲਿਖਤ 'ਖ਼ਾਲਸਾ ਨਾਮਾ' ਇਕ ਹੋਰ ਮਹੱਤਵਪੂਰਨ ਫ਼ਾਰਸੀ ਸ੍ਰੋਤ ਹੈ। ਲੇਖਕ ਅਨੁਸਾਰ ਉਸ ਨੇ ਖ਼ਾਲਸਾ ਨਾਮਾ ਕਿਤਾਬ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਜੌਨ ਮੈਲਕਮ ਦੇ ਕਹਿਣ ਅਨੁਸਾਰ ਲਿਖੀ ਸੀ। ਗੰਡਾ ਸਿੰਘ ਅਨੁਸਾਰ ਬਖ਼ਤ ਮਲ ਨੂੰ ਕੈਥਲ ਦੇ ਰਾਜੇ ਸਰਦਾਰ ਭਾਈ ਲਾਲ ਸਿੰਘ ਦੀ ਸਰਪ੍ਰਸਤੀ ਹਾਸਲ ਸੀ। ਇਤਿਹਾਸਕ ਦ੍ਰਿਸ਼ਟੀ ਤੋਂ ਕਿਤਾਬ ਦਾ ਰਚਨਾ ਕਾਲ 1810 ਤੋਂ 14 ਈਸਵੀ ਦਰਮਿਆਨ ਬਣਦਾ ਹੈ। ਬਖ਼ਤ ਮਲ ਇਕ ਸੂਝਵਾਨ ਲੇਖਕ ਜਾਪਦਾ ਹੈ, ਉਸ ਦੁਆਰਾ ਲਿਖਿਆ ਸਿੱਖ ਇਤਿਹਾਸ ਸੁਣ ਕੇ ਲਿਖੀਆਂ ਅਤੇ ਨਿਰੋਲ ਸਿੱਖ ਰਵਾਇਤਾਂ 'ਤੇ ਅਧਾਰਿਤ ਹੈ। ਕੁਝ ਨਵੀਂ ਜਾਣਕਾਰੀ ਜਿਵੇਂ ਸਰਦਾਰ ਬਘੇਲ ਸਿੰਘ ਦੇ ਯਤਨਾਂ ਕਾਰਨ ਦਿੱਲੀ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਹਿੱਤ ਪਿੱਪਲੀ ਨਾਮ ਦੇ ਪਿੰਡ ਨੂੰ ਜਾਗੀਰ ਮਿਲਣਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਮਿਲਣਾ, ਸ਼ਹਾਦਤ ਦਾ ਸਫ਼ਰ ਅਤੇ ਸ਼ਹੀਦੀ ਸਥਾਨ ਆਦਿ ਬਾਰੇ ਵੀ ਜਾਣਕਾਰੀ ਇਸ ਕਿਤਾਬ ਵਿਚ ਮਿਲਦੀ ਹੈ।

'ਤਵਾਰੀਖ-ਏ-ਸਿੱਖਾਂ' ਖੁਸ਼ਵਕਤ ਰਾਏ ਦੀ ਲਿਖਤ ਹੈ। ਇਸ ਨੂੰ 'ਕਿਤਾਬ- ਏ-ਤਵਾਰੀਖ਼ -ਏ-ਪੰਜਾਬ' ਅਤੇ 'ਗੁਜ਼ਾਰਿਸ-ਏ-ਫ਼ਿਰਕਾ-ਏ-ਸਿੱਖਾਂ' ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ 1811 ਈਸਵੀ ਤੱਕ ਦਾ ਸਿੱਖ ਇਤਿਹਾਸ ਹੈ। ਕਿਤਾਬ ਦਾ ਵਧੇਰੇ ਬਿਰਤਾਂਤ ਸਿੱਖ ਰਵਾਇਤਾਂ 'ਤੇ ਅਧਾਰਿਤ ਹੈ। ਲੇਖਕ ਵਲੋਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਮਨ ਵਿਚ ਉਠੇ ਭੈਮਾ ਦਾ ਵਰਨਣ ਵੀ ਮਿਲਦਾ ਹੈ। ਮੁਗ਼ਲ ਪੱਤਰ ਪ੍ਰੇਰਕਾਂ ਪਾਸੋਂ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁੱਧ ਲਗਾਤਾਰ ਹੀ ਖ਼ਬਰਾਂ ਮਿਲ ਰਹੀਆਂ ਸਨ। ਗੁਰੂ ਸਾਹਿਬ ਦੀ ਗ੍ਰਿਫਤਾਰੀ, ਯਾਤਰਾਵਾਂ, ਸ਼ਹੀਦੀ ਅਤੇ ਸਸਕਾਰ ਆਦਿ ਬਾਰੇ ਜਾਣਕਾਰੀ ਵੀ ਮਿਲਦੀ ਹੈ।

ਅਹਿਮਦ ਸ਼ਾਹ ਬਟਾਲਵੀ ਦੀ ਕਿਤਾਬ 'ਤਵਾਰੀਖ-ਏ-ਹਿੰਦ : ਬਿਆਨ-ਏ-ਮੁਲਕ ਹਿੰਦ-ਵਮੁਲਕ ਆਂ ਅਜ਼-ਏ-ਕਦੀਮ' 1818 ਈਸਵੀ ਵਿਚ ਲਿਖੀ ਗਈ ਸੀ। ਅਹਿਮਦ ਸ਼ਾਹ ਬਟਾਲਾ ਸ਼ਹਿਰ ਦਾ ਇੱਕ ਅਮੀਰ ਮੁਸਲਿਮ ਵਿਦਵਾਨ ਸੀ, ਜਿਸ ਦੀ ਵਿਦਵਤਾ ਕਾਰਨ ਮਹਾਰਾਜਾ ਰਣਜੀਤ ਸਿੰਘ ਉਸ ਦੀ ਬਹੁਤ ਇੱਜ਼ਤ ਕਰਦਾ ਸੀ। ਤਵਾਰੀਖ਼-ਏ-ਹਿੰਦ ਵਿਚ ਗੁਰੂ ਗੋਬਿੰਦ ਸਿੰਘ ਦਾ ਵਾਕ 'ਸੀਸ ਦੀਆ ਪਰ ਸਿਰਰ ਨਾ ਦੀਆ' ਸੂਫ਼ੀਆਨਾ ਰੰਗ ਵਿਚ ਪਹਿਲੀ ਵਾਰ ਪੇਸ਼ ਕੀਤਾ ਗਿਆ ਹੈ। ਬਾਬਾ ਬਕਾਲੇ ਦੀ ਘਟਨਾ, ਸੋਢੀਆਂ ਦੀ ਈਰਖਾ, ਗੁਰੂ ਤੇਗ਼ ਬਹਾਦਰ ਸਾਹਿਬ ਦੁਆਰਾ ਤੀਰਥਾਂ ਦੀ ਯਾਤਰਾ, ਕਹਿਲੂਰ ਦੇ ਰਾਜੇ ਤੋਂ ਜ਼ਮੀਨ ਪ੍ਰਾਪਤ ਕਰਨਾ ਅਤੇ ਮਾਖੋਵਾਲ ਨੂੰ ਵਸਾਉਣਾ ਆਦਿ ਘਟਨਾਵਾਂ ਦੇ ਵੇਰਵੇ ਵੀ ਇਸ ਸ੍ਰੋਤ ਵਿਚ ਮਿਲਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਇਤਿਹਾਸਕਾਰ ਸੋਹਣ ਲਾਲ ਸੂਰੀ ਦੁਆਰਾ 'ਉਮੱਦਤੁਤ ਤਵਾਰੀਖ਼' ਲਿਖਣ ਦੀ ਸ਼ੁਰੂਆਤ 1822 ਈਸਵੀ ਵਿਚ ਕੀਤੀ ਗਈ ਸੀ। 1849 ਈ. ਵਿਚ ਇਹ ਕਿਤਾਬ ਸੰਪੂਰਨ ਕੀਤੀ ਗਈ ਸੀ। ਕਿਤਾਬ ਪੰਜ ਜਿਲਦਾਂ ਵਿਚ ਪ੍ਰਕਾਸ਼ਿਤ ਹੈ। ਇਸ ਦੇ ਦਫ਼ਤਰ ਅੱਵਲ ਅਨੁਸਾਰ 'ਗੁਰੂ ਹਰਕਿਸ਼ਨ ਸਾਹਿਬ ਪਿੱਛੋਂ ਗੁਰੂ ਹਰਗੋਬਿੰਦ ਸਾਹਿਬ ਦਾ ਛੋਟਾ ਪੁੱਤਰ ਤੇਗ਼ ਬਹਾਦਰ ਆਪਦੇ ਸੇਵਕਾਂ (ਸਿੱਖਾਂ) ਦੀ ਗਿਆਰਾਂ ਸਾਲ ਲਗਾਤਾਰ ਅਗਵਾਈ ਕਰਦਾ ਰਿਹਾ' ਵੇਰਵਾ ਅੰਕਿਤ ਹੈ। ਅਧਿਆਇ ਛੇਵਾਂ, ਸੱਤਵਾਂ ਅਤੇ ਅੱਠਵਾਂ ਆਦਿ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪਰਿਵਾਰ, ਮਾਤਾ ਅਤੇ ਸ਼ਹਾਦਤ ਆਦਿ ਪੱਖਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹੈ।

ਰਤਨ ਚੰਦ ਬਾਲ ਦੀ ਲਿਖਤ 'ਖ਼ਾਲਿਸ ਨਾਮਾ' ਗੁਰੂ ਨਾਨਕ ਦੇਵ ਦੇ ਕਾਲ ਤੋਂ 1844 ਈਸਵੀ ਤੱਕ ਦੇ ਸਿੱਖ ਇਤਿਹਾਸ ਦਾ ਇਕ ਹੋਰ ਫ਼ਾਰਸੀ ਸ੍ਰੋਤ ਹੈ। ਕਿਤਾਬ ਦਾ ਵਧੇਰੇ ਕੇਂਦਰ ਬਿੰਦੂ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਬੰਧਿਤ ਹੈ। ਲੇਖਕ ਵਲੋਂ ਸੰਕੇਤਕ ਅਤੇ ਵਿਅੰਗਮਈ ਭਾਸ਼ਾ ਨਾਲ ਔਰੰਗਜ਼ੇਬ ਨੂੰ ਇਸ ਘੋਰ ਅਤਿਆਚਾਰ ਬਾਰੇ ਸੰਬੋਧਨ ਕੀਤਾ ਗਿਆ ਹੈ। ਰਤਨ ਚੰਦ ਬਾਲ ਕਿੱਤੇ ਪੱਖੋਂ ਅਟਾਰੀ ਵਾਲੇ ਸਰਦਾਰਾਂ ਦਾ ਮੁਨਸ਼ੀ ਸੀ। ਇਸ ਕਿਤਾਬ ਦਾ ਦੂਸਰਾ ਨਾਮ 'ਤਾਰੀਖ਼-ਏ-ਸਿੱਖਾਂ' ਵੀ ਹੈ। 'ਚਹਾਰ ਬਾਗ਼-ਏ-ਪੰਜਾਬ', ਗਣੇਸ਼ ਦਾਸ ਵਡੇਹਰਾ ਦੀ ਫ਼ਾਰਸੀ ਲਿਖਤ ਹੈ। ਗਣੇਸ਼ ਦਾਸ ਲਾਹੌਰ ਦਰਬਾਰ ਵਿਚ ਗੁਜਰਾਤ ਦਾ ਕਾਨੂੰਗੋ ਸੀ। ਇਸ ਲਿਖਤ ਦਾ ਵਿਸ਼ਾ ਵਸਤੂ ਪੰਜਾਬ ਦੀ ਅਧਿਆਤਮਿਕ, ਸੱਭਿਆਚਾਰਕ ਤੇ ਸੰਪ੍ਰਦਾਇਕ ਜੀਵਨ ਸ਼ੈਲੀ 'ਤੇ ਅਧਾਰਤ ਹੈ।



ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ

ਚਹਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਚਹਾਰ ਤੋਂ ਭਾਵ ਚਾਰ ਭਾਵ ਚਾਰ ਬਾਗਾਂ ਤੋਂ ਹੈ। ਅਠਾਰਵੀਂ ਸਦੀ ਦੇ ਇਤਿਹਾਸ ਦਾ ਇਹ ਇਕ ਮਹੱਤਵਪੂਰਨ ਇਤਿਹਾਸਕ ਸੋਮਾ ਹੈ, ਜਿਸ ਬਾਰੇ ਖੋਜ ਕਾਰਜ ਅਤੇ ਅਨੁਵਾਦ ਇਤਿਹਾਸਕਾਰਾਂ ਜੇ.ਐਸ. ਗਰੇਵਾਲ ਅਤੇ ਇੰਦੂ ਬਾਗਾ ਦੁਆਰਾ ਕੀਤਾ ਗਿਆ ਹੈ। ਗੁਰੂ ਤੇਗ਼ ਬਹਾਦਰ ਦੇ ਜੀਵਨ ਨਾਲ ਸੰਬੰਧਤ ਕੁਝ ਸੰਖੇਪ ਵੇਰਵੇ ਔਰੰਗਜ਼ੇਬ ਵਲੋਂ ਆਪਣੇ ਦਰਬਾਰ ਵਿੱਚ ਕਰਾਮਾਤਾਂ ਦਿਖਾਉਣ ਲਈ ਗੁਰੂ ਤੇਗ਼ ਬਹਾਦਰ ਸਮੇਤ ਹੋਰ ਪੀਰਾਂ-ਫ਼ਕੀਰਾਂ ਨੂੰ ਸੱਦਣਾ, ਗੁਰੂ ਜੀ ਨੂੰ ਅਜ਼ੀਮਾਬਾਦ ਦੇ ਸਥਾਨ ਤੋਂ ਆ ਕੇ ਗ੍ਰਿਫਤਾਰ ਕਰਨਾ, ਜ਼ੰਜੀਰਾਂ ਨਾਲ ਜਕੜਨਾ, ਕਰਾਮਾਤ ਦਿਖਾਉਣ ਲਈ ਕਹਿਣਾ ਅਤੇ ਗੁਰੂ ਸਾਹਿਬ ਵੱਲੋਂ ਸੀਸ ਰੱਬੀ ਭਾਣੇ ਅੱਗੇ ਝੁਕਾ ਦੇਣਾ ਆਦਿ ਹਨ। ਲੇਖਕ ਅਨੁਸਾਰ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਪਿਛੋਂ ਬਹੁਤ ਸਾਰੇ ਲੋਕ ਅਫ਼ਸੋਸ ਨਾਲ ਭਰ ਕੇ ਉਸ ਦੇ ਬੇਟੇ ਗੁਰੂ ਗੋਬਿੰਦ ਸਿੰਘ ਦੀ ਖਿਦਮਤ ਵਿਚ ਪਹੁੰਚੇ ਅਤੇ ਆਪਣੇ ਸਿਰ ਉਸ ਦੀ ਤਾਬੇਦਾਰੀ ਅੱਗੇ ਝੁਕਾ ਦਿੱਤੇ। ਲੁਧਿਆਣਾ ਵਾਸੀ ਗੁਲਾਮ ਮਹੀਊਦਦੀਨ ਬੂਟੇ ਸ਼ਾਹ ਦੁਆਰਾ 'ਤਵਾਰੀਖ਼-ਏ-ਪੰਜਾਬ', 1848 ਈਸਵੀ ਵਿਚ ਲਿਖੀ ਗਈ ਸੀ। ਕਿਤਾਬ ਵਿਚ ਨੌਂਵੇਂ ਗੁਰੂ ਤੇਗ਼ ਬਹਾਦਰ ਸਾਹਿਬ ਬਾਰੇ ਸਿੱਖ ਰਿਵਾਇਤਾਂ 'ਤੇ ਅਧਾਰਤ ਬਿਆਨ ਕੀਤਾ ਗਿਆ ਹੈ। ਸੰਖੇਪ ਵਿਚ ਗੁਰ ਗੱਦੀ 'ਤੇ ਬੈਠਣ, ਭਗਤੀ, ਇਕਾਂਤਵਾਸ, ਦਾਨ-ਪੁੰਨ, ਲੰਗਰ ਦੀ ਪ੍ਰਥਾ, ਲੋਕਾਂ ਦਾ ਝੁਕਾਅ, ਤੀਰਥਾਂ ਦੀ ਯਾਤਰਾ, ਪਹਾੜੀ ਰਾਜਿਆਂ ਨਾਲ ਸੰਬੰਧ, ਮੱਖਣ ਸ਼ਾਹ ਲੁਬਾਣਾ ਦੀ ਘਟਨਾ ਅਤੇ ਰੰਘਰੇਟਾ ਗੁਰੂ ਕਾ ਬੇਟਾ ਤੱਕ ਦਾ ਸਫ਼ਰ ਵਰਨਣ ਹੈ। ਇਸ ਦੇ ਖਰੜੇ ਦੀਆਂ ਕਾਪੀਆਂ ਬ੍ਰਿਟਿਸ਼ ਲਾਇਬਰੇਰੀ, ਇੰਡੀਆ ਆਫਿਸ ਲਾਇਬਰੇਰੀ, ਲੰਡਨ, ਪੰਜਾਬ ਯੂਨੀਵਰਸਿਟੀ, ਲਾਹੌਰ, ਲਾਇਬਰੇਰੀ ਅਤੇ ਪੰਜਾਬ ਪੁਰਾਲੇਖ ਵਿਭਾਗ, ਪਟਿਆਲਾ ਆਦਿ ਸੰਸਥਾਵਾਂ ਵਿਖੇ ਉਪਲੱਬਧ ਹਨ।

ਅਲੀਉਦਦੀਨ ਜੋ ਕਿ ਲਾਹੌਰ ਦਾ ਵਾਸੀ ਸੀ ਨੇ ਕਿਤਾਬ 'ਇਬਰਤਨਾਮਾ' 1854 ਈਸਵੀ ਵਿਚ ਸੰਪੂਰਨ ਕੀਤੀ। ਇਬਰਤ ਤੋਂ ਭਾਵ ਹੈ ਸਮਝੌਤੇ ਦਾ ਸਰਟੀਫ਼ਿਕੇਟ ਜਾਂ ਉਦਾਹਰਨ ਜਾਂ ਸਬਕ। ਨਾਮਾ ਤੋਂ ਭਾਵ ਕਿਤਾਬ। ਇਹ ਸ਼ਬਦ ਫ਼ਾਰਸੀ ਭਾਸ਼ਾ ਦੇ ਪਿਛੋਕੜ ਵਾਲਾ ਹੈ, ਜੋ ਉਰਦੂ ਭਾਸ਼ਾ ਵਿਚ ਵੀ ਪ੍ਰਚੱਲਿਤ ਹੈ। ਸੋ, ਇਬਰਤਨਾਮਾ ਤੋਂ ਭਾਵ ਉਦਾਹਰਨਮਈ ਕਿਤਾਬ ਤੋਂ ਹੈ। ਅਲੀਉਦਦੀਨ ਦੀ ਇਹ ਕਿਤਾਬ ਸਿੱਖ ਪਰੰਪਰਾਵਾਂ 'ਤੇ ਹੀ ਅਧਾਰਿਤ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਉਹ ਵਿਚ ਰਾਮਰਾਏ ਦੀ ਈਰਖਾ ਨੂੰ ਹੀ ਮੰਨਦਾ ਹੈ।

'ਗੁਲਗਸ਼ਤ-ਏ-ਪੰਜਾਬ' ਰਾਜਾ ਰਾਮ ਤੋਤਾ ਦੁਆਰਾ ਲਿਖੀ ਗਈ ਕਿਤਾਬ ਹੈ। ਇਸ ਵਿਚ 19ਵੀਂ ਸਦੀ ਦੇ ਪੰਜਾਬ ਦੇ ਹਾਕਮਾਂ, ਸਿੱਖਾਂ ਦਾ ਉਥਾਨ, ਸੰਘਰਸ਼ ਅਤੇ ਪ੍ਰਗਤੀ ਦਾ ਵੇਰਵਾ ਹੈ। ਗੁੱਲਗਸ਼ਤ 'ਫ਼ਾਰਸੀ' ਭਾਸ਼ਾ ਦੇ ਦੋ ਸ਼ਬਦਾਂ ਗੁਲ ਭਾਵ 'ਫੁੱਲ' 'ਤੇ ਗਸ਼ਤ ਭਾਵ ਚੱਲਣ ਤੋਂ ਹੈ। ਕਿਤਾਬ ਤੋਂ ਭਾਵ ਫੁੱਲਾਂ ਨਾਲ ਚੱਲਣ ਤੋਂ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨਾਲ ਸੰਬੰਧਤ ਇਸ ਕਿਤਾਬ ਵਿਚ ਸੰਖੇਪ ਵੇਰਵਾ ਹੈ। ਲੇਖਕ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦਾ ਪ੍ਰਮੁੱਖ ਕਾਰਨ ਰਾਮ ਰਾਏ ਦੀ ਦੁਸ਼ਮਣੀ ਸੀ। ਕਿਤਾਬ ਦਾ ਅਧਾਰ ਇਤਿਹਾਸਕ ਤੱਥ ਨਹੀਂ, ਸਗੋਂ ਸਤਿਕਾਰਤ ਭਾਵਨਾ ਨਾਲ ਲਿਖੀ ਗਈ ਹੈ।

ਸੰਖੇਪ ਵਿਚ ਸਤਹਾਰਵੀਂ, ਅਠਹਾਰਵੀਂ ਅਤੇ ਉਨੀਵੀਂ ਸਦੀ ਦੌਰਾਨ ਲਿਖੇ ਗਏ ਉਪਰੋਕਤ ਫ਼ਾਰਸੀ ਸ੍ਰੋਤਾਂ ਦੇ ਲੇਖਕ ਇਸਲਾਮ ਅਤੇ ਹਿੰਦੂ ਧਰਮਾਂ ਨਾਲ ਸੰਬੰਧਿਤ ਸਨ। ਲਿਖਤਾਂ ਮੁੱਢਲੇ ਰੂਪ ਸਿੱਖ ਇਤਿਹਾਸ, ਰਹਿਤਲ, ਸਭਿਆਚਾਰ, ਸਮਾਜ, ਧਰਮ ਅਤੇ ਵਿਰਸੇ ਬਾਰੇ ਸਾਨੂੰ ਗਿਆਨ ਦਿੰਦੀਆਂ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨਕਾਲ, ਸਿੱਖਿਆਵਾਂ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਲੇਖਕਾਂ ਨੇ ਆਪਣੇ-ਆਪਣੇ ਤਰੀਕੇ ਨਾਲ ਵਿਚਾਰ ਪ੍ਰਗਟ ਕੀਤੇ ਹਨ ਅਤੇ ਘਟਨਾਵਾਂ ਦਾ ਇਤਿਹਾਸ ਲਿਖਿਆ ਹੈ। ਇਨ੍ਹਾਂ ਲਿਖਤਾਂ ਦੀਆਂ ਕੁਝ ਸੁਭਾਵਿਕ ਤੌਰ 'ਤੇ ਸੀਮਾਵਾਂ, ਅਸਮਰਥਾਵਾਂ ਅਤੇ ਔਗੁਣ ਹਨ। ਮੁਸਲਿਮ ਤੇ ਹਿੰਦੂ ਲੇਖਕਾਂ ਦੁਆਰਾ ਸਵੈ-ਅਧਿਕਾਰਤ ਵਿਚਾਰ ਪ੍ਰਗਟ ਕਰਨੇ, ਧਾਰਮਿਕ ਪੱਖਪਾਤ, ਭਾਸ਼ਾਈ ਗ਼ਲਤੀਆਂ, ਪਰੰਪਰਾਵਾਂ 'ਤੇ ਅਧਾਰਿਤ ਲਿਖਣਾ, ਤੱਥਾਂ ਦੇ ਤੁਲਨਾਤਮਿਕ ਅਧਿਐਨ ਤੋਂ ਬਿਨਾਂ ਲਿਖਣਾ ਅਤੇ ਸੱਭਿਆਚਾਰਕ ਵਖਰੇਵੇਂ ਆਦਿ ਕੁਝ ਪ੍ਰਮੁੱਖ ਔਗੁਣ ਹਨ। ਉਪਰੋਕਤ ਔਗੁਣਾਂ ਦੇ ਬਾਵਜੂਦ ਫ਼ਾਰਸੀ ਭਾਸ਼ਾ ਦੀਆਂ ਉਪਰੋਕਤ ਲਿਖਤਾਂ ਸਿੱਖ ਇਤਿਹਾਸ, ਮੁਗ਼ਲ-ਸਿੱਖ ਸੰਬੰਧਾਂ, ਰਾਜਨੀਤੀ, ਸਿੱਖ ਸਮਾਜਿਕ ਸੰਸਥਾਵਾਂ ਅਤੇ ਪਰੰਪਰਾਵਾਂ, ਰੀਤੀ-ਰਿਵਾਜਾਂ, ਲਿਖਤਾਂ, ਭਾਸ਼ਾ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਯਾਤਰਾਵਾਂ ਅਤੇ ਸ਼ਹਾਦਤਾਂ ਨਾਲ ਸੰਬੰਧਤ ਅਨੋਖੀ ਜਾਣਕਾਰੀ ਦਾ ਸਾਧਨ ਹਨ ਜਿਨ੍ਹਾਂ ਦੇ ਅਧਿਐਨ ਨਾਲੇ ਸਾਨੂੰ ਸਿੱਖ ਇਤਿਹਾਸ ਨੂੰ ਗੈਰ-ਸਿੱਖ ਨਜ਼ਰੀਏ ਨਾਲ ਸਮਝਣ ਦਾ ਅਵਸਰ ਮਿਲਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਇਨ੍ਹਾਂ ਲਿਖਤਾਂ ਦੀ ਮੌਜੂਦਾ ਸਮੇਂ ਚੱਲ ਰਹੇ ਯਾਦਗਾਰੀ ਸਮਾਗਮਾਂ ਦੌਰਾਨ ਹੋਰ ਵੀ ਮਹੱਤਵ ਵੱਧ ਜਾਂਦਾ ਹੈ, ਕਿਉਂਕਿ ਲਗਭਗ ਸਾਰੇ ਫ਼ਾਰਸੀ ਭਾਸ਼ਾ ਦੇ ਲੇਖਕਾਂ ਨੇ ਸ਼ਹਾਦਤ ਦੀ ਘਟਨਾ ਨੂੰ ਆਪਣੇ-ਆਪਣੇ ਢੰਗ ਨਾਲ ਲਿਖਿਆ ਹੈ।

# 'ਧਰਮ ਹੇਤ ਸਾਕਾ ਜਿਨ ਕੀਆ'



**ਗੁਰਪ੍ਰੀਤ ਸਿੰਘ ਨਿਆਮੀਆਂ**

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਹਿ ਕੇ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣਾ ਸੀਸ ਦਿੱਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਜਦੋਂ ਆਪ ਜੀ ਦੀ ਉਮਰ ਕੇਵਲ 5 ਸਾਲ ਦੀ ਹੀ ਸੀ, ਉਸ ਵੇਲੇ ਆਪ ਜੀ ਸਮਾਧੀ ਲਗਾਕੇ ਬੈਠ ਜਾਂਦੇ। ਮਾਤਾ ਨਾਨਕੀ ਜੀ ਨੂੰ ਇਸ ਗੱਲ ਦੀ ਚਿੰਤਾ ਹੋਣੀ ਸੁਭਾਵਿਕ ਸੀ ਕਿ ਉਨ੍ਹਾਂ ਦਾ ਪੁੱਤਰ ਇਸ ਤਰ੍ਹਾਂ ਇਕੱਲਾ-ਇਕੱਲਾ ਕਿਉਂ ਰਹਿੰਦਾ ਹੈ ਤੇ ਜ਼ਿਆਦਾ ਇਕਾਂਤ ਕਿਉਂ ਭਾਲਦਾ ਹੈ। ਉਨ੍ਹਾਂ ਆਪਣੀ ਇਹ ਸ਼ੰਕਾ ਗੁਰੂ ਹਰਿਗੋਬਿੰਦ ਸਾਹਿਬ ਜੀ ਅੱਗੇ ਪੇਸ਼ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਇਹ ਬਹੁਤ ਸ਼ਕਤੀਸ਼ਾਲੀ ਅਤੇ ਸੂਰਮਾ ਬਣੇਗਾ ਅਤੇ ਵੱਡੇ ਸਾਕੇ ਲਈ ਇਹ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਾਦੀ ਜਲੰਧਰ ਨੇੜੇ ਪੈਂਦੇ ਨਗਰ ਕਰਤਾਰਪੁਰ ਸਾਹਿਬ ਦੇ ਵਸਨੀਕ ਲਾਲ ਚੰਦ ਦੀ ਪੁੱਤਰੀ ਗੁਜਰੀ ਜੀ ਨਾਲ ਹੋਈ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾ ਗਏ ਸਨ ਤਾਂ ਗੁਰੂ ਤੇਗ ਬਹਾਦਰ ਜੀ ਮਾਤਾ ਨਾਨਕੀ ਜੀ ਅਤੇ ਆਪਣੀ ਪਤਨੀ ਮਾਤਾ ਗੁਜਰੀ ਜੀ ਨੂੰ ਨਾਲ ਲੈ ਕੇ ਬਾਬਾ ਬਕਾਲੇ ਵਿਖੇ ਰਹਿਣ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਗੁਰਗੱਦੀ ਗੁਰੂ ਹਰਿਰਾਏ ਜੀ ਨੂੰ ਮਿਲੀ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਅਤੇ ਗੁਰੂ ਤੇਗ ਬਹਾਦਰ ਜੀ ਦੇ ਭਤੀਜੇ ਲਗਦੇ ਸਨ। ਗੁਰੂ ਹਰਿਰਾਏ ਜੀ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ 'ਤੇ ਬੈਠੇ ਜੋ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਲਗਦੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਮੌਕੇ ਗੱਦੀ ਦੇ ਅਗਲੇ ਵਾਰਿਸ ਵਜੋਂ ਬਾਬਾ ਬਕਾਲੇ ਦਾ ਸੰਕੇਤ ਦਿੱਤਾ ਸੀ। ਜਿਸ ਕਰਕੇ ਭਾਈ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਜੀ ਨੂੰ ਪ੍ਰਗਟ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਬਣੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੱਡਾ ਭਤੀਜਾ ਧੀਰ ਮੱਲ ਬਹੁਤ ਈਰਖਾਲੂ ਸੀ ਤੇ ਉਸ ਨੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਨਫ਼ਰਤ ਨਾਲ ਭਰੇ ਹੋਏ ਧੀਰ ਮੱਲ ਨੇ ਸ਼ੀਹਾਂ ਮਸੰਦ ਕੋਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ 'ਤੇ ਗੋਲੀ ਚਲਵਾ ਦਿੱਤੀ ਅਤੇ ਗੁਰੂ ਜੀ ਦੀ ਜਾਇਦਾਦ ਨੂੰ ਲੁੱਟ ਲਿਆ ਗਿਆ। ਜਦੋਂ ਇਸ ਗੱਲ ਦਾ ਮੱਖਣ ਸ਼ਾਹ ਲੁਬਾਣਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਧੀਰ ਮੱਲ ਤੇ ਉਸ ਦੇ ਬੰਦਿਆਂ ਦੀ ਖ਼ੂਬ ਭੁਗਤ ਸਵਾਰੀ ਅਤੇ ਸਾਰਾ ਸਮਾਨ ਉਥੋਂ ਵਾਪਸ ਲੈ ਆਏ ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧੀਰ ਮੱਲ ਨੂੰ ਮੁਆਫ਼ ਕਰ ਦਿੱਤਾ ਅਤੇ ਉਸ ਦੀ ਨਿੱਜੀ ਜਾਇਦਾਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਨ੍ਹਾਂ ਦੇ ਹਵਾਲੇ ਕਰ ਦਿੱਤੀ। ਆਪ ਜੀ ਨੇ ਧਰਮ ਦਾ ਪ੍ਰਚਾਰ ਕਰਨ ਲਈ ਪੰਜਾਬ ਦੇ ਮਾਲਵਾ ਇਲਾਕੇ ਅਤੇ ਅਸਾਮ ਤੇ ਢਾਕਾ ਵੱਲ ਦੇ ਇਲਾਕਿਆਂ ਦੀ ਯਾਤਰਾ ਕੀਤੀ ਤੇ ਕਾਫੀ ਸਮਾਂ ਬਿਹਾਰ ਵਿਚ ਪਟਨਾ ਸਾਹਿਬ ਵਿਖੇ ਵੀ ਰਹੇ। ਇਥੇ ਹੀ ਆਪ ਜੀ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਇਹ ਉਹ ਸਮਾਂ ਸੀ ਜਦੋਂ ਔਰੰਗਜ਼ੇਬ ਦੇ ਹਿੰਦੂਆਂ 'ਤੇ ਜ਼ੁਲਮ ਬਹੁਤ ਜ਼ਿਆਦਾ ਵਧ ਗਏ ਸਨ। ਉਹ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਧਰਮ ਪਰਿਵਰਤਨ ਕਰਨ ਲਈ ਮਜ਼ਬੂਰ ਕਰਦਾ ਸੀ। ਕਸ਼ਮੀਰ ਵਿਚ ਹਿੰਦੂਆਂ 'ਤੇ ਔਰੰਗਜ਼ੇਬ ਦੇ ਪ੍ਰਤੀਨਿਧੀ ਸ਼ੇਰ ਅਫ਼ਗਾਨ ਖ਼ਾਨ ਨੇ ਬਹੁਤ ਜ਼ੁਲਮ ਢਾਹੇ। ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ। ਮੰਦਰ ਢਾਹ ਦਿੱਤੇ ਗਏ ਤੇ ਗਊਆਂ ਨੂੰ ਕਤਲ ਕਰਵਾਕੇ ਉਨ੍ਹਾਂ ਦਾ ਮਾਸ ਖੂਹਾਂ ਵਿਚ ਸੁੱਟਵਾਇਆ ਗਿਆ। ਹੋਰ ਅਨੇਕਾਂ ਤਰ੍ਹਾਂ ਦੇ ਅਤਿਆਚਾਰ ਹਿੰਦੂਆਂ 'ਤੇ ਹੋਏ ਤਾਂ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਕਸ਼ਮੀਰੀ ਪੰਡਿਤਾਂ ਦਾ ਇਕ ਵਫ਼ਦ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚਿਆ ਅਤੇ ਆਪਣੇ ਧਰਮ ਦੀ ਰਾਖੀ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ ਔਰੰਗਜ਼ੇਬ ਨੂੰ ਜਾ ਕੇ ਕਹਿ ਦੇਣ ਕਿ ਜੇਕਰ ਉਹ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲੈਂਦਾ ਹੈ ਤਾਂ ਸਾਰੇ ਹੀ ਹਿੰਦੂ ਖ਼ੁਸ਼ੀ-ਖ਼ੁਸ਼ੀ ਆਪਣਾ ਧਰਮ ਪਰਿਵਰਤਨ ਕਰ ਲੈਣਗੇ ਇਸ ਲਈ ਬੇਦੋਸ਼ਿਆਂ ਦਾ ਲਹੂ ਨਾਲ ਡੋਲਿਆ ਜਾਵੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਕੇ ਆਪ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਵੱਲ ਚਲੇ ਗਏ। ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਨਾਲ ਆਏ ਸਿੱਖਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਭ ਗੁਰੂ ਜੀ ਨੂੰ ਡਰਾਉਣ ਲਈ ਕੀਤਾ ਗਿਆ, ਪਰ ਗੁਰੂ ਜੀ ਨਿਰਭੈ ਸਨ। ਅਖ਼ੀਰ ਔਰੰਗਜ਼ੇਬ ਨੇ ਜਦੋਂ ਪੂਰਾ ਜ਼ੋਰ ਲਾਇਆ ਕਿ ਗੁਰੂ ਜੀ ਧਰਮ ਪਰਿਵਰਤਨ ਕਰ ਲੈਣ, ਪਰ ਗੁਰੂ ਜੀ ਨਾ ਮੰਨੇ ਤਾਂ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਵਾ ਦਿੱਤਾ। ਦਿੱਲੀ ਦੇ ਚਾਂਦਨੀ ਚੌਂਕ ਵਿਚ ਜਿਸ ਥਾਂ 'ਤੇ ਗੁਰਦੁਆਰਾ ਸੀਸਗੰਜ ਸਾਹਿਬ ਬਣਿਆ ਹੋਇਆ ਹੈ ਉਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਅਤੇ ਔਰੰਗਜ਼ੇਬ ਨੇ ਆਪਣੇ ਸਿਪਾਹੀਆਂ ਨੂੰ ਸਖ਼ਤੀ ਨਾਲ ਤਾਕੀਦ ਕੀਤੀ ਕਿ ਉਨ੍ਹਾਂ ਦੇ ਸੀਸ ਨੂੰ ਕੋਈ ਚੁਕ ਕੇ ਨਾ ਲੈ ਜਾਵੇ। ਪਹਿਰਾ ਬਿਠਾ ਦਿੱਤਾ ਗਿਆ ਸੀ, ਪਰ ਫੇਰ ਵੀ ਭਾਈ ਜੈਤਾ ਜੀ ਗੁਰੂ ਜੀ ਦਾ ਪਵਿੱਤਰ ਸੀਸ ਚੁਕ ਕੇ ਸਤਿਕਾਰ ਸਹਿਤ ਸ੍ਰੀ ਆਨੰਦਪੁਰ ਸਾਹਿਬ ਲੈ ਆਏ ਅਤੇ ਲੱਖੀ ਸ਼ਾਹ ਵਣਜਾਰਾ ਗੁਰੂ ਜੀ ਦੇ ਪਵਿੱਤਰ ਸਰੀਰ ਨੂੰ ਆਪਣੇ ਘਰੇ ਲੈ ਗਏ ਅਤੇ ਆਪਣੇ ਘਰ ਨੂੰ ਅੱਗ ਲਗਾਕੇ ਗੁਰੂ ਜੀ ਦਾ ਅੰਤਿਮ ਸਸਕਾਰ ਕਰ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀ ਸ਼ਹਾਦਤ ਬਾਰੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ:-

**"ਧਰਮ ਹੇਤ ਸਾਕਾ ਜਿਨ ਕੀਆ॥**
**ਸੀਸ ਦੀਆ ਪਰ ਸਿਰਰੁ ਨਾ ਦੀਆ॥"**

# ਮਨੁੱਖੀ ਅਧਿਕਾਰਾਂ ਦੇ ਰਾਖੇ ਗੁਰੂ ਤੇਗ ਬਹਾਦਰ ਜੀ

**ਸਰਬਜੀਤ ਸਿੰਘ ਕੰਵਲ**

ਗੁਰੂ ਤੇਗ ਬਹਾਦਰ ਜੀ ਦੁਨੀਆ ਦੇ ਇਤਿਹਾਸ ਵਿੱਚ ਅਧਿਆਤਮਿਕ ਅਡੋਲਤਾ ਅਤੇ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਪ੍ਰਤੀਕ ਵਜੋਂ ਵਿਲੱਖਣ ਸਥਾਨ ਰੱਖਦੇ ਹਨ। ਸੰਨ 1675 ਵਿੱਚ ਉਨ੍ਹਾਂ ਦੀ ਸ਼ਹਾਦਤ ਸਿਰਫ ਇਤਿਹਾਸ ਦੀ ਘਟਨਾ ਹੀ ਨਹੀਂ ਸੀ, ਸਗੋਂ ਧਾਰਮਿਕ ਆਜ਼ਾਦੀ ਲਈ ਮਨੁੱਖਤਾ ਦੇ ਸੰਘਰਸ਼ ਵਿੱਚ ਨਿਰਣਾਇਕ ਪਲ ਸੀ।

ਗੁਰੂ ਸਾਹਿਬ ਦਾ ਜਨਮ ਸੰਨ 1621 ਵਿੱਚ ਅੰਮ੍ਰਿਤਸਰ 'ਚ ਹੋਇਆ। ਉਹ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਉਨ੍ਹਾਂ ਬਚਪਨ ਤੋਂ ਹੀ ਨਿਮਰਤਾ, ਹਿੰਮਤ ਅਤੇ ਆਤਮ ਚਿੰਤਨ ਨੂੰ ਜੀਵਨ ਦਾ ਅੰਗ ਬਣਾਇਆ। ਚਾਰ ਕੁ ਵਰ੍ ?ਆਂ ਦੀ ਉਮਰ ਵਿੱਚ ਉਹ ਆਪਣੇ ਵੱਡੇ ਵੀਰ ਬਾਬਾ ਗੁਰਦਿੱਤਾ ਜੀ ਦੇ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੁੰਦਰ ਵਸਤਰ ਪਹਿਨ ਕੇ ਤਿਆਰ ਖੜ੍ਹੇ ਸਨ। ਉਸ ਵੇਲੇ ਉਨ੍ਹਾਂ ਨੇ ਨੇੜੇ ਹੀ ਇੱਕ ਗ਼ਰੀਬ ਬਾਲਕ ਦੇ ਰੋਣ ਦੀ ਆਵਾਜ਼ ਸੁਣੀ। ਪਤਾ ਲੱਗਾ ਕਿ ਉਸ ਕੋਲ ਠੰਢ ਤੋਂ ਬਚਣ ਲਈ ਕੋਈ ਕੱਪੜਾ ਨਹੀਂ ਸੀ। ਉਨ੍ਹਾਂ ਨੇ ਤੁਰੰਤ ਆਪਣੇ ਪਹਿਨੇ ਹੋਏ ਵਸਤਰ ਲਾਹ ਕੇ ਉਸ ਨੂੰ ਦੇ ਦਿੱਤੇ। ਇਸ ਬਾਰੇ ਪਤਾ ਲੱਗਣ 'ਤੇ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਫ਼ੁਰਮਾਇਆ, "ਜਿਵੇਂ ਅੱਜ ਇਨ੍ਹਾਂ ਨੇ ਇੱਕ ਗ਼ਰੀਬ ਦਾ ਤਨ ਆਪਣੇ ਵਸਤਰਾਂ ਨਾਲ ਢਕਿਆ ਹੈ, ਕੱਲ੍ਹ ਇਹੀ ਮਜ਼ਲੂਮਾਂ ਦੀ ਆਬਰੂ ਆਪਣੇ ਤਨ ਦੀ ਕੁਰਬਾਨੀ ਦੇ ਕੇ ਬਚਾਉਣਗੇ।' ਗੁਰੂ ਸਾਹਿਬ ਦੇ ਇਹ ਬਚਨ ਅਗਲੇ ਸਮੇਂ ਵਿੱਚ ਸੱਚ ਸਾਬਤ ਹੋਏ।

ਜਦੋਂ ਗੁਰੂ ਤੇਗ ਬਹਾਦਰ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ, ਉਸ ਵੇਲੇ ਭਾਰਤ ਬਾਦਸ਼ਾਹ ਔਰੰਗਜ਼ੇਬ ਦੇ ਰਾਜ ਵਿੱਚ ਧਾਰਮਿਕ ਅਸਹਿਣਸ਼ੀਲਤਾ ਦੇ ਸਭ ਤੋਂ ਕਾਲੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਔਰੰਗਜ਼ੇਬ ਨੇ ਵੱਡੇ ਪੱਧਰ 'ਤੇ ਹਿੰਦੂਆਂ ਦਾ ਧਰਮ ਪਰਿਵਰਤਨ ਕਰਨ ਦਾ ਆਦੇਸ਼ ਦਿੱਤਾ ਹੋਇਆ ਸੀ। ਇਸ ਅੱਤਿਆਚਾਰ ਤੋਂ ਤੰਗ ਆਏ ਕਸ਼ਮੀਰੀ ਪੰਡਤਾਂ ਦਾ ਇੱਕ ਵਫ਼ਦ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਆਨੰਦਪੁਰ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਕੋਲ ਪਹੁੰਚਿਆ ਅਤੇ ਦੱਸਿਆ ਕਿ ਉਨ੍ਹਾਂ ਦਾ ਤਿਲਕ-ਜੰਞੂ ਖ਼ਤਰੇ ਵਿੱਚ ਹੈ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਆਪਣੇ ਧਰਮ ਦੀ ਰਾਖੀ ਲਈ ਬੇਨਤੀ ਕੀਤੀ। ਸ਼ਰਨ ਆਇਆਂ ਦੀ ਲਾਜ ਰੱਖਣ ਲਈ ਗੁਰੂ ਜੀ ਨੇ ਐਲਾਨ ਕੀਤਾ ਕਿ ਉਹ ਇਸ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹਨ।

ਇਹ ਵਿਲੱਖਣ ਵਰਤਾਰਾ ਸੀ, ਜਿਸ ਨੇ ਉਨ੍ਹਾਂ ਦੇ ਡੂੰਘੇ ਨੈਤਿਕ ਅਤੇ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ। ਉਨ੍ਹਾਂ ਦਾ ਮੰਨਣਾ ਸੀ ਕਿ ਧਾਰਮਿਕ ਵਿਸ਼ਵਾਸ ਕਿਸੇ 'ਤੇ ਜ਼ਬਰਦਸਤੀ ਥੋਪੇ ਨਹੀਂ ਜਾਣੇ ਚਾਹੀਦੇ। ਉਨ੍ਹਾਂ ਦਾ ਫ਼ਲਸਫ਼ਾ ਸੀ ਕਿ ਹਰ ਵਿਅਕਤੀ ਨੂੰ ਆਪਣੇ ਅਕੀਦੇ ਅਨੁਸਾਰ ਧਰਮ ਨੂੰ ਮੰਨਣ ਦਾ ਪੂਰਾ ਅਧਿਕਾਰ ਹੈ। ਭਾਵੇਂ ਅਸੀਂ ਕਿਸੇ ਦੇ ਪੂਜਾ ਕਰਨ ਦੇ ਤਰੀਕੇ ਨਾਲ ਸਹਿਮਤ ਨਾ ਵੀ ਹੋਈਏ, ਪਰ ਉਸ ਦੇ ਵਿਸ਼ਵਾਸ ਦੇ ਅਧਿਕਾਰ ਦੀ ਰਾਖੀ ਕਰਨਾ ਸਾਡਾ ਫ਼ਰਜ਼ ਹੈ। ਗੁਰੂ ਜੀ ਦੀ ਇਹ ਸੋਚ ਸਿੱਖੀ ਦੇ ਮੂਲ ਸਿਧਾਂਤਾਂ - ਬਰਾਬਰੀ, ਇਨਸਾਫ਼ ਅਤੇ ਸਭ ਧਰਮਾਂ ਦੇ ਆਦਰ ਨੂੰ ਪ੍ਰਗਟ ਕਰਦੀ ਸੀ। ਇਨ੍ਹਾਂ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਗੁਰੂ ਤੇਗ ਬਹਾਦਰ ਦਿੱਲੀ ਲਈ ਰਵਾਨਾ ਹੋ ਗਏ। ਉਹ ਆਉਣ ਵਾਲੀ ਚੁਣੌਤੀ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਉਨ੍ਹਾਂ ਨੂੰ ਆਪਣੇ ਤਿੰਨ ਸਿੱਖਾਂ - ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਸਮੇਤ ਕੈਦ ਕਰ ਲਿਆ ਗਿਆ। ਔਰੰਗਜ਼ੇਬ ਨੇ ਅਨੇਕਾਂ ਤਸੀਹੇ ਦੇ ਕੇ ਉਨ੍ਹਾਂ ਦੀ ਦ੍ਰਿੜ੍ਹਤਾ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਧਰਮ ਪਰਿਵਰਤਨ ਦੇ ਬਦਲੇ ਦੌਲਤ ਦਾ ਲਾਲਚ ਵੀ ਦਿੱਤਾ, ਪਰ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੇ ਝੁਕਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਤਿੰਨੇ ਸਿੱਖ ਗੁਰੂ ਜੀ ਦੇ ਇਸ ਪਵਿੱਤਰ ਫ਼ੁਰਮਾਨ 'ਤੇ ਪਹਿਰਾ ਦਿੰਦੇ ਰਹੇ: "ਜਿਹੜਾ ਮਨੁੱਖ ਨਾ ਕਿਸੇ ਨੂੰ ਡਰਾਵੇ ਦਿੰਦਾ ਹੈ ਅਤੇ ਨਾ ਹੀ ਕਿਸੇ ਡਰਾਵੇ ਤੋਂ ਘਬਰਾਉਂਦਾ ਹੈ, ਉਸੇ ਨੂੰ ਹੀ ਸਹੀ ਅਰਥਾਂ ਵਿੱਚ ਗਿਆਨਵਾਨ ਸਮਝਣਾ ਚਾਹੀਦਾ ਹੈ।"

ਜ਼ੁਲਮ ਦੀਆਂ ਹੱਦਾਂ ਪਾਰ ਕਰਦਿਆਂ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਕੇ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੇ ਦੇਗੇ ਵਿੱਚ ਪਾ ਕੇ ਸ਼ਹੀਦ ਕਰ ਦਿੱਤਾ ਗਿਆ, ਪਰ ਗੁਰੂ ਜੀ ਫਿਰ ਵੀ ਅਡੋਲ ਰਹੇ।

ਅਖੀਰ 24 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸਿਰ ਧੜ ਨਾਲੋਂ ਜੁਦਾ ਕਰਕੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਸ਼ਹੀਦੀ ਪਿੱਛੇ ਸੁਨੇਹਾ ਬਹੁਤ ਡੂੰਘਾ ਸੀ। ਇਹ ਸ਼ਹਾਦਤ ਆਪਣੇ ਧਰਮ ਲਈ ਨਹੀਂ, ਸਗੋਂ ਦੂਜਿਆਂ ਦੇ ਧਾਰਮਿਕ ਅਧਿਕਾਰਾਂ ਲਈ ਸੀ। ਇਹ ਇੱਕ ਮਜ਼ ?ਹਬ ਨੂੰ ਦੂਜੇ ਨਾਲੋਂ ਉੱਚਾ ਸਾਬਤ ਕਰਨ ਲਈ ਨਹੀਂ, ਸਗੋਂ ਹਰ ਮਨੁੱਖ ਦੇ ਆਪਣੀ ਮਰਜ਼ੀ ਅਨੁਸਾਰ ਧਰਮ ਦੀ ਪਾਲਣਾ ਕਰਨ ਦੇ ਹੱਕ ਦੀ ਰਾਖੀ ਲਈ ਸੀ।




ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਸੈਨਾਪਤੀ ਨੇ ਆਪਣੀ ਰਚਨਾ 'ਗੁਰ ਸੋਭਾ' ਵਿੱਚ ਲਿਖਿਆ ਹੈ: "ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਪੈ ਢਾਪੀ ਚਾਦਰ।" ਭਾਵ ਇਹ ਸ਼ਹੀਦੀ ਸਮੁੱਚੀ ਮਨੁੱਖਤਾ 'ਤੇ ਕਿਰਪਾ ਦੀ ਚਾਦਰ ਵਾਂਗ ਸੀ।

ਗੁਰੂ ਜੀ ਦੀ ਸ਼ਹਾਦਤ ਨੇ ਉਨ੍ਹਾਂ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸਾ ਪੰਥ ਦੀ ਸਾਜਨਾ ਲਈ ਪ੍ਰੇਰਿਤ ਕੀਤਾ। ਇਹ ਸ਼ਹਾਦਤ ਉਹ ਬੀਜ ਬਣ ਗਈ, ਜਿੱਥੋਂ ਨਿਡਰਤਾ, ਬਰਾਬਰੀ, ਇਨਸਾਫ਼, ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਗੁਣ ਪ੍ਰਫੁੱਲਤ ਹੋਏ।

ਵਿਸ਼ਵ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀਆਂ ਆਧੁਨਿਕ ਧਾਰਨਾਵਾਂ ਦੇ ਉਭਰਨ ਤੋਂ ਸਦੀਆਂ ਪਹਿਲਾਂ ਹੀ ਗੁਰੂ ਜੀ ਨੇ ਇਨ੍ਹਾਂ ਨੂੰ ਅਮਲੀ ਤੌਰ 'ਤੇ ਪਰਿਭਾਸ਼ਿਤ ਕਰ ਦਿੱਤਾ ਸੀ। ਅੱਜ ਜਦੋਂ ਦੁਨੀਆ ਵਿੱਚ ਅਸਹਿਣਸ਼ੀਲਤਾ ਅਤੇ ਹਿੰਸਾ ਦਾ ਬੋਲਬਾਲਾ ਹੈ, ਤਾਂ ਗੁਰੂ ਤੇਗ ਬਹਾਦਰ ਜੀ ਦੀ ਜ਼ਿੰਦਗੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਦੂਜਿਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਹੀ ਅਧਿਆਤਮਿਕਤਾ ਦਾ ਸਰਵੋਤਮ ਰੂਪ ਹੈ। ਉਨ੍ਹਾਂ ਨੇ ਸਿਖਾਇਆ ਕਿ ਧਰਮ ਸਿਰਫ ਰਸਮਾਂ ਨਿਭਾਉਣ ਦਾ ਨਾਮ ਨਹੀਂ, ਸਗੋਂ ਇਨਸਾਫ਼ ਲਈ ਅਡੋਲ ਖੜ੍ਹਨਾ ਅਤੇ ਦਇਆ ਦਾ ਗੁਣ ਧਾਰਨ ਕਰਨਾ ਵੀ ਹੈ।

# ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ

**ਰਮੇਸ਼ ਬੱਗਾ ਚੋਹਲਾ**

ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਲਈ ਆਪਾ ਵਾਰਨ ਵਾਲੇ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਪਹਿਲੀ ਅਪਰੈਲ 1621 ਈ. ਨੂੰ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿੱਚ ਹੋਇਆ। ਉਹ ਆਪਣੇ ਪੰਜ ਭੈਣ-ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਬਚਪਨ ਤੋਂ ਹੀ ਉਹ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਗੁਰਮਤਿ ਦੇ ਗੁਰ ਹਾਸਲ ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਯੁੱਧ ਕਲਾ ਦੇ ਦਾਅ ਵੀ ਸਿੱਖ ਲਏ। ਗੁਰੂ ਪਿਤਾ ਵੱਲੋਂ ਬਖਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ (ਗੁਰੂ) ਤੇਗ ਬਹਾਦਰ ਦੀ ਸ਼ਖਸੀਅਤ ਵਿੱਚ ਪੂਰਨ ਰੂਪ ਵਿੱਚ ਉਜਾਗਰ ਹੋਣ ਲੱਗਾ। ਇਸ ਸੰਕਲਪ ਸਦਕਾ ਹੀ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਦੀ ਜੰਗ ਵੇਲੇ ਸੰਤ (ਤਿਆਗ ਮੱਲ) ਤੋਂ ਸਿਪਾਹੀ (ਤੇਗ ਬਹਾਦਰ) ਤੱਕ ਦਾ ਸਫਰ ਤੈਅ ਕੀਤਾ। ਦੁਸ਼ਮਣਾਂ ਨਾਲ ਦੋ ਹੱਥ ਕਰਨ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਸੰਨ 1635 ਦੇ ਜੇਠ ਮਹੀਨੇ ਵਿੱਚ ਕੀਰਤਪੁਰ ਸਾਹਿਬ ਆ ਗਏ। (ਗੁਰੂ) ਤੇਗ ਬਹਾਦਰ ਵੀ ਉਨ੍ਹਾਂ ਦੀ ਸੰਗਤ ਵਿੱਚ ਸਨ। ਕੀਰਤਪੁਰ ਸਾਹਿਬ ਵਿੱਚ ਲਗਪਗ ਦਹਾਕੇ ਦਾ ਸਮਾਂ ਗੁਜ਼ਾਰਨ ਕਰਕੇ ਨੌਵੇਂ ਗੁਰੂ ਉੱਪਰ ਗੁਰ-ਮਰਿਯਾਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ। ਇਸ ਪ੍ਰਭਾਵ ਸਦਕਾ ਉਨ੍ਹਾਂ ਦਾ ਦਿਲ ਦਰਦਵੰਦਾਂ ਅਤੇ ਲੋੜਵੰਦਾਂ ਲਈ ਧੜਕਣ ਲੱਗ ਪੈਂਦਾ ਸੀ। ਗਰੀਬ-ਗੁਰਬੇ ਦੀ ਮਦਦ ਲਈ ਉਹ ਹਮੇਸ਼ਾ ਯਤਨਸ਼ੀਲ ਰਹਿੰਦੇ ਸਨ। ਉਨ੍ਹਾਂ ਦੀ ਇਸ ਯਤਨਸ਼ੀਲਤਾ ਨੂੰ ਦੇਖ ਕੇ ਜਿੱਥੇ ਗੁਰੂ ਪਿਤਾ ਪ੍ਰਸੰਨ-ਚਿੱਤ ਰਹਿੰਦੇ ਸਨ, ਉੱਥੇ ਨਾਲ ਹੀ ਗੁਰੂ ਨਾਨਕ ਦੇ ਘਰ ਦੀ ਵਡੇਰੀ ਜ਼ਿੰਮੇਵਾਰੀ (ਗੁਰਗੱਦੀ) ਨੂੰ ਸੰਭਾਲਣ ਦੇ ਯੋਗ ਵੀ ਸਮਝਦੇ ਸਨ। ਗੁਰੂ ਹਰਿਗੋਬਿੰਦ ਜੀ ਨੇ 1644 ਈ. ਨੂੰ ਆਪਣੇ ਪਰਿਵਾਰ (ਮਾਤਾ ਨਾਨਕੀ ਜੀ ਅਤੇ ਸਾਹਿਬਜ਼ਾਦਾ ਤੇਗ ਬਹਾਦਰ ਜੀ) ਨੂੰ ਬਕਾਲੇ ਨਗਰ ਦੀ ਧਰਤੀ ਨੂੰ ਭਾਗ ਲਗਾਉਣ ਲਈ ਕਿਹਾ। ਗੁਰੂ ਪਿਤਾ ਦੇ ਹੁਕਮ ਪ੍ਰਵਾਨ ਕਰਦਿਆਂ (ਗੁਰੂ) ਤੇਗ ਬਹਾਦਰ ਜੀ ਆਪਣੀ ਮਾਤਾ ਅਤੇ ਪਤਨੀ (ਮਾਤਾ ਗੁਜਰੀ ਜੀ) ਸਮੇਤ ਬਕਾਲੇ ਆ ਗਏ। ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ।

ਬਕਾਲੇ ਪਹੁੰਚਣ ਸਮੇਂ (ਗੁਰੂ) ਤੇਗ ਬਹਾਦਰ ਦੀ ਉਮਰ 20 ਕੁ ਸਾਲ ਦੇ ਕਰੀਬ ਸੀ। ਸੇਵਾ ਤੇ ਸਿਮਰਨ ਦੇ ਨਾਲ-ਨਾਲ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ। ਪ੍ਰਸ਼ਾਦੇ-ਪਾਣੀ ਦੀ ਸੇਵਾ ਤੋਂ ਬਾਅਦ ਗੁਰੂ ਕੀਆਂ ਅਕੱਥ ਕਹਾਣੀਆਂ ਛੋਹੀਆਂ ਜਾਂਦੀਆਂ। ਜਦੋਂ (ਗੁਰੂ) ਤੇਗ ਬਹਾਦਰ ਬਕਾਲਾ ਨਗਰ ਤੋਂ ਆਪਣੇ ਸਾਲੇ ਭਾਈ ਕਿਰਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਜਾਂਦੇ ਤਾਂ ਉਹ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਦੇ ਦਰਬਾਰ ਦੀ ਹਾਜ਼ਰੀ ਵੀ ਭਰਦੇ। ਗੁਰੂ ਘਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦੇਖ ਕੇ ਸੱਤਵੇਂ ਪਾਤਸ਼ਾਹ ਨੇ (ਗੁਰੂ) ਤੇਗ ਬਹਾਦਰ ਨੂੰ 1656 ਈ. ਵਿੱਚ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪੂਰਬੀ ਪ੍ਰਾਤਾਂ ਵਿੱਚ ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਇਹ ਜ਼ਿੰਮੇਵਾਰੀ ਨਿਭਾਉਣ ਲਈ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਗੁਰੂ ਘਰਾਂ ਦੇ ਪ੍ਰੀਤਵਾਨਾਂ ਦਾ ਪ੍ਰਚਾਰਕ ਜਥਾ ਤਿਆਰ ਕਰ ਲਿਆ। ਇਸ ਜਥੇ ਨੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਬਾਬੇਕਿਆਂ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਪੁੱਜਦਿਆਂ ਕੀਤਾ।

ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਜੋਤੀ-ਜੋਤ (30 ਮਾਰਚ 1664 ਈ.) ਸਮਾਉਣ ਤੋਂ ਇੱਕ ਦਿਨ ਪਹਿਲਾਂ ਗੁਰਤਾ-ਗੱਦੀ ਆਪਣੇ ਦਾਦਾ ਗੁਰੂ ਤੇਗ ਬਹਾਦਰ ਨੂੰ ਬਾਬਾ ਬਕਾਲੇ ਦੇ ਸ਼ਬਦਾਂ ਨਾਲ ਸੌਂਪ ਗਏ ਸਨ,ਪਰ ਇਸ ਐਲਾਨ ਦਾ ਵੱਡੇ ਪੱਧਰ 'ਤੇ ਪ੍ਰਚਾਰ ਨਾ ਹੋਣ ਕਰਕੇ ਇਸ ਮੌਕੇ ਦਾ ਲਾਭ ਕਈ ਸਵਾਰਥੀ ਅਤੇ ਭੇਖਧਾਰੀ ਲੋਕਾਂ ਨੇ ਵੀ ਲੈਣਾ ਚਾਹਿਆ। ਉਹ ਬਾਬਾ ਬਕਾਲਾ ਸਾਹਿਬ ਵਿੱਚ ਆਪੋ-ਆਪਣੀਆਂ ਗੱਦੀਆਂ ਲਾ ਕੇ ਬੈਠ ਗਏ ਅਤੇ ਗੁਰੂ ਨਾਨਕ ਦੇ ਘਰ ਦੇ ਸੱਚੇ ਵਾਰਸ ਹੋਣ ਦਾ ਢਕਵੰਜ ਕਰਨ ਲੱਗ ਗਏ। ਇਨ੍ਹਾਂ ਢਕਵੰਜੀਆਂ ਵਿੱਚ ਧੀਰਮੱਲ, ਜੋ ਗੁਰੂ ਹਰਕ੍ਰਿਸ਼ਨ ਜੀ ਦਾ ਚਾਚਾ ਲੱਗਦਾ ਸੀ, ਸਭ ਤੋਂ ਅੱਗੇ ਸੀ। ਇਸ ਤਰ੍ਹਾਂ ਇਨ੍ਹਾਂ ਨਕਲਧਾਰੀ ਗੁਰੂਆਂ ਦੀ ਤਾਦਾਦ 22 ਦੇ ਕਰੀਬ ਪਹੁੰਚ ਗਈ। ਸਿੱਖ ਸੰਗਤ ਲਈ ਇਹ ਸਮਾਂ ਜਿੱਥੇ ਇੱਕ ਇਮਤਿਹਾਨ ਦਾ ਸਮਾਂ ਸੀ, ਉੱਥੇ ਨਾਲ ਹੀ ਸਿਦਕਦਿਲੀ ਅਤੇ ਸਮਝਦਾਰੀ ਤੋਂ ਕੰਮ ਲੈਣ ਦਾ ਵੇਲਾ ਵੀ ਸੀ। ਇਹ ਸਮਝਦਾਰੀ ਦਾ ਸਬੂਤ ਗੁਰੂ-ਘਰ ਦੇ ਧਨੀ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਦਿੱਤਾ ਗਿਆ। 1664 ਈ. ਦੀ ਦੀਵਾਲੀ ਮੌਕੇ ਗੁਰੂ ਨਾਨਕ ਦਰਬਾਰ ਦਾ ਇਹ ਅਨਿਨ ਸ਼ਰਧਾਲੂ ਮਸੰਦ ਆਪਣੀ ਪਤਨੀ ਸੋਲਜਹੀ ਅਤੇ ਆਪਣੇ ਪੁੱਤਰਾਂ ਲਾਲ ਚੰਦ ਅਤੇ ਚੰਦੂ ਲਾਲ ਸਮੇਤ ਬਾਬੇ ਬਕਾਲੇ ਆਇਆ। ਵਪਾਰੀ ਮੱਖਣ ਸ਼ਾਹ ਨੇ ਦੇਖਿਆ ਕਿ ਇੱਥੇ ਕੋਈ ਇੱਕ ਨਹੀਂ, ਸਗੋਂ ਬਹੁਗਿਣਤੀ ਆਪਣੇ ਆਪ ਨੂੰ ਗੁਰੂ ਹਰਿਕ੍ਰਿਸ਼ਨ ਦੀ ਗੱਦੀ-ਨਸ਼ੀਨ ਦੱਸ ਰਹੀ ਸੀ। ਇਸ ਭੰਬਲਭੂਸੇ 'ਚੋਂ ਬਾਹਰ ਨਿਕਲਣ ਲਈ ਭਾਈ ਮੱਖਣ ਸ਼ਾਹ ਨੇ ਵਿਉਂਤਬੰਦੀ ਕੀਤੀ। ਇਸ ਵਿਉਂਤਬੰਦੀ ਤਹਿਤ ਉਸ ਨੇ ਹਰੇਕ ਦਾਅਵੇਦਾਰ ਅੱਗੇ ਦੋ-ਦੋ ਮੋਹਰਾਂ ਰੱਖ ਦਿੱਤੀਆਂ। ਉਨ੍ਹਾਂ ਮੋਹਰਾਂ ਨੂੰ ਦੇਖ ਕੇ ਸਾਰੇ ਗੱਦੀਦਾਰ ਪ੍ਰਸੰਨ ਤਾਂ ਹੋ ਰਹੇ ਸਨ, ਪਰ ਅਸਲ ਦਸਵੰਧ ਦੀ ਮਾਇਆ ਕੋਈ ਨਹੀਂ ਮੰਗ ਰਿਹਾ ਸੀ। ਨਿਰਾਸ਼ ਹੋਏ ਭਾਈ ਮੱਖਣ ਸ਼ਾਹ ਨੂੰ ਕਿਸੇ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਟਿਕਾਣੇ ਦੀ ਦੱਸ ਪਾ ਦਿੱਤੀ। ਜਦੋਂ ਉਹ ਉਸ ਟਿਕਾਣੇ 'ਤੇ ਪਹੁੰਚਿਆ ਤਾਂ ਗੁਰੂ ਜੀ ਨਾਮ ਸਿਮਰਨ ਵਿੱਚ ਜੁੜੇ ਹੋਏ ਸਨ। ਜਦੋਂ ਮੱਖਣ ਸ਼ਾਹ ਨੇ ਇੱਥੇ ਵੀ ਦੋ ਮੋਹਰਾਂ ਰੱਖ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤਾਂ ਦਿਲਾਂ ਦੀਆਂ ਜਾਣਨ ਵਾਲੇ ਬਾਬੇ ਨੇ ਕਿਹਾ ਕਿ ਗੁਰੂ ਘਰ ਵਿੱਚ ਮਾਇਆ ਦਾ ਕੋਈ ਲਾਲਚ ਨਹੀਂ, ਪਰ ਇਹ ਤਾਂ ਦੱਸੋ ਕਿ ਦਸਵੰਧ ਦੀ ਬਾਕੀ ਮਾਇਆ ਕਿੱਥੇ ਗਈ ਹੈ? ਇਹ ਬਚਨ ਸੁਣ ਕੇ ਮੱਖਣ ਸ਼ਾਹ ਲੁਬਾਣੇ ਦੀ ਖੁਸ਼ੀ ਉਛਾਲਾ ਮਾਰ ਗਈ ਅਤੇ ਉਹ ਇੱਕ ਛੱਤ ਉੱਪਰ ਚੜ੍ਹ ਕੇ ਬੁਲੰਦ ਆਵਾਜ਼ ਵਿੱਚ ਕਹਿਣ ਲੱਗਾ ਗੁਰੂ ਲਾਧੋ ਰੇ! ਗੁਰੂ ਲਾਧੋ ਰੇ!

1665 ਈ. ਵਿੱਚ ਗੁਰੂ ਜੀ ਨੇ ਚੱਕ ਨਾਨਕੀ ਨਗਰ ਵਸਾਇਆ, ਜੋ ਬਾਅਦ ਵਿੱਚ ਸ੍ਰੀ ਆਨੰਦਪੁਰ ਸਾਹਿਬ ਅਖਵਾਇਆ। ਉਨ੍ਹਾਂ ਨੇ ਲੋਕਾਈ ਨੂੰ ਨਿਰਭੈ ਹੋ ਕੇ ਅਣਖ, ਇੱਜ਼ਤ ਅਤੇ ਆਜ਼ਾਦੀ ਵਾਲਾ ਜੀਵਨ ਜਿਊਣ ਦਾ ਉਪਦੇਸ਼ ਦਿੱਤਾ।

ਉਸ ਸਮੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਕੱਟੜ ਨੀਤੀ ਕਾਰਨ ਹਿੰਦੂਆਂ 'ਤੇ ਬਹੁਤ ਜ਼ੁਲਮ ਹੋ ਰਹੇ ਸਨ। ਉਸ ਨੇ ਹਿੰਦੂਆਂ 'ਤੇ ਜਜ਼ੀਆ ਲਗਾਇਆ, ਉਨ੍ਹਾਂ ਦੇ ਮੰਦਰ ਢਾਹ ਦਿੱਤੇ ਅਤੇ ਪਾਠਸ਼ਾਲਾਵਾਂ ਬੰਦ ਕਰਵਾ ਦਿੱਤੀਆਂ। ਖ਼ਾਸ ਕਰਕੇ ਕਸ਼ਮੀਰ ਦਾ ਸੂਬੇਦਾਰ ਇਫਤਿਖਾਰ ਖਾਨ ਪੰਡਿਤਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ।

ਇਨ੍ਹਾਂ ਜ਼ੁਲਮਾਂ ਤੋਂ ਤੰਗ ਆ ਕੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਦਾ ਇੱਕ ਜਥਾ 25 ਮਈ 1675 ਈ. ਨੂੰ ਆਨੰਦਪੁਰ ਸਾਹਿਬ ਗੁਰੂ ਜੀ ਕੋਲ ਫਰਿਆਦ ਲੈ ਕੇ ਪਹੁੰਚਿਆ। ਉਨ੍ਹਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਗੁਰੂ ਜੀ ਨੇ ਕਿਹਾ ਕਿ ਧਰਮ ਦੀ ਰੱਖਿਆ ਲਈ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਦੀ ਲੋੜ ਹੈ। ਕੋਲ ਬੈਠੇ ਬਾਲਕ ਗੋਬਿੰਦ ਰਾਏ (ਉਮਰ 9 ਸਾਲ) ਨੇ ਕਿਹਾ, 'ਪਿਤਾ ਜੀ, ਇਸ ਸਮੇਂ ਆਪ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੈ?'

ਇਹ ਸੁਣ ਕੇ ਗੁਰੂ ਜੀ ਨੇ ਪੰਡਿਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਨੂੰ ਕਹਿ ਦੇਣ ਕਿ ਜੇ ਉਹ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਹਿੰਦੂ ਇਸਲਾਮ ਕਬੂਲ ਕਰ ਲੈਣਗੇ। ਇਸ ਤੋਂ ਬਾਅਦ ਗੁਰੂ ਜੀ ਨੇ ਗੁਰਿਆਈ ਗੁਰੂ ਗੋਬਿੰਦ ਸਿੰਘ ਨੂੰ ਸੌਂਪੀ ਅਤੇ ਆਪਣੇ ਸਾਥੀਆਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਚਾਲੇ ਪਾ ਦਿੱਤੇ, ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

4 ਨਵੰਬਰ 1675 ਈ. ਨੂੰ ਗੁਰੂ ਤੇਗ ਬਹਾਦਰ ਨੂੰ ਸੂਬੇਦਾਰ ਸਾਫ਼ੀ ਖਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੇ ਗੁਰੂ ਜੀ ਨੂੰ ਕੋਈ ਮੁਅੱਜਜ਼ਾ (ਕਰਾਮਾਤ) ਕਰਨ ਲਈ ਕਿਹਾ, ਪਰ ਗੁਰੂ ਜੀ ਨੇ ਕਿਹਾ ਕਿ ਕਰਾਮਾਤ ਦਾ ਪਰਮੇਸ਼ਰ ਦੀ ਭਗਤੀ ਨਾਲ ਕੋਈ ਸਬੰਧ ਨਹੀਂ, ਇਹ ਤਾਂ ਕੇਵਲ ਮਨੁੱਖੀ ਹਉਮੈ ਦਾ ਹੀ ਪ੍ਰਗਟਾਵਾ ਹੈ।

5 ਨਵੰਬਰ ਨੂੰ ਗੁਰੂ ਸਾਹਿਬ ਨੂੰ ਫਿਰ ਕਰਾਮਾਤ ਵਿਖਾਉਣ ਜਾਂ ਇਸਲਾਮੀ ਮੱਤ ਨੂੰ ਗ੍ਰਹਿਣ ਕਰਨ ਲਈ ਕਿਹਾ ਗਿਆ ਪਰ ਗੁਰੂ ਤੇਗ ਬਹਾਦਰ ਨੇ ਮੁੜ ਇਸ ਤਜਵੀਜ਼ ਨੂੰ ਠੁਕਰਾ ਦਿੱਤਾ। 6 ਨਵੰਬਰ ਵਾਲੇ ਦਿਨ ਕਾਜ਼ੀ ਕੋਤਵਾਲੀ ਆਧਮਕਿਆ। ਉਸ ਨੇ ਦਰੋਗੇ ਨੂੰ ਗੁਰੂ ਸਾਹਿਬ ਨੂੰ ਖ਼ੌਫ਼ਨਾਕ ਤਸੀਹੇ ਦੇਣ ਦੀ ਸਲਾਹ ਦਿੱਤੀ ਤਾਂ ਜੋ ਉਹ ਆਪਣੀ ਹਾਰ ਮੰਨ ਕੇ ਇਸਲਾਮੀ ਕਦਰਾਂ-ਕੀਮਤਾਂ ਨੂੰ ਅਪਣਾ ਲੈਣ। ਕਾਜ਼ੀ ਦੇ ਹੁਕਮ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਦਰੋਗੇ ਨੇ ਲਗਾਤਾਰ ਤਿੰਨ ਦਿਨ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਈਨ ਮਨਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਨਵੰਬਰ ਮਹੀਨੇ ਦੇ ਦਸਵੇਂ ਦਿਨ ਤਾਂ ਮੁਗ਼ਲੀਆ ਹਕੂਮਤ ਦੇ ਤਸ਼ੱਦਦ ਵਾਲੀ ਹੱਦ ਹੀ ਹੋ ਗਈ। ਇਸ ਦਿਨ ਗੁਰੂ ਸਾਹਿਬ ਨੂੰ ਤੱਤੇ ਥੰਮ ?ਹ ਨਾਲ ਲਾਇਆ ਗਿਆ। ਅਡੋਲ ਚਿੱਤ ਗੁਰੂ ਸਾਹਿਬ ਨੇ ਹਕੂਮਤੀ ਜ਼ਬਰ ਨੂੰ ਅਕਾਲ-ਪੁਰਖ ਦੇ ਭਾਣੇ ਵੱਜੋਂ ਖਿੜੇ ਮੱਥੇ ਪ੍ਰਵਾਨ ਕਰ ਲਿਆ ਜਿਸ ਕਾਰਨ ਭਿਆਨਕ ਤੋਂ ਭਿਆਨਕ ਤਸੀਹੇ ਦੇ ਕੇ ਵੀ ਕਾਜ਼ੀ ਦੀ ਕੋਈ ਪੇਸ਼ ਨਹੀਂ ਚੱਲ ਸਕੀ। ਥੱਕ-ਹਾਰ ਕੇ ਉਸ ਨੇ ਇੱਕ ਹੋਰ ਘਟੀਆ ਪੈਂਤੜਾ ਵਰਤੋਂ ਵਿੱਚ ਲਿਆਂਦਾ ਜਿਸ ਤਹਿਤ ਉਸ ਨੇ ਗੁਰੂ ਘਰ ਦੇ ਤਿੰਨ ਸਿਦਕੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਘੋਰ ਤਸੀਹੇ ਦੇ ਕੇ ਗੁਰੂ ਤੇਗ ਬਹਾਦਰ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ। 11 ਨਵੰਬਰ 1675 ਈ. ਨੂੰ ਵੀਰਵਾਰ ਵਾਲੇ ਦਿਨ ਗੁਰੂ ਸਾਹਿਬ ਨੂੰ ਕੋਤਵਾਲੀ ਵਿੱਚੋਂ ਬਾਹਰ ਲਿਆਂਦਾ ਗਿਆ। ਗੁਰੂ ਸਾਹਿਬ ਵੱਲੋਂ ਤਸੀਹਿਆਂ ਅੱਗੇ ਨਾ ਝੁਕਣ ਕਾਰਨ ਕਾਜ਼ੀ ਅਬਦੁਲ ਵਹਾਬ ਨੇ ਗੁਰੂ ਤੇਗ ਬਹਾਦਰ ਦਾ ਸੀਸ ਧੜ ਤੋਂ ਤਲਵਾਰ ਨਾਲ ਜੁਦਾ ਕਰ ਦੇਣ ਦਾ ਫ਼ਤਵਾ ਜਾਰੀ ਕਰ ਦਿੱਤਾ। ਕਾਜ਼ੀ ਅਬਦੁਲ ਵਹਾਬ ਦੇ ਫ਼ਤਵੇ ਮੁਤਾਬਕ ਚਾਂਦਨੀ ਚੌਕ ਦੇ ਕੋਤਵਾਲੀ ਵਾਲੇ ਬੋਹੜ ਹੇਠਾਂ ਬੈਠੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਦਾ ਅਮਲ ਆਰੰਭ ਕਰ ਦਿੱਤਾ ਗਿਆ। ਸਮਾਣਾ ਦੇ ਰਹਿਣ ਵਾਲੇ ਜੱਲਾਦ ਜਲਾਲ-ਉਦ-ਦੀਨ ਨੇ ਕਾਜ਼ੀ ਦਾ ਸੰਕੇਤ ਪਾ ਕੇ ਤਲਵਾਰ ਦੇ ਜ਼ੋਰਦਾਰ ਵਾਰ ਨਾਲ ਗੁਰੂ ਸਾਹਿਬ ਦਾ ਸੀਸ ਧੜ ਤੋਂ ਵੱਖ ਕਰ ਦਿੱਤਾ। ਉਸ ਵੇਲੇ ਗੁਰੂ ਸਾਹਿਬ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ।

ਮਨੁੱਖਤਾ ਦੇ ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਇੱਕ ਅਦੁੱਤੀ ਸ਼ਹੀਦੀ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਕਿਉਂਕਿ ਇਹ ਸ਼ਹਾਦਤ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰਕੇ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਦਿੱਤੀ ਗਈ ਹੈ, ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਨਾ ਦੇ ਬਰਾਬਰ ਹੀ ਮਿਲਦੀ ਹੈ।



# ਕਿਰਤ ਜ਼ਾਬਤੇ ਤੁਰੰਤ ਲਾਗੂ ਹੋਣ

ਰਾਸ਼ਟਰੀ ਸ਼੍ਰਮ ਆਯੋਗ ਨੇ ਕਿਰਤ ਸੁਧਾਰਾਂ ਦੀ ਜੋ ਕਲਪਨਾ ਕੀਤੀ, ਉਹ ਕਾਫ਼ੀ ਸਮੇਂ ਤੋਂ ਲੰਬਿਤ ਸੀ। ਇਨ੍ਹਾਂ ਨੂੰ 2019 ਅਤੇ 2020 ਦਰਮਿਆਨ ਸੰਸਦ ਦੁਆਰਾ ਚਾਰ ਕਿਰਤ ਜ਼ਾਬਤਿਆਂ ਦੇ ਰੂਪ ਵਿਚ ਪਾਸ ਕੀਤਾ ਗਿਆ। ਇਹ ਜ਼ਾਬਤੇ ਦੇਸ਼ ਦੇ ਕਿਰਤ ਨਜ਼ਰੀਏ ਨੂੰ ਆਧੁਨਿਕ ਬਣਾਉਣ ਅਤੇ ਸੰਰਚਨਾਤਮਕ ਅਸੰਤੁਲਨ ਨੂੰ ਦੂਰ ਕਰਨ ਲਈ ਇਕ ਵਿਸ਼ਾਲ ਢਾਂਚਾ ਪ੍ਰਦਾਨ ਕਰਦੇ ਹਨ।

ਦਹਾਕਿਆਂ ਪੁਰਾਣੇ 29 ਕੇਂਦਰੀ ਕਿਰਤ ਕਾਨੂੰਨਾਂ ਨੂੰ ਸਰਲ ਤੇ ਆਧੁਨਿਕ ਬਣਾਉਂਦਿਆਂ ਚਾਰ ਨਵੇਂ ਕਿਰਤ ਜ਼ਾਬਤਿਆਂ ਦਾ ਨਿਰਮਾਣ ਕਰਨ ਦਾ ਟੀਚਾ ਨਾ ਸਿਰਫ਼ ਕਾਨੂੰਨਾਂ ਨੂੰ ਏਕੀਕ੍ਰਿਤ ਰੂਪ ਦੇਣਾ ਹੈ ਸਗੋਂ ਕੰਮ ਨੂੰ ਜ਼ਿਆਦਾ ਨਿਰਪੱਖ, ਸੁਰੱਖਿਅਤ ਅਤੇ ਉਤਪਾਦਕ ਬਣਾਉਣਾ ਹੈ।

ਮਜ਼ਦੂਰੀ ਸੰਹਿਤਾ, 2019 ਇਹ ਯਕੀਨੀ ਬਣਾਉਣ ਦੀ ਦਿਸ਼ਾ ਵਿਚ ਇਕ ਇਤਿਹਾਸਕ ਕਦਮ ਹੈ ਕਿ ਹਰ ਮਜ਼ਦੂਰ ਨੂੰ ਕਿਰਤ ਦੀ ਗਰਿਮਾ ਦਾ ਸਨਮਾਨ ਕਰਨ ਵਾਲਾ ਘੱਟੋ-ਘੱਟ ਵੇਤਨ ਮਿਲੇ। ਪਹਿਲਾਂ ਨਿਊਨਤਮ ਵੇਤਨ ਸਿਰਫ਼ ਨਿਰਧਾਰਤ ਪੇਸ਼ਿਆਂ ਤੱਕ ਸੀਮਤ ਸੀ ਪਰ ਹੁਣ ਇਸ ਨੂੰ ਸਾਰੇ ਖੇਤਰਾਂ ਅਤੇ ਸੰਗਠਿਤ ਅਤੇ ਅਸੰਗਠਿਤ, ਦੋਹਾਂ ਕਿਸਮ ਦੇ ਮਜ਼ਦੂਰਾਂ 'ਤੇ ਲਾਗੂ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਪਹਿਲੀ ਵਾਰ ਇਕ ਰਾਸ਼ਟਰੀ ਆਧਾਰ ਵੇਤਨ (ਫਲੋਰ ਵੇਜ) ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ ਕੇਂਦਰ ਸਰਕਾਰ ਜੀਵਨ ਮਿਆਰ ਅਤੇ ਖੇਤਰੀ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਤੈਅ ਕਰੇਗੀ। ਕੋਈ ਵੀ ਰਾਜ ਇਸ ਤੋਂ ਘੱਟ ਨਿਊਨਤਮ ਵੇਤਨ ਨਹੀਂ ਤੈਅ ਕਰ ਸਕੇਗਾ। ਇਸ ਨਾਲ ਰਾਜਾਂ ਦੇ ਵਿਚਕਾਰ ਵੇਤਨ ਅਸਮਾਨਤਾ ਵੀ ਘਟੇਗੀ ਅਤੇ ਦੇਸ਼ ਭਰ ਦੇ ਮਜ਼ਦੂਰਾਂ ਨੂੰ ਬਰਾਬਰ ਦੇ ਮੌਕੇ ਮਿਲਣਗੇ।

ਸੰਹਿਤਾ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਵੇਤਨ ਦੀ ਸਮੀਖਿਆ ਨਿਯਮਤ ਤੌਰ 'ਤੇ ਹੋਵੇ ਤਾਂ ਜੋ ਬਦਲਦੇ ਆਰਥਿਕ ਹਾਲਾਤ ਮੁਤਾਬਕ ਮਜ਼ਦੂਰਾਂ ਦੀ ਆਮਦਨ ਪ੍ਰਸੰਗਿਕ ਰਹੇ। ਇਸ ਸੰਹਿਤਾ ਅਧੀਨ ਵਿਵਾਦਾਂ ਵਿਚ ਸਬੂਤ ਪੇਸ਼ ਕਰਨ ਦਾ ਭਾਰ ਰੁਜ਼ਗਾਰਦਾਤਿਆਂ 'ਤੇ ਹੋਵੇਗਾ ਜਿਸ ਨਾਲ ਉਨ੍ਹਾਂ ਦੀ ਜਵਾਬਦੇਹੀ ਵਧੇਗੀ।

ਸਮਾਜਿਕ ਸੁਰੱਖਿਆ ਸੰਹਿਤਾ, 2020 ਆਜ਼ਾਦ ਭਾਰਤ ਵਿਚ ਜਨ ਕਲਿਆਣ ਦੇ ਸਭ ਤੋਂ ਸਮਾਵੇਸ਼ੀ ਵਿਸਤਾਰਾਂ ਵਿੱਚੋਂ ਇਕ ਹੈ। ਮੁਲਾਜ਼ਮ ਭਵਿੱਖ ਨਿਧੀ ਅਧਿਨਿਯਮ, ਕਰਮਚਾਰੀ ਰਾਜ ਬੀਮਾ ਅਧਿਨਿਯਮ ਤੇ ਪ੍ਰਸੂਤੀ ਸਹੂਲਤ ਅਧਿਨਿਯਮ ਸਮੇਤ ਨੌਂ ਮੁੱਖ ਕਾਨੂੰਨਾਂ ਨੂੰ ਮਿਲਾ ਕੇ ਇਹ ਇਕ ਇਕੱਠੀ ਪ੍ਰਣਾਲੀ ਸਥਾਪਤ ਕਰਦੀ ਹੈ। ਪਹਿਲੀ ਵਾਰ ਗਿਗ ਮਜ਼ਦੂਰਾਂ ਤੇ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਨੂੰ ਰਾਸ਼ਟਰੀ ਕਾਰਜਬਲ ਦਾ ਹਿੱਸਾ ਮੰਨਿਆ ਗਿਆ ਹੈ।

ਕਿੱਤਾ ਸੁਰੱਖਿਆ, ਸਿਹਤ ਅਤੇ ਕਾਰਜ ਦਸ਼ਾਵਾਂ ਸੰਹਿਤਾ, 2020 ਦੇਸ਼ ਦਾ ਨਿਰਮਾਣ ਕਰਨ ਵਾਲਿਆਂ ਪ੍ਰਤੀ ਦੇਖਭਾਲ ਅਤੇ ਜ਼ਿੰਮੇਵਾਰੀ ਦਾ ਇਕ ਸੁਨੇਹਾ ਹੈ। ਇਹ ਸੰਹਿਤਾ ਮਜ਼ਦੂਰਾਂ ਲਈ ਮੁਫ਼ਤ ਸਾਲਾਨਾ ਸਿਹਤ ਜਾਂਚ ਨੂੰ ਲਾਜ਼ਮੀ ਕਰਦੀ ਹੈ।ਉਦਯੋਗਿਕ ਸਬੰਧ ਸੰਹਿਤਾ, 2020 ਤਿੰਨ ਪੁਰਾਣੇ ਅਧਿਨਿਯਮਾਂ ਨੂੰ ਇਕੱਠੇ ਕਰ ਕੇ ਨਿਯੋਜਕਾਂ ਅਤੇ ਕਰਮਚਾਰੀਆਂ ਵਿਚਕਾਰ ਸਬੰਧਾਂ ਵਿਚ ਸਪਸ਼ਟਤਾ ਲਿਆਉਂਦੀ ਹੈ।

**-ਹਿਰਣਮਯ ਪਾਂਡਿਆ**

# ਹਾਸੇ-ਮਜ਼ਾਕ 'ਤੇ ਹੀ ਕੇਂਦਰਿਤ ਹੋਇਆ ਪੰਜਾਬੀ ਸਿਨੇਮਾ



ਰਜਨੀ ਭਗਾਨੀਆ

ਪੰਜਾਬੀ ਸਿਨੇਮਾ ਸਾਡੀ ਸੱਭਿਆਚਾਰਕ ਪਛਾਣ ਦਾ ਅਹਿਮ ਹਿੱਸਾ ਹੈ। ਇਹ ਸਾਡੀ ਬੋਲੀ, ਰਸਮਾਂ, ਹਾਸੇ-ਮਜ਼ਾਕ ਤੇ ਜੀਵਨ ਸ਼ੈਲੀ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰਦਾ ਹੈ, ਪਰ ਜਿਵੇਂ ਸਮਾਂ ਬਦਲ ਰਿਹਾ ਹੈ, ਸਿਨੇਮਾ ਦੀ ਦਿਸ਼ਾ ਵੀ ਬਦਲਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਤਕਨਾਲੋਜੀ ਤੇ ਵਿਸ਼ਵ ਪੱਧਰ ਦੇ ਵਿਸ਼ੇ ਸਿਨੇਮਾ ਵਿੱਚ ਆ ਰਹੇ ਹਨ, ਉੱਥੇ ਪੰਜਾਬੀ ਫਿਲਮਾਂ ਨੂੰ ਵੀ ਨਵੀਂ ਸੋਚ ਤੇ ਅਰਥਪੂਰਨ ਕਹਾਣੀਆਂ ਦੀ ਲੋੜ ਹੈ। ਚੰਗੀ ਫਿਲਮ ਉਹ ਹੁੰਦੀ ਹੈ ਜੋ ਦਰਸ਼ਕ ਦੇ ਦਿਲ ਨੂੰ ਛੂਹੇ। ਪੰਜਾਬੀ ਫਿਲਮਾਂ ਵਿੱਚ ਹੁਣ ਕੇਵਲ ਹਾਸੇ ਜਾਂ ਵਿਆਹ-ਸ਼ਾਦੀਆਂ ਦੀ ਗੱਲ ਨਹੀਂ ਹੋਣੀ ਚਾਹੀਦੀ, ਸਗੋਂ ਉਹ ਸਾਡੀ ਜ਼ਿੰਦਗੀ ਦੇ ਅਸਲੀ ਰੰਗ ਦਿਖਾਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਪੰਜਾਬੀ ਸਿਨੇਮਾ ਨੂੰ ਹੁਣ ਗਹਿਰਾਈ ਵਾਲੇ ਵਿਸ਼ਿਆਂ ਵੱਲ ਵਧਣ ਦੀ ਜ਼ਰੂਰਤ ਹੈ, ਜਿੱਥੇ ਹਾਸਾ ਵੀ ਹੋਵੇ ਤੇ ਸੋਚ-ਵਿਚਾਰ ਵੀ। ਅਕਸਰ ਪੰਜਾਬੀ ਸਿਨੇਮਾ ਨਾਲ ਜੁੜੇ ਦਰਸ਼ਕ ਸਿਨੇਮਾ ਵਿੱਚ ਫਿਲਮ ਦੇਖ ਕੇ ਉਸ ਦੀ ਕਹਾਣੀ ਨੂੰ ਨਕਾਰ ਦਿੰਦੇ ਹਨ ਕਿ ਇਸ ਫਿਲਮ ਦੀ ਕਹਾਣੀ ਚੰਗੀ ਨਹੀਂ ਸੀ ਜਾਂ ਕਹਾਣੀ ਦੇ ਮੁਤਾਬਿਕ ਕਲਾਕਾਰ ਕੰਮ ਨਹੀਂ ਕਰ ਰਹੇ ਸਨ। ਚੰਗੀ ਫਿਲਮ ਹਰ ਕੋਈ ਦੇਖਣਾ ਚਾਹੁੰਦਾ ਹੈ, ਪਰ ਇੱਥੇ ਚੰਗੀ ਫਿਲਮ ਦਾ ਇਹ ਅਰਥ ਨਹੀਂ ਕਿ ਉਸ ਵਿੱਚ ਪਿਆਰ, ਮੁਹੱਬਤ ਅਤੇ ਮਾਰ ਕੁੱਟ ਦੇ ਦ੍ਰਿਸ਼ ਫਿਲਮਾਏ ਗਏ ਹੋਣ। ਇੱਥੇ ਗੱਲ ਉਸ ਸਿਨੇਮਾ ਦੀ ਆਉਂਦੀ ਹੈ ਜਿੱਥੇ ਪੂਰੀ ਤਰ੍ਹਾਂ ਕਹਾਣੀ 'ਤੇ ਜ਼ੋਰ ਦਿੱਤਾ ਜਾਂਦਾ ਹੈ ਤੇ ਉਸ ਕਹਾਣੀ ਦੇ ਮੁਤਾਬਿਕ ਕਿਰਦਾਰ ਬਿਠਾਏ ਜਾਂਦੇ ਹਨ। ਕਿਰਦਾਰ ਵੀ ਕਹਾਣੀ ਵਿੱਚ ਆਪਣੇ ਆਪ ਨੂੰ ਜਿੰਦਾ ਕਰਦੇ ਹੋਣ, ਦੇਖਣ ਵਾਲੇ ਨੂੰ ਉਹ ਕਹਾਣੀ ਆਪ ਬੀਤੀ ਨਜ਼ਰ ਆਵੇ। ਸੋ ਫਿਲਮ ਦਰਸ਼ਕਾਂ ਦਾ ਮਨੋਰੰਜਨ ਕਰੇ ਤੇ ਜੀਵੰਤ ਸਿਨੇਮਾ ਲੱਗੇ। ਪੰਜਾਬੀ ਸਿਨੇਮਾ ਦਾ ਸਭ ਤੋਂ ਵੱਡਾ ਖ਼ਜ਼ਾਨਾ ਉਸ ਦੀ ਮਿੱਟੀ ਹੈ ਜਿਸ ਵਿੱਚ ਸਾਡੇ ਸੱਭਿਆਚਾਰ ਦੀ ਖ਼ੁਸ਼ਬੂ ਆਉਂਦੀ ਹੈ ਜਿਵੇਂ ਸਾਡੀ ਮਾਂ ਬੋਲੀ, ਪਿੰਡਾਂ ਦਾ ਜੀਵਨ, ਕਿਸਾਨਾਂ ਦੀ ਮਿਹਨਤ, ਮਜ਼ਦੂਰਾਂ ਦੀਆਂ ਕਹਾਣੀਆਂ ਤੇ ਉਹ ਇਮੀਗ੍ਰੇਸ਼ਨ ਦੇ ਸੁਫ਼ਨੇ ਜਿਹੜੇ ਹਰ ਘਰ ਵਿੱਚ ਸੰਜੋਏ ਜਾਂਦੇ ਹਨ। ਜਿੱਥੇ ਛੋਟੇ ਘਰੋਂ ਉੱਠ ਕੇ ਵੀ ਨੌਜਵਾਨ ਕੁਝ ਕਰ ਗੁਜ਼ਰਨ ਦਾ ਜਜ਼ਬਾ ਰੱਖਦੇ ਹਨ। ਚੰਗੀ ਕਹਾਣੀ ਸਾਡੇ ਆਲੇ ਦੁਆਲੇ ਹੀ ਘੁੰਮਦੀ ਰਹਿੰਦੀ ਹੈ, ਪਰ ਅਫ਼ਸੋਸ! ਜ਼ਿਆਦਾਤਰ ਫਿਲਮਾਂ ਕੇਵਲ ਹਾਸੇ-ਮਜ਼ਾਕ 'ਤੇ ਹੀ ਸਿਮਟ ਗਈਆਂ ਹਨ ਜਿਨ੍ਹਾਂ ਨੂੰ ਦੇਖ ਕੇ ਲੱਗਦਾ ਹੈ ਕਿ ਅਸਲ ਵਿੱਚ ਜ਼ਿੰਦਗੀ ਸਿਰਫ਼ ਹਾਸੇ ਮਜ਼ਾਕ 'ਤੇ ਹੀ ਟਿਕੀ ਹੈ।

ਦੂਜਾ ਪੱਖ ਇਹ ਵੀ ਹੈ ਕਿ ਅਰਥਪੂਰਨ ਵਿਸ਼ਿਆਂ 'ਤੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪੰਜਾਬੀ ਕਿਸਾਨਾਂ ਦੀ ਜ਼ਿੰਦਗੀ 'ਤੇ ਬਹੁਤ ਕੁਝ ਬਣ ਸਕਦਾ ਹੈ। ਇਸ ਦੇ ਇਲਾਵਾ ਪਿੰਡ ਦੀਆਂ ਔਰਤਾਂ ਦੀ ਸੰਘਰਸ਼ ਭਰੀ ਕਹਾਣੀ ਬਾਰੇ ਸੋਚ ਸਕਦੇ ਹਾਂ, ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਸੁਫ਼ਨੇ ਤੇ ਹਕੀਕਤ ਬਾਰੇ ਗੱਲਾਂ ਤੇ ਆਧੁਨਿਕ ਪੰਜਾਬ ਦੀ ਦਿਲਚਸਪ ਸਿਆਸਤ ਆਦਿ ਇਨ੍ਹਾਂ ਵਿਸ਼ਿਆਂ ਉੱਤੇ ਜੇ ਇਮਾਨਦਾਰੀ ਨਾਲ ਫਿਲਮ ਬਣਾਈ ਜਾਵੇ ਤਾਂ ਸਿਰਫ਼ ਮੁੱਠੀ ਭਰ ਦਰਸ਼ਕ ਨਹੀਂ, ਬਲਕਿ ਸਮੁੱਚਾ ਦਰਸ਼ਕ ਵਰਗ ਉਸ ਨੂੰ ਪਸੰਦ ਕਰੇਗਾ।

ਕੋਈ ਵੀ ਸਿਨੇਮਾ ਉਦਯੋਗ ਉਸ ਸਮੇਂ ਤੱਕ ਨਹੀਂ ਟਿਕ ਸਕਦਾ ਜਦੋਂ ਤੱਕ ਨਿਰਮਾਤਾ ਨੂੰ ਆਰਥਿਕ ਲਾਭ ਨਾ ਹੋਵੇ। ਫਿਲਮ ਚੰਗੀ ਬਣੇਗੀ ਤਾਂ ਹੀ ਉਹ ਚੱਲੇਗੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਹਾਸੇ ਜਾਂ ਹਲਕੇ ਵਿਸ਼ਿਆਂ 'ਤੇ ਹੀ ਧਿਆਨ ਦਿੱਤਾ ਜਾਵੇ। ਜੇ ਕਹਾਣੀ ਵਿੱਚ ਦਮ ਹੋਵੇ ਤਾਂ ਦਰਸ਼ਕ ਆਪਣਾ ਪੈਸਾ ਖ਼ੁਸ਼ੀ ਨਾਲ ਖ਼ਰਚ ਕਰਦੇ ਹਨ। ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਵਿਸ਼ੇ ਲੈ ਕੇ ਆਉਣ ਵਾਲੇ ਕਹਾਣੀਕਾਰਾਂ ਤੇ ਡਾਇਰੈਕਟਰਾਂ 'ਤੇ ਭਰੋਸਾ ਕਰਨ। ਅੱਜਕੱਲ੍ਹ ਓ.ਟੀ.ਟੀ. ਪਲੈਟਫਾਰਮਾਂ ਨਾਲ ਵੀ ਕਮਾਈ ਦੇ ਨਵੇਂ ਰਸਤੇ ਖੁੱਲ੍ਹੇ ਹਨ। ਇਸ ਲਈ ਅਰਥਪੂਰਨ ਸਿਨੇਮਾ ਹੁਣ ਆਰਥਿਕ ਤੌਰ 'ਤੇ ਵੀ ਸੰਭਵ ਹੈ। ਨਵੀਂ ਸੋਚ ਤੇ ਨਵੀਂ ਪੀੜ੍ਹੀ ਦੇ ਤਜਰਬੇ ਨਾਲ ਸਾਡੇ ਸਿਨੇਮਾ ਨੂੰ ਅੱਗੇ ਵਧਣ ਦੀ ਜ਼ਰੂਰਤ ਹੈ ਜਿੱਥੇ ਨਵੇਂ ਵਿਸ਼ੇ ਤੇ ਨਵੀਆਂ ਕਹਾਣੀਆਂ ਹੋਣ। ਪੰਜਾਬੀ ਸਿਨੇਮਾ ਨੂੰ ਹੁਣ ਆਪਣੇ ਦਾਇਰੇ ਨੂੰ ਵਿਸ਼ਾਲ ਕਰਨ ਦੀ ਲੋੜ ਹੈ। ਸਾਡੇ ਕੋਲ ਬੇਅੰਤ ਕਹਾਣੀਆਂ ਹਨ ਜਿਨ੍ਹਾਂ ਵਿੱਚ ਸਿੱਖ ਇਤਿਹਾਸ ਦੀਆਂ ਸੂਰਵੀਰ ਕਥਾਵਾਂ, ਪੰਜਾਬ ਦੀ ਧਰਤੀ ਨਾਲ ਜੁੜੇ ਲੋਕ, ਕਲਾ ਤੇ ਰੰਗਮੰਚ, ਸਿੱਖਿਆ, ਵਿਗਿਆਨ, ਖੇਡਾਂ ਤੇ ਸਮਾਜਿਕ ਬਦਲਾਅ ਦੀਆਂ ਕਹਾਣੀਆਂ। ਇਨ੍ਹਾਂ ਵਿਸ਼ਿਆਂ 'ਤੇ ਜੇ ਫਿਲਮ ਬਣੇ ਤਾਂ ਸਿਨੇਮਾ ਸਿਰਫ਼ ਮਨੋਰੰਜਨ ਨਹੀਂ ਰਹੇਗਾ, ਸਗੋਂ ਇੱਕ ਸਿੱਖਿਆ ਤੇ ਪ੍ਰੇਰਣਾ ਦਾ ਮਾਧਿਅਮ ਬਣੇਗਾ। ਨਵੀਂ ਪੀੜ੍ਹੀ ਨੂੰ ਅਜਿਹੀਆਂ ਕਹਾਣੀਆਂ ਦੀ ਲੋੜ ਹੈ ਜੋ ਉਨ੍ਹਾਂ ਦੇ ਅੰਦਰ ਸੋਚ ਪੈਦਾ ਕਰ ਸਕਣ। ਜਦੋਂ ਅਸੀਂ ਪਿੱਛੇ ਮੁੜ ਕੇ ਵੇਖਦੇ ਹਾਂ ਤਾਂ 'ਨਾਨਕ ਨਾਮ ਜਹਾਜ਼ ਹੈ', 'ਮਨਿ ਜੀਤੇ ਜਗੁ ਜੀਤੁ', 'ਲੌਂਗ ਦਾ ਲਿਸ਼ਕਾਰਾ', 'ਉੱਚਾ ਦਰ ਬਾਬੇ ਨਾਨਕ ਦਾ' ਆਦਿ ਵਰਗੀਆਂ ਫਿਲਮਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਵਿੱਚ ਜੀਵਨ ਦਾ ਦਰਸ਼ਨ ਸੀ। ਉਨ੍ਹਾਂ ਫਿਲਮਾਂ ਵਿੱਚ ਸਾਦਗੀ ਸੀ, ਪਰ ਦਿਲ ਨੂੰ ਛੂਹਣ ਵਾਲੀ ਗਹਿਰਾਈ ਵੀ ਸੀ। ਉਨ੍ਹਾਂ ਫਿਲਮਾਂ ਦੇ ਸੰਗੀਤ ਤੇ ਸੰਵਾਦ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਹਨ। ਪੁਰਾਣੇ ਸਿਨੇਮਾ ਦੀ ਸਭ ਤੋਂ ਵੱਡੀ ਖ਼ੂਬੀ ਸੀ 'ਸੱਚਾਈ।' ਉਹ ਫਿਲਮਾਂ ਮਨੋਰੰਜਨ ਦੇ ਨਾਲ ਨਾਲ ਇੱਕ ਸੰਦੇਸ਼ ਵੀ ਦੇ ਜਾਂਦੀਆਂ ਸਨ। ਪੰਜਾਬੀ ਸਿਨੇਮਾ ਕੋਲ ਅਜੇ ਵੀ ਬੇਅੰਤ ਸੰਭਾਵਨਾਵਾਂ ਹਨ। ਜਿਹੜੇ ਨਵੇਂ ਨਿਰਦੇਸ਼ਕ ਤੇ ਕਹਾਣੀਕਾਰ ਮੰਚ 'ਤੇ ਆ ਰਹੇ ਹਨ, ਉਹ ਇਸ ਸਿਨੇਮਾ ਨੂੰ ਨਵੀਆਂ ਉੱਚਾਈਆਂ 'ਤੇ ਲੈ ਕੇ ਜਾ ਸਕਦੇ ਹਨ, ਪਰ ਇਸ ਲਈ ਨਵੇਂ ਵਿਸ਼ੇ ਚੁਣਨ ਦੀ, ਨਵੀਂ ਸੋਚ ਰੱਖਣ ਦੀ ਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ। ਜੇ ਪੰਜਾਬੀ ਫਿਲਮਾਂ ਸਿਰਫ਼ ਹਾਸੇ ਤੇ ਵਿਆਹਾਂ ਤੱਕ ਸੀਮਤ ਨਾ ਰਹਿਣ, ਸਗੋਂ ਜੀਵਨ ਦੇ ਅਸਲ ਦਰਦ ਤੇ ਖ਼ੁਸ਼ੀਆਂ ਨੂੰ ਛੂਹਣ ਤਾਂ ਇਹ ਸਿਨੇਮਾ ਨਾ ਸਿਰਫ਼ ਪੰਜਾਬ ਦਾ, ਸਗੋਂ ਭਾਰਤ ਦਾ ਮਾਣ ਬਣ ਸਕਦਾ ਹੈ। ਸਾਡੀ ਮਿੱਟੀ ਵਿੱਚ ਕਹਾਣੀਆਂ ਦੀ ਕੋਈ ਘਾਟ ਨਹੀਂ, ਸਿਰਫ਼ ਉਨ੍ਹਾਂ ਨੂੰ ਸੱਚੇ ਦਿਲ ਨਾਲ ਪਰਦੇ 'ਤੇ ਲਿਆਂਦਾ ਜਾਵੇ, ਇਹੀ ਪੰਜਾਬੀ ਸਿਨੇਮਾ ਦੀ ਅਸਲੀ ਜਿੱਤ ਹੋਵੇਗੀ। ਪੰਜਾਬੀ ਸਿਨੇਮਾ ਸਬੰਧੀ ਇੱਕ ਤੱਥ ਇਹ ਵੀ ਸਾਹਮਣੇ ਆਉਂਦਾ ਹੈ ਕਿ ਜਦੋਂ ਵੀ ਕੋਈ ਨਿਰਮਾਤਾ ਜਾਂ ਨਿਰਦੇਸ਼ਕ ਲੀਕ ਤੋਂ ਹਟ ਕੇ ਕੰਮ ਕਰਦਾ ਹੈ ਤਾਂ ਦਰਸ਼ਕਾਂ ਵੱਲੋਂ ਉਸ ਨੂੰ ਮੱਠਾ ਹੁੰਗਾਰਾ ਮਿਲਦਾ ਹੈ। ਅਜਿਹੇ ਵਿੱਚ ਉਨ੍ਹਾਂ ਦੀ ਆਰਥਿਕ ਸਥਿਤੀ ਪਤਲੀ ਪੈ ਜਾਂਦੀ ਹੈ। ਇਸ ਲਈ ਦਰਸ਼ਕ ਵਰਗ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ। ਲੀਕ ਤੋਂ ਹਟਵੀਆਂ ਫਿਲਮਾਂ ਨੂੰ ਜੇਕਰ ਦਰਸ਼ਕ ਵਰਗ ਹੁੰਗਾਰਾ ਨਹੀਂ ਭਰੇਗਾ ਤਾਂ ਨਿਰਮਾਤਾ-ਨਿਰਦੇਸ਼ਕ ਆਪਣੇ ਪੈਰ ਪਿੱਛੇ ਖਿੱਚ ਲੈਣਗੇ। ਅੱਜ ਪੰਜਾਬੀ ਸਿਨੇਮਾ ਵਿੱਚ ਕਾਮੇਡੀ ਭਾਰੂ ਹੈ। ਦਰਸ਼ਕਾਂ ਦੀ ਪਹਿਲੀ ਪਸੰਦ ਬਣਨ ਕਾਰਨ ਹਰ ਨਿਰਮਾਤਾ-ਨਿਰਦੇਸ਼ਕ ਅਜਿਹੀਆਂ ਫਿਲਮਾਂ ਬਣਾਉਣ ਨੂੰ ਹੀ ਤਰਜੀਹ ਦੇ ਰਿਹਾ ਹੈ। ਇਸ ਲਈ ਦਰਸ਼ਕਾਂ ਨੂੰ ਵੱਖਰੇ ਵਿਸ਼ਿਆਂ 'ਤੇ ਬਣਨ ਵਾਲੀਆਂ ਫਿਲਮਾਂ ਨੂੰ ਤਰਜੀਹ ਦੇਣਾ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਨਵੇਂ ਵਿਸ਼ਿਆਂ ਨੂੰ ਹੱਥ ਪਾਉਣ ਤੋਂ ਕੋਈ ਵੀ ਨਿਰਮਾਤਾ-ਨਿਰਦੇਸ਼ਕ ਸੰਕੋਚ ਨਹੀਂ ਕਰੇਗਾ।

# ਸਾਂਝ ਤੇ ਪਿਆਰ ਦੀਆਂ ਪ੍ਰਤੀਕ ਚਿੱਠੀਆਂ



ਰਵਿੰਦਰ ਸਿੰਘ ਸੂਦਨ

ਪਿਆਰ ਤੇ ਮੋਹ ਨਾਲ ਭਿੱਜੀਆਂ ਚਿੱਠੀਆਂ ਲਿਖਣਾ ਹੁਣ ਬੀਤੇ ਦੀ ਕਹਾਣੀ ਬਣ ਕੇ ਰਹਿ ਗਈਆਂ ਹਨ, ਉਦੋਂ ਕਿੰਨੀ ਆਪਸੀ ਨੇੜਤਾ ਹੁੰਦੀ ਸੀ ਤੇ ਕਿੰਨੀਆਂ ਨਜ਼ਦੀਕੀਆਂ ਸਨ, ਸਾਡੀਆਂ ਉਨ੍ਹਾਂ ਇਕ-ਦੂਜੇ ਨੂੰ ਲਿਖੀਆਂ ਚਿੱਠੀਆਂ ਵਿਚ। ਹਰ ਰੋਜ਼ ਘਰ ਦੇ ਬੂਹੇ ਅੱਗੇ ਖਲੋ ਕੇ ਡਾਕੀਏ ਦਾ ਇੰਤਜ਼ਾਰ ਕਰਨਾ। ਡਾਕੀਏ ਦਾ ਆਉਣਾ, ਸਿਰ-ਹੱਥ ਹਿਲਾ ਕੇ ਨਾਂਹ ਦੇ ਰੂਪ ਵਿਚ ਅੱਗੇ ਨਿਕਲ ਜਾਣਾ। ਫਿਰ ਨਵੇਂ ਦਿਨ ਦਾ ਇੰਤਜ਼ਾਰ ਤੇ ਜਦ ਵੀ ਕੋਈ ਚਿੱਠੀ ਆਉਣੀ, ਇਕ ਨਵੇਂ ਚਾਅ, ਨਵੀਂ ਖ਼ੁਸ਼ੀ ਨਾਲ ਦਿਲ ਖ਼ੁਸ਼ ਹੋ ਜਾਣਾ। ਹਰ ਚਿੱਠੀ ਨਾਲ ਨਵਾਂ ਆਗਾਜ਼। ਲਿਖ ਤੁਮ... ਅੱਗੇ ਪਿਆਰੇ... ਅਸੀਂ ਇਥੇ ਠੀਕ ਹਾਂ, ਤੁਸੀਂ ਵੀ ਠੀਕ ਹੋਵੋਗੇ। ਅਸੀਂ ਰਾਜ਼ੀ-ਖ਼ੁਸ਼ੀ ਹਾਂ, ਤੁਹਾਡੀ ਰਾਜ਼ੀ ਖ਼ੁਸ਼ੀ ਪਰਮਾਤਮਾ ਤੋਂ ਮੰਗਦੇ ਹਾਂ ਆਦਿ...ਆਦਿ। ਚਿੱਠੀਆਂ ਲਿਖਣਾ, ਉਨ੍ਹਾਂ ਨੂੰ ਪੜ੍ਹਨਾ ਸਾਡੀ ਆਪਸੀ ਨੇੜਤਾ, ਰਿਸ਼ਤਿਆਂ ਦੀ ਸਾਂਝ ਦਾ, ਪਿਆਰ ਦੇ ਅਹਿਸਾਸ ਦਾ ਬੇ-ਮਿਸਾਲ ਅਜੀਬ ਰਿਸ਼ਤਾ ਸੀ। ਉਹ ਪਿਆਰ ਭਰੀਆਂ ਚਿੱਠੀਆਂ ਹੱਥੀਂ ਲਿਖਣ ਕਾਰਨ ਰਿਸ਼ਤਿਆਂ ਨੂੰ ਮਜ਼ਬੂਤ ਕਰਦੀਆਂ ਸਨ ਤੇ ਕਿਧਰੇ ਕੋਈ ਸ਼ਿਕਵੇ ਨਾਲ ਭਰੀਆਂ ਹੋਈਆਂ ਚਿੱਠੀਆਂ ਵੀ ਹਮੇਸ਼ਾ ਆਪਣੇਪਨ ਦਾ ਅਹਿਸਾਸ ਕਰਵਾਉਂਦੀਆਂ ਸਨ। ਚਿੱਠੀਆਂ ਦਾ ਤਰਤੀਬਵਾਰ ਇਕ ਲੰਬਾ ਸਿਲਸਿਲਾ ਤੇ ਫਿਰ ਕਦੇ ਉਹ ਤਰਤੀਬਵਾਰ ਸਾਂਭ ਕੇ ਰੱਖੀਆਂ ਚਿੱਠੀਆਂ ਸਾਰੀ ਜ਼ਿੰਦਗੀ ਲਈ ਅਹਿਮ, ਯਾਦਾਂ ਦਾ ਸਾਂਭਣ ਯੋਗ ਸਰਮਾਇਆ ਬਣ ਜਾਂਦਾ ਸੀ।

ਇਬਰਾਹਿਮ ਲਿੰਕਨ ਵਲੋਂ ਆਪਣੇ ਬੇਟੇ ਦੀ ਟੀਚਰ ਨੂੰ ਲਿਖੀ ਗਈ ਚਿੱਠੀ ਬਾਰੇ ਅੱਜ ਵੀ ਦੁਨੀਆ ਭਰ ਦੇ ਲੋਕ ਚਾਅ ਨਾਲ ਅਗਲੀ ਪੀੜ੍ਹੀ ਨੂੰ ਦੱਸਦੇ ਹਨ। ਇਕ ਬਾਪ ਵਲੋਂ ਪੁੱਤਰੀ ਨੂੰ ਲਿਖੀਆਂ ਚਿੱਠੀਆਂ (ਨਹਿਰੂ-ਇੰਦਰਾ) ਜੋ ਸਾਡੇ ਇਤਿਹਾਸ ਵਿਚ ਜਿਸ ਤਰ੍ਹਾਂ ਵੀ ਹੈ, ਪ੍ਰੇਰਨਾਦਾਇਕ ਹਨ ਮਾਂ-ਬਾਪ (ਮਾਪਿਆਂ) ਵਲੋਂ ਦੇਸ਼ੋਂ-ਵਿਦੇਸ਼ ਗਏ ਪੁੱਤਰ ਪੁੱਤਰੀ ਨੂੰ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾਉਂਦੀਆਂ, ਸਹੀ ਜੀਵਨ ਮਾਰਗ ਦਰਸਾਉਂਦੀਆਂ ਚਿੱਠੀਆਂ ਸਤ-ਸਮੁੰਦਰ ਪਾਰ ਗਿਆਂ ਨੂੰ ਆਪਣੀ ਸੱਭਿਅਤਾ ਤੇ ਤਹਿਜ਼ੀਬ ਦਾ ਮਿਲਾਪ ਕਰਾਉਂਦੀਆਂ ਸਨ।

ਹੱਥ ਲਿਖਤ ਚਿੱਠੀਆਂ ਸਾਡੇ ਦਿਲ ਦੇ ਅੰਦਰ ਫੁਟਦੇ ਪਿਆਰ ਦੇ ਅੰਦਰੂਨੀ ਜਜ਼ਬਾਤਾਂ ਦਾ ਅਹਿਮ ਖਜ਼ਾਨਾ ਹੁੰਦੀਆਂ ਹਨ, ਜੋ ਇਕ ਖਾਸ ਪੀੜ੍ਹੀ ਦੇ ਹਿੱਸੇ ਹੀ ਆਇਆ ਹੈ। ਕਿਧਰੇ ਸ਼ਬਦਾਂ ਦੀ ਬਣਤਰ ਨਾਲ ਭਰਪੂਰ, ਅਮੀਰ, ਦਿਲਾਂ ਨੂੰ ਮਹਿਕਾਉਂਦੀਆਂ ਵਲ-ਛਲ ਕਰਦੀਆਂ, ਭਰਮ ਭੁਲੇਖੇ ਪਾਉਂਦੀਆਂ, ਮਿਟਾਉਂਦੀਆਂ ਇਹ ਚਿੱਠੀਆਂ ਅੱਜ ਦੀ ਪੀੜ੍ਹੀ ਨੂੰ ਇਸ ਹੱਥ ਲਿਖਤ ਸਾਂਝ ਤੋਂ ਦੂਰ ਲੈ ਗਈਆਂ ਹਨ। ਇਨ੍ਹਾਂ ਚਿੱਠੀਆਂ ਦੀ ਥਾਂ ਅੱਜ ਭਟਕਦੀਆਂ ਨੱਚਦੀਆਂ ਉਂਗਲਾਂ ਦੇ ਦਬਾਅ (ਐਸ.ਐਮ.ਐਸ.) ਨੇ ਲੈ ਲਈ ਹੈ, ਜਿਸ ਨਾਲ ਅਸੀਂ ਸਭ ਇਕੱਲੇ ਹੀ ਹੁੰਦੇ ਜਾਂ ਰਹੇ ਹਾਂ ਨਾ ਕਿਸੇ ਦਾ ਇੰਤਜ਼ਾਰ ਤੇ ਨਾ ਹੀ ਕਿਸੇ ਨਾਲ ਮਿਲਣ ਦੀ ਤਾਂਘ। ਰੁਝੇਵੇਂ ਭਰੇ ਮਾਹੌਲ ਵਿਚ ਬਸ ਦੂਰੀਆਂ ਹੀ ਦੂਰੀਆਂ।

ਕਾਸ਼! ਅਸੀਂ ਮੁੜ ਚਿੱਠੀਆਂ ਲਿਖਣ ਦੀ ਇਸ ਪਰੰਪਰਾ ਨੂੰ ਕਾਇਮ ਰੱਖ ਸਕੀਏ ਤਾਂ ਜੋ ਆਪੋ-ਧਾਪੀ ਦੀ ਇਸ ਦੌੜ ਵਿਚ ਅਗਲੇਰੀ ਪੀੜ੍ਹੀ ਇਸ ਪਿਆਰ ਦੀ ਮਹਿਕ ਦਾ ਆਨੰਦ ਮਾਣ ਸਕੇ, ਜਾਣ ਸਕੇ।


KW LAKE WASHINGTON SO
KELLERWILLIAMS. REALTY



CJ Singh
Realtor
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SINGHS TRRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

# ਸੋਨੇ ਦੀਆਂ ਟੂੰਬਾਂ ਤੇ ਪੰਜਾਬੀ ਸੱਭਿਆਚਾਰ




ਭਾਰਤ ਨੂੰ ਕਿਸੇ ਸਮੇਂ ਸੋਨੇ ਦੀ ਚਿੜੀ ਦਾ ਨਾਂ ਦਿੱਤਾ ਜਾਂਦਾ ਸੀ। ਸੋਨਾ ਹਰ ਘਰ ਦੀ ਸੌਗਾਤ ਹੋਇਆ ਕਰਦਾ ਸੀ, ਪਰ ਵਿਦੇਸ਼ੀ ਲੁਟੇਰਿਆਂ ਨੇ ਭਾਰਤ ਨੂੰ ਕਈ ਵਾਰ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਅਤੇ ਮਣਾਂ-ਮੂੰਹੀ ਸੋਨਾ ਲੁੱਟ ਕੇ ਲੈ ਗਏ। ਉਨ੍ਹਾਂ ਦਾ ਮੁੱਖ ਨਿਸ਼ਾਨਾ ਹਿੰਦੂ ਮੰਦਿਰ ਸਨ ਜਿਨ੍ਹਾਂ ਵਿੱਚ ਸੋਨੇ ਦੇ ਅੰਬਾਰ ਲੱਗੇ ਹੋਏ ਸਨ ਅਤੇ ਹਿੰਦੂ ਮੂਰਤੀਆਂ ਸੋਨੇ ਨਾਲ ਲੱਦੀਆਂ ਪਈਆਂ ਸਨ। ਦੁੱਖ ਦੀ ਗੱਲ ਤਾਂ ਇਹ ਸੀ ਕਿ ਉਨ੍ਹਾਂ ਲੁਟੇਰਿਆਂ ਨੂੰ ਰੋਕਣ ਵਾਲਾ ਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਸੀ ਜਿਸ ਕਰਕੇ ਉਨ੍ਹਾਂ ਨੇ ਲੁੱਟ ਨੂੰ ਆਪਣਾ ਸੌਖਾ ਅਤੇ ਮਨੋਰੰਜਕ ਸਾਧਨ ਬਣਾ ਲਿਆ। ਮੁਹੰਮਦ ਗੌਰੀ, ਗਨਵੀ ਅਤੇ ਅਹਿਮਦਸ਼ਾਹ ਅਬਦਾਲੀ ਵਰਗੇ ਤਾਂ ਇਸ ਦੇਸ਼ ਨੂੰ ਬੁਰੀ ਤਰ੍ਹਾਂ ਨੋਚਦੇ ਰਹੇ ਅਤੇ ਜਿੰਨਾ ਉਨ੍ਹਾਂ ਨੇ ਚਾਹਿਆ ਦੇਸ਼ ਵਿੱਚੋਂ ਸੋਨਾ ਲੁੱਟਿਆ।

ਸ਼ਾਇਦ ਉਸ ਲੁੱਟ ਦਾ ਅਸਰ ਹੀ ਅੱਜ ਦੇ ਗ਼ਰੀਬ ਭਾਰਤ ਵਾਸੀ ਮਹਿਸੂਸ ਕਰ ਰਹੇ ਹਨ। ਇਹ ਇੱਕ ਅਚੱਲ ਮੁਦਰਾ ਹੈ ਜਿਸ ਦੀ ਅਮੀਰਾਂ ਨੂੰ ਹੀ ਨਹੀਂ, ਸਗੋਂ ਗ਼ਰੀਬਾਂ ਨੂੰ ਵੀ ਲੋੜ ਹੁੰਦੀ ਹੈ। ਸੋਨਾ ਹੀ ਤਾਂ ਹੈ ਜੋ ਗ਼ਰੀਬ ਆਪਣੀ ਪੂੰਜੀ ਦੇ ਤੌਰ ’ਤੇ ਸਾਂਭ-ਸਾਂਭ ਰੱਖਦੇ ਹਨ ਅਤੇ ਚੋਰਾਂ-ਉਚੱਕਿਆਂ ਤੋਂ ਬਚਾਉਣ ਲਈ ਗੁਪਤ ਤੌਰ ’ਤੇ ਲੁਕੋ ਕੇ ਰੱਖਦੇ ਹਨ। ਸਦੀਆਂ ਤੋਂ ਹੀ ਸੋਨਾ ਮਨੁੱਖ ਦੀ ਮਹਿੰਗੀ ਅਤੇ ਭਰੋਸੇਯੋਗ ਧਾਤੂ ਦੇ ਤੌਰ ’ਤੇ ਮਦਦ ਕਰਦਾ ਆਇਆ ਹੈ। ਇਹੀ ਕਾਰਨ ਹੁੰਦਾ ਸੀ ਕਿ ਮਨੁੱਖ ਨੇ ਇਸ ਨੂੰ ਆਪਣੀ ਜਮਾਂ-ਪੂੰਜੀ ਦੇ ਤੌਰ ’ਤੇ ਹੀ ਨਹੀਂ ਸਗੋਂ ਆਪਣੇ ਸੁਹੱਪਣ ਨੂੰ ਸ਼ਿੰਗਾਰਨ ਲਈ ਗਹਿਣਿਆਂ ਦੇ ਰੂਪ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਸੀ।

ਪੰਜਾਬ ਦੀ ਧਰਤੀ ਜੋ ਸਦੀਆਂ ਤੋਂ ਆਰਥਿਕ ਤੌਰ ’ਤੇ ਖ਼ੁਸ਼ਹਾਲ ਰਹੀ ਹੈ, ਸੋਨੇ ਦੀ ਵੀ ਚੰਗੀ ਕਦਰ ਕਰਦੀ ਰਹੀ ਹੈ। ਪੰਜਾਬ ਦੇ ਪਿੰਡਾਂ ਦੇ ਲੋਕ ਆਰਥਿਕ ਤੌਰ ’ਤੇ ਖੁਸ਼ਹਾਲ ਹੋਣ ਕਾਰਨ ਸੋਨੇ ਨੂੰ ਸੰਭਾਲਣ, ਵਰਤਣ ਅਤੇ ਜਮਾਂਖੋਰੀ ਵਜੋਂ ਖ਼ੂਬ ਮਾਨਤਾ ਦਿੰਦੇ ਆਏ ਹਨ। ਕਦੇ ਸਮਾਂ ਸੀ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵਿਆਹਾਂ ਸ਼ਾਦੀਆਂ ਸਮੇਂ ਸੋਨੇ ਦੀ ਮੁੱਖ ਤੌਰ ’ਤੇ ਪੁੱਛ ਹੁੰਦੀ ਸੀ। ਦਾਜ ਨੂੰ ਭਾਵੇਂ ਮਾੜਾ ਗਿਣਿਆ ਜਾਂਦਾ ਸੀ, ਪਰ ਹਰ ਗ਼ਰੀਬ ਦੀ ਦਿਲੀ ਇੱਛਾ ਹੁੰਦੀ ਸੀ ਕਿ ਉਹ ਵਿਆਹਾਂ ਵਿੱਚ ਆਪਣੀ ਧੀ-ਭੈਣ ਨੂੰ ਰੱਜ ਕੇ ਸੋਨੇ ਦੇ ਗਹਿਣੇ ਦੇਵੇ। ਇੱਥੋਂ ਤੱਕ ਕਿ ਪਿੰਡਾਂ ਵਿੱਚ ਗ਼ਰੀਬ ਤੋਂ ਗ਼ਰੀਬ ਲੋਕ ਵੀ ਵਿਆਹਾਂ ਵਿੱਚ ਆਪਣੀਆਂ ਲੜਕੀਆਂ ਨੂੰ ਵੱਧ ਤੋਂ ਵੱਧ ਸੋਨਾ ਦਿੰਦੇ ਸਨ। ਲੋਕ ਗ਼ਰੀਬ ਤਾਂ ਉਦੋਂ ਵੀ ਸਨ, ਪਰ ਇਹ ਵੀ ਖ਼ੁਸ਼ੀ ਦੀ ਗੱਲ ਹੀ ਸੀ ਕਿ ਸੋਨੇ ਦਾ ਭਾਅ ਸੈਂਕੜਿਆਂ ਵਿੱਚ ਹੋਇਆ ਕਰਦਾ ਸੀ ਅਤੇ ਗ਼ਰੀਬ ਲੋਕ ਛੋਟੀ-ਮੋਟੀ ਪੂੰਜੀ ਜਮ੍ਹਾਂ ਕਰਕੇ ਆਪਣੀਆਂ ਧੀਆਂ ਭੈਣਾਂ ਨੂੰ ਖੁਸ਼ ਕਰਨ ਲਈ ਸੋਨੇ ਦੀਆਂ ਟੂੰਬਾਂ ਬਣਾ ਕੇ ਜ਼ਰੂਰ ਦਿਆ ਕਰਦੇ ਸਨ। ਸੋਨੇ ਦੀਆਂ ਟੂੰਬਾਂ ਦਾ ਵਿਆਹ ਵਿੱਚ ਦਿਖਾਵਾ ਵੀ ਕੀਤਾ ਜਾਂਦਾ ਸੀ। ਸ਼ਰੀਕੇ ਵਿੱਚ ਹਰ ਇੱਕ ਨੂੰ ਪਤਾ ਹੁੰਦਾ ਸੀ ਕਿ ਵਿਆਹ ਵਿੱਚ ਕੁੜੀ ਨੂੰ ਕਿਹੜੀਆਂ-ਕਿਹੜੀਆਂ ਟੂੰਬਾਂ ਮਾਪਿਆਂ ਵੱਲੋਂ ਪਾਈਆਂ ਗਈਆਂ ਹਨ ਅਤੇ ਇਹ ਟੂੰਬਾਂ ਬਰਾਤ ਆਏ ਲੋਕਾਂ ਨੂੰ ਵੀ ਖੱਟ ਦੇ ਰੂਪ ਵਿੱਚ ਦਿਖਾਈਆਂ ਜਾਂਦੀਆਂ ਸਨ। ਹਾਂ, ਇਹ ਗੱਲ ਜ਼ਰੂਰ ਸੀ ਕਿ ਅਮੀਰ ਲੋਕ ਆਪਣੇ ਵਿਆਹਾਂ ਵਿੱਚ ਸੋਨਾ ਵੱਧ ਵਰਤਦੇ ਸਨ ਅਤੇ ਗ਼ਰੀਬ ਹਲਕੇ ਗਹਿਣਿਆਂ ਨਾਲ ਆਪਣੀ ਇੱਛਾ ਜਾਂ ਸਮਾਜਿਕ ਪੂਰਤੀ ਕਰ ਲੈਂਦੇ ਸਨ। ਹਰ ਗ਼ਰੀਬ ਪੇਂਡੂ ਵਿਅਕਤੀ ਵੀ ਚਾਹੁੰਦਾ ਸੀ ਕਿ ਉਸ ਦੀ ਧੀ ਗਹਿਣਿਆਂ ਤੋਂ ਵਾਂਝੀ ਨਾ ਜਾਵੇ ਅਤੇ ਉਹ ਛੋਟੇ-ਛੋਟੇ ਗਹਿਣੇ ਜ਼ਰੂਰ ਧੀ ਦੀ ਖ਼ੁਸ਼ੀ ਲਈ ਬਣਾਉਂਦਾ। ਉਨ੍ਹਾਂ ਦਿਨਾਂ ਵਿੱਚ ਸੱਗੀ-ਫੁੱਲ, ਕੈਂਠੇ, ਗਲੇ ਦੇ ਹਾਰ, ਝਾਂਜਰਾਂ, ਮੱਥੇ ਟਿਕਾ, ਸੋਨੇ ਦੀਆਂ ਚੂੜੀਆਂ ਵਰਗੇ ਗਹਿਣੇ ਬਹੁਤ ਮਕਬੂਲ ਸਨ, ਪਰ ਕਈ ਲੋਕ ਆਪਣੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਲੌਂਗ, ਛਾਪ, ਕੰਨਾਂ ਨੂੰ ਵਾਲੀਆਂ ਜਾਂ ਪਿੱਪਲ ਪੱਤੀਆਂ ਵਰਗੇ ਛੋਟੇ ਗਹਿਣਿਆਂ ਨੂੰ ਤਰਜੀਹ ਦੇ ਦਿੰਦੇ ਸਨ। ਸਮਾਜ ਦੇ ਕਈ ਵਰਗਾਂ ਵਿੱਚ ਤਾਂ ਆਪਣੀ ਅਮੀਰੀ ਨੂੰ ਦਰਸਾਉਣ ਲਈ ਭਾਰੇ-ਭਾਰੇ ਸੋਨੇ ਦੇ ਗਹਿਣੇ ਵਿਆਹਾਂ ਵਿੱਚ ਪਾਏ

**ਬਹਾਦਰ ਸਿੰਘ ਗੋਸਲ**

ਜਾਂਦੇ ਸਨ। ਕਈ ਵਾਰ ਤਾਂ ਪਿੰਡਾਂ ਵਿੱਚ ਬਰਾਤਾਂ ਆਉਣ ’ਤੇ ਸੋਨੇ ਦੀਆਂ ਮੁੰਦਰੀਆਂ ਨਾਲ ਖ਼ਾਸ ਮਹਿਮਾਨਾਂ ਦਾ ਸਵਾਗਤ ਕਰਨ ਦਾ ਰਿਵਾਜ ਸੀ, ਪਰ ਇਹ ਉਦੋਂ ਚੰਗਾ ਲੱਗਦਾ ਸੀ ਜਦੋਂ ਸੋਨਾ ਸਸਤਾ, ਲੋਕਾਂ ਦੀ ਆਰਥਿਕ ਹਾਲਤ ਵਧੀਆ ਅਤੇ ਸਮਾਜਿਕ ਭਾਈਚਾਰਾਂ ਦੇਖਣ ਵਿੱਚ ਮਿਲਦਾ ਸੀ। ਹਰ ਧੀ-ਭੈਣ ਵੀ ਆਪਣੇ ਮਾਪਿਆਂ ਵੱਲੋਂ ਪਾਏ ਗਹਿਣਿਆਂ ਦੇ ਗੁਣਗਾਨ ਕਰਦੀ ਨਹੀਂ ਸੀ ਥੱਕਦੀ। ਇਹ ਗਹਿਣੇ ਇੱਕ ਸਮਾਜਿਕ ਲੋੜ ਬਣ ਚੁੱਕੇ ਸਨ। ਇਨ੍ਹਾਂ ਗਹਿਣਿਆਂ ਨੇ ਪੰਜਾਬ ਦੇ ਪੇਂਡੂ ਖੇਤਰ ਦੇ ਲੋਕਾਂ ਨੂੰ ਘਰੇਲੂ, ਸਮਾਜਿਕ ਅਤੇ ਆਰਥਿਕ ਪਹਿਲੂ ਦੇ ਰੂਪ ਵਿੱਚ ਹੀ ਨਹੀਂ ਅਪਣਾਇਆ ਸਗੋਂ ਇਨ੍ਹਾਂ ਨੇ ਤਾਂ ਪੰਜਾਬ ਦੇ ਸੱਭਿਆਚਾਰ ਨੂੰ ਵੀ ਚਾਰ ਚੰਨ ਲਗਾ ਦਿੱਤੇ ਸਨ। ਜਿਵੇਂ ਕਿਹਾ ਜਾਂਦਾ ਸੀ;

**ਆਓ ਕੁੜੀਓ ਮੇਰਾ ਦਾਜ ਦੇਖਲੋ,**
**ਦੇਖੋ ਲੇਫ਼ ਤਲਾਈ**
**ਥਾਲੀ ਵਿਚਲੇ ਗਹਿਣੇ ਦੇਖ ਲੋ,**
**ਮੁੰਦਰੀ ਨੇ ਛਹਿਬਰ ਲਾਈ**
**ਨੀਂ ਲੈ ਗਏ ਬੂ ਸੁਹਰੇ,**
**ਕੁੜੀਆਂ ਦੀ ਰਾਮ ਦੁਹਾਈ।**

ਇਸੇ ਤਰ੍ਹਾਂ ਕੇਵਲ ਦਾਜ ਜਾਂ ਵਿਆਹਾਂ ਵਿੱਚ ਹੀ ਸੋਨੇ ਦੀ ਕਦਰ ਨਹੀਂ ਸੀ ਹੁੰਦੀ ਸਗੋਂ ਕੁੜੀਆਂ ਤਾਂ ਆਪਣੇ ਸਹੁਰੇ ਘਰ ਪੇਕਿਆਂ ਤੋਂ ਆਈ ਹਰ ਛੋਟੀ ਤੇ ਛੋਟੀ ਟੂੰਬ ਦਾ ਜ਼ਿਕਰ ਕਰਨਾ ਨਹੀਂ ਸੀ ਭੁੱਲਦੀ, ਜਿਵੇਂ ਕਿਹਾ ਜਾਂਦਾ ਸੀ;

**ਵੀਰ ਮੇਰਾ ਅੱਜ ਲੈ ਕੇ ਆਇਆ,**
**ਤੀਆਂ ਦਾ ਸੰਧਾਰਾ**
**ਮਹਿੰਦੀ, ਚੂੜੀਆਂ, ਸੂਟ ਗੁਲਾਬੀ।**
**ਵਿੱਚੋਂ ਲੌਂਗ ਦਾ ਪਿਆ ਲਿਸ਼ਕਾਰਾ**
**ਸਿੰਘ ਤਵੀਤੀ ਨੇ,**
**ਮੁੰਡਾ ਮੋਹ ਲਿਆ ਕੈਂਠੇ ਵਾਲਾ।**

ਇੱਥੇ ਹੀ ਬਸ ਨਹੀਂ ਪੰਜਾਬਣ ਦੇ ਹੁਸਨ ਦੀ ਤਾਂ ਸੋਨੇ ਚਾਂਦੀ ਦੀ ਚਮਕ ਨਾਲ ਤੁਲਨਾ ਕੀਤੀ ਜਾਂਦੀ ਸੀ ਅਤੇ ਘਰ ਦੇ ਕਿੱਤਿਆਂ ਨੂੰ ਵੀ ਇਸ ਸੋਨੇ ਨਾਲ ਜੋੜ ਦਿੱਤਾ ਜਾਂਦਾ ਸੀ ਜਿਵੇਂ ਕਿਹਾ ਜਾਂਦਾ ਸੀ;

**ਆ ਵੇ ਜੱਟਾ ਆਪਾਂ ਖੇਤੀ ਕਰੀਏ**
**ਕਰੀਏ ਜੱਗ ਤੋਂ ਨਿਆਰੀ**
**ਸੋਨੇ ਦਾ ਤੈਨੂੰ ਹਲ ਬਣਾ ਦਿਆਂ**
**ਚਾਂਦੀ ਦੀ ਪੰਜਾਲੀ**
**ਰੂਪ ਪੰਜਾਬਣ ਦਾ**
**ਦਿਨ ਚੜ੍ਹਦੇ ਦੀ ਲਾਲੀ।**

ਇੱਥੋਂ ਤੱਕ ਕਿ ਕਿਸੇ ਦੀ ਆਰਥਿਕਤਾ ਦਾ ਅਨੁਮਾਨ ਵੀ ਸੋਨੇ-ਚਾਂਦੀ ਵਰਗੀਆਂ ਧਾਤਾਂ ਦੀ ਹੋਂਦ ਨਾਲ ਲਗਾਇਆ ਜਾਂਦਾ ਹੈ ਕਿਉਂਕਿ ਸੋਨੇ ਨੂੰ ਅੰਤਰਰਾਸ਼ਟਰੀ ਮੁਦਰਾ ਮੰਨਣ ਕਾਰਨ ਸੰਸਾਰ ਮੰਡੀ ਵਿੱਚ ਸੋਨੇ ਦੀ ਵੁੱਕਤ ਪੈਂਦੀ ਹੈ। ਜਦੋਂ ਕਿਸੇ ’ਤੇ ਕੋਈ ਭੀੜ ਬਣਦੀ ਹੈ ਤਾਂ ਸੋਨਾ ਹੀ ਕੰਮ ਆਉਂਦਾ ਹੈ। ਇਸੇ ਤਰ੍ਹਾਂ ਹੀ ਹੋਇਆ ਸੀ ਜਦੋਂ 1962 ਵਿੱਚ ਭਾਰਤ-ਚੀਨ ਜੰਗ ਲੱਗੀ ਤਾਂ ਦੇਸ਼ ਦੀ ਆਰਥਿਕਤਾ ਨੂੰ ਬਚਾਉਣ ਲਈ ਦੇਸ਼ ਕੋਲ ਵਿਆਪਕ ਸੋਨੇ ਦੇ ਭੰਡਾਰਾਂ ਦੀ ਲੋੜ ਪਈ। ਇਸ ਲਈ ਦੇਸ਼ ਵਾਸੀਆਂ ਨੂੰ ਅਪੀਲ ਕਰਨੀ ਪਈ ਅਤੇ ਇਹ ਗੀਤ ਬਹੁਤ ਮਕਬੂਲ ਹੋਇਆ;

**ਭਾਬੀ ਲਾਹ ਕੇ ਦੇ ਦੇ ਸੋਨੇ ਦੀਆਂ ਚੂੜੀਆਂ**
**ਜੇ ਚੀਨੀਆਂ ਤੋਂ ਜੰਗ**
**ਜਿੱਤਣੀ।**

ਅੱਜ ਅਸੀਂ ਦੇਖਦੇ ਹਾਂ ਕਿ ਦੇਸ਼ ਵਿੱਚ ਸੋਨੇ ਦੀ ਕੀਮਤ ਹਜ਼ਾਰਾਂ ਨਹੀਂ ਲੱਖਾਂ ਨੂੰ ਪਾਰ ਕਰ ਚੁੱਕੀ ਹੈ। ਗ਼ਰੀਬ ਲੋਕ ਸੋਨਾ ਖਰੀਦਣ ਲਈ ਤਰਸ ਗਏ ਹਨ। ਵਿਆਹਾਂ-ਸ਼ਾਦੀਆਂ ਵਾਲੇ ਪਰਿਵਾਰਾਂ ਦੀ ਚਿੰਤਾ ਬਹੁਤ ਵਧ ਗਈ ਹੈ। ਵਿਆਹ ਵਿੱਚ ਸੋਨੇ ਦੀ ਲੋੜ ਤਾਂ ਹੈ ਹੀ, ਪਰ ਖਰੀਦਣ ਦੀ ਸਮਰੱਥਾ ਨਹੀਂ ਹੈ। ਜਿਨ੍ਹਾਂ ਗ਼ਰੀਬ ਮਾਪਿਆਂ ਨੇ ਆਪਣੀਆਂ ਲੜਕੀਆਂ ਦੇ ਵਿਆਹ ਕਾਰਜ ਕਰਨੇ ਹਨ, ਉਨ੍ਹਾਂ ਨੂੰ ਚੈਨ ਨਹੀਂ ਮਿਲਦੀ, ਕਿੱਥੋਂ ਲਿਆਉਣ ਇੱਕ ਤੋਲੇ ਸੋਨੇ ਲਈ ਸਵਾ ਲੱਖ ਰੁਪਿਆ? ਛੋਟੇ ਤੋਂ ਛੋਟੇ ਗਹਿਣੇ ਵੀ ਕਈ-ਕਈ ਲੱਖਾਂ ਵਿੱਚ ਬਣਦੇ ਸਨ। ਸਾਲਾਂ ਦੀ ਕਮਾਈ ਇੱਕ ਤੋਲੇ ਸੋਨੇ ਵਿੱਚ ਹੀ ਚਲੀ ਜਾਂਦੀ ਹੈ ਤਾਂ ਉਹ ਆਪਣੀ ਧੀ ਨੂੰ ਕਿੱਥੋਂ ਲੈ ਕੇ ਦੇਣ ਮਹਿੰਗੇ ਸੋਨੇ ਦੀਆਂ ਟੂੰਬਾਂ? ਇਹ ਗੱਲ ਧੀਆਂ ਵੀ ਸਮਝਦੀਆਂ ਹਨ, ਪਰ ਮਾਪੇ ਵੀ ਬੇ-ਵਸ ਹਨ। ਬਸ ਹੁਣ ਤਾਂ ਇੱਕ ਗ਼ਰੀਬ ਬਾਬਲ ਦੀ ਆਪਣੀ ਧੀ ਅੱਗੇ ਬੇਨਤੀ ਹੀ ਪੱਲੇ ਰਹਿ ਜਾਂਦੀ ਹੈ... ਟੂੰਬਾਂ ਨਾ ਤੂੰ ਮੰਗੀ ਮੇਰੀ ਲਾਡਲੀਏ...।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76894
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਹਿੰਦ ਦੀ ਚਾਦਰ

ਚੱਲ ਕਸ਼ਮੀਰ ਪੰਡਤ ਆਏ,
ਆ ਕਰੀ ਫਰਿਆਦ ਉਨ੍ਹਾਂ।

ਹਾਕਮ ਹੁਕਮ ਕਹਿਰ ਦਾ ਕੀਤਾ,
ਕਰ ਦਿੱਤਾ ਬਰਬਾਦ ਉਨ੍ਹਾਂ।

ਗਲ ਪਾ ਪੱਲਾ ਕ੍ਰਿਪਾ ਰਾਮ ਜੋ,
ਨੈਣੋਂ ਨੀਰ ਵਹਾਉਂਦਾ ਸੀ।

ਸਾਥੀ ਹੋਰ ਵੀ ਨਾਲ ਸਨ ਜਿਹੜੇ,
ਉਨ੍ਹਾਂ ਮੂੰਹੋਂ ਕਹਾਉਂਦਾ ਸੀ।

ਔਰੰਗਜ਼ੇਬ ਨੇ ਹੁਕਮ ਹੈ ਕੀਤਾ,
ਹਿੰਦੂ ਧਰਮ ਤਿਆਗ ਦਵੋ।

ਜੰਞੂ ਲਾਹੋ ਕਿਹਾ ਮਜ਼ਬ ਕਬੂਲੋ,
ਅੱਲ੍ਹਾ ਹੂ ਦਾ ਨਾਮ ਲਵੋ।

ਕਹੇ ਮੁਸਲਮਾਨ ਹੋ ਜਾਓ ਸਾਰੇ,
ਹੋਰ ਧਰਮ ਕੋਈ ਦੂਜਾ ਨਹੀਂ।

ਇਸਲਾਮ ਦੇ ਵਿੱਚ ਅੱਲ੍ਹਾ ਅੱਲ੍ਹਾ,
ਪੱਥਰ ਦੀ ਕੋਈ ਪੂਜਾ ਨਹੀਂ।

ਗੁਰੂ ਜੀ ਡੁੱਬਦਾ ਧਰਮ ਬਚਾਵੋ,
ਤੁਸੀਂ ਤੇਗ ਬਹਾਦਰ ਓ।

ਸਭ ਧਰਮਾਂ ਦੇ ਸਾਂਝੇ ਸਤਿਗੁਰੋ,
ਹਿੰਦ ਦੀ ਸੱਚੀ ਚਾਦਰ ਓ।

ਧੀਰਜ ਬੰਨਾਇਆ ਪੰਡਤਾਂ ਤਾਂਈ,
ਗੱਲ ਹਾਕਮ ਤਾਂਈ ਸਮਝਾਵਾਂਗੇ।

ਨਾਲ ਲੈ ਕੇ ਸਿੱਖਾਂ ਨੂੰ 'ਪੱਤੋ',
ਕੱਲ੍ਹ, ਦਿੱਲੀ ਦੇ ਵੱਲ ਜਾਵਾਂਗੇ।

ਹਰਪ੍ਰੀਤ ਪੱਤੋ
94658-21417

## ਕਵਿਤਾ

ਸਾਰੀਆਂ ਮਾਰਾਂ ਸਹਿਣ ਪੰਜਾਬੀ
ਤਾਂ ਵੀ ਉਫ਼ ਨਾ ਕਹਿਣ ਪੰਜਾਬੀ।

ਦੁਨੀਆ ਜ਼ੋਰ ਲਗਾ ਕੇ ਥੱਕੀ
ਇਸ ਤੋਂ ਨਾ ਪਰ ਢਹਿਣ ਪੰਜਾਬੀ।

ਉਸ ਨੂੰ ਆਪਣਾ ਕਰ ਲੈਂਦੇ ਨੇ
ਜਿਸ ਦੇ ਨਾਲ ਵੀ ਬਹਿਣ ਪੰਜਾਬੀ।

ਉਹ ਤਾਂ ਬਾਜ਼ੀ ਹਰ ਕੇ ਜਾਂਦਾ
ਜਿਸ ਨਾਲ ਦਿਲ ਤੋਂ ਖਹਿਣ ਪੰਜਾਬੀ।

ਉਸ ਲਈ ਜਾਨ ਲੁਟਾ ਦਿੰਦੇ ਨੇ
ਜਿਸ ਨੂੰ ਆਪਣਾ ਕਹਿਣ ਪੰਜਾਬੀ।

ਚੰਗੇ ਦੇ ਲਈ ਠੰਢੀ ਛਾਂ ਨੇ
ਮਾੜੇ ਲਈ ਨੇ ਗ੍ਰਹਿਣ ਪੰਜਾਬੀ।

ਹਰ ਗੱਲ ਦੀ ਦੇ ਦਿੰਦੇ ਮੁਆਫ਼ੀ
ਜਦ ਜ਼ਜ਼ਬਾਤ 'ਚ ਵਹਿਣ ਪੰਜਾਬੀ।

ਹਰਦੀਪ ਬਿਰਦੀ
9041600900

## ਹਾਲੇ ਵੀ ਵੇਲਾ ਹੈ

ਗੁਰੂ ਜੀ ਤੇਰੇ ਦੱਸੇ ਰਾਹ ਤੇ ਜਾਵੇ ਕੋਈ ਨਾ,
ਤੇਰੀ ਬਾਣੀ ਦੇ ਅਰਥ ਸਮਝਾਵੇ ਕੋਈ ਨਾ।
ਵਹਿਮਾਂ, ਭਰਮਾਂ ਵਿੱਚ ਪੈ ਗਏ ਨੇ ਸਾਰੇ,
ਜਾਣ ਰੋਜ਼ ਜੋਤਸ਼ੀਆਂ ਤੇ ਬਾਬਿਆਂ ਦੇ ਦੁਆਰੇ।
ਆਪਣੇ ਅੰਦਰ ਰੱਬ ਨੂੰ ਦੇਖੇ ਕੋਈ ਨਾ,
ਬਾਣੀ ਵਿਚਾਰ ਕੇ ਦੂਰ ਕਰੇ ਭੁਲੇਖੇ ਕੋਈ ਨਾ।
ਵੰਡ ਕੇ ਛਕਣਾ ਭੁੱਲ ਗਿਆ ਹੈ ਸਭ ਨੂੰ,
ਪਰਾਇਆ ਮਾਲ ਛਕੀ ਜਾਣ ਭੁੱਲ ਕੇ ਰੱਬ ਨੂੰ।
ਦਸਾਂ ਨਹੁੰਆਂ ਦੀ ਕਿਰਤ ਕਰੇ ਕੋਈ ਨਾ,
ਹੱਕ ਦੀ ਕਮਾਈ 'ਚੋਂ ਦਾਨ ਕਰੇ ਕੋਈ ਨਾ।
ਆਪਣੀ ਜ਼ਾਤ ਨੂੰ ਉੱਚੀ ਸਮਝੇ ਹਰ ਕੋਈ,
ਬਾਕੀ ਜ਼ਾਤਾਂ ਨੂੰ ਨੀਵੀਆਂ ਸਮਝੇ ਹਰ ਕੋਈ।
ਔਰਤ ਨੂੰ ਮਿਲੇ ਨਾ ਪੂਰਾ ਸਤਿਕਾਰ ਹਾਲੇ ਵੀ,
ਬੰਦਾ ਸਮਝੇ ਉਸ ਨੂੰ ਆਪਣੇ ਤੇ ਭਾਰ ਹਾਲੇ ਵੀ।
ਤੂੰ ਸਮਝ ਕਰ ਲੈ ਬੰਦਿਆ, ਹਾਲੇ ਵੀ ਵੇਲਾ ਹੈ,
ਲੈ ਲਾ ਬਾਣੀ ਦਾ ਸਹਾਰਾ, ਹਾਲੇ ਵੀ ਵੇਲਾ ਹੈ।



ਮਹਿੰਦਰ ਸਿੰਘ ਮਾਨ
9915803554

## ਬਚਪਨ

ਉਲਝੇ ਸੁਲਝੇ ਨੇ ਜਦ ਬਚਪਨ ਨੂੰ ਤਾਕੀ ਵਿੱਚੋਂ ਝਾਤ ਮਾਰੀ
ਖਿੜ ਉੱਠੀ ਰੂਹ ਵੇਖ ਹੱਸਦੇ ਖੇਡਦਿਆਂ ਜੋ ਉਮਰ ਗੁਜ਼ਾਰੀ।

ਨਿੱਕੀਆਂ ਨਿੱਕੀਆਂ ਖੇਡਾਂ ਤੇ ਨਿੱਕੇ ਨਿੱਕੇ ਸੀ ਰੰਗ ਤਮਾਸ਼ੇ
ਭੋਲਾ ਬਚਪਨ ਦੌੜਦਾ ਭੱਜਦਾ ਰੌਣਕ ਲਾਉਂਦਾ ਚਾਰੇ ਪਾਸੇ।

ਨਾ ਕੋਈ ਫਿਕਰ ਹੁੰਦਾ ਸੀ ਨਾ ਹੀ ਕੋਈ ਹੁੰਦਾ ਸੀ ਫਾਕਾ
ਰੂਹ ਸਾਫ ਸੀ ਨਾ ਦਿਲ ਨੂੰ ਕਿਤੇ ਲੱਗ ਜਾਣ ਦਾ ਝਾਕਾ।

ਅੱਜ ਕਲ ਵਾਂਗ ਨਾ ਮੱਥੇ ਸੀ ਚੜ੍ਹੀ ਤਿਉੜੀ ਰਹਿੰਦੀ
ਜਿੰਦ ਆਜ਼ਾਦ ਪਰਿੰਦਾ ਬਣ ਸੀ ਕਦੇ ਉੱਡਦੀ ਕਦੇ ਬਹਿੰਦੀ।

ਨਾ ਕਰਮਾਂ ਦਾ ਲੇਖਾ ਸੀ ਖੋਲਦੇ ਨਾ ਧਰਮਾਂ ਦੀ ਬਾਤਾਂ ਬੋਲਦੇ
ਖੱਟੀ ਸਾਂਝਾ ਦੀ ਪਾਕ ਸੀ ਕਰਦੇ ਨਫਾ ਵੇਖ ਨਾ ਘੱਟ ਤੋਲਦੇ।

ਹਰ ਪਾਸੇ ਰੱਬ ਹੀ ਦਿੱਸਦਾ ਨਾ ਪੋਤੜੇ ਕਿਸੇ ਦੇ ਫੋਲਦੇ
ਜਿਸਮਾਂ ਦੀ ਨਾ ਤਾਂਘ ਹੁੰਦੀ ਸੀ ਨਾ ਇੱਜ਼ਤਾਂ ਸੀ ਰੋਲਦੇ।

ਵੇਖ ਤਾਕੀ ਵਿੱਚੋ ਵੇਖਦਿਆਂ ਦਿਲ ਨੂੰ ਡੋਲ੍ਹ ਸੀ ਪੈਂਦੇ
ਹੁਣ ਸੋਜੀ ਪਈ ਕਿਉਂ ਉੱਡਣਾ ਪੰਛੀ ਬਚਪਨ ਨੂੰ ਸੀ ਕਹਿੰਦੇ।

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਜਾਹਰ ਪੀਰ ਜਗਤ ਗੁਰ ਬਾਬਾ

ਕੋਈ ਆਖੇ ਜਗਤ ਗੁਰੂ ਤੈਨੂੰ, ਕੋਈ ਆਖੇ ਜਾਹਰਾ ਪੀਰ ਬਾਬਾ।
ਹੈ ਪੀਰਾਂ ਦਾ ਤੂੰ ਪੀਰ ਬਾਬਾ, ਤੇ ਮੀਰਾਂ ਦਾ ਹੈ ਮੀਰ ਬਾਬਾ।

ਊੜੇ ਜੂੜੇ ਦੀ ਸਿੱਖਿਆ ਲਈ, ਗੁਰੂ ਨਾਨਕ ਅੰਗਦ ਹੋਏ ਜਦ,
ਭੁੱਖਿਆਂ ਦੀ ਭੁੱਖ ਮਿਟਾਉਣੇ ਲਈ, ਲੰਗਰ ਵਰਤਾਈ ਖੀਰ ਬਾਬਾ।

ਚਹੁੰ ਵਰਣਾ ਨੂੰ ਇੱਕ ਵਰਣ ਕਰਾ, ਸੰਗਤ ਪੰਗਤ ਦੀ ਰੀਤ ਤੋਰੀ,
ਨਤਮਸਤਕ ਹੋ ਤੀਜੀ ਜੋਤੀ ਨੂੰ, ਅਕਬਰ ਨੂੰ ਆਈ ਧੀਰ ਬਾਬਾ।

ਰਾਮਦਾਸ ਸਰੋਵਰ ਦੀ ਰਚਨਾ, ਜਦ ਚੌਥੀ ਜੋਤ 'ਚ ਕੀਤੀ ਤਾਂ,
ਨਾ ਛੂਤ ਛਾਤ ਸੀ ਕੋਈ ਰਹੀ, ਸਭ ਬਣ ਗਏ ਭਾਈ ਵੀਰ ਬਾਬਾ।

ਤੱਤੀ ਤਵੀ 'ਤੇ ਬੈਠ ਗਿਓਂ, ਫਿਰ ਜੱਗ ਦੀ ਤਪਸ਼ ਮਿਟਾਵਣ ਲਈ,
ਪੋਥੀ ਪ੍ਰਮੇਸ਼ਰ ਆਖੀ ਤਾਂ, ਧਰਮਾ ਦੀ ਮਿਟੀ ਲਕੀਰ ਬਾਬਾ।

ਤੇਰੀ ਬੰਦੀ ਛੋੜ ਦੀ ਆਭਾ ਤੋਂ, ਕੰਬੇ ਸੀ ਰਾਜ ਸਿੰਘਾਸਨ ਫਿਰ,
ਤੁਸਾਂ ਹੱਥ ਭਗੌਤੀ 'ਤੇ ਰੱਖਿਆ, ਜਦ ਜ਼ੁਲਮ ਦੀ ਹੋਈ ਅਖੀਰ ਬਾਬਾ।

ਤੁਸੀਂ ਵੈਦ ਗੁਰੂ ਹਰਿ ਰਾਏ ਜੀ, ਤੇ ਵਾਤਾਵਰਣ ਦੇ ਪ੍ਰੇਮੀ ਜੀ,
ਬਾਈ ਸੌ ਸੀ ਘੋੜ ਸਵਾਰ ਰੱਖੇ, ਭੱਥਿਆਂ ਵਿਚ ਚਮਕਣ ਤੀਰ ਬਾਬਾ।

ਜਦ ਬਾਲਾ ਪ੍ਰੀਤ ਬਣਿਓਂ ਤਾਂ, ਗੂੰਗੇ ਬਹਿਰੇ ਵਿਦਵਾਨ ਹੋਏ,
ਰੋਗਾਂ ਸੋਗਾਂ ਦੇ ਘੇਰੇ ਦੀ, ਸੀ ਤੋੜ ਦਿੱਤੀ ਜੰਜੀਰ ਬਾਬਾ,

ਤਦ ਚਾਂਦਨੀ ਚੌਂਕ 'ਚ ਬੈਠ ਗਿਓਂ, ਕੁਰਬਾਨੀ ਪਾਠ ਪੜ੍ਹਾਵਣ ਲਈ,
ਜੱਗ ਕਹਿਣ ਲੱਗਾ ਹੈ ਧੰਨ ਗੁਰੂ, ਧੰਨ ਤੇਗ ਬਹਾਦਰ ਬੀਰ ਬਾਬਾ।

ਦਸਵੇਂ ਜਾਮੇ ਵਿਚ ਸਤਗੁਰ ਜੀ, ਤੁਸਾਂ ਖਾਲਸਾ ਪੰਥ ਸਜਾ ਦਿੱਤਾ,
ਚਿੜੀਆਂ ਤੋਂ ਬਾਜ ਤੁੜਾਵਣ ਲਈ, ਸੀ ਚਮਕੀ ਫਿਰ ਸ਼ਮਸ਼ੀਰ ਬਾਬਾ,

ਸਭ ਭਗਤਾਂ ਤੇ ਦਸ ਗੁਰੂਆਂ ਦੀ, ਗੁਰੂ ਗ੍ਰੰਥ ਨਿਰੰਜਨੀ ਜੋਤ ਹੋਇਓਂ,
'ਢੇਸੀ' ਹੈ ਧੰਨ ਧੰਨ ਸ਼ਬਦ ਗੁਰੂ, ਸ਼ਾਹਾਂ ਦਾ ਸ਼ਾਹ ਅਮੀਰ ਬਾਬਾ।

\- ਕੁਲਵੰਤ ਸਿੰਘ ਢੇਸੀ

## ਖੈਰ ਦਾਤਿਆ

ਮੈਨੂੰ ਕੋਠੀਆਂ ਤੇ ਘਰ ਪਰਿਵਾਰ ਵਾਲਾ ਕੀਤਾ,
ਮੈਂ ਮੰਗਣਾ ਨਾ ਕੁਝ ਹੋਰ ਦਾਤਿਆਂ,
ਤੇਰਾ ਸੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਮਾੜੇ ਵਕਤਾਂ ਤੋਂ ਮੈਨੂੰ ਤੇ ਬਚਾਇਆਂ ਏ,
ਹੱਕ ਖਾਧਾ ਨਾ ਹੀ ਕਿਸੇ ਨੂੰ ਖਵਾਇਆ ਏ,
ਲੈ ਚੁੱਕ ਲਿਆ ਆਸਰੇ ਮੈ ਤੇਰੇ ਪੈਰ ਦਾਤਿਆ,
ਤੇਰਾ ਸੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਮਾੜੇ ਕੰਮਾਂ ਵੱਲੋ ਸਦਾ ਤੂੰ ਹੀ ਮੋੜਿਆ,
ਦੁੱਖਾਂ ਕਸ਼ਟਾਂ ਮੇਰਿਆਂ ਨੂੰ ਤੋੜਿਆ,
ਦੇ ਕੇ ਵੀ ਤੇ ਮੁੱਖੜਾ ਨਾ ਮੋੜਿਆ,
ਲੈ ਮੰਗਾਂ ਕੀ ਮੈ ਹੋਰ ਦਾਤਿਆ,
ਤੇਰਾ ਸੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਜਾਣ ਪਹਿਚਾਣ ਮੇਰੀ ਦਾਤਾ ਤੂੰ ਹੀ ਬਣਾਈ ਏ,
ਤੇਜੀ ਢਿੱਲੋਂ, ਬੁਢਲਾਡਾ - ਬੁਢਲਾਡਾ ਤੂੰ ਹੀ ਕਰਾਈ ਏ,
ਤੇਰੇ ਕਦਮਾਂ ਚ ਮੁੜਨ ਨਾ ਪੁੱਠੇ, ਕਦੇ ਮੇਰੇ ਪੈਰ ਦਾਤਿਆ,
ਤੇਰਾ ਸੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਤੇਜੀ ਢਿੱਲੋਂ ਬੁਢਲਾਡਾ
99156-45003

## ਰਾਏ ਭੋਏ ਦੀ ਤਲਵੰਡੀ

ਰਾਏ ਭੋਏ ਦੀ ਤਲਵੰਡੀ
ਘੁਲ੍ਹੀ ਹਵਾ 'ਚ ਸੁਗੰਧੀ।
ਚੰਨ ਚਮਕੇ ਘਨੇਰਾ।
ਜਾਪੇ ਰਾਤ 'ਚ ਸਵੇਰਾ।

ਚੱਲੇ ਹਵਾ 'ਚ ਸੰਗੀਤ।
ਕਾਇਨਾਤ ਗਾਵੇ ਗੀਤ।
ਫੁੱਲ ਖਿੜੇ ਨੇ ਘਨੇਰੇ।
ਮਹਿਤਾ ਕਾਲੂ ਜੀ ਦੇ ਵਿਹੜੇ।

ਦੀਨ ਦੁਨੀਆਂ ਦਾ ਵਾਲੀ ।
ਉਹ ਦੀ ਖੇਡ ਹੈ ਨਿਰਾਲੀ।
ਲੱਖਾਂ ਧਰਤ ਅਕਾਸ਼ ।
ਜਿਹਦੀ ਕਰਦੇ ਨੇ ਆਸ।
ਮਾਂ ਤ੍ਰਿਪਤਾ ਦੀ ਕੁੱਖੋਂ
ਓਦ੍ਹਾ ਹੋਇਆ ਪ੍ਰਕਾਸ਼।

ਉਹ ਪੀਰਾਂ ਦਾ ਹੈ ਪੀਰ।
ਭੈਣ ਨਾਨਕੀ ਦਾ ਵੀਰ।
ਓਹੀ ਅੱਲਾ ਉਹੀ ਰਾਮ।
ਉਹਦਾ ਨਾਨਕ ਹੈ ਨਾਮ।

ਓਹੋ ਹਿੰਦੂਆਂ ਦਾ ਗੁਰੂ,
ਇਸਲਾਮੀਆਂ ਦਾ ਪੀਰ।
ਜੋਗੀਆਂ ਦਾ ਮਹਾਂ ਜੋਗੀ,
ਉਹਨੂੰ ਝੁਕਦੇ ਫ਼ਕੀਰ।

ਓਹੋ ਪਾਂਧੇ ਨੂੰ ਪੜ੍ਹਾਵੇ।
ਓਹੋ ਪਾਂਡੇ ਨੂੰ ਸਿਖਾਵੇ।
ਮੋਦੀਖਾਨੇ ਵਿੱਚ ਬੈਠਾ
ਤੇਰਾ ਤੇਰਾ ਤੋਲੀ ਜਾਵੇ।

ਸਚਾ ਸਉਦਾ ਕਰਨੇ ਨੂੰ
ਜਦੋਂ ਪਿਤਾ ਜੀ ਘਲਾਵੇ।
ਬਾਬਾ ਸੱਚੇ-ਸੁੱਚੇ ਸਾਧੂਆਂ
ਨੂੰ ਲੰਗਰ ਛਕਾਵੇ।

ਬਾਬਾ ਮੱਝੀਆਂ ਨੂੰ ਚਾਰੇ।
ਕੌਡੇ ਜਹਿ ਕਈ ਤਾਰੇ।
ਓਹਦੀ ਮਿਹਰ ਦੀ ਨਜ਼ਰ,
ਕਰ ਦੇਂਦੀ ਵਾਰੇ ਨਿਆਰੇ।

ਠੱਗਾਂ ਤਾਈਂ ਸਮਝਾਵੇ।
ਸਚੇ ਸੱਜਨ ਬਣਾਵੇ।
ਮਾਣ ਵਲੀਆਂ ਦਾ ਤੋੜੇ,
ਪੰਜਾ ਪਰਬਤਾਂ ਨੂੰ ਲਾਵੇ।

ਛੱਡ ਭਾਗੋ ਦੇ ਮਹੱਲ,
ਕੁੱਲੀ ਲਾਲੋ ਦੀ ਚ ਬਹਿੰਦਾ।
ਉਹ ਨਿਮਾਣਿਆਂ-ਨਿਤਾਣਿਆਂ
ਨੂੰ, ਮਾਣ ਤਾਣ ਦੇਂਦਾ।

ਬਾਬਾ ਪਰਬਤਾਂ ਤੇ ਜਾਵੇ,
ਜਿੱਥੇ ਸਿੱਧ ਬੈਠੇ ਭਾਰੇ।
ਸਿੱਧ ਮੰਡਲੀ ਨੂੰ ਜਿੱਤੇ,
ਬਾਣ ਸ਼ਬਦਾਂ ਦੇ ਮਾਰੇ।

ਜਦੋਂ ਪੁਛਦੇ ਨੇਂ ਹਾਜੀ।
ਰੱਬ ਕਿਹਦੇ ਉੱਤੇ ਰਾਜ਼ੀ।
ਦੱਸੋ ਹਿੰਦੂ ਜਾਂ ਮੁਲਾਣੇ,
ਅੱਗੇ ਜਿੱਤਣਗੇ ਬਾਜ਼ੀ।

ਬਾਬਾ ਦੇਵੇ ਉਪਦੇਸ਼
ਸੁਣੋ ਸੱਚੀ ਗੱਲ ਹਾਜੀ।
ਸ਼ੁਭ ਅੰਬਲਾਂ ਦੀ ਜਿੱਤ
ਨਾ ਕੋਈ ਹਿੰਦੂ ਨਾ ਕੋਈ ਕਾਜੀ।

ਇੱਕ ਭਾਈ ਮਰਦਾਨਾ
ਦੂਜਾ ਸੰਧੂ ਜੱਟ ਬਾਲਾ।
ਮੇਰੇ ਸਤਿਗੁਰਾਂ ਨਾਲ,
ਏਹੋ ਸਾਥ ਨਿਰਾਲਾ।

ਕਈ ਕਰੋੜ ਬ੍ਰਹਿਮੰਡ
ਜੱਸ ਗਾਂਵਦੇ ਨੇ ਜੀਹਦਾ।
ਬੰਡਾਲੇ ਵਾਲਿਆਂ ਵੇ ਗਾ ਲੈ,
ਓਹਦਾ ਲਿਖਕੇ ਕਸੀਦਾ।

ਨਿਗਾਂ ਮਿਹਰ ਵਾਲੀ ਮਾਰ,
ਗੁਰੂ ਨਾਨਕ ਦਾਤਾਰ।
ਹੱਥ ਜੋੜ ਪਰਗਟ,
ਰਿਹਾ ਅਰਜ਼ਾਂ ਗੁਜ਼ਾਰ।

ਪ੍ਰਗਟ ਸਿੰਘ

## ਨਤੀਜਾ ਤਰਨ ਤਾਰਨ

ਪੰਜੇ ਵਾਲਿਆਂ ਆਪਸ 'ਚ ਲੜੀ ਜਾਣਾ
ਤਾਹੀਂਉਂ ਵੋਟਰਾਂ ਮੂੰਹ ਨਾ ਲਾਇਆ ਈ।
ਕਮਲ ਤਾਈਂ ਮਝੈਲਾਂ ਨਾ ਲਾਈਕ ਕੀਤਾ
ਜ਼ਮਾਨਤ ਜ਼ਬਤ ਦੇ ਵੱਲ ਭਜਾਇਆ ਈ।
'ਵਾਰਿਸ-ਪੁਨਰ ਸੁਰਜੀਤੀਏ' ਨਵੇਂ ਹਾਲੇ
ਭਰਤੀ 'ਬਾਲਟੀ' ਸ਼ੁਕਰ ਮਨਾਇਆ ਈ।
ਬੀਬੀ 'ਤੱਕੜੀ' ਵਾਲੀ ਦਾ ਪਤੀ ਸੁਣਿਆਂ
'ਧਰਮੀਂ ਫੌਜੀ' ਦਾ ਮਾਣ ਵਧਾਇਆ ਈ।
'ਝਾੜੂ' ਵਾਲਿਆਂ 'ਲੱਡੂ ਤਾਂ ਵੰਡਣੇ' ਈ ਸੀ
ਬਾਦਲ-ਕਿਆਂ ਨੂੰ ਪੁੱਛੋ ਕਿਉਂ 'ਹੁੱਬਦੇ' ਨੇ?
ਤਰਨ ਤਾਰਨ ਤਾਂ 'ਤਾਰਦਾ' ਸਾਰਿਆਂ ਨੂੰ
'ਕਰਮਾਂ ਮਾੜਿਆਂ' ਵਾਲੇ ਹੀ 'ਡੁੱਬਦੇ' ਨੇ!



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਜਦੋਂ ਸਿਰਾਂ ਤੇ ਝੱਖੜ ਝੁੱਲੇ

ਜਦੋਂ ਸਿਰਾਂ ਤੇ ਝੱਖੜ ਝੁੱਲੇ
ਇਕੱਲਾ ਰਹਿ ਗਿਆ ਸਭ ਸੀ ਭੁੱਲੇ।

ਬੇਰਹਿਮੀ ਨਾਲ ਛੱਡ ਕੇ ਤੁਰ ਗਏ
ਜੀਭਾਂ ਸੁੰਨ ਜਿਉਂ ਦੰਦ ਸੀ ਜੁੜ ਗਏ।

ਜਿਸ ਵੀ ਦਰ ਤੇ ਜਾਣ ਖਲੋਇਆ
ਹਰ ਕਿਸੇ ਨੇ ਬੂਹਾ ਢੋਇਆ।

ਸਿਖਰ ਦੁਪਹਿਰੇ ਰਾਤ ਮੈਂ ਦੇਖੀ
ਅੱਗ ਅੰਦਰ ਦੀ ਖ਼ੁਦ ਹੀ ਸੇਕੀ।

ਗੁੱਝੀਆਂ ਪੀੜਾਂ ਦਰਦ ਬੜੇ ਨੇ
ਕਿਵੇਂ ਦੱਸੀਏ ਹਰਜ ਬੜੇ ਨੇ।

ਆਪਣਿਆਂ ਨੇ ਹੀ ਪੀੜਾਂ ਦਿੱਤੀਆ
ਲੱਖ ਮੇਟੀਏ ਇਹ ਨਾ ਮਿੱਟੀਆਂ।

ਕਿਸ ਕਿਸ ਦਾ ਜ਼ਿਕਰ ਦੱਸ ਕਰੀਏ
ਕਿਸ ਕਿਸ ਤੇ ਜਾ ਉਂਗਲ ਧਰੀਏ।

ਕੌਣ ਕਿਸੇ ਨੂੰ ਬਖਸ਼ੇ ਇੱਥੇ
ਮੋਹ ਮੁਹੱਬਤ ਜਿਉਂਦਾ ਕਿੱਥੇ ?

ਮਤਲਬ ਨਾਲ ਵਿਹਾਰ ਹੈ ਚੱਲੇ
ਤਮਾ ਲਾਲਸਾ ਸਭ ਦਰ ਨੇ ਮੱਲੇ।

ਲੋਕੀ ਆਖਣ ਇਹ ਹੈ ਝੱਲਾ
ਵਿੱਚ ਭੀੜ ਦੇ ਰਹਿ ਗਿਆ ਕੱਲਾ।

ਧੱਕੇ ਧੋਲੇ ਨਾਲ ਜਦ ਵੀ ਡਿੱਗਿਆ
ਬੜੇ ਲੋਕਾਂ ਨੇ ਜਾਣ ਕੇ ਮਿੱਧਿਆ।

ਉਹ ਵੀ ਨੇ ਇਸ ਜੱਗ ਦੇ ਉੱਤੇ
ਜਿੰਨਾਂ ਉਠਾਇਆ ਫੜ ਕੇ ਗੁੱਟੇ।

ਮਿੱਤਰ ਬੇਲੀ ਉਹ ਟਾਂਵੇਂ ਟਾਂਵੇਂ
ਜਿੰਨਾ ਲਿੱਖੇ ਜਿੰਦਗੀ ਦੇ ਸਿਰਨਾਵੇਂ।

ਉਨ੍ਹਾਂ ਸਹਾਰੇ ਹੀ ਜ਼ਿੰਦਗੀ ਚੱਲੇ
ਨਾਲ ਸੁਨੇਹ ਦੇ ਜੋ ਭਰ ਗਏ ਪੱਲੇ।

ਆਪਣੇ ਉਹੀ ਜੋ ਨਾਲ ਖੜ੍ਹੇ ਨੇ
ਬਣਦੇ ਉੱਝ ਦਿਲਦਾਰ ਬੜੇ ਨੇ।

ਮੇਰੇ ਚੇਤਿਆਂ ਦੇ ਉਹ ਨੇ ਚੇਤਰ
ਤਮਾਮ ਜੱਗ ਤੋਂ ਜੋ ਨੇ ਬਿਹਤਰ।

ਮਨ ਚੋਂ ਨਿਕਲਣ ਇਹੀ ਦੁਆਵਾਂ
ਜਿਊਂਦੀਆਂ ਰਹਿਣ ਜੱਗ ਤੇ ਮਾਂਵਾਂ।

ਜਿਨ੍ਹਾਂ ਅਜਿਹੇ ਪੁੱਤਰ ਨੇ ਜੰਮੇ
ਜਿਨ੍ਹਾਂ ਡਿੱਗਦਿਆਂ ਦੇ ਹੱਥ ਆ ਥੰਮੇ।

ਜਿਨ੍ਹਾ ਦੇ ਖੁੱਲ੍ਹੇ ਦਰ ਤੇ ਮਘਦੇ ਚੁੱਲ੍ਹੇ
ਸਾਲਾ ਵਸਦੇ ਰਹਿਣ ਉਹ ਦੁੱਲੇ।

ਡਾ ਮੇਹਰ ਮਾਣਕ

# ਏਆਈ ਅਤੇ ਸਿਖਲਾਈ: ਵਿਦਿਆਰਥੀਆਂ ਅਤੇ ਸਿੱਖਿਅਕਾਂ ਲਈ ਇੱਕ ਨਵਾਂ ਅਧਿਆਇ

ਸਿੱਖਣ ਲਈ ਸਾਡੇ ਏਆਈ ਟੂਲ ਸਿੱਖਿਅਕਾਂ ਦਾ ਸਮਰਥਨ ਕਰਦੇ ਹਨ ਅਤੇ ਸਿੱਖਣ ਨੂੰ ਵਧੇਰੇ ਪ੍ਰਭਾਵਸ਼ਾਲੀ, ਕੁਸ਼ਲ ਅਤੇ ਦਿਲਚਸਪ ਬਣਾਉਂਦੇ ਹਨ।

ਇੱਕ ਮੁਸਕਰਾਉਂਦੀ ਮਹਿਲਾ ਅਧਿਆਪਕਾ ਝੁਕ ਕੇ ਲੈਪਟਾਪ ਸਕ੍ਰੀਨ ਵੱਲ ਇਸ਼ਾਰਾ ਕਰਦੀ ਹੈ, ਤਿੰਨ ਨੌਜਵਾਨ ਵਿਦਿਆਰਥਣਾਂ ਨਾਲ ਜੁੜਦੀ ਹੈ ਜੋ ਇੱਕ ਕਲਾਸਰੂਮ ਵਿੱਚ ਮੁਸਕਰਾਉਂਦੀਆਂ ਵੀ ਹਨ।

ਇਤਿਹਾਸ ਦੌਰਾਨ, ਨਵੀਆਂ ਤਕਨਾਲੋਜੀਆਂ - ਪ੍ਰਿੰਟਿੰਗ ਪ੍ਰੈਸ ਤੋਂ ਲੈ ਕੇ ਇੰਟਰਨੈੱਟ ਤੱਕ - ਨੇ ਸਾਡੇ ਸਿੱਖਣ ਦੇ ਤਰੀਕੇ ਨੂੰ ਮੁੜ ਆਕਾਰ ਦਿੱਤਾ ਹੈ। ਅੱਜ, ਏਆਈ ਦੇ ਵਿਕਾਸ ਦੁਆਰਾ, ਅਸੀਂ ਅਗਲੇ ਵੱਡੇ ਕਦਮ ਦੀ ਸ਼ੁਰੂਆਤ 'ਤੇ ਹਾਂ।



ਦੁਨੀਆ ਨੇ ਸਿੱਖਿਆ ਤੱਕ ਪਹੁੰਚ ਵਧਾਉਣ ਵਿੱਚ ਅਵਿਸ਼ਵਾਸ਼ਯੋਗ ਤਰੱਕੀ ਕੀਤੀ ਹੈ, 90% ਪ੍ਰਾਇਮਰੀ ਸਕੂਲ ਜਾਣ ਵਾਲੇ ਬੱਚੇ ਹੁਣ ਸਕੂਲ ਵਿੱਚ ਦਾਖਲ ਹਨ। ਪਰ ਦੁਨੀਆ ਭਰ ਦੇ ਸਿਖਿਆਰਥੀਆਂ ਨੂੰ ਅਜੇ ਵੀ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੇ ਭਾਈਚਾਰਿਆਂ ਕੋਲ ਉੱਚ-ਗੁਣਵੱਤਾ ਵਾਲੇ ਵਿਦਿਅਕ ਸਰੋਤਾਂ ਤੱਕ ਪਹੁੰਚ ਦੀ ਘਾਟ ਹੈ, ਅਤੇ ਮਾਹਰਾਂ ਦਾ ਅਨੁਮਾਨ ਹੈ ਕਿ 2030 ਤੱਕ ਦੁਨੀਆ ਨੂੰ 44 ਮਿਲੀਅਨ ਹੋਰ ਅਧਿਆਪਕਾਂ ਦੀ ਲੋੜ ਪਵੇਗੀ। ਇਹ ਰੁਝਾਨ ਸਾਡੇ ਵਿਦਿਅਕ ਪ੍ਰਣਾਲੀਆਂ 'ਤੇ ਦਬਾਅ ਪਾਉਂਦੇ ਹਨ, ਪਰ ਸਾਡਾ ਮੰਨਣਾ ਹੈ ਕਿ ਏਆਈ ਮਦਦ ਕਰ ਸਕਦਾ ਹੈ। ਇਸ ਸੰਭਾਵਨਾ ਨੂੰ ਸਾਕਾਰ ਕਰਨ ਲਈ, ਏਆਈ ਸਿੱਖਣ ਦੇ ਸਾਧਨਾਂ ਨੂੰ ਸਿਖਿਆਰਥੀਆਂ ਨੂੰ ਡੂੰਘੀ ਸਮਝ ਪੈਦਾ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ, ਨਾ ਕਿ ਸਿਰਫ਼ ਤੇਜ਼ ਜਵਾਬ ਦੇਣ ਵਿੱਚ। ਉਹਨਾਂ ਨੂੰ ਉਤਸੁਕਤਾ ਜਗਾਉਣੀ ਚਾਹੀਦੀ ਹੈ ਅਤੇ ਸਿਖਿਆਰਥੀਆਂ ਨੂੰ ਖੋਜ ਦੀ ਪ੍ਰਕਿਰਿਆ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ - ਨਾ ਕਿ ਇੱਕ ਸ਼ਾਰਟਕੱਟ ਪੇਸ਼ ਕਰਨਾ।

ਗੂਗਲ ਵਿਖੇ ਸਾਡਾ ਟੀਚਾ ਸਿੱਖਣ ਅਤੇ ਸਿਖਾਉਣ ਦੇ ਜ਼ਰੂਰੀ ਮਨੁੱਖੀ ਤੱਤਾਂ ਨੂੰ ਬਦਲਣਾ ਨਹੀਂ ਹੈ, ਸਗੋਂ ਸਿੱਖਿਅਕਾਂ ਦਾ ਸਮਰਥਨ ਕਰਨਾ ਅਤੇ ਸਿੱਖਣ ਨੂੰ ਵਧੇਰੇ ਪ੍ਰਭਾਵਸ਼ਾਲੀ, ਕੁਸ਼ਲ ਅਤੇ ਦਿਲਚਸਪ ਬਣਾਉਣਾ ਹੈ - ਨਾ ਸਿਰਫ਼ ਸਕੂਲ ਲਈ, ਸਗੋਂ ਕੰਮ ਅਤੇ ਜੀਵਨ ਭਰ ਦੀ ਉਤਸੁਕਤਾ ਲਈ। ਇੰਟਰਨੈੱਟ ਨੇ ਲੋਕਾਂ ਨੂੰ ਜਾਣਕਾਰੀ ਤੱਕ ਪਹੁੰਚ ਕਰਨ ਵਿੱਚ ਮਦਦ ਕੀਤੀ। ਏਆਈ ਉਹਨਾਂ ਨੂੰ ਇਸ ਤਰੀਕੇ ਨਾਲ ਸਮਝਣ ਅਤੇ ਲਾਗੂ ਕਰਨ ਵਿੱਚ ਮਦਦ ਕਰ ਸਕਦਾ ਹੈ ਜੋ ਉਹਨਾਂ ਦੀਆਂ ਵਿਅਕਤੀਗਤ ਸਿੱਖਣ ਦੀਆਂ ਤਰਜੀਹਾਂ ਅਤੇ ਰੁਚੀਆਂ ਨੂੰ ਦਰਸਾਉਂਦਾ ਹੈ।



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਸਿਖਿਆਰਥੀਆਂ ਲਈ ਬਣਾਏ ਗਏ ਸਾਡੇ ਔਜ਼ਾਰ ਸਾਡੇ ਸਿੱਖਣ ਦੇ ਔਜ਼ਾਰ ਉਦੇਸ਼ ਨਾਲ ਬਣਾਏ ਗਏ ਹਨ ਅਤੇ ਸਭ ਤੋਂ ਵਧੀਆ ਸਿਖਲਾਈ ਵਿਗਿਆਨ ਵਿੱਚ ਆਧਾਰਿਤ ਹਨ। ਏਆਈ ਮਾਡਲ ਜੋ ਉਹਨਾਂ ਨੂੰ ਸ਼ਕਤੀ ਦਿੰਦੇ ਹਨ, ਸਿੱਖਿਆ ਸ਼ਾਸਤਰੀ ਸਿਧਾਂਤਾਂ ਵਿੱਚ ਜੜ੍ਹੇ ਹੋਏ ਹਨ ਅਤੇ ਸੱਚੀ ਸਿਖਲਾਈ ਨੂੰ ਸਮਰੱਥ ਬਣਾਉਣ ਲਈ ਸਿਖਲਾਈ ਮਾਹਿਰਾਂ ਨਾਲ ਸਾਂਝੇਦਾਰੀ ਵਿੱਚ ਵਿਕਸਤ ਕੀਤੇ ਗਏ ਹਨ।

ਉਦਾਹਰਨ ਲਈ, ਜੇਮਿਨੀ ਵਿੱਚ, ਲੋਕ ਇੱਕ ਗਾਈਡਡ ਲਰਨਿੰਗ ਮਾਰਗ ਚੁਣ ਸਕਦੇ ਹਨ ਜੋ ਉਹਨਾਂ ਨੂੰ ਸਿਰਫ਼ ਜਵਾਬ ਦੇਣ ਦੀ ਬਜਾਏ ਜਵਾਬ ਲੱਭਣ ਵਿੱਚ ਮਦਦ ਕਰਦਾ ਹੈ। ਅਸੀਂ ਯੂਟਿਊਬ ਅਤੇ S ਸਰਚ ਨੂੰ ਹੋਰ ਗੱਲਬਾਤ ਵਾਲਾ ਬਣਾਉਣ ਦੇ ਤਰੀਕੇ ਵੀ ਜੋੜੇ ਹਨ, ਤਾਂ ਜੋ ਵਿਦਿਆਰਥੀ ਉਹਨਾਂ ਪਲੇਟਫਾਰਮਾਂ 'ਤੇ ਸਿੱਖਦੇ ਸਮੇਂ ਸਵਾਲ ਪੁੱਛ ਸਕਣ। ਨੋਟਬੁੱਕਐਲਐਮ ਤੁਹਾਨੂੰ ਆਪਣੇ ਸਰੋਤਾਂ ਦੀ ਵਰਤੋਂ ਕਰਕੇ ਬਿਹਤਰ ਅਧਿਐਨ ਕਰਨ ਅਤੇ ਸਮੱਗਰੀ ਨੂੰ ਕਵਿਜ਼, ਫਲੈਸ਼ਕਾਰਡ ਜਾਂ ਇਮਰਸਿਵ ਆਡੀਓ ਜਾਂ ਵੀਡੀਓ ਅਨੁਭਵਾਂ ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਇੰਸਟ੍ਰਕਟਰਾਂ ਲਈ, ਗੂਗਲਕਲਾਸਰੂਮ ਵਿੱਚ ਸਾਡੇ ਬਿਨਾਂ-ਲਾਗਤ ਵਾਲੇ ਏਆਈ ਟੂਲ ਸ਼ਕਤੀਸ਼ਾਲੀ ਸਹਾਇਕ ਵਜੋਂ ਕੰਮ ਕਰ ਸਕਦੇ ਹਨ, ਪਾਠ ਯੋਜਨਾਬੰਦੀ ਅਤੇ ਪ੍ਰਬੰਧਕੀ ਕੰਮਾਂ ਵਿੱਚ ਮਦਦ ਕਰਦੇ ਹਨ ਤਾਂ ਜੋ ਅਧਿਆਪਕ ਸਭ ਤੋਂ ਮਹੱਤਵਪੂਰਨ ਚੀਜ਼ 'ਤੇ ਧਿਆਨ ਕੇਂਦਰਿਤ ਕਰ ਸਕਣ: ਆਪਣੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਅਤੇ ਸਮਰਥਨ ਕਰਨਾ।

ਜ਼ਿੰਮੇਵਾਰੀ ਪ੍ਰਤੀ ਸਾਡੀ ਵਚਨਬੱਧਤਾ ਅਸੀਂ ਇਹ ਵੀ ਜਾਣਦੇ ਹਾਂ ਕਿ ਏਆਈ ਮਹੱਤਵਪੂਰਨ ਸਵਾਲ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਸਾਨੂੰ ਸਮੂਹਿਕ ਤੌਰ 'ਤੇ ਹੱਲ ਕਰਨਾ ਚਾਹੀਦਾ ਹੈ। ਧੋਖਾਧੜੀ, ਬਰਾਬਰ ਪਹੁੰਚ, ਸ਼ੁੱਧਤਾ, ਸੁਰੱਖਿਆ ਅਤੇ ਇਹ ਯਕੀਨੀ ਬਣਾਉਣਾ ਕਿ ਏਆਈ ਆਲੋਚਨਾਤਮਕ ਸੋਚ ਨੂੰ ਖਤਮ ਕਰਨ ਦੀ ਬਜਾਏ ਉਤਸ਼ਾਹਿਤ ਕਰੇ, ਵਰਗੇ ਮੁੱਦੇ ਸਾਡੇ ਲਈ ਸਭ ਤੋਂ ਉੱਪਰ ਹਨ।

ਅਸੀਂ ਖਾਸ ਤੌਰ 'ਤੇ ਸਿੱਖਿਆ ਭਾਈਚਾਰੇ ਨੂੰ ਅਕਾਦਮਿਕ ਇਮਾਨਦਾਰੀ ਲਈ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦ ਕਰਨ 'ਤੇ ਕੇਂਦ੍ਰਿਤ ਹਾਂ। ਇਸਦਾ ਮਤਲਬ ਹੈ ਵਿਦਿਆਰਥੀਆਂ - ਅਤੇ ਹਰ ਜਗ੍ਹਾ ਸਿੱਖਣ ਵਾਲਿਆਂ - ਨੂੰ ਇਹਨਾਂ ਸਾਧਨਾਂ ਦੀ ਸਭ ਤੋਂ ਵੱਧ ਲਾਭਕਾਰੀ ਵਰਤੋਂ ਲਈ ਲੋੜੀਂਦੀ ਏਆਈ ਸਾਖਰਤਾ ਵਿਕਸਤ ਕਰਨ ਵਿੱਚ ਮਦਦ ਕਰਨਾ। ਇਸ ਵਿੱਚ ਇੱਕ ਏਆਈ-ਸਮਰੱਥ ਦੁਨੀਆ ਲਈ ਮੁਲਾਂਕਣਾਂ 'ਤੇ ਮੁੜ ਵਿਚਾਰ ਕਰਨ ਦੇ ਤਰੀਕਿਆਂ ਨਾਲ ਪ੍ਰਯੋਗ ਕਰਨਾ ਸ਼ਾਮਲ ਹੈ, ਜਿਸ ਵਿੱਚ ਮੁਲਾਂਕਣ ਦੇ ਰੂਪਾਂ ਵੱਲ ਵਧਣਾ ਸ਼ਾਮਲ ਹੈ ਜਿਨ੍ਹਾਂ ਨੂੰ ਏਆਈ ਆਸਾਨੀ ਨਾਲ ਦੁਹਰਾ ਨਹੀਂ ਸਕਦਾ, ਜਿਵੇਂ ਕਿ ਕਲਾਸ ਵਿੱਚ ਬਹਿਸਾਂ, ਪੋਰਟਫੋਲੀਓ ਪ੍ਰੋਜੈਕਟ ਅਤੇ ਮੌਖਿਕ ਪ੍ਰੀਖਿਆਵਾਂ।

ਅੰਤ ਵਿੱਚ, ਸਿੱਖਣ ਲਈ ਏਆਈ ਦਾ ਵਾਅਦਾ ਇਕੱਲੇ ਹੀ ਪ੍ਰਾਪਤ ਨਹੀਂ ਹੋਵੇਗਾ। ਅਸੀਂ ਸਿੱਖਿਅਕਾਂ, ਮਾਪਿਆਂ, ਨੀਤੀ ਨਿਰਮਾਤਾਵਾਂ ਅਤੇ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਅਤੇ ਉਹਨਾਂ ਨੂੰ ਆਪਣੇ ਸਿੱਖਣ ਦੇ ਸਾਧਨਾਂ ਵਿੱਚ ਸ਼ਾਮਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਉਨ੍ਹਾਂ ਦੇ ਲਾਭ ਦੁਨੀਆ ਭਰ ਵਿੱਚ ਬਰਾਬਰ ਵੰਡੇ ਜਾਣ।

ਸੋਚ-ਸਮਝ ਕੇ ਸਿੱਖਿਆ ਦੇਣ ਦੀ ਕਲਾ ਨੂੰ ਸਿੱਖਣ ਦੇ ਵਿਗਿਆਨ ਨਾਲ ਜੋੜ ਕੇ, ਅਸੀਂ ਹਰ ਕਿਸੇ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਮਦਦ ਕਰਨਾ ਚਾਹੁੰਦੇ ਹਾਂ।

# ਸੰਘ ਤੇ ਭਾਜਪਾ ਦੇ ਉਭਾਰ ਲਈ ਕਾਂਗਰਸ ਜ਼ਿੰਮੇਵਾਰ

ਸੁੱਚਾ ਸਿੰਘ ਖੱਟੜਾ

ਡਾ. ਅੰਬੇਡਕਰ ਨੇ ਕਿਹਾ ਸੀ ਕਿ 'ਹਿੰਦੂ ਜੋ ਮਰਜ਼ੀ ਕਹਿਣ ਕੋਈ ਗੱਲ ਨਹੀਂ ਪਰ ਹਿੰਦੂਤਵ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਲਈ ਖ਼ਤਰਾ ਹੈ। ਇਸ ਹਿਸਾਬ ਨਾਲ ਇਹ ਲੋਕ ਰਾਜ ਲਈ ਅਸੰਗਤ ਹਨ, ਹਿੰਦੂ ਰਾਜ ਹਰ ਕੀਮਤ 'ਤੇ ਰੋਕਣਾ ਚਾਹੀਦਾ ਹੈ।' ਇਹ ਸ਼ਬਦ ਡਾ. ਅੰਬੇਡਕਰ ਦੇ ਹਨ, ਜਿਨ੍ਹਾਂ ਨੂੰ ਦੇਸ਼ ਦੇ ਸੰਵਿਧਾਨ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਹਿੰਦੂਤਵ ਬਾਰੇ ਉਨ੍ਹਾਂ ਦੇ ਸ਼ਬਦਾਂ ਨੂੰ ਲੇਖ ਦੇ ਆਰੰਭ ਵਿਚ ਇਸ ਕਰਕੇ ਦਿੱਤਾ ਗਿਆ ਹੈ, ਤਾਂ ਕਿ ਹਿੰਦੂਤਵ ਦੇ ਅਜੋਕੇ ਉਭਾਰ ਲਈ ਹਰ ਜ਼ਿੰਮੇਵਾਰ ਆਪੋ-ਆਪਣੀ ਭੂਮਿਕਾ ਨੂੰ ਬਰਾਬਰ ਰੱਖ ਕੇ ਆਪੋ-ਆਪਣੇ ਰੋਲ ਨੂੰ ਤੋਲ ਸਕੇ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਜਿਸ ਸੰਗਠਨ ਤੇ ਵਿਚਾਰਧਾਰਾ 'ਤੇ ਆਪਣੇ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਨਾ ਲੈਣ ਦਾ ਦੋਸ਼ ਹੋਵੇ, ਜੋ ਅੱਜ ਵੀ ਮਨੂ ਸਿਮ੍ਰਤੀ ਨੂੰ ਸੰਵਿਧਾਨ ਦਾ ਆਧਾਰ ਬਣਾਉਣ ਬਾਰੇ ਸੋਚ ਰਹੀ ਹੋਵੇ, ਜੋ ਸਮਾਜਵਾਦ ਤੇ 'ਸੈਕੂਲਰ' ਸ਼ਬਦਾਂ ਨੂੰ ਸੰਵਿਧਾਨ 'ਚੋਂ ਹਟਾਉਣਾ ਚਾਹੁੰਦੀ ਹੋਵੇ ਅਤੇ ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਰੁਜ਼ਗਾਰ ਵਿਹੂਣੀ ਕਰ ਰੱਖਿਆ ਹੋਵੇ, ਉਹ ਸੰਗਠਨ ਤੇ ਵਿਚਾਰਧਾਰਾ ਭਾਰਤੀਆਂ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਦੇਸ਼ ਦੀ ਸ਼ਾਸਕ ਬਣ ਗਈ ਹੈ। ਇਨ੍ਹਾਂ ਗੱਲਾਂ ਕਰਕੇ ਹੀ ਇਸ ਵਿਸ਼ੇ 'ਤੇ ਵਿਚਾਰ ਕਰਨੀ ਜ਼ਰੂਰੀ ਹੈ।

ਅੱਜ ਹਿੰਦੂਤਵ ਦੀ ਸਿਆਸੀ ਅਲੰਬਰਦਾਰ ਭਾਰਤੀ ਜਨਤਾ ਪਾਰਟੀ ਹੈ, ਜੋ ਜਨਸੰਘ ਦਾ ਮੌਜੂਦਾ ਅਵਤਾਰ ਹੈ ਤੇ ਆਜ਼ਾਦੀ ਤੋਂ ਪਹਿਲਾਂ ਇਹ ਸਿਆਸੀ ਭੂਮਿਕਾ ਹਿੰਦੂ ਮਹਾਂਸਭਾ ਨਿਭਾਉਂਦੀ ਸੀ, ਜੋ ਆਰ.ਐਸ.ਐਸ. ਵਾਲੀ ਵਿਚਾਰਧਾਰਾ ਨੂੰ ਹੀ ਪ੍ਰਨਾਈ ਹੋਈ ਸੀ। ਅਸੀਂ ਅਜੋਕੀਆਂ ਸਥਿਤੀਆਂ ਵਿਚ ਆਰ.ਐੱਸ.ਐੱਸ. (ਸੰਘ) ਤੇ ਭਾਜਪਾ ਨੂੰ ਇਕੋ ਪਲੜੇ ਵਿਚ ਰੱਖਾਂਗੇ। ਜਦੋਂ ਆਰ.ਐਸ.ਐਸ. 1925 ਨੂੰ ਹੋਂਦ 'ਚ ਆਈ ਤਾਂ ਕਾਂਗਰਸ 40 ਵਰ੍ਹਿਆਂ ਦੀ ਹੋ ਚੁੱਕੀ ਸੀ। ਕਾਂਗਰਸ ਤੇ ਇਨਕਲਾਬੀਆਂ ਵਲੋਂ ਲੜੇ ਜਾ ਰਹੇ ਸੰਘਰਸ਼ ਦਾ ਅੰਤਿਮ ਨਿਸ਼ਾਨਾ ਅਤੇ ਭਾਰਤ ਲਈ ਭਵਿੱਖ ਦਾ ਨਕਸ਼ਾ ਅਤੇ ਦੁਸ਼ਮਣ ਤੈਅ ਹੋ ਚੁੱਕੇ ਸਨ। ਇਨ੍ਹਾਂ ਦਾ ਅੰਤਿਮ ਨਿਸ਼ਾਨਾ (ਆਜ਼ਾਦੀ) ਭਾਰਤ ਲਈ ਭਵਿੱਖੀ ਨਕਸ਼ਾ (ਲੋਕਰਾਜ ਤੇ ਸਮਾਜਵਾਦ) ਅਤੇ ਇਸ ਸਭ ਕੁਝ ਦੀ ਪ੍ਰਾਪਤੀ ਦੇ ਰਾਹ ਵਿਚ ਦੁਸ਼ਮਣ (ਅੰਗਰੇਜ਼ੀ ਰਾਜ) ਸੀ, ਜਦਕਿ ਆਰ.ਐੱਸ.ਐੱਸ. ਦੇ ਬਾਨੀ ਹੈਡਗੇਵਾਰ ਦੀ ਰਾਜਨੀਤਕ ਸਮਝ ਅਜੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਈ ਸੀ, ਪਰ ਸੰਘ ਉਕਤ 3 ਮੁੱਦਿਆਂ ਦੇ ਵਿਰੁੱਧ ਸੀ। ਪਤਾ ਨਹੀਂ ਕਾਂਗਰਸ ਜਾਂ ਮਹਾਤਮਾ ਗਾਂਧੀ ਨੇ ਆਰ.ਐੱਸ.ਐੱਸ. ਦੇ ਇਸ ਵਿਰੋਧ ਨੂੰ ਲੋਕਾਂ ਵਿਚ ਕਿਉਂ ਨਹੀਂ ਪ੍ਰਚਾਰਿਆ? ਗੋਲਵਾਲਕਰ ਦੀ ਹਿੰਦੂ ਰਾਸ਼ਟਰ 'ਤੇ ਕਿਤਾਬ 'ਅਸੀਂ ਤੇ ਸਾਡੇ ਰਾਸ਼ਟਰ ਦੀ ਵਿਆਖਿਆ' 1939 ਵਿਚ ਛਪ ਕੇ ਬਾਹਰ ਆ ਚੁੱਕੀ ਸੀ। ਇਹ ਕਿਤਾਬ ਉਸ ਹਿੰਦੂ ਰਾਸ਼ਟਰ ਦਾ ਮੁਕੰਮਲ ਨਕਸ਼ਾ ਹੈ, ਜਿਸ 'ਚ ਮਨੂ ਦੀ ਵਿਚਾਰਧਾਰਾ 'ਤੇ ਅਧਾਰਿਤ ਸ਼ਾਸਨ, ਨਿਆਂ ਅਤੇ ਰਾਜ ਦੀ ਬਣਤਰ ਸਪੱਸ਼ਟ ਕੀਤੀ ਗਈ ਸੀ। ਪਰ ਕਾਂਗਰਸ ਉਸ ਸਮੇਂ ਵੀ ਚੁੱਪ ਰਹੀ। ਜਦੋਂ 1935 ਦੇ ਸੰਵਿਧਾਨ ਅਨੁਸਾਰ ਸੂਬਿਆਂ ਦੀਆਂ ਸਰਕਾਰਾਂ ਬਣੀਆਂ ਤਾਂ ਅੰਗਰੇਜ਼ਾਂ ਨੇ ਭਾਰਤੀ ਨੁਮਾਇੰਦਿਆਂ ਨਾਲ ਵਿਚਾਰ ਕੀਤੇ ਬਗੈਰ ਹੀ ਭਾਰਤ ਨੂੰ ਦੂਜੀ ਸੰਸਾਰ ਜੰਗ ਵਿਚ ਧੱਕ ਦਿੱਤਾ। ਕਾਂਗਰਸ ਨੇ ਅੰਗਰੇਜ਼ਾਂ ਦੇ ਇਸ ਫ਼ੈਸਲੇ ਦੇ ਵਿਰੋਧ ਵਿਚ ਆਪਣੀਆਂ 9 ਸੂਬਾ ਸਰਕਾਰਾਂ ਤੋਂ ਅਸਤੀਫ਼ੇ ਦੇ ਦਿੱਤੇ। ਪਰ ਆਪਣੇ ਹਿੰਦੂ ਰਾਸ਼ਟਰ ਵਿਚ ਮੁਸਲਮਾਨਾਂ ਨੂੰ ਆਪਣੇ ਦੁਸ਼ਮਣ ਨੰਬਰ ਇਕ ਤੇ ਉਨ੍ਹਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਮੰਨਣ ਵਾਲੇ ਗੋਲਵਾਲਕਰ ਦੀ ਉਸ ਸਮੇਂ ਸਿਆਸੀ ਧਿਰ ਮੰਨੀ ਜਾਣ ਵਾਲੀ ਹਿੰਦੂ ਮਹਾਂਸਭਾ' ਮੁਸਲਮਾਨਾਂ ਦੀ ਪਾਰਟੀ 'ਮੁਸਲਿਮ ਲੀਗ' ਨਾਲ ਮਿਲ ਕੇ ਬੰਗਾਲ ਤੇ ਸਿੰਧ ਸੂਬਿਆਂ ਵਿਚ ਸਾਂਝੀਆਂ ਸਰਕਾਰਾਂ ਚਲਾਉਂਦੀ ਰਹੀ ਅਤੇ ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਦੀਆਂ ਇਹ ਧਿਰਾਂ ਹਮਾਇਤ ਵੀ ਕਰਦੀਆਂ ਰਹੀਆਂ। ਕਾਂਗਰਸ ਉਦੋਂ ਵੀ ਹਿੰਦੂ ਮਹਾਂਸਭਾ ਅਤੇ ਸੰਘ ਦੇ ਦੋਗਲੇ ਕਿਰਦਾਰ ਸੰਬੰਧੀ ਭਾਰਤੀਆਂ ਨੂੰ ਸੁਚੇਤ ਨਾ ਕਰ ਸਕੀ। ਜਦੋਂ ਆਰ ਐੱਸ.ਐੱਸ. ਦੀ ਜ਼ਹਿਰ ਨਾਲ ਭਰਿਆ ਨੱਥੂ ਰਾਮ ਗੋਡਸੇ 1948 'ਚ ਮਹਾਤਮਾ ਗਾਂਧੀ ਦਾ ਕਤਲ ਕਰ ਦਿੰਦਾ ਹੈ ਤਾਂ ਸਰਦਾਰ ਪਟੇਲ ਆਰ.ਐੱਸ.ਐੱਸ. 'ਤੇ ਪਾਬੰਦੀ ਲਗਾ ਦਿੰਦਾ ਹੈ। ਪਰ ਉਸ ਸਮੇਂ ਵੀ ਕਾਂਗਰਸ ਦਾ ਆਰ.ਐੱਸ.ਐੱਸ. ਦੇ ਖ਼ਿਲਾਫ਼ ਤਿੱਖਾ ਵਿਰੋਧ ਵੇਖਣ ਨੂੰ ਨਹੀਂ ਸੀ ਮਿਲਿਆ, ਕਾਂਗਰਸ ਸਹਿਜੇ ਹੀ ਸੰਘ ਖ਼ਿਲਾਫ਼ ਲੋਕ ਮਨਾਂ ਵਿਚ ਅਜਿਹੀ ਧਾਰਨਾ ਪੈਦਾ ਕਰ ਸਕਦੀ ਸੀ ਕਿ ਉਹ ਪਾਬੰਦੀ ਹਟਣ ਬਾਅਦ ਵੀ ਲੋਕ ਮਨਾਂ 'ਚ ਪਾਬੰਦੀਸ਼ੁਦਾ ਹੀ ਰਹਿੰਦੀ। ਭਾਵੇਂ ਆਜ਼ਾਦੀ ਉਪਰੰਤ ਕਾਂਗਰਸ 5 ਸਾਲਾ ਯੋਜਨਾਵਾਂ ਰਾਹੀ ਦੇਸ਼ ਦੇ ਨਿਰਮਾਣ ਵਿਚ ਜੁਟ ਗਈ, ਪਰ ਉਹ ਸੰਘ ਦੇ ਵਿਚਾਰਧਾਰਕ ਵਿਰੋਧ ਸੰਬੰਧੀ ਮੌਕਾਪ੍ਰਸਤੀ ਹੀ ਦਿਖਾਉਂਦੀ ਰਹੀ। ਇੰਦਰਾ ਗਾਂਧੀ ਨੇ ਤਾਂ ਸਾਵਰਕਰ ਦੀ ਮੂਰਤੀ ਵੀ ਸੰਸਦ 'ਚ ਲਗਵਾ ਦਿੱਤੀ ਸੀ। ਦਰਅਸਲ ਸਾਵਰਕਰ ਦੀ ਮੂਰਤੀ ਦੀ ਸਥਾਪਨਾ ਕਾਂਗਰਸ ਦੀ ਹਿੰਦੂਤਵ ਦੇ ਮੁੱਦੇ 'ਤੇ ਦੋਹਰੀ ਨੀਤੀ ਦਾ ਪ੍ਰਗਟਾਵਾ ਕਰਦੀ ਹੈ। ਰਾਹੁਲ ਗਾਂਧੀ ਨੂੰ ਵੀ ਇਸ ਨੂੰ ਸਮਝਣਾ ਪਵੇਗਾ।

ਹਿੰਦੂਤਵ ਦੇ ਵਿਕਾਸ ਤੇ ਆਰ. ਐੱਸ.ਐੱਸ. ਦੇ ਵਿਸਥਾਰ ਵਿਚ ਸਭ ਤੋਂ ਵੱਡਾ ਯੋਗਦਾਨ ਭਾਜਪਾ ਦੀਆਂ ਸੂਬਾ ਸਰਕਾਰਾਂ ਤੇ ਕੇਂਦਰ 'ਚ ਭਾਜਪਾ ਦੀਆਂ ਸਰਕਾਰਾਂ ਨੇ ਪਾਇਆ। ਭਾਜਪਾ ਵਲੋਂ ਕਾਂਗਰਸ ਦੀਆਂ ਆਰਥਿਕ ਨੀਤੀਆਂ ਅਮਲ ਕਰਨ ਬਾਰੇ ਕਾਂਗਰਸ ਦੀ ਚੁੱਪੀ ਹੀ ਭਾਜਪਾ ਦੇ ਵਿਕਾਸ ਵਿਚ ਮਦਦਗਾਰ ਸਾਬਤ ਹੋਈ ਹੈ। ਹੁਣ ਕਾਂਗਰਸ ਦੇ ਗਠਨ ਤੋਂ 140 ਸਾਲ ਬਾਅਦ ਰਾਹੁਲ ਗਾਂਧੀ ਭਾਜਪਾ ਤੇ ਸੰਘ ਦੇ ਆਰਥਿਕ ਤੇ ਸਮਾਜਿਕ-ਸੱਭਿਆਚਾਰਕ-ਰਾਜਨੀਤਕ ਫਰੰਟਾਂ 'ਤੇ ਬੇਬਾਕੀ ਨਾਲ ਬੋਲ ਰਿਹਾ ਹੈ। ਕਾਂਗਰਸ ਦੀ ਵਿਚਾਰਧਾਰਕ ਕਚਿਆਈ ਰਾਹੁਲ ਗਾਂਧੀ ਦੀ ਅਸੁਰੱਖਿਆ ਨੂੰ ਵਧਾਉਂਦੀ ਹੈ।

ਪੰਜਾਬ ਦੀ ਧਰਤੀ ਤਾਂ ਪਹਿਲਾਂ ਤੋਂ ਆਰ.ਐੱਸ.ਐੱਸ. ਦੀ ਵਿਚਾਰਧਾਰਾ ਭਾਵ ਹਿੰਦੂਤਵ ਦੇ ਵਿਰੋਧ ਵਿਚ ਹੈ। ਇੱਥੋਂ ਦਾ ਸੱਭਿਆਚਾਰ ਗੁਰੂਆਂ ਦੀ ਮਾਨਵਵਾਦੀ ਸੋਚ 'ਤੇ ਆਧਾਰਿਤ ਸਮਾਜਵਾਦ ਪੱਖੀ ਤੇ ਮਨੂਵਾਦ ਵਿਰੋਧੀ ਹੈ। ਗ਼ਦਰੀਆਂ, ਇਨਕਲਾਬੀਆਂ ਨੇ ਵੀ ਇਨ੍ਹਾਂ ਹੀ ਕਦਰਾਂ-ਕੀਮਤਾਂ 'ਤੇ ਚੱਲਦਿਆਂ ਦੇਸ਼ ਦੀ ਆਜ਼ਾਦੀ ਲਈ ਫਾਂਸੀਆਂ ਕਬੂਲੀਆਂ। ਨਫ਼ਰਤ ਨਾਲ ਲਬਰੇਜ਼ ਸੰਘ ਆਜ਼ਾਦੀ ਦੇ ਪ੍ਰਵਾਨਿਆ ਨੂੰ ਗੁੰਮਰਾਹ ਹੋਏ ਦੱਸਦਾ ਰਿਹਾ, ਅਜਿਹੇ 'ਚ ਭਾਜਪਾ ਨਾਲ ਅਕਾਲੀ ਦਲ ਦੀ ਸਾਂਝ ਸਿਧਾਂਤਕ ਤੌਰ 'ਤੇ ਸਹੀ ਨਹੀਂ ਸੀ। ਭਾਜਪਾ ਅਤੇ ਆਰ. ਐੱਸ. ਐੱਸ. ਦੇ ਵਿਸਥਾਰ ਵਿਚ ਦੇਸ਼ ਦੀਆਂ ਸਿਆਸੀ ਪਾਰਟੀਆਂ ਤੋਂ ਇਲਾਵਾ ਦੇਸ਼ ਦੇ ਧਨ ਕੁਬੇਰਾਂ ਅਤੇ ਦੇਸ਼ ਦੇ ਮੀਡੀਏ ਦੇ ਇਕ ਹਿੱਸੇ ਦਾ ਵੀ ਵੱਡਾ ਯੋਗਦਾਨ ਹੈ।



ਇਸ ਤੋਂ ਇਲਾਵਾ ਈ.ਡੀ. ਅਤੇ ਆਮਦਨ ਟੈਕਸ (ਆਈ.ਟੀ.) ਜਿਹੀਆਂ ਕੇਂਦਰੀ ਏਜੰਸੀਆਂ ਦਾ ਡਰ ਵੱਖਰਾ ਹੈ। ਕੇਂਦਰੀ ਏਜੰਸੀਆਂ ਦੇ ਨਾਲ ਹੀ ਭਾਰਤ ਦਾ ਚੋਣ ਕਮਿਸ਼ਨ ਅਤੇ ਦੇਸ਼ ਦੀ ਆਲ੍ਹਾ ਅਫ਼ਸਰਸ਼ਾਹੀ ਤੇ ਪੁਲਿਸ ਦੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਸਭ ਤੋਂ ਬਾਅਦ ਭਾਜਪਾ ਦੇ ਵਿਕਾਸ ਵਿਚ ਦੇਸ਼ ਦੇ ਲੋਕਾਂ ਦੇ ਯੋਗਦਾਨ ਦੀ ਗੱਲ ਵੀ ਕਰਨੀ ਬਣਦੀ ਹੈ। ਲੋਕਾਂ ਦੀ ਸਿਆਸੀ ਚੇਤਨਾ ਦਾ ਨੀਵਾਂ ਪੱਧਰ, ਆਰਥਿਕ ਨੀਤੀਆਂ ਤੋਂ ਅਨਜਾਣਪੁਣਾ, ਧਾਰਮਿਕ ਜਨੂੰਨ, ਆਰ. ਐੱਸ. ਐੱਸ. ਤੇ ਭਾਜਪਾ ਦੇ ਪਸਾਰ ਲਈ ਕਾਰਗਰ ਸਾਬਤ ਹੋਏ ਹਨ। ਇਸ ਸਭ ਤੋਂ ਉੱਪਰ ਵੋਟ ਨੂੰ ਰਿਓੜੀਆਂ ਦੇ ਭਾਅ ਵੇਚਣ ਦਾ ਵਰਤਾਰਾ ਭਾਜਪਾ ਅਤੇ ਆਰ.ਐੱਸ.ਐੱਸ. ਦੇ ਵਿਸਥਾਰ ਵਿਚ ਆਪਣਾ ਵੱਖਰਾ ਯੋਗਦਾਨ ਪਾ ਰਿਹਾ ਹੈ। ਜਿਹੜੀਆਂ ਸਿਆਸੀ ਧਿਰਾਂ ਬੁੱਧੀਜੀਵੀ ਤੇ ਪੱਤਰਕਾਰ ਹਿੰਦੂਤਵ ਦੀ ਵਿਚਾਰਧਾਰਾ ਨੂੰ ਦੇਸ਼ ਲਈ ਹਾਨੀਕਾਰਕ ਮੰਨਦੇ ਹਨ, ਉਨ੍ਹਾਂ ਨੂੰ ਇਸ ਸੰਦਰਭ ਵਿਚ ਆਪਣੇ ਰੋਲ ਬਾਰੇ ਸੁਚੇਤ ਹੋਣ ਦੀ ਲੋੜ ਹੈ।

Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD